ਕੌਮਾਂਤਰੀ
ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 21 | Issue 133| 24 to 30 July , 2024 | Ph.: (510) 240-5949 | Email: asrtimes@gmail.com

# ਅਮਰੀਕਾ ’ਚ ਰਾਸ਼ਟਰਪਤੀ ਚੋਣ ਲਈ ਛਿੜੀ ‘ਸਿਆਸੀ ਜੰਗ’

## ਬਾਈਡੇਨ ਦੇ ਚੋਣ ਮੈਦਾਨ ’ਚੋਂ ਬਾਹਰ ਹੋਣ ਤੋਂ ਬਾਅਦ ਕੀ ਟਰੰਪ ਨੂੰ ਟੱਕਰ ਦੇ ਸਕੇਗੀ ਕਮਲਾ ਹੈਰਿਸ ?

ਅੰਮ੍ਰਿਤਸਰ ਟਾਈਮਜ਼ ਬਿਊਰੋ



ਅਮਰੀਕਾ ਵਿੱਚ ਨਵੰਬਰ ਮਹੀਨੇ ਹੋਣ ਵਾਲੀ ਨਵੇਂ ਰਾਸ਼ਟਰਪਤੀ ਦੀ ਚੋਣ ਲਈ ਚੋਣ ਮੈਦਾਨ ਪੂਰੀ ਤਰ੍ਹਾਂ ਭਖਿਆ ਹੋਇਆ ਹੈ ਅਤੇ ਦੋਵੇਂ ਧਿਰਾਂ ਵੱਲੋਂ ਪੂਰੀ ਤਿਆਰੀ ਨਾਲ ਚੋਣ ਮੁਹਿੰਮ ਚਲਾਈ ਜਾ ਰਹੀ ਹੈ। ਇਸ ਭਖੇ ਹੋਏ ਮੈਦਾਨ ਵਿੱਚ ਅੱਗ ਵਿੱਚ ਘਿਓ ਦੀ ਤਰ੍ਹਾਂ ਦੋ ਘਟਨਾਵਾਂ ਨੇ ਕੰਮ ਕੀਤਾ, ਪਹਿਲਾ ਟਰੰਪ ’ਤੇ ਹਮਲਾ ਅਤੇ ਦੂਜਾ ਜੋਅ ਬਾਇਡੇਨ ਦਾ ਰਾਸ਼ਟਰਪਤੀ ਦੀ ਚੋਣ ਤੋਂ ਲਾਂਭੇ ਹੋਣਾ।

ਜ਼ਿਕਰਯੋਗ ਹੈ ਕਿ ਪਿਛਲੇ ਦਿਨੀਂ ਅਮਰੀਕਾ ਦੀ ਸਿਆਸਤ ਵਿੱਚ ਉਸ ਸਮੇਂ ਭੂਚਾਲ ਆ ਗਿਆ ਸੀ, ਜਦੋਂ ਅਮਰੀਕਾ ਦੇ ਰਾਸ਼ਟਪਤੀ ਜੋਅ ਬਾਈਡੇਨ ਨੇ ਨਵੇਂ ਰਾਸ਼ਟਰਪਤੀ ਦੀ ਚੋਣ ਵਿਚੋਂ ਬਾਹਰ ਹੋਣ ਦਾ ਐਲਾਨ ਕਰ ਦਿੱਤਾ ਅਤੇ ਉਹਨਾਂ ਨੇ ਡੈਮੋਕ੍ਰੇਟਿਕ ਪਾਰਟੀ ਦੀ ਉਮੀਦਵਾਰੀ ਲਈ ਭਾਰਤੀ-ਅਫ਼ਰੀਕਨ ਮੂਲ ਦੀ ਕਮਲਾ ਹੈਰਿਸ (59) ਦੇ ਨਾਂਅ ਦੀ ਸਿਫ਼ਾਰਿਸ਼ ਕੀਤੀ।

ਅਮਰੀਕਾ ਦੇ ਵਿੱਚ ਦੋ ਪਾਰਟੀਆਂ ਦਾ ਰਾਜ ਹੁੰਦਾ ਹੈ, ਕਦੇ ਡੈਮੋਕ੍ਰੇਟਿਕ ਪਾਰਟੀ ਦਾ ਤੇ ਕਦੇ ਰਿਪਬਲਿਕਨ ਪਾਰਟੀ ਦਾ। ਜੋਅ ਬਾਈਡੇਨ ਡੈਮੋਕ੍ਰੇਟਿਕ ਪਾਰਟੀ ਦਾ ਹਿੱਸਾ ਹੈ। 50 ਸਾਲਾਂ ਵਿੱਚ ਪਹਿਲੀ ਵਾਰ ਹੈ ਕਿ ਕਿਸੇ ਮੌਜੂਦਾ ਰਾਸ਼ਟਰਪਤੀ ਨੇ ਆਉਣ ਵਾਲੀਆਂ ਰਾਸ਼ਟਰਪਤੀ ਚੋਣਾਂ ਲਈ ਅਪਲਾਈ ਕੀਤਾ ਹੋਵੇ ਅਤੇ ਫੇਰ ਆਪਣਾ ਨਾਂਅ ਵਾਪਸ ਲੈ ਲਿਆ ਹੋਵੇ। ਇਸ ਤੋਂ ਪਹਿਲਾਂ ਲਿੰਡਨ ਜੌਨਸਨ ਨੇ 1968 ਦੀ ਚੋਣ ਲੜਨ ਤੋਂ ਆਪਣਾ ਨਾਂਅ ਵਾਪਸ ਲੈ ਲਿਆ ਸੀ ਕਿਉਂਕਿ ‘ਵੀਅਤਨਾਮ ਵਾਰ’ 1960 ਵਿੱਚ ਹੋਈ ਸੀ ਤੇ ਜੌਨਸਨ ’ਤੇ ਕੁਝ ਪਰੂਫ਼ ਲੀਕ ਕਰਨ ਦੇ ਦੋਸ਼ ਲੱਗੇ ਸਨ। ਉਸ ਸਮੇਂ ਉਸ ਦੀ ਲੋਕਪ੍ਰਿਅਤਾ ਕਾਫੀ ਘੱਟ ਗਈ ਸੀ ਤਾਂ ਉਹਨਾਂ ਨੇ ਚੋਣ ਨਹੀਂ ਸੀ ਲੜੀ। ਪਰ ਬਾਈਡੇਨ ਦਾ ਚੋਣ ਮੈਦਾਨ ਵਿਚੋਂ ਵੱਖ ਹੋ ਜਾਣ ਦਾ ਕਾਰਨ ਉਹਨਾਂ ਦੀ ‘ਸਿਹਤ’ ਹੈ। 27 ਜੂਨ ਦੀ ਡੀਬੇਟ ਵਿੱਚ ਉਹ ਲੋਕਾਂ ਸਾਹਮਣੇ ਆਪਣਾ ਸਹੀ ਪੱਖ ਨਹੀਂ ਸੀ ਰੱਖ ਸਕੇ। ਅੱਜ ਦੇ ਸਮੇਂ ਵਿੱਚ ਸ਼ੋਸਲ ਮੀਡੀਆ ਤੇ ਰੀਲ ਦਾ ਜ਼ਮਾਨਾ ਹੈ। ਬਾਈਡੇਨ, ਭਾਸ਼ਣ ਦੌਰਾਨ ਜਿੱਥੇ ਵੀ ਲੜਖੜਾਏ, ਟਰੰਪ ਟੀਮ ਨੇ ਉਸ ਨੂੰ ਹਾਈਲਾਈਟ ਕੀਤਾ ਅਤੇ ਲੋਕਾਂ ਨੂੰ ਕਿਹਾ ਕਿ ਬਾਈਡੇਨ ਅਣਫਿੱਟ ਹੈ ਇਸ ਚੋਣ ਦੇ ਲਈ। ਇਸ ਸਥਿਤੀ ਵਿਚੋਂ ਨਿੱਕਲਣਾ ਬਾਈਡੇਨ ਦੇ ਲਈ ਕਾਫ਼ੀ ਔਖਾ ਹੋ ਗਿਆ। ਦੂਸਰੇ ਪਾਸੇ ਬਾਈਡੇਨ ਦੀ ਆਪਣੀ ਟੀਮ ਦੇ ਵਿਚੋਂ ਹੀ ਸਮਰਥਕ ਪਿੱਛੇ ਹਟਣ ਦੇ ਲਈ ਅੰਦਰਖਾਤੇ ਕਹਿਣ ਲੱਗੇ ਤੇ ਸਭ ਤੋਂ ਵੱਡੀ ਗੱਲ ਫੰਡਦਾਤਾ, ਜਿਹਨਾਂ ਦੇ ਬਲਬੂਤੇ ’ਤੇ ਇਹ ਚੋਣ ਲੜਦੇ ਨੇ, ਉਹਨਾਂ ਵੱਲੋਂ ਵੀ ਕਈ ਗੱਲਾਂ ਉੱਭਰ ਕੇ ਸਾਹਮਣੇ ਆਈਆਂ ਕਿਉਂਕਿ ਉਹ ਵੀ ਚੋਣਾਂ ਦੇ ਵਿੱਚ ਹਜ਼ਾਰਾਂ ਕਰੋੜ ਰੁਪਏ ਪਾਰਟੀਆਂ ਦੇ ਉੱਪਰ ਲਗਾ ਦਿੰਦੇ ਹਨ। ਇੱਕ ਰਿਪੋਰਟ ਦੇ ਅਨੁਸਾਰ 100 ਮਿਲੀਅਨ ਕਰੋੜ ਭਾਵ ਸਾਢੇ ਅੱਠ ਸੌ ਕਰੋੜ ਦੇ ਕਰੀਬ ਇਸ ਸਮੇਂ ਬਾਇਡੇਨ ਕੰਪੇਨ ਦੇ ਕੋਲ ਫੰਡ ਇਕੱਠਾ ਹੋ ਚੁੱਕਿਆ ਹੈ, ਜੋ ਕਿ ਉਹ ਚੋਣਾਂ ਦੇ ਵਿੱਚ ਖਰਚ ਕਰਨਗੇ। ਬਾਈਡੇਨ ਭਾਵੇਂ ਪਿਛਲੇ ਚਾਰ ਸਾਲ ਦੇ ਕੰਮਾਂ ਨੂੰ ਲੈ ਕੇ ਅੜੇ ਰਹੇ ਪਰ ਸਰੀਰ ਨੇ ਉਹਨਾਂ ਦਾ ਸਾਥ ਨਾ ਦਿੱਤਾ। ਹਾਲੇ ਪਿਛਲੇ ਹਫ਼ਤੇ ਹੀ ਉਹਨਾਂ ਨੇ ਕਿਹਾ ਸੀ ਕਿ ਜੇ ਕੋਈ ਸਿਹਤ ਸਬੰਧੀ ਸਮੱਸਿਆ ਹੋਈ ਤਾਂ ਉਹ ਪਿੱਛੇ ਹਟਣਗੇ। ਫਿਰ ਉਹਨਾਂ ਨੂੰ ਕੋਵਿਡ ਹੋ ਗਿਆ। ਖ਼ਬਰਾਂ ਤਾਂ ਇਹ ਵੀ ਨੇ ਕਿ ਬਰਾਕ ਓਬਾਮਾ ਨੇ ਵੀ ਉਹਨਾਂ ਨੂੰ ਪਿੱਛੇ ਹਟਣ ਦੇ ਲਈ ਕਿਹਾ। ਇਸੇ ਕਰਕੇ ਬਾਈਡੇਨ ਨੇ ਆਪਣਾ ਨਾਂਅ ਵਾਪਸ ਲੈ ਕੇ ਕਮਲਾ ਹੈਰਿਸ ਦਾ ਨਾਂਅ ਅੱਗੇ ਕੀਤਾ।

ਕਮਲਾ ਹੈਰਿਸ ਭਾਰਤੀ ਮੂਲ ਦੀ ਹੈ, ਤੇ ਉਹ ਪਹਿਲੀ ਮਹਿਲਾ ਉਪ ਰਾਸ਼ਟਰਪਤੀ ਹੈ। 4 ਜੁਲਾਈ 1776 ਨੂੰ ਅਮਰੀਕਾ ਦੇ ਆਜ਼ਾਦ ਹੋਣ ਤੋਂ ਬਾਅਦ ਘੱਟੋ ਘੱਟ 45 ਰਾਸ਼ਟਰਪਤੀ ਬਣੇ ਹਨ ਪਰ ਉਹਨਾਂ ਵਿੱਚ ਕੋਈ ਵੀ ਮਹਿਲਾ ਰਾਸ਼ਟਰਪਤੀ ਨਹੀਂ ਸੀ। ਕਮਲਾ ਹੈਰਿਸ ਪਹਿਲੀ ਮਹਿਲਾ ਉਪ ਰਾਸ਼ਟਰਪਤੀ ਹੈ ਤੇ ਬਾਈਡੇਨ ਟੀਮ ਇਸ ਨੂੰ ਆਪਣੀ ਪ੍ਰਾਪਤੀ ਵੀ ਦਸਦੀ ਹੈ। ਕਮਲਾ ਹੈਰਿਸ ਦੇ ਲਈ ਰਾਸ਼ਟਰਪਤੀ ਦੀ ਚੋਣ ਦੀ ਸਾਰੀ ਪ੍ਰਕਿਰਿਆ ਦੇ ਵਿੱਚੋਂ ਵਿਚਰਨਾ ਸੌਖਾ ਕੰਮ ਨਹੀਂ ਹੈ ਪਰ ਡੈਮੋਕ੍ਰੇਟਿਕ ਪਾਰਟੀ ਦੀ ਹਾਲ ਦੀ ਘੜੀ ਦੀ ਉਹ ਸਭ ਤੋਂ ਵਧੀਆ ਚੁਆਇਸ ਹੈ। ਡੈਮੋਕ੍ਰੇਟਿਕ ਨੈਸ਼ਨਲ ਕਮੇਟੀ ਦੀ ਕਨਵੈਨਸ਼ਨ 19 ਅਗਸਤ ਨੂੰ ਸ਼ਿਕਾਗੋ ਵਿੱਚ ਸ਼ੁਰੂ ਹੋਵੇਗੀ, ਜਿੱਥੇ ਦੇਸ਼ ਭਰ ਤੋਂ ਤਕਰੀਬਨ 4,000 ਡੈਲੀਗੇਟ ਨਵੰਬਰ ਵਿੱਚ ਹੋਣ ਵਾਲੀਆਂ ਆਮ ਚੋਣਾਂ ਲਈ ਆਪਣੇ ਉਮੀਦਵਾਰ ਦੀ ਚੋਣ ਕਰਨਗੇ। ਇਹ ਵੀ ਸੰਭਵ ਹੈ ਕਿ ਉਮੀਦਵਾਰ ਦੀ ਚੋਣ ਕਨਵੈਨਸ਼ਨ ਤੋਂ ਪਹਿਲਾਂ ਵਰਚੁਅਲ ਹੀ ਹੋ ਜਾਵੇ। ਜੇਕਰ ਕੋਈ ਡੈਮੋਕ੍ਰੇਟ ਕਮਲਾ ਹੈਰਿਸ ਨੂੰ ਚੁਣੌਤੀ ਦੇਣਾ ਚਾਹੁੰਦਾ ਹੈ ਤਾਂ 600 ਪ੍ਰਤੀਨਿਧੀਆਂ ਦੇ ਦਸਤਖ਼ਤ ਨਾਲ ਦਾਅਵਾ ਕਰਨਾ ਹੋਵੇਗਾ। ਪਾਰਟੀ ਉਮੀਦਵਾਰ ਬਣਨ ਲਈ 1,976 ‘ਡੈਲੀਗੇਟ’ ਦੀ ਲੋੜ ਹੈ।

ਹਾਲ ਦੀ ਘੜੀ ਉਸ ਤੋਂ ਇਲਾਵਾ ਹੋਰ ਨਾਮ ਵੀ ਚਰਚਾ ਵਿੱਚ ਹਨ ਪਰ ਕਿਸੇ ਕੋਲ ਆਧਾਰ ਨਹੀਂ ਹੈ। ਕਮਲਾ ਹੈਰਿਸ ਕੋਲ ਆਧਾਰ ਹੈ ਕਿਉਂਕਿ ਉਸ ਨੇ ਬਾਈਡੇਨ ਦੇ ਨਾਲ ਕੰਮ ਕੀਤਾ ਹੈ। ਜਿਸ ਕਰਕੇ ਨੋਮੀਨੇਸ਼ਨ ਦੇ ਚਾਂਸ ਉਸ ਦੇ ਜ਼ਿਆਦਾ ਮੰਨੇ ਜਾਂਦੇ ਹਨ।

ਕਦੇ ਕਿਸੇ ਨੇ ਸੋਚਿਆ ਵੀ ਨਹੀਂ ਸੀ ਕਿ ਰਾਸ਼ਟਰਪਤੀ ਅਹੁਦੇ ਦੇ ਲਈ ਟਰੰਪ ਇੱਕ ਤਾਕਤਵਰ ਉਮੀਦਵਾਰ ਵਜੋਂ ਦਾਅਵੇਦਾਰ ਹੋਣਗੇ। ਸਾਲ 2020 ਦੇ ਵਿੱਚ ਟਰੰਪ ਚੋਣ ਹਾਰੇ ਸਨ, ਤੇ ਜਨਵਰੀ 2021 ਦੇ ਵਿੱਚ ਅਮਰੀਕਾ ਦੀ ਸੰਸਦ ਦੇ ਵਿੱਚ ਦੰਗੇ ਹੋਏ ਸਨ ਤੇ ਉਸ ਦਾ ਦੋਸ਼ ਟਰੰਪ ’ਤੇ ਲੱਗਿਆ ਸੀ। ਇਹ ਪਰੰਪਰਾ ਰਹੀ ਹੈ ਕਿ ਰਾਸ਼ਟਰਪਤੀ ਸਹੁੰ ਚੁੱਕ ਸਮਾਗਮ ਦੇ ਵਿੱਚ ਸਾਬਕਾ ਰਾਸ਼ਟਰਪਤੀ ਵੀ ਸ਼ਾਮਲ ਹੁੰਦੇ ਹਨ ਪਰ ਟਰੰਪ ਸਮਾਗਮ ਵਿੱਚ ਸ਼ਾਮਲ ਨਹੀਂ ਸੀ ਹੋਇਆ। ਟਰੰਪ ਦੇ ਉੱਤੇ ਸੀਕ੍ਰੇਟ ਦਸਤਾਵੇਜ਼ ਘਰ ਲੈ ਕੇ ਜਾਣ ਦੇ, ਚੋਣਾਂ ਵਿੱਚ ਧਾਂਦਲੀ ਦੇ, ਹੁਸ਼ ਮਨੀ (ਪੋਰਨ ਸਟਾਰ) ਦੇ ਦੋਸ਼ ਆਦਿ ਲੱਗੇ ਪਰ ਚੋਣਾਂ ਨੇੜੇ ਆਉਂਦਿਆਂ ਹੀ ਉਹ ਸਾਰੇ ਦੋਸ਼ਾਂ ਵਿੱਚ ਹੌਲ਼ੀ ਹੌਲ਼ੀ ਬਰੀ ਹੋਣ ਲੱਗੇ। ਸਾਰੇ ਦੋਸ਼ਾਂ ਦੇ ਬਾਵਜੂਦ ਟਰੰਪ ਰਾਸ਼ਟਰਪਤੀ ਅਹੁਦੇ ਦੇ ਮਜ਼ਬੂਤ ਦਾਅਵੇਦਾਰ ਬਣੇ ਹੋਏ ਹਨ। ਲੰਘੇ ਦਿਨੀਂ ਟਰੰਪ ਦੇ ਉੱਤੇ ਹੋਏ ਹਮਲੇ ਕਰਕੇ ਉਸ ਨੂੰ ਹਮਦਰਦੀ ਵੋਟ ਵੀ ਮਿਲਣ ਦੀ ਸੰਭਾਵਨਾ ਹੈ, ਭਾਵੇਂ ਕਿ ਡੈਮੋਕ੍ਰੇਟਿਕ ਪਾਰਟੀ ਦੇ ਕੁਝ ਲੋਕ ਕਹਿੰਦੇ ਹਨ ਕਿ ਅਸੀਂ ਪੱਥਰ ਨੂੰ ਵੋਟ ਪਾ ਦੇਵਾਂਗੇ ਪਰ ਟਰੰਪ ਨੂੰ ਵੋਟ ਨਹੀਂ ਪਾਉਣੀ। ਇਸ ਦੇ ਬਾਵਜੂਦ ਟਰੰਪ ਦਾ ਪੱਲੜਾ ਭਾਰੀ ਹੈ। ਰਹੀ ਗੱਲ ਕਮਲਾ ਹੈਰਿਸ ਦੀ ਤਾਂ ਭਾਰਤੀ ਮੂਲ ਦੀ ਹੋਣ ਕਰਕੇ ਗੱਲਾਂ ਇਹ ਵੀ ਚੱਲ ਰਹੀਆਂ ਨੇ ਕਿ ਭਾਰਤ ਨੂੰ ਕੀ ਫ਼ਾਇਦਾ ਹੋਵੇਗਾ ? ਸੋਚਣ ਵਾਲੀ ਗੱਲ ਹੈ ਕਿ ਵੋਟਾਂ ਅਮਰੀਕਾ ਵਾਸੀਆਂ ਤੋਂ ਲਈਆਂ ਹੋਣ ਤਾਂ ਪਹਿਲ ਉਹਨਾਂ ਦੀ ਹੀ ਰਹੇਗੀ। ਹਾਂ, ਇਹ ਗੱਲ ਜ਼ਰੂਰ ਹੈ ਕਿ ਤੁਸੀਂ ਭਾਰਤੀ ਪਹਿਚਾਣ ’ਤੇ ਮਾਣ ਜ਼ਰੂਰ ਕਰ ਸਕਦੇ ਹੋ।

## ਕਿਸਾਨਾਂ ਵੱਲੋਂ 15 ਅਗਸਤ ਨੂੰ ਦੇਸ਼ ਭਰ ’ਚ ਟਰੈਕਟਰ ਮਾਰਚ ਕਰਨ ਦਾ ਫ਼ੈਸਲਾ



ਨਵੀਂ ਦਿੱਲੀ/ਏ.ਟੀ.ਨਿਊਜ਼ : ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਅਤੇ ਕਿਸਾਨ ਮਜ਼ਦੂਰ ਮੋਰਚਾ ਦੀ ਸਾਂਝੀ ਕਾਨਫਰੰਸ ਵਿੱਚ ਪਹਿਲੀ ਅਗਸਤ ਨੂੰ ਦੇਸ਼ ਭਰ ਵਿੱਚ ਜ਼ਿਲ੍ਹਾ ਹੈੱਡਕੁਆਰਟਰਾਂ ਵੱਲ ਮਾਰਚ ਕਰਨ ਤੇ ਭਾਜਪਾ ਦੇ ਪੁਤਲੇ ਫੂਕਣ ਦਾ ਐਲਾਨ ਕੀਤਾ ਗਿਆ ਹੈ। ਇਸ ਤੋਂ ਇਲਾਵਾ 15 ਅਗਸਤ ਨੂੰ ਦੇਸ਼ ਭਰ ਵਿੱਚ ਜ਼ਿਲ੍ਹਾ ਪੱਧਰ ’ਤੇ ਟਰੈਕਟਰ ਮਾਰਚ ਕਰਨ ਦਾ ਫੈਸਲਾ ਲਿਆ ਗਿਆ। ਇਸ ਸਬੰਧੀ ਕਿਸਾਨ ਆਗੂਆਂ ਜਗਜੀਤ ਸਿੰਘ ਡੱਲੇਵਾਲ ਤੇ ਸਰਵਣ ਸਿੰਘ ਪੰਧੇਰ ਨੇ ਮੀਡੀਆ ਨਾਲ ਗੱਲਬਾਤ ਦੌਰਾਨ ਕਿਹਾ ਕਿ ਇੱਥੇ ਕਾਂਸਟੀਚਿਊਸ਼ਨ ਕਲੱਬ ਵਿੱਚ ਹੋਈ ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਅਤੇ (ਬਾਕੀ ਸਫ਼ਾ 30 ’ਤੇ)

ਕੇਂਦਰ ਸਰਕਾਰ ਨੇ 58 ਸਾਲ ਬਾਅਦ ਹਟਾਈ ਪਾਬੰਦੀ

## ਸਰਕਾਰੀ ਕਰਮਚਾਰੀ ਹੁਣ ਆਰ.ਐਸ.ਐਸ. ਦੇ ਪ੍ਰੋਗਰਾਮਾਂ ’ਚ ਲੈ ਸਕਣਗੇ ਹਿੱਸਾ



ਨਵੀਂ ਦਿੱਲੀ/ਏ.ਟੀ.ਨਿਊਜ਼: ਕੇਂਦਰ ਸਰਕਾਰ ਨੇ ਰਾਸ਼ਟਰੀ ਸਵੈਮ ਸੇਵਕ ਸੰਘ (ਆਰ.ਐਸ.ਐਸ.) ਨੂੰ ਲੈ ਕੇ ਵੱਡਾ ਫੈਸਲਾ ਲਿਆ ਹੈ। ਸਰਕਾਰ ਨੇ ਆਰ.ਐਸ.ਐਸ. ਦੇ ਪ੍ਰੋਗਰਾਮਾਂ ਵਿੱਚ ਸ਼ਾਮਲ ਹੋਣ ਵਾਲੇ ਸਰਕਾਰੀ ਕਰਮਚਾਰੀਆਂ ਉੱਤੇ ਪਾਬੰਦੀ ਹਟਾ ਦਿੱਤੀ ਹੈ। ਹੁਣ ਸਰਕਾਰੀ ਕਰਮਚਾਰੀ ਵੀ ਸੰਘ ਦੇ ਪ੍ਰੋਗਰਾਮਾਂ ’ਚ ਹਿੱਸਾ ਲੈ ਸਕਣਗੇ। ਇਹ ਪਾਬੰਦੀ ਉਸ ਵੇਲੇ ਦੀ ਕਾਂਗਰਸ ਸਰਕਾਰ ਨੇ 1966 ਵਿੱਚ ਲਗਾਈ ਸੀ। ਹੁਣ 58 ਸਾਲਾਂ ਬਾਅਦ ਇਸ ਨੂੰ ਰੱਦ ਕਰ ਦਿੱਤਾ ਗਿਆ ਹੈ।

ਦੂਜੇ ਪਾਸੇ ਕਾਂਗਰਸ ਨੇ ਕੇਂਦਰ ਸਰਕਾਰ ਦੇ ਇਸ ਫੈਸਲੇ ਦਾ ਸਖ਼ਤ ਵਿਰੋਧ ਕੀਤਾ ਹੈ। ਕਾਂਗਰਸ ਨੇ ਕੇਂਦਰ ਸਰਕਾਰ ਵੱਲੋਂ ਜਾਰੀ ਕੀਤੇ ਗਏ ਇਸ ਫੈਸਲੇ ਦੀ ਸਖ਼ਤ ਆਲੋਚਨਾ ਕੀਤੀ ਹੈ, ਜਿਸ ਵਿੱਚ ਆਰ.ਐਸ.ਐਸ. ਦੀਆਂ ਗਤੀਵਿਧੀਆਂ ਵਿੱਚ ਹਿੱਸਾ ਲੈਣ ’ਤੇ 6 ਦਹਾਕੇ ਪੁਰਾਣੀ ਪਾਬੰਦੀ ਹਟਾ ਦਿੱਤੀ ਗਈ ਹੈ।

ਕਾਂਗਰਸ ਦੇ ਜਨਰਲ ਸਕੱਤਰ (ਸੰਚਾਰ) ਜੈਰਾਮ ਰਮੇਸ਼ ਨੇ ਇੱਕ ਪੋਸਟ ਵਿੱਚ ਲਿਖਿਆ ਕਿ ਫਰਵਰੀ 1948 ਵਿੱਚ ਗਾਂਧੀ ਜੀ ਦੀ ਹੱਤਿਆ ਤੋਂ ਬਾਅਦ ਸਰਦਾਰ ਵੱਲਭਭਾਈ ਪਟੇਲ ਨੇ ਆਰ.ਐਸ.ਐਸ. ’ਤੇ ਪਾਬੰਦੀ ਲਗਾ ਦਿੱਤੀ ਸੀ, ਪਰ ਚੰਗੇ ਆਚਰਣ ਦੇ ਭਰੋਸੇ ’ਤੇ ਪਾਬੰਦੀ ਹਟਾ ਦਿੱਤੀ ਗਈ ਸੀ। ਇਸ ਤੋਂ ਬਾਅਦ ਵੀ ਆਰ.ਐਸ.ਐਸ. ਨੇ ਨਾਗਪੁਰ ਵਿੱਚ ਕਦੇ ਤਿਰੰਗਾ ਨਹੀਂ ਲਹਿਰਾਇਆ। 1966 ਵਿੱਚ, ਆਰ.ਐਸ.ਐਸ. ਦੀਆਂ ਗਤੀਵਿਧੀਆਂ ਵਿੱਚ ਹਿੱਸਾ ਲੈਣ ਵਾਲੇ ਸਰਕਾਰੀ ਕਰਮਚਾਰੀਆਂ ’ਤੇ ਪਾਬੰਦੀ ਲਗਾਈ ਗਈ ਸੀ ਅਤੇ ਇਹ ਸਹੀ ਫੈਸਲਾ ਸੀ।

ਇਹ ਪਾਬੰਦੀ ਲਗਾਉਣ ਲਈ 1966 ਵਿੱਚ ਜਾਰੀ ਇੱਕ ਅਧਿਕਾਰਤ ਹੁਕਮ ਹੈ। 4 ਜੂਨ, 2024 ਤੋਂ ਬਾਅਦ, ਪ੍ਰਧਾਨ ਮੰਤਰੀ ਅਤੇ ਆਰ.ਐਸ.ਐਸ. ਵਿਚਕਾਰ ਸਬੰਧਾਂ ਵਿੱਚ ਖਟਾਸ ਆ ਗਈ ਹੈ। 9 ਜੁਲਾਈ 2024 ਨੂੰ, 58 ਸਾਲਾਂ ਦੀ ਪਾਬੰਦੀ ਹਟਾ ਦਿੱਤੀ ਗਈ ਸੀ ਜੋ ਪ੍ਰਧਾਨ ਮੰਤਰੀ ਵਜੋਂ ਅਟਲ ਬਿਹਾਰੀ ਵਾਜਪਾਈ ਦੇ ਕਾਰਜਕਾਲ ਦੌਰਾਨ ਵੀ ਲਾਗੂ ਸੀ। ਮੇਰਾ ਮੰਨਣਾ ਹੈ ਕਿ ਨੌਕਰਸ਼ਾਹੀ ਹੁਣ ਸ਼ਾਖਾਵਾਂ ਵਿੱਚ ਵੀ ਆ ਸਕਦੀ ਹੈ।

ਵਰਣਨਯੋਗ ਹੈ ਕਿ ਸਰਕਾਰ ਨੇ 9 ਜੁਲਾਈ ਨੂੰ ਇੱਕ ਹੁਕਮ ਰਾਹੀਂ ਆਰ.ਐੱਸ.ਐੱਸ. ਦੀਆਂ ਗਤੀਵਿਧੀਆਂ ਵਿੱਚ ਹਿੱਸਾ ਲੈਣ ਵਾਲੇ ਸਰਕਾਰੀ ਮੁਲਾਜ਼ਮਾਂ ਤੋਂ ਪਾਬੰਦੀ ਹਟਾ ਦਿੱਤੀ ਹੈ। ਇਹ ਹੁਕਮ ਕੇਂਦਰ ਸਰਕਾਰ ਵੱਲੋਂ ਜਾਰੀ 1966, 1970 ਅਤੇ 1980 ਦੇ ਹੁਕਮਾਂ ਵਿੱਚ ਸੋਧ ਕਰਦਾ ਹੈ, ਜਿਨ੍ਹਾਂ ਵਿੱਚ ਕੁਝ ਹੋਰ ਸੰਸਥਾਵਾਂ ਦੇ ਨਾਲ-ਨਾਲ ਆਰ.ਐੱਸ.ਐੱਸ. ਦੀਆਂ ਸ਼ਾਖਾਵਾਂ ਅਤੇ ਹੋਰ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਲਈ ਸਰਕਾਰੀ ਮੁਲਾਜ਼ਮਾਂ ’ਤੇ ਦੰਡ ਦੀ ਵਿਵਸਥਾ ਕੀਤੀ ਗਈ ਸੀ।

# ਨੌਜਵਾਨਾਂ ਦੇ ਵਿਦੇਸ਼ ਜਾਣ ਦੇ ਰੁਝਾਨ ਨੂੰ ਰੋਕਣ 'ਚ ਨਾਕਾਮ ਰਹੀ ਪੰਜਾਬ ਸਰਕਾਰ

## ਨਸ਼ਿਆਂ, ਬੇਰੁਜ਼ਗਾਰੀ, ਗੈਂਗਸਟਰਾਂ ਕਾਰਨ ਪ੍ਰਵਾਸ ਵਿੱਚ ਹੋਇਆ ਵਾਧਾ





ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਵੱਲੋਂ ਹਰ ਵਰਗ ਨੂੰ ਵੱਡੇ-ਵੱਡੇ ਸੁਫ਼ਨੇ ਦਿਖਾਏ ਗਏ ਸਨ, ਪਰ ਸਭ ਤੋਂ ਵੱਧ ਸੁਫ਼ਨੇ ਨੌਜਵਾਨ ਵਰਗ ਨੂੰ ਦਿਖਾਏ ਗਏ ਸਨ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਆਉਣ ਤੋਂ ਬਾਅਦ ਲੋਕਾਂ ਨੂੰ ਕੰਮ ਕਰਨ ਲਈ ਵਿਦੇਸ਼ ਨਹੀਂ ਜਾਣਾ ਪਵੇਗਾ ਸਗੋਂ ਪੰਜਾਬ ਵਿੱਚ ਇਸ ਤਰ੍ਹਾਂ ਦਾ ਮਾਹੌਲ ਸਿਰਜਿਆ ਜਾਵੇਗਾ ਕਿ ਪੰਜਾਬ ਵਿੱਚ ਦੂਜੇ ਦੇਸ਼ਾਂ ਤੋਂ ਲੋਕ ਕੰਮ ਕਰਨ ਲਈ ਆਉਣਗੇ । 'ਆਪ' ਸਰਕਾਰ ਦੇ ਕਾਰਜਕਾਲ ਨੂੰ ਢਾਈ ਸਾਲ ਦੇ ਲਗਭਗ ਸਮਾਂ ਹੋ ਗਿਆ ਹੈ ਤੇ ਅਜੇ ਤੱਕ ਵਿਦੇਸ਼ਾਂ ਤੋਂ ਲੋਕ ਪੰਜਾਬ ਵਿੱਚ ਕੰਮ ਕਰਨ ਲਈ ਤਾਂ ਨਹੀਂ ਆਏ ਸਗੋਂ 'ਆਪ' ਸਰਕਾਰ ਦੇ ਇਸ ਕਾਰਜਕਾਲ ਵਿੱਚ ਇਸ ਤਰ੍ਹਾਂ ਦਾ ਮਾਹੌਲ ਬਣ ਗਿਆ ਹੈ ਕਿ ਪੰਜਾਬ ਤੋਂ ਵਿਦੇਸ਼ ਜਾਣ ਵਾਲੇ ਲੋਕਾਂ ਦੀ ਗਿਣਤੀ ਵਿੱਚ ਹੋਰ ਵੀ ਵਾਧਾ ਹੋ ਰਿਹਾ ਹੈ ਜਿਸ ਨੇ ਪੰਜਾਬ ਪ੍ਰੇਮੀਆਂ ਲਈ ਹੋਰ ਵੀ ਵੱਡੀ ਚਿੰਤਾ ਪੈਦਾ ਕਰ ਦਿੱਤੀ ਹੈ ਤੇ ਬੁੱਧੀਜੀਵੀਆਂ ਤੇ ਹੋਰ ਸਮਾਜਿਕ ਜਥੇਬੰਦੀਆਂ ਵਲੋਂ ਕਰਵਾਏ ਜਾਂਦੇ ਪ੍ਰੋਗਰਾਮ ਵਿੱਚ ਵੱਧ ਰਹੇ ਪ੍ਰਵਾਸ 'ਤੇ ਲਗਾਤਾਰ ਚਿੰਤਾ ਜ਼ਾਹਿਰ ਕੀਤੀ ਜਾ ਰਹੀ ਹੈ । ਸਾਲ 2023 ਵਿੱਚ ਹੀ ਪੰਜਾਬ ਵਿਚ 12 ਲੱਖ ਦੇ ਕਰੀਬ ਪਾਸਪੋਰਟ ਬਣ ਚੁੱਕੇ ਹਨ ਜਦਕਿ ਇਸ ਤੋਂ ਬਾਅਦ ਵੀ ਪਾਸਪੋਰਟ ਬਣਨ ਦੀ ਗਿਣਤੀ ਵਿੱਚ ਕਿਸੇ ਤਰ੍ਹਾਂ ਦੀ ਕੋਈ ਕਮੀ ਨਹੀਂ ਆ ਰਹੀ ਹੈ ਤੇ ਹਰਿਆਣਾ ਵਿੱਚ ਪੰਜਾਬ ਦੇ ਮੁਕਾਬਲੇ ਅੱਧੀ ਗਿਣਤੀ ਵਿੱਚ ਹੀ ਪਾਸਪੋਰਟ ਬਣ ਰਹੇ ਹਨ ਤੇ ਚੇਤੇ ਰਹੇ ਕਿ ਹਰਿਆਣਾ ਤਰੱਕੀ ਵਜੋਂ ਪੰਜਾਬ ਤੋਂ ਕਿਧਰੇ ਜ਼ਿਆਦਾ ਅੱਗੇ ਨਿਕਲ ਗਿਆ ਹੈ। ਨੌਜਵਾਨ ਪੀੜੀ ਤੋਂ ਹੁਣ ਪੰਜਾਬ ਦੇ ਪਿੰਡ ਸੱਖਣੇ ਨਜ਼ਰ ਆ ਰਹੇ ਹਨ। ਉਂਝ ਵੀ ਪਿੰਡਾਂ ਵਿੱਚ ਜੇ ਅਸੀਂ ਨਜ਼ਰ ਮਾਰੀਏ ਤਾਂ ਵੱਡੀਆਂ-ਵੱਡੀਆਂ ਕੋਠੀਆਂ ਖਾਲੀ ਪਈਆਂ ਹਨ ਅਤੇ ਉਨ੍ਹਾਂ ਦੇ ਮਾਲਕ ਵਿਦੇਸ਼ਾਂ ਵਿੱਚ ਰਹਿ ਰਹੇ ਹਨ। ਕਈ ਹਾਲਾਤਾਂ ਵਿੱਚ ਤਾਂ ਕੇਵਲ ਬਜ਼ੁਰਗ ਲੋਕ ਹੀ ਪਿੰਡਾਂ ਵਿੱਚ ਰਹਿੰਦੇ ਹਨ, ਜਿਨ੍ਹਾਂ ਦਾ ਬੁਢਾਪਾ ਕੁੱਝ ਦਰਦਮਈ ਬਣ ਜਾਂਦਾ ਹੈ। ਬੱਚਿਆਂ ਤੋਂ ਬਿਨਾਂ ਮਾਪਿਆਂ ਦਾ ਇਕੱਲੇ ਰਹਿਣਾ ਕੋਈ ਸੌਖਾ ਕੰਮ ਨਹੀਂ ਹੈ। ਮੋਹ ਅਤੇ ਸਨੇਹ ਦੀਆਂ ਤੰਦਾਂ ਵੀ ਟੁੱਟਦੀਆਂ ਨਜ਼ਰ ਆਉਂਦੀਆਂ ਹਨ।

ਪਾਸਪੋਰਟ ਦਫ਼ਤਰਾਂ ਤੇ ਸੇਵਾ ਕੇਂਦਰ ਵਿੱਚ ਪਾਸਪੋਰਟ ਅਪਲਾਈ ਕਰਨ ਵਾਲਿਆਂ ਦੀ ਜ਼ਿਆਦਾ ਗਿਣਤੀ ਨੌਜਵਾਨ ਵਰਗ ਦੀ ਹੈ ਜਿਸ ਦਾ ਵਿਦੇਸ਼ ਜਾ ਕੇ ਕੰਮ ਕਰਨ ਦਾ ਰੁਝਾਨ ਨਹੀਂ ਘਟਿਆ ਹੈ। ਨੌਜਵਾਨਾਂ ਦੇ ਵਿਦੇਸ਼ ਜਾਣ ਦੀ ਲਗਾਤਾਰ ਵੱਧ ਰਹੀ ਮਜਬੂਰੀ ਕਈ ਕਾਰਨਾਂ ਕਰਕੇ ਹੈ। ਲੋਕਾਂ ਦਾ ਵਿਦੇਸ਼ ਜਾ ਕੰਮ ਕਰਨ ਦਾ ਰੁਝਾਨ ਤਾਂ ਪਿਛਲੀਆਂ ਸਰਕਾਰਾਂ ਦੇ ਕਾਰਜਕਾਲ ਵਿੱਚ ਵੀ ਚੱਲਦਾ ਰਿਹਾ ਹੈ ਪਰ ਆਮ ਆਦਮੀ ਪਾਰਟੀ ਵਲੋਂ ਸੱਤਾ ਵਿੱਚ ਆਉਣ ਤੋਂ ਪਹਿਲਾਂ ਸਰਕਾਰ ਬਣਨ 'ਤੇ ਨਸ਼ਾ ਕੁੱਝ ਹਫ਼ਤਿਆਂ ਵਿੱਚ ਖ਼ਤਮ ਕਰਨ ਦਾ ਵਾਅਦਾ ਕੀਤਾ ਗਿਆ ਸੀ ਪਰ ਨਸ਼ੇ ਤਾਂ ਖ਼ਤਮ ਨਹੀਂ ਹੋਏ ਪਰ ਅਜੇ ਵੀ ਪੰਜਾਬ ਦੇ ਅਨੇਕਾਂ ਨੌਜਵਾਨਾਂ ਵੱਲੋਂ ਨਸ਼ਿਆਂ ਕਰਕੇ ਆਪਣੀਆਂ ਜਾਨਾਂ ਗੁਆਉਣ ਦੇ ਮਾਮਲੇ ਸੁਰਖ਼ੀਆਂ ਬਣ ਰਹੇ ਹਨ।

ਢਾਈ ਸਾਲ ਵਿੱਚ ਪੰਜਾਬ ਵਿਚ ਗੈਂਗਸਟਰਵਾਦ ਲਗਾਤਾਰ ਵਧ ਰਿਹਾ ਹੈ । ਮਾਪੇ ਲਗਾਤਾਰ ਵਧ ਰਹੇ ਨਸ਼ਿਆਂ, ਗੈਂਗਸਟਰਵਾਦ ਭਾਰੂ ਹੋਣ ਅਤੇ ਪੰਜਾਬ ਵਿੱਚ ਨੌਕਰੀਆਂ ਨਾ ਹੋਣ ਕਰਨ ਕੇ ਹੀ ਅਜੇ ਵੀ ਕਿਸੇ ਨਾ ਕਿਸੇ ਤਰ੍ਹਾਂ ਨਾਲ ਆਪਣੇ ਬੱਚਿਆਂ ਨੂੰ ਵਿਦੇਸ਼ ਭਿਜਵਾਉਣ ਨੂੰ ਜ਼ਿਆਦਾ ਤਰਜੀਹ ਦੇ ਰਹੇ ਹਨ। ਨੌਜਵਾਨ ਵਰਗ ਤਾਂ ਵੱਡੀ ਗਿਣਤੀ ਵਿੱਚ ਨਾ ਸਿਰਫ਼ ਵਿਦੇਸ਼ ਜਾ ਰਿਹਾ ਹੈ ਸਗੋਂ ਉਸ ਦੇ ਨਾਲ ਪੰਜਾਬ ਦੀ ਅਰਥਵਿਵਸਥਾ ਨੂੰ ਮਜ਼ਬੂਤ ਕਰਨ ਵਾਲਾ ਅਰਬਾਂ ਰੁਪਏ ਵੀ ਉਸ ਦੇ ਨਾਲ ਵਿਦੇਸ਼ ਜਾ ਰਹੇ ਹਨ। ਪੰਜਾਬ ਵਿੱਚ ਕੰਮਕਾਜ, ਨੌਕਰੀਆਂ ਨਾ ਹੋਣ ਕਰੇ ਬੇਰੁਜ਼ਗਾਰ ਨੌਜਵਾਨ ਵੱਡੀ ਗਿਣਤੀ ਵਿੱਚ ਵਿਦੇਸ਼ ਜਾ ਰਹੇ ਹਨ ਸਗੋਂ ਕਈ ਚੰਗੇ ਕਾਰੋਬਾਰੀ ਜਾਂ ਫ਼ੈਕਟਰੀਆਂ ਚਲਾਉਣ ਵਾਲੇ ਲੋਕ ਵੀ ਪਰਿਵਾਰ ਸਮੇਤ ਵਿਦੇਸ਼ਾਂ ਨੂੰ ਉਡਾਰੀ ਮਾਰ ਰਹੇ ਹਨ ਤੇ ਇਸ ਦਾ ਵੱਡਾ ਕਾਰਨ ਇਹ ਹੈ ਕਿ 'ਆਪ' ਸਰਕਾਰ ਦੇ ਢਾਈ ਸਾਲ ਦੇ ਕਾਰਜਕਾਲ ਨੂੰ ਉਹ ਅਸੁਰੱਖਿਅਤ ਸਮਝ ਰਹੇ ਹਨ ।

### ਗੈਂਗਸਟਰਾਂ ਕਾਰਨ ਕਾਰੋਬਾਰੀਆਂ ਨੇ ਵਿਦੇਸ਼ਾਂ ਵੱਲ ਪ੍ਰਵਾਸ ਕੀਤਾ

ਮੌਜੂਦਾ ਮਾਹੌਲ ਵਿੱਚ ਕਾਰੋਬਾਰੀਆਂ ਨੂੰ ਫਿਰੌਤੀਆਂ ਮੰਗਣ ਦੇ ਮਾਮਲੇ ਵੀ ਲਗਾਤਾਰ ਸਾਹਮਣੇ ਆਉਂਦੇ ਰਹੇ ਹਨ ਜਿਸ ਨੇ ਕਾਰੋਬਾਰੀਆਂ ਦੇ ਪ੍ਰਵਾਸ ਵਿੱਚ ਵਾਧਾ ਕੀਤਾ ਹੈ। ਇੰਡਸਟਰੀਅਲ ਐਂਡ ਟਰੇਡਰਜ਼ ਜੁਆਇੰਟ ਐਕਸ਼ਨ ਕਮੇਟੀ ਦੇ ਪ੍ਰਧਾਨ ਗੁਰਸ਼ਰਨ ਸਿੰਘ ਦਾ ਕਹਿਣਾ ਸੀ ਕਿ ਕਈ ਕੰਮਕਾਜ ਲਈ ਹੁਣ ਮਾਹੌਲ ਸੁਰੱਖਿਅਤ ਨਾ ਹੋਣ ਕਰਕੇ ਕਾਰੋਬਾਰੀ ਪਰਿਵਾਰ ਸਮੇਤ ਵਿਦੇਸ਼ਾਂ ਵਿੱਚ ਉਡਾਰੀ ਮਾਰ ਗਏ ਹਨ ਤੇ ਜੇਕਰ ਮਾਹੌਲ ਵਿੱਚ ਸੁਧਾਰ ਨਾ ਕੀਤਾ ਗਿਆ ਤਾਂ ਹੋਰ ਵੀ ਕਾਰੋਬਾਰੀ ਉਡਾਰੀ ਮਾਰ ਸਕਦੇ ਹਨ। ਸਿਹਤ ਸਹੂਲਤਾਂ ਦੇਣ ਤੋਂ ਸਰਕਾਰਾਂ ਅਸਮਰੱਥ ਰਹੀਆਂ ਹਨ। ਸਰਕਾਰੀ ਹਸਪਤਾਲਾਂ ਦਾ ਪ੍ਰਬੰਧ ਸੰਤੁਸ਼ਟੀ ਵਾਲਾ ਨਹੀਂ। ਸਰਕਾਰੀ ਹਸਪਤਾਲਾਂ ਵਿੱਚ ਡਾਕਟਰਾਂ ਦੀ ਘਾਟ ਹੈ। ਪ੍ਰਾਈਵੇਟ ਇਲਾਜ ਬਹੁਤ ਮਹਿੰਗਾ ਹੈ। ਜਿੱਥੇ ਬੀਤੇ ਸਮਿਆਂ ਦੌਰਾਨ ਰਵਾਇਤੀ ਸੱਤਾਧਾਰੀ ਪਾਰਟੀਆਂ ਨੇ ਆਪਣਾ ਬਣਦਾ ਰੋਲ ਅਦਾ ਨਹੀਂ ਕੀਤਾ, ਉਥੇ ਕੌਮੀ ਸਰਕਾਰਾਂ ਦੀ ਨਿੱਜੀਕਰਨ ਦੀ ਨੀਤੀ ਨੇ ਵੀ ਲੋਕਾਂ ਦਾ ਘਾਣ ਕੀਤਾ ਤੇ ਬੇਰੁਜ਼ਗਾਰੀ ਵਿੱਚ ਵਾਧਾ ਕੀਤਾ। ਇਹੀ ਉਹ ਕਾਰਨ ਹਨ ਜਿਨ੍ਹਾਂ ਕਰ ਕੇ ਨੌਜਵਾਨ ਵਿਦੇਸ਼ ਜਾ ਰਿਹਾ ਹੈ। ਅੱਜ ਦਾ ਨੌਜਵਾਨ ਚਾਹੁੰਦਾ ਹੈ ਕਿ ਉਸ ਨੂੰ ਲਾਲ ਪੀਲੇ ਕਾਰਡਾਂ, ਆਟਾ ਦਾਲ ਸਕੀਮ, ਬੁਢਾਪਾ ਪੈਨਸ਼ਨ ਸਮੇਤ ਹੋਰ ਸਬਸਿਡੀਆਂ ਦੀ ਜਗ੍ਹਾ ਉਨ੍ਹਾਂ ਦਾ ਭਵਿੱਖ ਸੁਰੱਖਿਅਤ ਕਰਨ ਲਈ ਰੁਜ਼ਗਾਰ ਦੀ ਗਾਰੰਟੀ ਦਿੱਤੀ ਜਾਵੇ ਅਤੇ ਇਕਸਾਰ ਪੈਨਸ਼ਨ ਸਕੀਮ ਲਾਗੂ ਕੀਤੀ ਜਾਵੇ ਤਾਂ ਜੋ ਉਹ ਸਨਮਾਨ ਭਰੀ ਜ਼ਿੰਦਗੀ ਜੀਅ ਸਕੇ।

### ਕਿੰਨੇ ਲੋਕ ਪ੍ਰਵਾਸ ਕਰ ਗਏ ?

ਪੰਜਾਬ ਦੇ 13.34% ਪੇਂਡੂ ਪਰਿਵਾਰਾਂ ਵਿੱਚ ਘੱਟੋ-ਘੱਟ ਇੱਕ ਮੈਂਬਰ ਪ੍ਰਵਾਸੀ ਸੀ।

ਮਾਝੇ ਤੋਂ ਅੰਮ੍ਰਿਤਸਰ, ਗੁਰਦਾਸਪੁਰ, ਦੁਆਬੇ ਤੋਂ ਐੱਸ.ਬੀ.ਐੱਸ. ਨਗਰ ਅਤੇ ਮਾਲਵੇ ਤੋਂ ਫਿਰੋਜ਼ਪੁਰ ਵਿੱਚ 30% ਪੇਂਡੂ ਪਰਿਵਾਰ ਅਜਿਹੇ ਸਨ ਜਿੱਥੋਂ ਘੱਟੋ-ਘੱਟ ਇੱਕ ਮੈਂਬਰ ਪ੍ਰਵਾਸ ਕਰ ਗਿਆ ਸੀ।

10.23% ਫਾਰਮ ਤੋਂ ਅਤੇ 3.11% ਗ਼ੈਰ-ਖੇਤੀ ਪਰਿਵਾਰਾਂ ਵਿੱਚ ਘੱਟੋ-ਘੱਟ ਇੱਕ ਮੈਂਬਰ ਸੀ ਜੋ ਵਿਦੇਸ਼ ਚਲੇ ਗਏ। ਸਭ ਤੋਂ ਵੱਧ ਪਰਵਾਸ ਛੋਟੇ ਕਿਸਾਨਾਂ (12.64%) ਪਰਿਵਾਰਾਂ ਵਿੱਚ ਦੇਖਿਆ ਗਿਆ।

ਪ੍ਰਵਾਸੀ ਪਰਿਵਾਰਾਂ ਕੋਲ ਗ਼ੈਰ-ਪ੍ਰਵਾਸੀ ਪਰਿਵਾਰਾਂ (15.46%) ਨਾਲੋਂ ਬਿਹਤਰ ਸਿੱਖਿਆ (20.78% ਸੀਨੀਅਰ ਸੈਕੰਡਰੀ ਪੱਧਰ ਅਤੇ ਉੱਪਰ) ਸੀ। ਦੁਆਬੇ ਦੇ ਘਰਾਂ ਦੇ ਮੁਖੀਆਂ ਦਾ ਵਿਦਿਅਕ ਪੱਧਰ ਮਾਝੇ ਅਤੇ ਮਾਲਵੇ ਨਾਲੋਂ ਉੱਚਾ ਸੀ।

51.88% ਪ੍ਰਵਾਸੀ ਪਰਵਾਰ ਅਤੇ 41.52% ਗ਼ੈਰ-ਪ੍ਰਵਾਸੀ ਪਰਵਾਰ ਜੱਟ ਸਿੱਖ ਸਨ।

### ਸਰਕਾਰ ਫਰਜ਼ ਨਿਭਾਵੇ

ਬਹੁਤ ਸਾਰੀਆਂ ਜ਼ਿੰਮੇਵਾਰੀਆਂ ਪੰਜਾਬ ਸਰਕਾਰ ਦੀਆਂ ਵੀ ਬਣਦੀਆਂ ਹਨ ਕਿ ਉਹ ਪੰਜਾਬੀਆਂ ਦਾ ਪ੍ਰਵਾਸ ਰੋਕੇ। ਪੰਜਾਬ ਸਰਕਾਰ ਨੂੰ ਬੇਲੋੜੀਆਂ ਮੁਫ਼ਤ ਸੇਵਾਵਾਂ ਬੰਦ ਕਰਕੇ ਪੰਜਾਬ ਦੇ ਨਾਗਰਿਕਾਂ ਦੀ ਵਸਤਾਂ ਖਰੀਦਣ ਦੀ ਤਾਕਤ ਵਧਾਉਣੀ ਚਾਹੀਦੀ ਹੈ। ਸਰਕਾਰੀ ਵਿਭਾਗਾਂ ਵਿੱਚ ਹੋਣ ਵਾਲੀਆਂ ਇਹ ਭਰਤੀਆਂ ਚੋਣਾਂ ਦੇ ਸਮੇਂ ਦੀ ਬਜਾਇ ਹਰ ਸਾਲ ਹੋਣੀਆਂ ਚਾਹੀਦੀਆਂ ਹੈ। ਬੇਰੁਜ਼ਗਾਰੀ ਦੇ ਹੱਲ ਲਈ ਆਰਥਿਕ ਨੀਤੀਆਂ ਵਿੱਚ ਤਬਦੀਲੀਆਂ ਹੋਣ। ਸਭ ਤੋਂ ਪਹਿਲਾਂ ਪੰਜਾਬ ਵਿੱਚ ਹੋਣ ਵਾਲੇ ਨਿਵੇਸ਼ ਅਤੇ ਆਰਥਿਕ ਵਿਕਾਸ ਦੀ ਪਹਿਲੀ ਤਰਜੀਹ ਰੁਜ਼ਗਾਰ ਦੇ ਵਧੇਰੇ ਮੌਕੇ ਪੈਦਾ ਕਰਨ ਵਾਲੀ ਹੋਣੀ ਚਾਹੀਦੀ ਹੈ। ਇਸ ਦੇ ਨਾਲ ਹੀ ਕਿਰਤ ਨੀਤੀਆਂ ਅਤੇ ਕਿਰਤ ਮਿਆਰਾਂ ਵਿੱਚ ਕਿਰਤੀ ਪੱਖੀ ਤਬਦੀਲੀਆਂ ਲਿਆ ਕੇ ਰੁਜ਼ਗਾਰ ਦੀ ਗੁਣਵੱਤਾ ਅਤੇ ਮਿਆਰਾਂ ਵਿੱਚ ਸੁਧਾਰ ਲਿਆਉਣ ਦੀ ਬਹੁਤ ਜ਼ਰੂਰਤ ਹੈ। ਰੁਜ਼ਗਾਰ ਦੀ ਗੁਣਵੱਤਾ ਅਤੇ ਮਿਆਰ ਵਿੱਚ ਸੁਧਾਰ ਲਿਆਉਣ ਦੇ ਨਾਲ-ਨਾਲ ਕਿਰਤ ਮੰਡੀ ਵਿੱਚ ਵੱਡੇ ਪੱਧਰ 'ਤੇ ਨਾ-ਬਰਾਬਰੀ ਨੂੰ ਘਟਾਉਣ/ਖ਼ਤਮ ਕਰਨ ਦੀ ਲੋੜ ਹੈ ਤਾਂ ਕਿ ਹੇਠਲੇ ਤਬਕੇ ਦੇ ਲੋਕਾਂ ਅਤੇ ਔਰਤਾਂ ਨੂੰ ਵੀ ਬਰਾਬਰ ਦੇ ਹੱਕ ਤੇ ਮੌਕੇ ਮਿਲ ਸਕਣ। ਤਕਨੀਕੀ ਅਤੇ ਹੁਨਰ ਵਾਲੇ ਕੋਰਸਾਂ ਵਿੱਚ ਸਮੇਂ ਦੇ ਹਾਣ ਦੀਆਂ ਅਤੇ ਮੌਜੂਦਾ ਲੋੜਾਂ ਮੁਤਾਬਿਕ ਤਬਦੀਲੀਆਂ ਕਰ ਕੇ ਲੋਕਾਂ ਖ਼ਾਸ ਕਰ ਕੇ ਨੌਜਵਾਨਾਂ ਵਿਚ ਰੁਜ਼ਗਾਰ ਯੋਗਤਾ ਵਧਾਈ ਜਾਣੀ ਚਾਹੀਦੀ ਹੈ ਕਿਉਂਕਿ ਹੁਨਰ ਸਿਖਲਾਈ ਦੀ ਮੰਗ ਅਤੇ ਪੂਰਤੀ ਵਿੱਚ ਕਾਫ਼ੀ ਅਸੰਤੁਲਨ ਹੈ। ਸਧਾਰਨ ਪਰਿਵਾਰਾਂ ਨਾਲ ਸਬੰਧਿਤ ਵਿਦਿਆਰਥੀਆਂ ਲਈ ਸਰਕਾਰੀ ਕੋਚਿੰਗ ਸੈਂਟਰ ਸਥਾਪਿਤ ਕਰਨੇ ਚਾਹੀਦੇ ਹਨ। ਕੱਚੇ ਕਾਮਿਆਂ ਲਈ ਸਰਕਾਰ ਨੂੰ ਡੀ ਸੀ ਰੇਟ ਵਿੱਚ ਤੁਰੰਤ ਵਾਧਾ ਕਰਨਾ ਚਾਹੀਦਾ ਹੈ ਅਤੇ ਨਿੱਜੀ ਉਦਯੋਗਾਂ ਦੇ ਮਜ਼ਦੂਰਾਂ ਦੀ ਆਰਥਿਕ ਸੁਰੱਖਿਆ ਲਈ ਵਿਸ਼ੇਸ਼ ਕਾਨੂੰਨ ਬਣਾਉਣੇ ਚਾਹੀਦੇ ਹਨ। ਅਪਰਾਧਾਂ, ਗੈਂਗਸਟਰਾਂ, ਨਸ਼ਿਆਂ ਨੂੰ ਸਖ਼ਤੀ ਨਾਲ ਕੰਟਰੋਲ ਕਰਨ ਦੀ ਲੋੜ ਹੈ।

# ਸਬਜ਼ੀ, ਫਲ਼, ਮੀਟ, ਦੇਸੀ ਘਿਓ, ਹਥਿਆਰ, ਨਸ਼ੇ ਆਦਿ ਹੁਣ ਤੁਸੀ ਕੈਨੇਡਾ ਨਹੀਂ ਲਿਜਾ ਸਕੋਗੇ

## ਕੈਨੇਡਾ ਗਏ ਇੱਕ ਗੁਜਰਾਤੀ ਪਰਿਵਾਰ ਨੂੰ ਹਵਾਈ ਅੱਡੇ ਅੰਦਰ ਜੁਰਮਾਨਾ ਹੋਇਆ



ਟੋਰਾਂਟੋ/ਏ.ਟੀ.ਨਿਊਜ਼ : ਸੰਸਾਰ ਭਰ ਵਿੱਚ ਅੰਤਰਰਾਸ਼ਟਰੀ ਹਵਾਈ ਅੱਡਿਆਂ ਅੰਦਰ ਤਾਇਨਾਤ ਕਸਟਮਜ਼ ਦੇ ਅਧਿਕਾਰੀਆਂ ਤੋਂ ਅੱਖ ਬਚਾਅ ਕੇ ਸਾਮਾਨ ਕੱਢਣ ਅਤੇ ਟੈਕਸ ਦੀ ਬੱਚਤ ਕਰਨ ਦਾ ਸਿਲਸਿਲਾ ਆਮ ਅਤੇ ਤਕਰੀਬਨ ਸਾਰਾ ਸਾਲ ਚੱਲਦਾ ਰਹਿੰਦਾ ਹੈ। ਅਜਿਹੀ ਕੋਸ਼ਿਸ਼ ਵਿੱਚ ਦਿੱਲੀ ਤੋਂ ਦੁਬਈ ਦੇ ਰਸਤੇ ਟੋਰਾਂਟੋ ਜਾਣ ਵਾਲੀ ਉਡਾਨ ਵਿੱਚ ਸਵਾਰ ਹੋ ਕੇ ਕੈਨੇਡਾ ਗਏ ਇੱਕ ਭਾਰਤੀ ਪਰਿਵਾਰ ਨੂੰ ਬੀਤੇ ਦਿਨ ਹਵਾਈ ਅੱਡੇ ਅੰਦਰ ਜੁਰਮਾਨਾ ਕੀਤੇ ਜਾਣ ਦੀ ਖ਼ਬਰ ਵੀ ਆਈ ਸੀ।

ਇਹ ਬਜੁਰਗ ਜੋੜਾ ਗੁਜਰਾਤ ਤੋਂ ਆਪਣੇ ਕੈਨੇਡਾ ਵਾਸੀ ਪਰਿਵਾਰ ਕੋਲ਼ ਗਏ ਸਨ ਪਰ ਹਵਾਈ ਅੱਡੇ ਅੰਦਰ ਕਸਟਮਜ਼ ਦੀ ਜਾਂਚ ਦੌਰਾਨ ਸ਼ੱਕ ਪੈਣ 'ਤੇ ਉਨ੍ਹਾਂ ਦੇ ਸਾਮਾਨ ਦੀ ਤਲਾਸ਼ੀ ਕੀਤੀ ਗਈ। ਇਹ ਵੀ ਕਿ ਜਾਂਚ ਸ਼ੁਰੂ ਹੋਣ ਤੋਂ ਪਹਿਲਾਂ ਮੌਕਾ ਤਾੜ ਕੇ ਉਨ੍ਹਾਂ ਨੇ ਅਟੈਚੀਆਂ ਵਿਚੋਂ ਗਹਿਣੇ ਕੱਢ ਕੇ ਪਹਿਨਣੇ ਸ਼ੁਰੂ ਕਰ ਦਿੱਤੇ ਜਿਸ ਕਰਕੇ ਅਫਸਰਾਂ ਦਾ ਸ਼ੱਕ ਹੋਰ ਪੱਕਾ ਹੋ ਗਿਆ। ਤਲਾਸ਼ੀ ਦੌਰਾਨ ਉਨ੍ਹਾਂ ਤੋਂ ਪੀਲੇ ਤੇ ਚਿੱਟੇ ਸ਼ੁੱਧ ਸੋਨੇ ਦੀਆਂ ਮੁੰਦਰੀਆਂ ਤੇ ਚੇਨੀਆਂ ਮਿਲੀਆਂ ਜਿਨ੍ਹਾਂ ਵਿੱਚ ਚਿੱਟੇ ਸੋਨੇ (ਪਲੈਟੀਨਮ) ਦੇ ਗਹਿਣੇ ਵੀ ਸ਼ਾਮਿਲ ਸਨ ।

ਕੁੱਲ ਮਿਲਾ ਕੇ ਉਨ੍ਹਾਂ ਨੂੰ ਕਸਟਮਜ਼ ਦੇ ਲਗਭਗ 300 ਡਾਲਰ ਜੁਰਮਾਨਾ ਭਰਨ ਲਈ ਕਿਹਾ ਗਿਆ। ਸਰਕਾਰੀ ਅਧਿਕਾਰੀਆਂ ਦਾ ਦੱਸਣਾ ਹੈ ਕਿ ਵਿਦੇਸ਼ਾਂ ਤੋਂ ਕੈਨੇਡਾ ਵਿੱਚ ਸਬਜੀਆਂ, ਫਲ਼, ਮੀਟ, ਦੇਸੀ ਘਿਓ, ਹਥਿਆਰ, ਨਸ਼ੇ ਆਦਿਕ ਲਿਜਾਣਾ ਸਖਤ ਮਨ੍ਹਾਂ ਹੈ।

ਫੜੇ ਜਾਣ 'ਤੇ ਇਹ ਸਭ ਕੁਝ ਹਵਾਈ ਅੱਡੇ ਦੇ ਅੰਦਰ ਹੀ ਕੂੜੇ ਦੇ ਡੱਬੇ ਵਿੱਚ ਸੁਟਵਾਇਆ ਜਾਂਦਾ ਹੈ ਅਤੇ ਨਸ਼ੇ ਤੇ ਹਥਿਆਰਾਂ ਦੇ ਧਾਰਕਾਂ ਵਿਰੁੱਧ ਕੇਸ ਦਰਜ ਕਰਕੇ ਗ੍ਰਿਫ਼ਤਾਰੀ ਅਮਲ ਵਿੱਚ ਲਿਆਂਦੀ ਜਾਂਦੀ ਹੈ । ਚੇਤੇ ਰਹੇ ਕਿ ਕੈਨੇਡਾ ਵਿੱਚ ਸੋਨਾ ਅਤੇ ਨਕਦੀ ਲੈ ਕੇ ਜਾਣ ਦੀ ਮਨਾਹੀ ਨਹੀਂ ਹੈ ਪਰ 10000 ਡਾਲਰਾਂ ਤੋਂ ਵੱਧ ਦੀ ਰਕਮ ਅਤੇ 60 ਡਾਲਰਾਂ ਤੋਂ ਮਹਿੰਗੇ (ਤੋਹਫ਼ੇ) ਬਾਰੇ ਕਸਟਮਜ਼ ਅਧਿਕਾਰੀਆਂ ਨੂੰ ਦੱਸਣਾ ਜਰੂਰੀ ਹੈ।

# ਬਾਇਡਨ ਦੇ ਪ੍ਰਚਾਰ ਖਾਤੇ ਦਾ ਨਾਂ ਬਦਲ ਕੇ 'ਕਮਲਾ ਐੱਚਕਿਊ' ਰੱਖਿਆ



ਵਾਸ਼ਿੰਗਟਨ/ਏ.ਟੀ.ਨਿਊਜ਼ : ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਦੇ ਚੋਣ ਮੈਦਾਨ ਵਿੱਚੋਂ ਹਟਣ ਅਤੇ ਡੈਮੋਕ੍ਰੈਟਿਕ ਪਾਰਟੀ ਵੱਲੋਂ ਰਾਸ਼ਟਰਪਤੀ ਅਹੁਦੇ ਦੀ ਉਮੀਦਵਾਰੀ ਲਈ ਉਪ ਰਾਸ਼ਟਰਪਤੀ ਕਮਲਾ ਹੈਰਿਸ ਦੇ ਨਾਮ ਦਾ ਸਮਰਥਨ ਕਰਨ ਤੋਂ ਬਾਅਦ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' ਉੱਤੇ ਬਾਇਡਨ ਦੀ ਪ੍ਰਚਾਰ ਮੁਹਿੰਮ ਟੀਮ ਦੇ ਅਕਾਊਂਟ ਦਾ ਨਾਮ ਬਦਲ ਕੇ 'ਕਮਲਾ ਐੱਚਕਿਊ' (ਕਮਲਾ ਹੈੱਡਕੁਆਰਟਰ) ਕਰ ਦਿੱਤਾ ਗਿਆ ਹੈ। ਬਾਇਡਨ ਦੇ ਐਲਾਨ ਤੋਂ ਤੁਰੰਤ ਬਾਅਦ ਐਕਸ 'ਤੇ 'ਬਾਇਡਨ ਐੱਚਕਿਊ' ਅਕਾਊਂਟ ਦਾ ਨਾਮ ਬਦਲ ਕੇ 'ਕਮਲਾ ਐੱਚਕਿਊ' ਕਰ ਦਿੱਤਾ ਗਿਆ।

# ਸਾਹਨੀ ਵੱਲੋਂ ਚੰਡੀਗੜ੍ਹ ਤੇ ਅੰਮ੍ਰਿਤਸਰ ਤੋਂ ਹੋਰ ਕੌਮਾਂਤਰੀ ਉਡਾਣਾਂ ਦੀ ਮੰਗ



ਨਵੀਂ ਦਿੱਲੀ/ਏ.ਟੀ.ਨਿਊਜ਼ : ਸੰਸਦ ਮੈਂਬਰ ਡਾ. ਵਿਕਰਮਜੀਤ ਸਾਹਨੀ ਨੇ ਅੰਮ੍ਰਿਤਸਰ ਅਤੇ ਚੰਡੀਗੜ੍ਹ ਹਵਾਈ ਅੱਡਿਆਂ ਤੋਂ ਬਰਤਾਨੀਆ (ਯੂ.ਕੇ.) ਅਤੇ ਕੈਨੇਡਾ ਲਈ ਹੋਰ ਸਿੱਧੀਆਂ ਉਡਾਣਾਂ ਦਾ ਮੁੱਦਾ ਸੰਸਦ ਵਿੱਚ ਚੁੱਕਿਆ। ਉਨ੍ਹਾਂ ਦੱਸਿਆ ਕਿ ਲੱਖਾਂ ਪੰਜਾਬੀ ਯੂ.ਕੇ. ਅਤੇ ਕੈਨੇਡਾ ਤੋਂ ਪੰਜਾਬ ਆਉਂਦੇ-ਜਾਂਦੇ ਹਨ।

ਸ੍ਰੀ ਸਾਹਨੀ ਦੇ ਸਵਾਲ ਦੇ ਜਵਾਬ 'ਚ ਸ਼ਹਿਰੀ ਹਵਾਬਾਜ਼ੀ ਰਾਜ ਮੰਤਰੀ ਮੁਰਲੀਧਰ ਮੋਹੋਲ ਨੇ ਜਵਾਬ ਦਿੱਤਾ ਕਿ ਵਿਦੇਸ਼ੀ ਹਵਾਈ ਕੰਪਨੀਆਂ ਨੂੰ ਕਾਲ ਪੁਆਇੰਟ ਦੇਣਾ ਭਾਰਤੀ ਹਵਾਬਾਜ਼ੀ ਖੇਤਰ ਨੂੰ ਹੋਣ ਵਾਲੇ ਲਾਭ, ਪਰਵਾਸੀ ਭਾਰਤੀਆਂ ਦੀ ਮੌਜੂਦਗੀ ਅਤੇ ਭਾਰਤੀ ਕੰਪਨੀਆਂ ਦੀਆਂ ਭਵਿੱਖ ਦੀਆਂ ਯੋਜਨਾਵਾਂ 'ਤੇ ਨਿਰਭਰ ਕਰਦਾ ਹੈ। ਮੰਤਰੀ ਮੁਤਾਬਕ ਭਾਰਤ ਦੀਆਂ ਵੱਖ-ਵੱਖ ਏਅਰਲਾਈਨਾਂ ਦੁਵੱਲੇ ਹਵਾਈ ਸੇਵਾ ਸਮਝੌਤੇ (ਏਐੱਸਏ) ਦੇ ਦਾਇਰੇ ਵਿੱਚ ਸੇਵਾਵਾਂ ਦੇਣ ਅਤੇ ਸੰਚਾਲਨ ਕਰਨ ਲਈ ਮੰਜ਼ਿਲਾਂ ਦੀ ਚੋਣ ਕਰਨ ਲਈ ਸੁਤੰਤਰ ਹਨ। ਡਾ. ਸਾਹਨੀ ਨੇ ਕਿਹਾ ਕਿ ਸਰਕਾਰ ਨੂੰ ਏਅਰ ਇੰਡੀਆ ਵਰਗੀਆਂ ਕੰਪਨੀਆਂ ਨੂੰ ਪੰਜਾਬ ਤੋਂ ਬਰਤਾਨੀਆ ਅਤੇ ਕੈਨੇਡਾ ਲਈ ਹੋਰ ਸਿੱਧੀਆਂ ਉਡਾਣਾਂ ਸ਼ੁਰੂ ਕਰਨ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ ਅਤੇ ਕਿਸੇ ਵੀ ਵਿਦੇਸ਼ੀ ਕੰਪਨੀ ਨੂੰ ਅੰਮ੍ਰਿਤਸਰ ਅਤੇ ਚੰਡੀਗੜ੍ਹ ਹਵਾਈ ਅੱਡਿਆਂ ਦੀ ਵਰਤੋਂ ਕਰਨ ਲਈ ਨਵੇਂ ਪੁਆਇੰਟਾਂ 'ਤੇ ਵੀ ਵਿਚਾਰ ਕਰਨਾ ਚਾਹੀਦਾ ਹੈ।

# ਇਤਿਹਾਸ ਦੀ ਸਭ ਤੋਂ ਵੱਡੀ 'ਡਿਜੀਟਲ ਮਹਾਂਮਾਰੀ'

## ਜਦੋਂ ਪੂਰੀ ਦੁਨੀਆਂ 'ਚ ਕੰਪਿਊਟਰ ਤੇ ਲੈਪਟਾਪ ਹੋ ਗਏ ਸਨ ਬੰਦ

## ਏਅਰਲਾਈਨਾਂ, ਮੀਡੀਆ ਹਾਊਸਾਂ ਅਤੇ ਬੈਂਕਾਂ ਦਾ ਕੰਮ ਹੋ ਗਿਆ ਠੱਪ




ਪਿਛਲੇ ਦਿਨੀਂ ਦੁਨੀਆਂ ਨੂੰ ਇਤਿਹਾਸ ਦੇ ਸਭ ਤੋਂ ਵੱਡੇ ਆਈ.ਟੀ. ਸੰਕਟ ਦਾ ਸਾਹਮਣਾ ਕਰਨਾ ਪਿਆ, ਜਿਸ ਨੇ ਪੂਰੀ ਦੁਨੀਆਂ ਨੂੰ ਹੀ ਇੱਕ ਵਾਰ ਤਾਂ ਹਿਲਾ ਕੇ ਰੱਖ ਦਿੱਤਾ ਸੀ। ਉਸ ਸਮੇਂ ਦੁਨੀਆਂ ਭਰ ਦੇ ਸਾਰੇ ਕੰਪਿਊਟਰ ਅਤੇ ਲੈਪਟਾਪ ਅਚਾਨਕ ਬੰਦ ਹੋ ਗਏ ਸਨ। ਇਸ ਕਾਰਨ ਕਈ ਏਅਰਲਾਈਨਾਂ, ਮੀਡੀਆ ਹਾਊਸਾਂ ਅਤੇ ਬੈਂਕਾਂ ਦਾ ਕੰਮ ਠੱਪ ਹੋ ਗਿਆ ਸੀ। ਦੱਸਿਆ ਗਿਆ ਸੀ ਕਿ ਕੰਪਿਊਟਰ ਆਪਰੇਟਿੰਗ ਸਿਸਟਮ ਵਿੰਡੋਜ਼ ਤਕਨੀਕੀ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਸਨ। ਮਾਈਕ੍ਰੋਸਾਫਟ ਯੂਜ਼ਰਸ ਨੂੰ ਕੰਮ ਕਰਨ 'ਚ ਦਿੱਕਤ ਆ ਰਹੀ ਸੀ।

ਇਸ ਡਿਜੀਟਲ ਮਹਾਂਮਾਰੀ ਨੇ ਦੁਨੀਆਂ ਭਰ ਦੇ ਵੱਡੇ ਉਦਯੋਗਾਂ, ਏਅਰਲਾਈਨਜ਼, ਵਪਾਰਕ ਅਦਾਰਿਆਂ ਦਾ ਇਹ ਭਰਮ ਤੋੜ ਦਿੱਤਾ ਕਿ ਮਾਈਕਰੋਸੌਫਟ ਵਿੱਚ ਕੋਈ ਗੜਬੜੀ ਨਹੀਂ ਆ ਸਕਦੀ। ਉਸ ਸਮੇਂ ਕੁੱਝ ਘੰਟੇ ਪੂਰੀ ਦੁਨੀਆਂ ਇੱਕ ਤਰ੍ਹਾਂ ਰੁਕ ਹੀ ਗਈ ਸੀ ਤੇ ਕੰਪਿਊਟਰ ਨਾਲ ਸਬੰਧਿਤ ਸਾਰੇ ਕੰਮ ਧੰਦੇ ਠੱਪ ਹੋ ਗਏ ਸਨ। ਅਸਲ ਵਿੱਚ ਅਮਰੀਕੀ ਐਂਟੀ-ਵਾਇਰਸ ਕੰਪਨੀ ਕਰਾਊਡਸਟਰਾਈਕ ਦੇ ਇੱਕ ਸਾਫਟਵੇਅਰ ਅਪਡੇਟ ਨੇ ਮਾਈਕ੍ਰੋਸਾਫਟ ਨੂੰ ਪ੍ਰਭਾਵਿਤ ਕੀਤਾ ਸੀ। ਇਸ ਕਾਰਨ 19 ਜੁਲਾਈ ਨੂੰ ਸਵੇਰੇ 5 ਵਜੇ ਤੋਂ ਰਾਤ 8 ਵਜੇ ਤੱਕ ਮਾਈਕ੍ਰੋਸਾਫਟ ਦੇ ਆਪਰੇਟਿੰਗ ਸਿਸਟਮ 'ਤੇ ਚੱਲਣ ਵਾਲੇ ਦੁਨੀਆਂ ਭਰ ਦੇ 95 ਫੀਸਦੀ ਕੰਪਿਊਟਰ ਲਗਭਗ 15 ਘੰਟਿਆਂ ਲਈ ਠੱਪ ਹੋ ਗਏ। ਹਾਲਾਂਕਿ, ਐਪਲ ਅਤੇ ਲੀਨਕਸ ਖਪਤਕਾਰ ਇਸ ਤੋਂ ਪ੍ਰਭਾਵਿਤ ਨਹੀਂ ਹੋਏ।

ਪ੍ਰਾਪਤ ਜਾਣਕਾਰੀ ਅਨੁਸਾਰ ਇਸ ਕਾਰਨ ਪੂਰੀ ਦੁਨੀਆ ਵਿੱਚ ਹਵਾਈ ਅੱਡੇ, ਉਡਾਣਾਂ, ਰੇਲ ਗੱਡੀਆਂ, ਹਸਪਤਾਲ, ਬੈਂਕ, ਰੈਸਟੋਰੈਂਟ, ਡਿਜੀਟਲ ਭੁਗਤਾਨ, ਸਟਾਕ ਐਕਸਚੇਂਜ, ਟੀ.ਵੀ. ਚੈਨਲ ਅਤੇ ਸੁਪਰਮਾਰਕੀਟ ਵਰਗੀਆਂ ਜ਼ਰੂਰੀ ਸੇਵਾਵਾਂ ਠੱਪ ਹੋ ਗਈਆਂ। ਸਭ ਤੋਂ ਵੱਧ ਅਸਰ ਹਵਾਈ ਅੱਡੇ 'ਤੇ ਦੇਖਣ ਨੂੰ ਮਿਲਿਆ। 3% ਯਾਨੀ ਦੁਨੀਆਂ ਭਰ ਵਿੱਚ ਲਗਭਗ 4,295 ਉਡਾਣਾਂ ਨੂੰ ਰੱਦ ਕਰਨਾ ਪਿਆ। ਇਕੱਲੇ ਅਮਰੀਕਾ ਵਿੱਚ ਹੀ 1100 ਉਡਾਣਾਂ ਰੱਦ ਹੋਈਆਂ ਅਤੇ 1700 ਲੇਟ ਹੋਈਆਂ। ਇਸ ਦਾ ਅਸਰ ਭਾਰਤੀ ਸਮੇਂ ਅਨੁਸਾਰ ਸਵੇਰੇ 10:40 ਵਜੇ ਦਿਖਾਈ ਦੇਣ ਲੱਗਿਆ। ਮੁੰਬਈ, ਦਿੱਲੀ, ਚੇਨਈ, ਬੈਂਗਲੁਰੂ ਸਮੇਤ ਦੇਸ਼ ਦੇ ਪ੍ਰਮੁੱਖ ਹਵਾਈ ਅੱਡਿਆਂ 'ਤੇ ਭਾਰੀ ਭੀੜ ਦੇਖਣ ਨੂੰ ਮਿਲੀ। ਆਨਲਾਈਨ ਸੇਵਾਵਾਂ ਠੱਪ ਹੋਣ ਕਾਰਨ ਕਈ ਹਵਾਈ ਅੱਡਿਆਂ 'ਤੇ ਹੱਥੀਂ ਫਲਾਈਟ ਬੋਰਡਿੰਗ ਪਾਸ ਦਿੱਤੇ ਗਏ। ਹਾਲਾਂਕਿ ਸ਼ਾਮ ਤੱਕ ਕਈ ਸੇਵਾਵਾਂ ਆਮ ਵਾਂਗ ਹੋਣੀਆਂ ਸ਼ੁਰੂ ਹੋ ਗਈਆਂ।

### ਅਰਬਾਂ ਰੁਪਏ ਦਾ ਨੁਕਸਾਨ :

ਮਾਈਕ੍ਰੋਸਾਫਟ ਦੇ ਸਰਵਰ 'ਚ ਆਈ ਗੜਬੜੀ ਕਾਰਨ ਪੂਰੀ ਦੁਨੀਆ 'ਚ ਅਰਬਾਂ ਰੁਪਏ ਦਾ ਨੁਕਸਾਨ ਹੋਇਆ ਹੈ। ਕੁੱਝ ਮੀਡੀਆ ਰਿਪੋਰਟਾਂ ਮੁਤਾਬਕ ਇਕੱਲੇ ਮਾਈਕ੍ਰੋਸਾਫਟ ਨੂੰ ਹੀ ਲਗਭਗ 50 ਅਰਬ ਰੁਪਏ ਦਾ ਨੁਕਸਾਨ ਹੋ ਗਿਆ ਹੈ। ਉੱਥੇ ਹੀ, ਕੁੱਝ ਮੀਡੀਆ ਰਿਪੋਰਟਾਂ ਮੁਤਾਬਕ ਇਹ ਨੁਕਸਾਨ ਖਰਬਾਂ ਰੁਪਏ ਦਾ ਹੈ।

ਇਕ ਮੀਡੀਆ ਰਿਪੋਰਟ ਮੁਤਾਬਕ ਮਾਈਕ੍ਰੋਸਾਫਟ ਨੂੰ ਸਰਵਰ 'ਚ ਗੜਬੜੀ ਤੋਂ ਬਾਅਦ ਕੁਝ ਹੀ ਘੰਟਿਆਂ 'ਚ 18 ਬਿਲੀਅਨ ਡਾਲਰ (ਲਗਭਗ 15 ਖਰਬ ਰੁਪਏ) ਦਾ ਨੁਕਸਾਨ ਝੱਲਣਾ ਪਿਆ। ਹਾਲਾਂਕਿ ਸਟੀਕ ਅੰਕੜਾ ਅਜੇ ਤੱਕ ਸਾਹਮਣੇ ਨਹੀਂ ਆਇਆ ਹੈ।

### ਕੀ ਹੁੰਦੀ ਹੈ ਬਲੂ ਸਕ੍ਰੀਨ ਆਫ਼ ਡੈੱਥ ?

ਜਦੋਂ ਕਿਸੇ ਡਿਵਾਈਸ 'ਚ ਕੋਈ ਹਾਰਡਵੇਅਰ ਜਾਂ ਸੌਫਟਵੇਅਰ ਸਮੱਸਿਆ ਆਉਂਦੀ ਹੈ ਜਾਂ ਜਦੋਂ ਡਿਵਾਈਸ ਨੂੰ ਕਿਸੇ ਕਾਰਨ ਕਰ ਕੇ ਜ਼ਬਰਦਸਤੀ ਬੰਦ ਤੇ ਰੀਸਟਾਰਟ ਕੀਤਾ ਜਾਂਦਾ ਹੈ ਤਾਂ ਅਕਸਰ ਲੈਪਟਾਪ ਤੇ ਪੀ.ਸੀ. 'ਤੇ ਇੱਕ ਮੈਸੇਜ ਆਉਂਦਾ ਹੈ। ਇਸ ਮੈਸੇਜ 'ਤੇ ਲਿਖਿਆ ਹੁੰਦਾ ਹੈ ਕਿ ਡਿਵਾਈਸ ਨੂੰ ਨੁਕਸਾਨ ਤੋਂ ਬਚਾਉਣ ਲਈ ਵਿੰਡੋਜ਼ ਨੂੰ ਬੰਦ ਕਰ ਦਿੱਤਾ ਗਿਆ ਹੈ। ਬਲੂ ਸਕਰੀਨ ਆਫ਼ ਡੈਥ ਦੀ ਸਮੱਸਿਆ ਕੰਪਿਊਟਰ 'ਚ ਇੰਸਟਾਲ ਹਾਰਡ ਡਰਾਈਵ, ਗ੍ਰਾਫਿਕਸ ਕਾਰਡ ਜਾਂ ਪਾਵਰ ਸਪਲਾਈ ਯੂਨਿਟ ਕਾਰਨ ਵੀ ਹੋ ਸਕਦੀ ਹੈ।

ਇਸ ਆਊਟੇਜ ਤੋਂ ਬਾਅਦ, ਮਾਈਕ੍ਰੋਸਾਫਟ ਨੇ ਤੁਰੰਤ ਕਿਹਾ ਕਿ ਇਹ ਇੱਕ 'ਤੀਜੀ ਧਿਰ ਦਾ ਮੁੱਦਾ' ਹੈ। ਦੂਜੇ ਸ਼ਬਦਾਂ ਵਿੱਚ - ਇਹ ਉਸ ਦੀ ਗਲਤੀ ਨਹੀਂ ਸੀ। ਮਾਈਕ੍ਰੋਸਾਫਟ ਕੋਲ ਸਮੱਸਿਆ ਤੋਂ ਛੁਟਕਾਰਾ ਪਾਉਣ ਲਈ ਕੋਈ 'ਪਲਾਨ ਬੀ' ਨਹੀਂ ਸੀ। ਉਹ ਸਾਈਬਰ ਸੁਰੱਖਿਆ ਫਰਮ ਦੇ ਖੁਦ ਇਸ ਨੂੰ ਹਟਾਉਣ ਦੀ ਉਡੀਕ ਕਰਦੀ ਰਹੀ। ਇਹ ਇੱਕ ਖਤਰਨਾਕ ਸਥਿਤੀ ਹੈ। ਆਰਥਿਕ ਪ੍ਰਣਾਲੀ ਦੇ ਨਾਜ਼ੁਕ ਹਿੱਸੇ ਮਾਈਕਰੋਸਾਫਟ ਓਪਰੇਟਿੰਗ ਸਿਸਟਮਾਂ 'ਤੇ ਬਹੁਤ ਜ਼ਿਆਦਾ ਨਿਰਭਰ ਹਨ। ਅਜਿਹਾ ਨਹੀਂ ਹੈ ਕਿ ਕੋਈ ਬਦਲ ਨਹੀਂ ਹੈ। ਕਈ ਕੰਪਨੀਆਂ 'ਲੀਨਕਸ' ਅਤੇ 'ਮੇਕ' ਦੀ ਵਰਤੋਂ ਕਰਦੀਆਂ ਹਨ ਪਰ ਏਅਰਲਾਈਨਜ਼ ਅਤੇ ਹੋਰ ਉਦਯੋਗ ਇਹ ਮੰਨ ਰਹੇ ਸਨ ਕਿ ਮਾਈਕਰੋਸੌਫਟ ਵਿੱਚ ਗੜਬੜੀ ਨਹੀਂ ਆ ਸਕਦੀ।

ਮਾਹਿਰ ਕਹਿੰਦੇ ਹਨ ਕਿ ਹੁਣ ਸਮਾਂ ਆ ਗਿਆ ਹੈ ਕਿ ਦੇਸ਼ ਵਿੱਚ ਵਿਕਲਪਕ ਓਪਰੇਟਿੰਗ ਸਿਸਟਮ ਦੇ ਵਿਕਾਸ ਨੂੰ ਗੰਭੀਰਤਾ ਨਾਲ ਲਿਆ ਜਾਵੇ। ਸੌਫਟਵੇਅਰ ਵਿਕਾਸ ਅਤੇ ਯੂ.ਪੀ.ਆਈ. ਵਰਗੇ ਵਿੱਤੀ ਤਕਨਾਲੋਜੀ ਪ੍ਰਣਾਲੀਆਂ ਦੀ ਸਿਰਜਣਾ ਸਾਡੀ ਸਮਰੱਥਾ ਨੂੰ ਦਰਸਾਉਂਦੀ ਹੈ। ਦੁਨੀਆ ਦੇ 95% ਕੰਪਿਊਟਰ ਮਾਈਕ੍ਰੋਸਾਫਟ ਦੇ ਆਪਰੇਟਿੰਗ ਸਿਸਟਮ 'ਤੇ ਚੱਲਦੇ ਹਨ। ਇਹ 'ਏਕਾਧਿਕਾਰ' ਖ਼ਤਰਨਾਕ ਹੈ। ਇਸ ਦਾ ਬਦਲ ਲੱਭਣ ਦੀ ਲੋੜ ਹੈ।

### ਮਾਈਕ੍ਰੋਸਾਫਟ ਵੱਲੋਂ ਜਾਂਚ




## ਕੀ ਹੈ ਕਰਾਊਡਸਟਰਾਈਕ?




ਕਰਾਊਡਸਟਰਾਈਕ ਇੱਕ ਸਾਈਬਰ ਸੁਰੱਖਿਆ ਫਰਮ ਹੈ, ਜੋ ਦੁਨੀਆਂ ਭਰ ਦੀਆਂ ਵੱਡੀਆਂ ਕੰਪਨੀਆਂ ਨਾਲ ਕੰਮ ਕਰਦੀ ਹੈ। ਇਸ ਕੰਪਨੀ ਦਾ ਕੰਮ ਜਾਣਕਾਰੀ ਪ੍ਰਦਾਨ ਕਰਨਾ ਅਤੇ ਆਪਣੇ ਗਾਹਕਾਂ ਨੂੰ ਹੈਕਿੰਗ, ਡੇਟਾ ਬ੍ਰੀਚ, ਸਾਈਬਰ ਹਮਲਿਆਂ ਤੋਂ ਬਚਾਉਣਾ ਹੈ।

ਇਸ ਬਾਰੇ ਜਾਣਕਾਰੀ ਦਿੰਦੇ ਹੋਏ ਸਾਈਬਰਆਰਕ ਦੇ ਸੀ.ਆਈ.ਓ. ਓਮੇਰ ਗ੍ਰਾਸਮੈਨ ਨੇ ਦੱਸਿਆ ਕਿ ਇਹ ਸਮੱਸਿਆ ਕਰਾਊਡਸਟਰਾਈਕ ਦੇ ਈ.ਡੀ.ਆਰ. ਉਤਪਾਦ ਵਿੱਚ ਇੱਕ ਸਾਫਟਵੇਅਰ ਅਪਡੇਟ ਦੇ ਕਾਰਨ ਆਈ। ਇਹ ਉਤਪਾਦ ਉੱਚ ਅਧਿਕਾਰਾਂ 'ਤੇ ਚੱਲਦਾ ਹੈ, ਜੋ ਅੰਤਮ ਬਿੰਦੂਆਂ ਦੀ ਰੱਖਿਆ ਕਰਦਾ ਹੈ।

ਮਾਈਕ੍ਰੋਸਾਫਟ ਨੇ ਕਿਹਾ ਕਿ ਉਹ ਇਸ ਮੁੱਦੇ ਦੀ ਜਾਂਚ ਕਰ ਰਹੇ ਹਨ ਜਿਸ ਕਾਰਨ ਖਪਤਕਾਰਾਂ ਨੂੰ ਵੱਖ-ਵੱਖ ਐਪਸ ਅਤੇ ਸੇਵਾਵਾਂ ਤੱਕ ਪਹੁੰਚ ਕਰਨ ਵਿੱਚ ਮੁਸ਼ਕਿਲ ਆਈ। ਸਾਈਬਰ ਸੁਰੱਖਿਆ ਕੰਪਨੀ ਨੇ ਇੱਕ ਅਪਡੇਟ ਜਾਰੀ ਕੀਤੀ ਸੀ ਜਿਸ ਤੋਂ ਬਾਅਦ ਮਾਈਕ੍ਰੋਸਾਫਟ 'ਤੇ ਚੱਲ ਰਹੇ ਸਾਰੇ ਕੰਪਿਊਟਰ ਅਤੇ ਲੈਪਟਾਪ ਅਚਾਨਕ ਕਰੈਸ਼ ਹੋ ਸਨ। ਮਾਈਕ੍ਰੋਸਾਫਟ ਵਿੰਡੋਜ਼ 'ਚ ਸਮੱਸਿਆ ਕਾਰਨ ਹੋਰ ਸੇਵਾਵਾਂ ਵੀ ਪ੍ਰਭਾਵਿਤ ਹੋਈਆਂ ਸਨ।

### ਸ਼ਟ ਡਾਊਨ ਦਾ ਕੀ ਮਤਲਬ ਹੈ ?

ਕਰਾਊਡਸਟਰਾਈਕ ਦੇ ਅਪਡੇਟ ਕਾਰਨ ਆਈ ਸਮੱਸਿਆ ਕਾਰਨ ਲੋਕਾਂ ਦੇ ਸਿਸਟਮ 'ਤੇ ਨੀਲੀ ਸਕਰੀਨ ਦਿਖਾਈ ਦੇ ਰਹੀ ਸੀ। ਇਸ ਦੇ ਨਾਲ ਹੀ ਕੁਝ ਲੋਕਾਂ ਦੇ ਸਿਸਟਮ ਆਪਣੇ ਆਪ ਬੰਦ ਹੋ ਗਏ ਸਨ।

### ਕੀ ਕਹਿੰਦੇ ਹਨ ਕੰਪਨੀ ਦੇ ਸੀ.ਈ.ਓ.

ਇਸ ਮਾਮਲੇ 'ਚ ਕਰਾਊਡਸਟਰਾਈਕ ਦੇ ਸੀ.ਈ.ਓ. ਜਾਰਜ ਕਰਟਜ਼ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਜਾਣਕਾਰੀ ਦਿੱਤੀ ਹੈ। ਉਨ੍ਹਾਂ ਕਿਹਾ ਕਿ ਉਹ ਆਪਣੇ ਗਾਹਕਾਂ ਨਾਲ ਮਿਲ ਕੇ ਇਸ ਸਮੱਸਿਆ ਨੂੰ ਦੂਰ ਕਰਨ ਦਾ ਯਤਨ ਕਰ ਰਹੇ ਸਨ। ਇਹ ਸਮੱਸਿਆ ਸਿਰਫ਼ ਵਿੰਡੋਜ਼ 'ਤੇ ਆਈ ਸੀ। ਮੈਕ ਅਤੇ ਲੀਨਕਸ 'ਤੇ ਇਸ ਦਾ ਕੋਈ ਪ੍ਰਭਾਵ ਨਹੀਂ ਸੀ।

ਇਹ ਕੋਈ ਸਾਈਬਰ ਹਮਲਾ ਨਹੀਂ ਹੈ। ਇਸ ਮੁੱਦੇ ਦੀ ਪਛਾਣ ਕੀਤੀ ਗਈ ਹੈ ਅਤੇ ਇੱਕ ਹੱਲ ਜਾਰੀ ਕੀਤਾ ਗਿਆ ਹੈ। ਗਾਹਕ ਇਸ ਮੁੱਦੇ ਨਾਲ ਸਬੰਧਿਤ ਨਵੀਨਤਮ ਅਪਡੇਟਸ ਲਈ ਸਹਾਇਤਾ ਪੰਨੇ ਦੀ ਜਾਂਚ ਕਰ ਸਕਦੇ ਹਨ।

### ਸਮੱਸਿਆ ਦਾ ਕਾਰਨ ਕੀ ਹੈ ?

ਇਸ ਸਵਾਲ 'ਤੇ ਸਾਈਬਰ ਆਰਕ ਦੇ ਸੀ.ਆਈ.ਓ. ਓਮੇਰ ਗ੍ਰਾਸਮੈਨ ਨੇ ਕਿਹਾ ਕਿ ਇਸ ਗਲਤੀ ਦੇ ਕਈ ਕਾਰਨ ਹੋ ਸਕਦੇ ਹਨ। ਇਹ ਮਨੁੱਖੀ ਗਲਤੀ ਦੇ ਕਾਰਨ ਹੋ ਸਕਦਾ ਹੈ, ਸੰਭਵ ਤੌਰ 'ਤੇ ਡਿਵੈਲਪਰ ਦੁਆਰਾ ਲੋੜੀਂਦੇ ਗੁਣਵੱਤਾ ਨਿਯੰਤਰਣ ਦੇ ਬਿਨਾਂ ਇੱਕ ਅੱਪਡੇਟ ਡਾਊਨਲੋਡ ਕਰਨ ਦੇ ਕਾਰਨ, ਜਾਂ ਇੱਕ ਕੰਪਰੈਸ਼ਨ ਸਾਈਬਰ ਹਮਲੇ ਦੇ ਕਾਰਨ, ਜਾਂ ਅਪਡੇਟ ਦੀ ਸਮੇਂ ਤੋਂ ਪਹਿਲਾਂ ਤਿਆਰੀ ਦੇ ਕਾਰਨ ਹੋ ਸਕਦਾ ਹੈ।

# ਅਮਰੀਕੀ ਸੀਕ੍ਰੇਟ ਸਰਵਿਸ ਦੇ ਮੁਖੀ ਕਿੰਬਰਲੇ ਚੀਟਲ ਨੇ ਦਿੱਤਾ ਅਸਤੀਫ਼ਾ

## ਟਰੰਪ ਦੀ ਸੁਰੱਖਿਆ ਵਿੱਚ ਕਮੀ ਦੀ ਜ਼ਿੰਮੇਵਾਰੀ ਲਈ



ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ 'ਤੇ ਹਮਲੇ ਨੂੰ ਸੀਕ੍ਰੇਟ ਸਰਵਿਸ ਰੋਕ ਨਹੀਂ ਸਕੀ। ਹੁਣ ਸੀਕ੍ਰੇਟ ਸਰਵਿਸ ਡਾਇਰੈਕਟਰ ਕਿੰਬਰਲੇ ਚੀਟਲ ਨੇ ਇਸ ਸਬੰਧੀ ਅਸਤੀਫਾ ਦੇ ਦਿੱਤਾ ਹੈ। ਸਮਾਚਾਰ ਏਜੰਸੀ ਐਸੋਸੀਏਟਿਡ ਪ੍ਰੈਸ ਦੀ ਰਿਪੋਰਟ ਦੇ ਅਨੁਸਾਰ, ਚੀਟਲ ਨੇ ਕਰਮਚਾਰੀਆਂ ਨੂੰ ਭੇਜੀ ਗਈ ਈਮੇਲ ਵਿੱਚ ਦੱਸਿਆ ਕਿ ਉਸਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਯੂ. ਐਸ. ਸੀਕ੍ਰੇਟ ਸਰਵਿਸ ਦੀ ਜ਼ਿੰਮੇਵਾਰੀ ਮੌਜੂਦਾ ਰਾਸ਼ਟਰਪਤੀ ਅਤੇ ਸਾਬਕਾ ਰਾਸ਼ਟਰਪਤੀਆਂ ਦੀ ਸੁਰੱਖਿਆ ਕਰਨਾ ਹੈ। ਪਰ ਡੋਨਾਲਡ ਟਰੰਪ 'ਤੇ ਹਮਲੇ ਨੂੰ ਰੋਕਣ ਵਿੱਚ ਕਾਮਯਾਬ ਨਾ ਹੋਣ ਕਾਰਨ ਸੀਕ੍ਰੇਟ ਸਰਵਿਸ ਦੀ ਆਲੋਚਨਾ ਹੋਈ। ਜਿਸ ਦਿਨ ਟਰੰਪ 'ਤੇ ਹਮਲਾ ਹੋਇਆ ਸੀ, ਉਸੇ ਦਿਨ ਸੋਸ਼ਲ ਮੀਡੀਆ 'ਤੇ ਕਿੰਬਰਲੇ ਦੇ ਅਸਤੀਫੇ ਦੀ ਮੰਗ ਉੱਠੀ ਸੀ।

ਉਨ੍ਹਾਂ ਦਾ ਅਸਤੀਫਾ ਸੰਸਦ 'ਚ ਪੇਸ਼ ਹੋਣ ਤੋਂ ਬਾਅਦ ਆਇਆ। ਹਾਊਸ ਓਵਰਸਾਈਟ ਕਮੇਟੀ ਦੇ ਸਾਹਮਣੇ ਤਣਾਅਪੂਰਨ ਅਤੇ ਵਿਵਾਦਪੂਰਨ ਸੁਣਵਾਈ ਤੋਂ ਇੱਕ ਦਿਨ ਬਾਅਦ ਉਸਨੇ ਆਪਣਾ ਅਹੁਦਾ ਛੱਡ ਦਿੱਤਾ। ਡੈਮੋਕ੍ਰੇਟਿਕ ਪਾਰਟੀ ਅਤੇ ਰਿਪਬਲਿਕਨ ਪਾਰਟੀ ਦੋਵਾਂ ਦੇ ਸੰਸਦ ਮੈਂਬਰ ਸੁਰੱਖਿਆ ਵਿੱਚ ਕਮੀਆਂ ਕਾਰਨ ਉਨ੍ਹਾਂ ਦੇ ਅਸਤੀਫੇ ਦੀ ਮੰਗ ਕਰ ਰਹੇ ਸਨ। ਸੁਣਵਾਈ ਦੌਰਾਨ ਕਿੰਬਰਲੇ ਚੀਟਲ ਨੇ ਕਿਹਾ ਕਿ ਸਾਬਕਾ ਰਾਸ਼ਟਰਪਤੀ ਟਰੰਪ ਦੀ ਹੱਤਿਆ ਦੀ ਕੋਸ਼ਿਸ਼ ਦਹਾਕਿਆਂ 'ਚ ਏਜੰਸੀ ਦੀ ਸਭ ਤੋਂ ਵੱਡੀ ਗਲਤੀ ਸੀ। ਉਸਨੇ ਮੰਨਿਆ ਸੀ ਕਿ ਸਾਬਕਾ ਰਾਸ਼ਟਰਪਤੀ ਟਰੰਪ ਦੀ ਹੱਤਿਆ ਦੀ ਕੋਸ਼ਿਸ਼ 1981 ਵਿੱਚ ਤਤਕਾਲੀ ਰਾਸ਼ਟਰਪਤੀ ਰੋਨਾਲਡ ਰੀਗਨ ਦੀ ਗੋਲੀਬਾਰੀ ਤੋਂ ਬਾਅਦ 'ਸਭ ਤੋਂ ਗੰਭੀਰ' ਸੁਰੱਖਿਆ ਕਮੀ ਸੀ।

ਕਿੰਬਰਲੇ ਚੀਟਲ ਨੇ ਆਪਣੇ ਅਸਤੀਫੇ 'ਚ ਲਿਖਿਆ, 'ਮੈਂ ਸੁਰੱਖਿਆ ਵਿੱਚ ਕਮੀ ਦੀ ਪੂਰੀ ਜ਼ਿੰਮੇਵਾਰੀ ਲੈਂਦੀ ਹਾਂ। ਹਾਲ ਹੀ ਦੀਆਂ ਘਟਨਾਵਾਂ ਦੇ ਮੱਦੇਨਜ਼ਰ, ਇਹ ਭਾਰੀ ਦਿਲ ਨਾਲ ਹੈ ਕਿ ਮੈਂ ਆਪਣੇ ਨਿਰਦੇਸ਼ਕ ਦੇ ਅਹੁਦੇ ਤੋਂ ਅਸਤੀਫਾ ਦੇਣ ਦਾ ਮੁਸ਼ਕਿਲ ਫੈਸਲਾ ਲਿਆ ਹੈ।' ਯਾਦ ਰਹੇ ਕਿ ਇੱਕ ਰੈਲੀ ਦੌਰਾਨ 20 ਸਾਲਾ ਨੌਜਵਾਨ ਨੇ ਡੋਨਾਲਡ ਟਰੰਪ 'ਤੇ ਗੋਲੀਆਂ ਚਲਾ ਦਿੱਤੀਆਂ। ਹਮਲਾਵਰ ਮੌਕੇ 'ਤੇ ਹੀ ਮਾਰਿਆ ਗਿਆ। ਟਰੰਪ ਦੇ ਸੱਜੇ ਕੰਨ ਵਿੱਚ ਗੋਲੀ ਲੱਗੀ ਸੀ।

# ਅਮਰੀਕਾ ਕਮਜ਼ੋਰ ਹੋਇਆ ਹੈ, ਅਸੀਂ ਇਸ ਨੂੰ ਹੋਰ ਡਿੱਗਣ ਨਹੀਂ ਦੇ ਸਕਦੇ :ਟਰੰਪ




ਸੈਕਰਾਮੈਂਟੋ, ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ : ਇੱਕ ਹਫ਼ਤਾ ਪਹਿਲਾਂ ਪੈਨਸਿਲਵਾਨੀਆ ਵਿੱਚ ਜਾਨ ਲੈਣ ਦੀ ਹੋਈ ਅਸਫ਼ਲ ਕੋਸ਼ਿਸ਼ ਉਪਰੰਤ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਨੇ ਗ੍ਰੈਂਡ ਰੈਪਿਡਸ ਵਿੱਚ ਵੈਨ ਅਨਡੇਲ ਅਰੇਨਾ ਵਿਖੇ ਕੀਤੀ ਪਹਿਲੀ ਜਨਤਿਕ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਮਰੀਕਾ ਕਮਜੋਰ ਹੋ ਰਿਹਾ ਹੈ, ਅਸੀਂ ਇਸ ਨੂੰ ਹੋਰ ਡਿੱਗਣ ਨਹੀਂ ਦੇ ਸਕਦੇ ਤੇ ਅਸੀਂ ਲੋਕਾਂ ਨਾਲ ਧੋਖਾ ਹੁੰਦਾ ਨਹੀਂ ਵੇਖ ਸਕਦੇ। ਟਰੰਪ ਨੇ ਆਪਣੇ ਜੋਸ਼ੀਲੇ ਸਮਰਥਕਾਂ ਨੂੰ ਕਿਹਾ ਕਿ ਰਿਪਬਲੀਕਨ ਇਸ ਸਾਲ ਮਿਸ਼ੀਗਨ ਜਿੱਤਣਗੇ ਕਿਉਂਕਿ ਅਸੀਂ ਆਪਣੇ ਆਪ ਨੂੰ ਲੋਕਾਂ ਦੀ ਪਾਰਟੀ ਬਣਾਇਆ ਹੈ।

ਆਪਣੇ ਸੰਬੋਧਨ ਦੌਰਾਨ ਉਨਾਂ ਨੇ ਗਵਰਨਰ ਗਰੇਚਨ ਵਿਟਮਰ ਉੱਪਰ ਸ਼ਬਦੀ ਹਮਲਾ ਕਰਦਿਆਂ ਉਸ ਨੂੰ ਬੇਕਾਰ ਕਰਾਰ ਦਿੱਤਾ ਤੇ ਕਿਹਾ ਕਿ ਉਹ ਅਸਲ ਵਿੱਚ ਉਸ ਵਿਰੁੱਧ ਚੋਣ ਲੜਨਾ ਚਹੁੰਣਗੇ ਕਿਉਂਕਿ ਰਾਸ਼ਟਰਪਤੀ ਜੋ ਬਾਈਡਨ ਦੀ ਆਪਣੀ ਪਾਰਟੀ ਉਨ੍ਹਾਂ 'ਤੇ ਚੋਣ ਮੈਦਾਨ ਵਿਚੋਂ ਹਟਣ ਲਈ ਦਬਾਅ ਪਾ ਰਹੀ ਹੈ ਤੇ ਵਿਟਮਰ ਨੂੰ ਕੁਝ ਲੋਕਾਂ ਵੱਲੋਂ ਉਨ੍ਹਾਂ ਦੀ ਜਗਾ 'ਤੇ ਉਮੀਦਵਾਰ ਬਣਾਉਣ ਦੀ ਗੱਲ ਕੀਤੀ ਜਾ ਰਹੀ ਹੈ। ਟਰੰਪ ਨੇ ਡੈਮੋਕਰੈਟਾਂ ਦਾ ਇਹ ਪ੍ਰਚਾਰ ਰੱਦ ਕਰ ਦਿੱਤਾ ਕਿ ਉਹ ਲੋਕਤੰਤਰ ਲਈ ਖਤਰਾ ਹਨ। (ਬਾਕੀ ਸਫ਼ਾ 31 'ਤੇ)

# ਅਮਰੀਕਾ 'ਚ ਟਰੰਪ ਦੀ ਜਿੱਤ ਤੋਂ ਪਹਿਲਾਂ ਹੀ ਯੂਕ੍ਰੇਨ ਦੇ ਬਦਲੇ ਸੁਰ

## ਜ਼ੇਲੇਂਸਕੀ ਨੇ ਪ੍ਰਗਟਾਈ ਰੂਸ ਨਾਲ ਗੱਲਬਾਤ ਕਰਨ ਦੀ ਇੱਛਾ

ਕੀਵ/ਏ.ਟੀ.ਨਿਊਜ਼ : ਰੂਸ ਅਤੇ ਯੂਕ੍ਰੇਨ ਵਿਚਾਲੇ ਜਾਰੀ ਜੰਗ ਦੌਰਾਨ ਪਹਿਲੀ ਵਾਰ ਯੂਕ੍ਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਨੇ ਹੁਣ ਰੂਸ ਨਾਲ ਗੱਲਬਾਤ ਕਰਨ ਦੀ ਇੱਛਾ ਜ਼ਾਹਰ ਕੀਤੀ ਹੈ। ਉਨ੍ਹਾਂ ਨੇ ਰਾਸ਼ਟਰ ਨੂੰ ਸੰਬੋਧਿਤ ਕਰਦੇ ਹੋਏ ਅਸਾਧਾਰਨ ਤੌਰ 'ਤੇ ਨਰਮ ਲਹਿਜੇ 'ਚ ਇਹ ਇੱਛਾ ਪ੍ਰਗਟਾਈ। ਜ਼ੇਲੇਂਸਕੀ ਨੇ ਸੁਝਾਅ ਦਿੱਤਾ ਕਿ ਰੂਸ ਨੂੰ ਅਗਲੇ ਸ਼ਾਂਤੀ ਸੰਮੇਲਨ ਲਈ ਇੱਕ ਵਫ਼ਦ ਭੇਜਣਾ ਚਾਹੀਦਾ ਹੈ।

ਜ਼ੇਲੇਂਸਕੀ ਨੇ ਕਿਹਾ ਕਿ ਅਗਲਾ ਸ਼ਾਂਤੀ ਸੰਮੇਲਨ ਨਵੰਬਰ ਵਿੱਚ ਹੋ ਸਕਦਾ ਹੈ। ਜ਼ਿਕਰਯੋਗ ਹੈ ਕਿ ਨਵੰਬਰ ਮਹੀਨੇ 'ਚ ਹੀ ਅਮਰੀਕਾ 'ਚ ਰਾਸ਼ਟਰਪਤੀ ਚੋਣਾਂ ਹੋਣ ਜਾ ਰਹੀਆਂ ਹਨ। ਜ਼ੇਲੇਂਸਕੀ ਦੇ ਰਵੱਈਏ ਵਿੱਚ ਇਹ ਤਬਦੀਲੀ ਕਿੰਨੀ ਮਹੱਤਵਪੂਰਨ ਹੈ, ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਜੂਨ ਵਿੱਚ ਸਵਿਟਜ਼ਰਲੈਂਡ ਵਿੱਚ ਹੋਈ ਸ਼ਾਂਤੀ ਸੰਮੇਲਨ ਵਿੱਚ ਰੂਸ ਨੂੰ ਸੱਦਾ ਨਹੀਂ ਦਿੱਤਾ ਗਿਆ ਸੀ, ਜਿਸ ਵਿੱਚ ਭਾਰਤ ਸਮੇਤ ਦੁਨੀਆ ਭਰ ਦੇ 100 ਦੇਸ਼ਾਂ ਨੇ ਹਿੱਸਾ ਲਿਆ ਸੀ। ਸੱਦਾ ਦਿੱਤੇ ਜਾਣ ਤੋਂ ਬਾਅਦ ਵੀ ਚੀਨ ਨੇ ਇਸ ਕਾਨਫਰੰਸ ਵਿੱਚ ਸ਼ਿਰਕਤ ਨਹੀਂ ਕੀਤੀ। ਹੁਣ ਤੱਕ ਜ਼ੇਲੇਂਸਕੀ ਇਹ ਕਹਿੰਦੇ ਰਹੇ ਹਨ ਕਿ ਕੋਈ ਵੀ ਗੱਲਬਾਤ ਰੂਸੀ ਫੌਜ ਦੀ ਯੂਕ੍ਰੇਨ ਤੋਂ ਵਾਪਸੀ ਦੇ ਬਾਅਦ ਹੀ ਹੋ ਸਕਦੀ ਹੈ।

ਪੰਜ ਮਜਬੂਰੀਆਂ- ਇਸ ਲਈ ਬਦਲਿਆ ਜ਼ੇਲੇਂਸਕੀ ਦਾ ਰਵੱਈਆ:

ਜਰਮਨੀ ਨੇ ਯੂਕ੍ਰੇਨ ਨੂੰ ਦਿੱਤੀ ਜਾਣ ਵਾਲੀ ਸਹਾਇਤਾ ਦੀ ਰਕਮ ਕੀਤੀ ਅੱਧੀ:

ਜਰਮਨੀ ਨੇ ਐਲਾਨ ਕੀਤਾ ਹੈ ਕਿ ਉਹ ਆਰਥਿਕ ਮੁਸ਼ਕਲਾਂ ਕਾਰਨ ਯੂਕ੍ਰੇਨ ਦੀ ਮਦਦ ਅੱਧੀ ਕਰੇਗਾ।



ਜਰਮਨੀ ਨੇ ਕਿਹਾ ਕਿ ਨਾਟੋ ਬੈਠਕ ਵਿੱਚ ਲਏ ਗਏ ਫ਼ੈਸਲੇ ਮੁਤਾਬਕ ਯੂਕ੍ਰੇਨ ਰੂਸ ਦੀ ਜ਼ਬਤ ਕੀਤੀ ਗਈ ਜਾਇਦਾਦ ਤੋਂ 60 ਅਰਬ ਡਾਲਰ ਜੁਟਾ ਸਕੇਗਾ। ਜਾਣਕਾਰੀ ਮੁਤਾਬਕ ਯੂਕ੍ਰੇਨ ਲਈ ਇਹ ਆਸਾਨ ਨਹੀਂ ਹੋਵੇਗਾ।

**ਸਵਿਟਜ਼ਰਲੈਂਡ ਵਿੱਚ ਨਿਰਾਸ਼ਾਜਨਕ ਸ਼ਾਂਤੀ ਸੰਮੇਲਨ**

ਕੀਵ ਦੀ ਪਹਿਲਕਦਮੀ 'ਤੇ ਸਵਿਟਜ਼ਰਲੈਂਡ 'ਚ ਹੋਏ ਪਹਿਲੇ ਸ਼ਾਂਤੀ ਸੰਮੇਲਨ 'ਚ ਯੂਕ੍ਰੇਨ ਨੂੰ ਉਮੀਦ ਅਨੁਸਾਰ ਸਮਰਥਨ ਨਹੀਂ ਮਿਲਿਆ। ਇਸ ਵਿੱਚ ਸ਼ਾਮਲ 100 ਦੇਸ਼ਾਂ ਵਿੱਚੋਂ ਸਿਰਫ਼ 80 ਨੇ ਹੀ ਕਾਨਫਰੰਸ ਦੇ ਐਲਾਨਨਾਮੇ 'ਤੇ ਦਸਤਖ਼ਤ ਕੀਤੇ। ਇਸ ਘੋਸ਼ਣਾ ਵਿੱਚ ਇਹ ਵੀ ਨਹੀਂ ਕਿਹਾ ਗਿਆ ਕਿ ਰੂਸ ਨੂੰ ਤੁਰੰਤ ਹਮਲਾ ਬੰਦ ਕਰ ਦੇਣਾ ਚਾਹੀਦਾ ਹੈ। ਭਾਰਤ ਨੇ ਇਸ ਘੋਸ਼ਣਾ ਪੱਤਰ 'ਤੇ ਦਸਤਖ਼ਤ ਨਹੀਂ ਕੀਤੇ।

**ਜ਼ੇਲੇਂਸਕੀ ਨੇ ਖ਼ੁਦ ਦੱਸਿਆ ਯੂ-ਟਰਨ ਦਾ ਕਾਰਨ**

ਜ਼ੇਲੇਂਸਕੀ ਨੇ ਕਿਹਾ ਕਿ ਸਭ ਕੁਝ ਸਾਡੇ 'ਤੇ ਨਿਰਭਰ ਨਹੀਂ ਕਰਦਾ। ਜੰਗ ਦਾ ਅੰਤ ਸਿਰਫ਼ ਸਾਡੇ 'ਤੇ ਨਿਰਭਰ ਨਹੀਂ ਕਰਦਾ। ਇਹ ਨਾ ਸਿਰਫ਼ ਸਾਡੇ ਲੋਕਾਂ ਅਤੇ ਸਾਡੀ ਇੱਛਾ 'ਤੇ ਨਿਰਭਰ ਕਰਦਾ ਹੈ, ਸਗੋਂ ਆਰਥਿਕ ਸਥਿਤੀ, ਹਥਿਆਰਾਂ ਦੀ ਸਪਲਾਈ ਅਤੇ ਯੂਰਪੀਅਨ ਯੂਨੀਅਨ, ਨਾਟੋ ਅਤੇ ਦੁਨੀਆਂ ਦੇ ਹੋਰ ਦੇਸ਼ਾਂ ਤੋਂ ਰਾਜਨੀਤਿਕ ਸਮਰਥਨ 'ਤੇ ਵੀ ਨਿਰਭਰ ਕਰਦਾ ਹੈ।

**ਟਰੰਪ ਦੀ ਵਾਪਸੀ ਦੀਆਂ ਸੰਭਾਵਨਾਵਾਂ**

ਹੰਗਰੀ ਦੇ ਪ੍ਰਧਾਨ ਮੰਤਰੀ ਵਿਕਟਰ ਓਰਬਨ ਨੇ ਹਾਲ ਹੀ ਵਿੱਚ ਕੀਵ ਦੀ ਆਪਣੀ ਫੇਰੀ ਤੋਂ ਬਾਅਦ ਰੂਸ ਦੇ ਰਾਸ਼ਟਰਪਤੀ ਪੁਤਿਨ ਅਤੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨਾਲ ਗੱਲਬਾਤ ਕੀਤੀ। ਅਮਰੀਕਾ 'ਚ ਟਰੰਪ ਨਾਲ ਮੁਲਾਕਾਤ ਤੋਂ ਬਾਅਦ ਓਰਬਨ ਨੇ ਕਿਹਾ ਸੀ ਕਿ ਜੇਕਰ ਡੋਨਾਲਡ ਟਰੰਪ ਜਿੱਤ ਜਾਂਦੇ ਹਨ ਤਾਂ ਯੁੱਧ 'ਚ ਵਿਚੋਲਗੀ ਕਰਨ ਲਈ ਤਿਆਰ ਹਨ।

**ਯੂਕ੍ਰੇਨੀ ਫੌਜ ਨੂੰ ਨਹੀਂ ਮਿਲ ਰਹੀ ਸਫਲਤਾ**

ਯੁੱਧ ਦੇ ਮੋਰਚੇ 'ਤੇ ਯੂਕ੍ਰੇਨ ਦੀਆਂ ਮੁਸ਼ਕਿਲਾਂ ਵਧ ਰਹੀਆਂ ਹਨ। ਯੂਕ੍ਰੇਨ ਦੀ ਫੌਜ ਫਰੰਟ ਲਾਈਨ 'ਤੇ ਅੱਗੇ ਨਹੀਂ ਵਧ ਸਕੀ। ਡਰ ਹੈ ਕਿ ਜੇਕਰ ਟਰੰਪ ਚੋਣਾਂ ਜਿੱਤ ਜਾਂਦੇ ਹਨ ਤਾਂ ਯੂਕ੍ਰੇਨ ਨੂੰ ਆਪਣੇ ਕਰੀਬੀ ਸਹਿਯੋਗੀ ਅਮਰੀਕਾ ਤੋਂ ਵੀ ਸਮਰਥਨ ਨਹੀਂ ਮਿਲੇਗਾ।

# ਕੈਨੇਡਾ: ਅੰਬਰ ਫਾਰਮ 'ਚ ਤੀਆਂ ਮਨਾਈਆਂ

## ਪੰਜਾਬੀ ਸੱਭਿਆਚਾਰ ਨਾਲ ਜੁੜੀਆਂ ਕਈ ਵੰਨਗੀਆਂ ਦੇ ਹੋਏ ਦਰਸ਼ਨ



ਬਰੈਂਪਟਨ/ਏ.ਟੀ.ਨਿਊਜ਼ : ਅੰਬਰ ਫਾਰਮ ਕੈਲੇਡਨ ਵਿੱਚ ਹਰਦੀਪ ਕੌਰ ਸਿੱਧੂ ਦੀ ਅਗਵਾਈ ਹੇਠ ਔਰਤਾਂ ਦੇ ਸਰਗਰਮ ਗਰੁੱਪ ਨੇ ਬੀਤੇ ਦਿਨ ਤੀਆਂ ਦਾ ਮੇਲਾ ਕਰਵਾਇਆ। ਇਸ ਮੌਕੇ ਸੱਭਿਆਚਾਰਕ ਪ੍ਰੋਗਰਾਮ ਕਰਵਾਇਆ ਗਿਆ, ਜਿਸ ਵਿੱਚ ਮੁਟਿਆਰਾਂ ਨੇ ਗਿੱਧੇ ਅਤੇ ਭੰਗੜੇ ਨਾਲ ਰੰਗ ਬੰਨ੍ਹਿਆ। ਪ੍ਰੋਗਰਾਮ ਦੌਰਾਨ ਕਰਵਾਏ ਗਏ ਮੁਕਾਬਲੇ 'ਚ ਸੁਆਣੀਆਂ ਕੋਲੋਂ ਸੱਭਿਆਚਾਰ ਨਾਲ ਸਬੰਧਤ ਪੁਰਾਣੇ ਸ਼ਬਦ ਅਰਥਾਂ ਸਣੇ ਪੁੱਛੇ ਗਏ। ਇਸੇ ਤਰ੍ਹਾਂ ਪੁਰਾਣੇ ਰੀਤੀ-ਰਿਵਾਜਾਂ ਦੇ ਤੌਰ-ਤਰੀਕਿਆਂ ਦੇ ਮੁਕਾਬਲੇ ਕਰਵਾਏ ਗਏ। ਪੂਣੀਆਂ, ਗਲੋਟੇ, ਅਟੇਰਨੀ, ਮੌਣ ਅਤੇ ਖੂਹ ਦੀਆਂ ਟਿੰਡਾਂ ਵਰਗੇ ਕਈ ਸਵਾਲ ਪੁੱਛੇ ਗਏ। ਜੇਤੂਆਂ ਨੂੰ ਹਰਦੀਪ ਕੌਰ ਸਿੱਧੂ ਨੇ ਇਨਾਮ ਵੰਡੇ। ਗੀਤ ਸੰਗੀਤ ਦਾ ਦੌਰ ਦੇਰ ਰਾਤ ਤੱਕ ਚੱਲਿਆ। ਇਸ ਮੌਕੇ ਕਲਾਕਾਰ ਰਾਣੀ ਢਿੱਲੋਂ, ਕੁਲਬੀਰ ਕੌਰ ਸਿੱਧੂ, ਨੈਸ਼ਨਲ ਐਵਾਰਡੀ ਸੁਖਵੰਤ ਕੌਰ, ਰੁਪਿੰਦਰ ਕੌਰ ਮਾਹਿਲ, ਮਨਪ੍ਰੀਤ ਕੌਰ ਗਿੱਲ, ਰਮਨ ਮਲੂਕਾ, ਜਸਵੀਰ ਕੌਰ ਸਿੱਧੂ ਅਤੇ ਮਨਦੀਪ ਕੌਰ ਗਿੱਲ ਹਾਜ਼ਰ ਸਨ।

# ਸੈਕਰਾਮੈਂਟੋ 'ਚ ਹੋਈਆਂ ਸੀਨੀਅਰ ਖੇਡਾਂ ਵਿੱਚ ਲਿਆ ਪੰਜਾਬੀ ਚੋਬਰਾਂ ਨੇ ਹਿੱਸਾ



ਫਰਿਜਨੋ (ਕੈਲੀਫ਼ੋਰਨੀਆ)/ਏ.ਟੀ.ਨਿਊਜ਼ : ਯੂ.ਐਸ.ਏ. ਟ੍ਰੈਕ ਐਂਡ ਫੀਲਡ ਆਊਟਡੋਰ ਚੈਂਪੀਅਨਸ਼ਿਪ ਅਮਰੀਕਨ ਰਿਵਰ ਕਾਲਜ ਸਟੇਡੀਅਮ ਸੈਕਰਾਮੈਂਟੋ ਵਿੱਚ ਹੋਈ, ਜਿਸ ਵਿੱਚ ਦੁਨੀਆਂ ਭਰ ਦੇ ਲਗਭਗ 3000 ਪੁਰਸ਼ ਅਤੇ ਮਹਿਲਾ ਅਥਲੀਟਾਂ ਨੇ ਹਿੱਸਾ ਲਿਆ। ਆਸਟ੍ਰੇਲੀਆ, ਯੂਨਾਈਟਿਡ ਕਿੰਗਡਮ, ਆਇਰਲੈਂਡ, ਮੈਕਸੀਕੋ, ਪੇਰੂ ਅਤੇ ਭਾਰਤ ਤੋਂ ਇਲਾਵਾ ਹੋਰ ਦੇਸ਼ਾਂ ਦੇ ਐਥਲੀਟ ਵੀ ਇਸ ਮੀਟ ਦਾ ਹਿੱਸਾ ਬਣੇ। ਇਹਨਾਂ ਖੇਡਾਂ ਵਿੱਚ ਪੰਜ ਪੰਜਾਬੀ ਚੋਬਰਾਂ ਨੇ ਵੀ ਹਿੱਸਾ ਲਿਆ। ਫਰਿਜ਼ਨੋ ਦੇ ਗੁਰਬਖਸ਼ ਸਿੰਘ ਸਿੱਧੂ ਨੇ ਹੈਮਰ ਥਰੋਅ ਵਿੱਚ ਕਾਂਸੀ ਦਾ ਤਗਮਾ ਅਤੇ ਵੇਟ ਥਰੋਅ ਵਿੱਚ ਚੌਥਾ ਸਥਾਨ ਹਾਸਲ ਕੀਤਾ।

ਲਾਸ ਏਂਜਲਸ ਇਲਾਕੇ ਦੇ ਬਲਵਿੰਦਰ ਸਿੰਘ ਖਟੜਾ ਨੇ ਜੈਵਲਿਨ ਥਰੋਅ ਵਿੱਚ ਚਾਂਦੀ ਦਾ ਤਗਮਾ ਜਿੱਤਿਆ। ਫਰਿਜ਼ਨੋ ਦੇ ਸੁਖਨੈਨ ਸਿੰਘ ਨੇ ਟ੍ਰਿਪਲ ਜੰਪ ਵਿੱਚ 5ਵਾਂ ਅਤੇ ਲੰਬੀ ਛਾਲ ਵਿੱਚ 8ਵਾਂ ਸਥਾਨ ਪ੍ਰਾਪਤ ਕੀਤਾ। ਸੈਲਮਾ ਦੇ ਕੁਲਵੰਤ ਸਿੰਘ ਲੰਬਰ, ਜੋ ਕਿ ਪੰਜਾਬ ਤੋਂ ਸੇਵਾਮੁਕਤ ਪੁਲਿਸ ਅਧਿਕਾਰੀ ਵੀ ਹਨ, ਨੇ ਡਿਸਕਸ ਥਰੋਅ ਵਿੱਚ ਹਿੱਸਾ ਲਿਆ ਅਤੇ ਜੈਵਲਿਨ ਥਰੋਅ ਵਿੱਚ 8ਵਾਂ ਅਤੇ 5ਵਾਂ ਸਥਾਨ ਪ੍ਰਾਪਤ ਕੀਤਾ। ਇਸ ਟਰੈਕ ਐਂਡ ਫੀਲਡ ਮੁਕਾਬਲੇ ਵਿੱਚ ਭਾਰਤ ਤੋਂ ਪੰਜਾਬ ਪੁਲੀਸ ਦੇ ਅਧਿਕਾਰੀ ਜਸਪਿੰਦਰ ਸਿੰਘ ਨੇ 100 ਮੀਟਰ ਹਰਡਲਜ਼ ਵਿੱਚ ਕਾਂਸੀ ਦਾ ਤਗਮਾ ਜਿੱਤਿਆ।

# ਕੈਨੇਡਾ ਵੱਲੋਂ ਪੈਰਿਸ ਉਲੰਪਿਕ 'ਚ ਖੇਡੇਗੀ ਪੰਜਾਬ ਦੀ ਬੇਟੀ ਜੈਸਿਕਾ

## ਕੈਨੇਡਾ ਦੀ ਵਾਟਰ ਪੋਲੋ ਟੀਮ 'ਚ ਹੋਈ ਚੋਣ



ਓਟਾਵਾ/ਏ.ਟੀ.ਨਿਊਜ਼ : ਓਟਾਵਾ ਦੀ ਪੰਜਾਬੀ ਜੰਮਪਲ ਜੈਸਿਕਾ ਉਲੰਪਿਕ ਖੇਡਾਂ 2024 ਲਈ ਕੈਨੇਡਾ ਦੀ ਮਹਿਲਾ ਵਾਟਰ ਪੋਲੋ ਟੀਮ ਦੀ ਮੈਂਬਰ ਚੁਣੀ ਗਈ ਹੈ। ਇਸ ਤੋਂ ਪਹਿਲਾਂ ਟੋਕੀਓ 2020 ਉਲੰਪਿਕ ਖੇਡਾਂ ਲਈ ਉਹ ਕੈਨੇਡੀਅਨ ਟੀਮ ਵਿੱਚ ਇੱਕ ਬਦਲ ਵਜੋਂ ਵੀ ਮੌਜੂਦ ਰਹੀ ਸੀ ਜਦਕਿ ਇਸ ਵਾਰ ਜੈਸਿਕਾ ਨੇ ਕੈਨੇਡਾ ਦੀ ਪੈਰਿਸ ਉਲੰਪਿਕ 2024 ਖੇਡਣ ਵਾਲੀ ਵਾਟਰ ਪੋਲੋ ਟੀਮ ਵਿੱਚ ਮੁੱਖ ਸਥਾਨ ਬਣਾਇਆ ਹੈ। ਜੈਸਿਕਾ ਦਾ ਜਨਮ ਬੇਸ਼ੱਕ ਕੈਨੇਡਾ ਦੀ ਧਰਤੀ 'ਤੇ ਹੋਇਆ ਹੈ ਪਰ ਉਹ ਪੰਜਾਬ ਦੀ ਧੀ ਹੈ। ਜੈਸਿਕਾ ਕੈਨੇਡਾ ਦੀ ਆਰ.ਸੀ.ਐਮ.ਪੀ. ਅਧਿਕਾਰੀ ਅਜੀਤ ਕੌਰ ਟਿਵਾਣਾ ਦੀ ਧੀ ਹੈ। ਪੰਜਾਬ ਦੇ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਦੇ ਸਭ ਤੋਂ ਵੱਡੇ ਪਿੰਡ ਚਨਾਰਥਲ ਕਲਾਂ ਦੀ ਜੰਮਪਲ ਅਜੀਤ ਕੌਰ ਟਿਵਾਣਾ ਕੈਨੇਡਾ ਵਿੱਚ ਏਸ਼ੀਆ ਦੀ ਪਹਿਲੀ ਉਹ ਲੜਕੀ ਹੈ, ਜੋ ਆਰ.ਸੀ.ਐਮ.ਪੀ. ਅਧਿਕਾਰੀ ਵਜੋਂ ਤਾਇਨਾਤ ਹੋਈ ਸੀ। ਹੁਣ ਅਜੀਤ ਕੌਰ ਟਿਵਾਣਾ ਦੀ ਧੀ ਤੇ ਰਿਟਾ. ਫ਼ੌਜ ਅਧਿਕਾਰੀ ਤੇ ਨਾਮਵਰ ਲੇਖਕ ਅਮਰਜੀਤ ਸਿੰਘ ਸਾਥੀ ਦੀ ਦੋਹਤੀ ਜੈਸਿਕਾ ਨੇ ਕੈਨੇਡਾ ਦੇ ਵਿੱਚ ਵੱਡਾ ਮਾਅਰਕਾ ਮਾਰਦਿਆਂ ਸਾਰੇ ਪੰਜਾਬ ਦਾ ਨਾਂ ਰੌਸ਼ਨ ਕੀਤਾ ਹੈ। ਜੈਸਿਕਾ ਬਚਪਨ ਤੋਂ ਹੀ ਇਸ ਖੇਡ ਨੂੰ ਸਮਰਪਿਤ ਰਹੀ ਹੈ। ਜੈਸਿਕਾ ਨੇ 2008 ਵਿੱਚ 14 ਸਾਲ ਦੀ ਉਮਰ ਵਿੱਚ ਵਾਟਰ ਪੋਲੋ ਖੇਡਣਾ ਸ਼ੁਰੂ ਕੀਤਾ। ਇਸਦੀ ਚੇਟਕ ਉਸ ਨੂੰ ਉਦੋਂ ਲੱਗੀ ਜਦੋਂ ਉਸਦਾ ਪਰਿਵਾਰ ਕਿਸੇ ਨਜ਼ਦੀਕੀ ਨੂੰ ਇਹ ਗੇਮ ਖੇਡਦਿਆਂ ਦੇਖਣ ਲਈ ਗਿਆ ਸੀ। ਜੈਸਿਕਾ ਦੇ ਮਾਤਾ-ਪਿਤਾ ਨੇ ਉਸ ਨੂੰ ਸਮਰ ਕੈਂਪ ਲਈ ਉਸੇ ਸਮੇਂ ਅਤੇ ਉੱਥੇ ਹੀ ਦਾਖਲ ਕਰਵਾ ਦਿੱਤਾ। ਉਦੋਂ ਤੋਂ ਉਸ ਨੇ ਕਦੇ ਪਿੱਛੇ ਮੁੜ ਕੇ ਨਹੀਂ ਦੇਖਿਆ। ਅੱਜ ਉਸ ਦੀਆਂ ਪ੍ਰਾਪਤੀਆਂ ਦਾ ਗ੍ਰਾਫ਼ ਕਾਫ਼ੀ ਉੱਪਰ ਹੈ ਜਿਸ ਨੇ ਉਸ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਮਾਣ ਦਿਵਾਉਂਦਿਆਂ ਉਲੰਪਿਕ ਖੇਡਣ ਦਾ (ਬਾਕੀ ਸਫ਼ਾ 30 'ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Manager: Pardeep Singh  Sub: Editor: Balwinderpal Singh, Dr. Sarbjeet Kaur Jang  Online Interview Host: Balraj Pannu

Designer: A.K.V.  Content Composer: S. Jagmohan Singh  US Distributor: Amritsar Times Inc.  Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਪੰਜਾਬੀ ਵਿਦਿਆਰਥੀਆਂ ਲਈ ਹੁਣ ਸੌਖਾ ਨਹੀਂ ਹੋਵੇਗਾ ਕੈਨੇਡਾ ਦਾ ਨਾਗਰਿਕ ਬਣਨਾ

## ਕੈਨੇਡਾ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਵਧਦੀ ਗਿਣਤੀ ਕਾਰਨ ਕੈਨੇਡਾ ਨੇ ਬਣਾਏ ਨਵੇਂ ਨਿਯਮ

ਕੈਨੇਡਾ ਪੰਜਾਬੀ ਵਿਦਿਆਰਥੀਆਂ ਦੀ ਪਹਿਲੀ ਪਸੰਦ ਬਣਿਆ ਹੋਇਆ ਹੈ। ਪੰਜਾਬ ਵਿੱਚ ਸਕੂਲੀ ਸਿੱਖਿਆ ਪੂਰੀ ਹੋਣ ਤੋਂ ਬਾਅਦ ਵੱਡੀ ਗਿਣਤੀ ਪੰਜਾਬੀ ਵਿਦਿਆਰਥੀ ਆਈਲੈਟਸ ਕਰਕੇ ਕੈਨੇਡਾ ਜਾ ਪਹੁੰਚਦੇ ਹਨ। ਉਥੇ ਉਹ ਖੁਦ ਪੀ.ਆਰ.ਲੈ ਕੇ ਆਪਣੇ ਮਾਪਿਆਂ ਤੇ ਪਰਿਵਾਰ ਨੂੰ ਵੀ ਕੈਨੇਡਾ ਬੁਲਾ ਲੈਂਦੇ ਹਨ। ਪੰਜਾਬੀਆਂ ਦੇ ਵੱਡੀ ਗਿਣਤੀ ਵਿੱਚ ਕੈਨੇਡਾ ਜਾਣ ਕਾਰਨ ਹੁਣ ਪੰਜਾਬ ਦੇ ਪਿੰਡਾਂ ਦੇ ਪਿੰਡ ਖਾਲੀ ਹੋ ਰਹੇ ਹਨ। ਵੱਡੀ ਗਿਣਤੀ ਪੰਜਾਬੀ ਵਿਦਿਆਰਥੀਆਂ ਦੇ ਕੈਨੇਡਾ ਜਾਣ ਕਾਰਨ ਅਨੇਕਾਂ ਪਰਿਵਾਰਾਂ ਵਿੱਚ ਸਿਰਫ਼ ਬਜ਼ੁਰਗ ਹੀ ਰਹਿ ਗਏ ਹਨ। ਕੈਨੇਡਾ ਜਾਣ ਲਈ ਪੰਜਾਬੀ ਏਨੇ ਕਾਹਲੇ ਪਏ ਹੋਏ ਹਨ ਕਿ ਉਹ ਹਰ ਤਰੀਕਾ ਵਰਤ ਕੇ ਕੈਨੇਡਾ ਜਾਣਾ ਚਾਹੁੰਦੇ ਹਨ। ਕੈਨੇਡਾ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਵੱਧ ਰਹੀ ਗਿਣਤੀ ਕਾਰਨ ਹੁਣ ਕੈਨੇਡਾ ਸਰਕਾਰ ਵੀ ਆਪਣੇ ਨਿਯਮਾਂ ਵਿੱਚ ਬਦਲਾਓ ਲਿਆ ਰਹੀ ਹੈ ਤਾਂ ਕਿ ਕੈਨੇਡਾ ਆਉਣ ਵਾਲੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਸੀਮਿਤ ਕੀਤੀ ਜਾ ਸਕੇ। ਹਾਲਾਂਕਿ ਕਈ ਇਮੀਗ੍ਰੇਸ਼ਨ ਜਾਣਕਾਰਾਂ ਦਾ ਕਹਿਣਾ ਹੈ ਕਿ ਜੇ ਸਰਕਾਰ ਸਖ਼ਤੀ ਕਰਨਾ ਚਾਹੁੰਦੀ ਹੈ ਤਾਂ ਉਹ ਐਕਸਪ੍ਰੈਸ ਐਂਟਰੀ ਦੇ ਰਾਹੀਂ ਹੁਣ ਵੀ ਵੱਡੀ ਗਿਣਤੀ ਵਿੱਚ ਲੋਕਾਂ ਨੂੰ ਪੀ.ਆਰ. ਕਿਉਂ ਦੇ ਰਹੀ ਹੈ?

ਪੂਰੀ ਜਾਣਕਾਰੀ ਲੈ ਕੇ ਹੀ ਕੈਨੇਡਾ ਆਉਣ ਅੰਤਰਰਾਸ਼ਟਰੀ ਵਿਦਿਆਰਥੀ : ਇੰਮੀਗ੍ਰੇਸ਼ਨ ਮੰਤਰੀ ਮਿਲਰ

ਕੈਨੇਡਾ ਦਾ ਸਟੱਡੀ ਪਰਮਿਟ ਕੈਨੇਡਾ ਦੀ ਸਥਾਈ ਨਾਗਰਿਕਤਾ (ਪੀ.ਆਰ.) ਪਾਉਣ ਦੀ ਗਾਰੰਟੀ ਨਹੀਂ ਦਿੰਦਾ ਹੈ ਅਤੇ ਉਹ ਸਿਰਫ ਇਸ ਦੇ ਸਹਾਰੇ ਹੀ ਕੈਨੇਡਾ ਦੇ ਨਾਗਰਿਕ ਨਹੀਂ ਬਣ ਸਕਦੇ ਹਨ। ਇਹ ਚਿਤਾਵਨੀ ਕੈਨੇਡਾ ਸਰਕਾਰ ਦੇ ਇੰਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਦਿੰਦੇ ਹੋਏ ਕਿਹਾ ਕਿ ਉਹ ਪੂਰੀ ਜਾਣਕਾਰੀ ਲੈ ਕੇ ਹੀ ਕੈਨੇਡਾ ਆਉਣ।

ਦਰਅਸਲ ਕੈਨੇਡਾ ਇਸ ਸਮੇਂ ਰਿਕਾਰਡ ਗਿਣਤੀ ਵਿੱਚ ਇੰਟਰਨੈਸ਼ਨਲ ਸਟੂਡੈਂਟਸ ਨੂੰ ਐਡਜਸਟ ਕਰਨ ਦੇ ਲਈ ਸੰਘਰਸ਼ ਕਰ ਰਿਹਾ ਹੈ। ਮਿਲਰ ਨੇ ਕਿਹਾ ਹੈ ਕਿ ਜ਼ਰੂਰੀ ਨਹੀਂ ਹੈ ਕਿ ਸਟੱਡੀ ਵੀਜ਼ਾ ਪੀ.ਆਰ. ਦਾ ਰਸਤਾ ਹੋਵੇ। ਕੈਨੇਡਾ ਸਰਕਾਰ ਨੇ ਅਜਿਹਾ ਕੋਈ ਵਾਅਦਾ ਨਹੀਂ ਕੀਤਾ ਹੈ। ਉਹਨਾਂ ਨੂੰ ਕੈਨੇਡਾ ਵਿੱਚ ਸਕਿੱਲ ਹਾਸਲ ਕਰਕੇ ਆਪਣੇ ਦੇਸ਼ ਵਾਪਸ ਜਾਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਅਸੀਂ ਕੈਨੇਡਾ ਵਿਚ ਇਮੀਗ੍ਰੇਸ਼ਨ ਵਧਾਉਣ ਨੂੰ ਲੈ ਕੇ ਇੱਕ ਆਮ ਰਾਏ ਬਣਾਈ ਸੀ ਪਰ ਹੁਣ ਇਸ ਵਿੱਚ ਘਾਟ ਵੇਖੀ ਜਾ ਰਹੀ ਹੈ।

ਏਮੀਗਰੇਸ਼ਨ ਮੰਤਰੀ ਮਿਲਰ ਨੇ ਕਿਹਾ ਕਿ ਵਿਦਿਆਰਥੀਆਂ ਲਈ ਨੌਕਰੀਆਂ ਉਨ੍ਹਾਂ ਵੱਲੋਂ ਕੀਤੀ ਗਈ ਪੜ੍ਹਾਈ ਦੇ ਮੁਤਾਬਿਕ ਹੋਣੀ ਚਾਹੀਦੀ ਹੈ । ਸੂਬਿਆਂ ਵਿੱਚ ਮਜ਼ਦੂਰਾਂ ਦੀ ਲੋੜ ਹੈ। ਪੋਸਟ-ਗ੍ਰੈਜੂਏਟ ਵਰਕ ਪਰਮਿਟ ਨੂੰ ਮਜ਼ਦੂਰਾਂ ਦੀ ਵੱਧ ਰਹੀ ਕਮੀ ਨਾਲ ਕਿਵੇਂ ਮਿਲਾ ਸਕਦੇ ਹਾਂ ।ਕੈਨੇਡਾ ਵਿੱਚ ਓਪਨ ਵਰਕ ਪਰਮਿਟ ਵਾਲੇ ਲੋਕਾਂ ਦੀ ਗਿਣਤੀ ਤੇਜੀ ਨਾਲ ਵਧੀ ਹੈ ।2022 ਵਿੱਚ 1,3200 ਨਵੇਂ ਓਪਨ ਵਰਕ ਪਰਮਿਟ ਆਏ ।ਪਿਛਲੇ 4 ਸਾਲਾਂ ਵਿੱਚ ਇਸ ਦੀ ਗਿਣਤੀ ਵੱਧ ਕੇ 78 ਫੀਸਦੀ ਹੋ ਗਈ ਹੈ ।ਮਿਲਰ ਨੇ ਕਿਹਾ ਕਿ ਇਮੀਗ੍ਰੇਸ਼ਨ ਨੀਤੀ ਵਿੱਚ ਤਬਦੀਲੀਆਂ ਲਈ ਸਰਕਾਰਾਂ ਅਤੇ ਕਾਰੋਬਾਰੀਆਂ ਵਿਚਾਲੇ ਵੀ ਗੱਲਬਾਤ ਦੀ ਜ਼ਰੂਰਤ ਹੈ ਕਿਉਂਕਿ ਕਈ ਕੰਪਨੀਆਂ ਅਸਥਾਈ ਵਿਦੇਸ਼ੀ ਮੁਲਾਜ਼ਮਾਂ ਨੂੰ ਲਿਆਉਣ ਲਈ ਅਰਜ਼ੀ ਦੇਣ ਦੀ ਇਜਾਜ਼ਤ ਦਿੰਦੀਆਂ ਹਨ ।ਉਨ੍ਹਾਂ ਕਿਹਾ ਇਸ ਦੀ ਦੁਰਵਤੋਂ ਵੀ ਕਾਫੀ ਹੋ ਰਹੀ ਹੈ ।ਅਸਥਾਈ ਵਸਨੀਕਾਂ ਦੇ ਅਨੁਪਾਤ ਨੂੰ ਲਗਭਗ 7% ਤੋਂ ਘਟਾ ਕੇ 5% ਆਬਾਦੀ ਕਰਨ 'ਤੇ ਵੀ ਵਿਚਾਰ ਚੱਲ ਰਿਹਾ ਹੈ।

## ਸਟੱਡੀ ਪਰਮਿਟ ਕੈਨੇਡਾ ਵਿੱਚ ਪੀ.ਆਰ. ਦੀ ਗਾਰੰਟੀ ਨਹੀਂ : ਕੈਨੇਡਾ ਸਰਕਾਰ



### 216,620 ਸਟੱਡੀ ਪਰਮਿਟਾਂ ਵਿੱਚੋਂ 91,510 ਭਾਰਤੀਆਂ ਨੂੰ ਜਾਰੀ



ਸਾਲ 2024 ਦੇ ਪਹਿਲੇ ਚਾਰ ਮਹੀਨਿਆਂ ਵਿੱਚ ਜਾਰੀ ਕੀਤੇ ਗਏ ਸਟੱਡੀ ਪਰਮਿਟ 2023 ਦੀ ਇਸੇ ਮਿਆਦ ਦੇ ਲਈ ਜਾਰੀ ਕੀਤੇ ਗਏ ਪਰਮਿਟ ਤੋਂ ਜ਼ਿਆਦਾ ਸਨ। ਪਿਛਲੇ ਸਾਲ ਉਹਨਾਂ ਚਾਰ ਮਹੀਨਿਆਂ ਦੇ ਦੌਰਾਨ ਜਾਰੀ ਕੀਤੇ ਗਏ ਕੁਲ ਸਟੱਡੀ ਪਰਮਿਟ 165,805 ਸਨ ਅਤੇ ਸਾਲ 2024 ਵਿੱਚ ਵਧਕੇ 187,510 ਹੋ ਗਏ। ਅਜਿਹੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵੀ ਇਸੇ ਮਿਆਦ ਵਿੱਚ 72,750 ਤੋਂ ਵਧਕੇ 81,260 ਹੋ ਗਈ, ਜੋ ਕੁਲ ਦਾ ਕਰੀਬ 43 ਫੀਸਦੀ ਹੈ। ਸਾਲ 2023 ਵਿੱਚ ਕੈਨੇਡਾ ਵੱਲੋਂ ਜਾਰੀ ਕੀਤੇ ਗਏ ਕੁਲ 682,430 ਸਟੱਡੀ ਪਰਮਿਟ ਵਿਚੋਂ, ਪਰਮਿਟ ਪਾਉਣ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ 278,335 ਸੀ। ਸਾਲ 2024 ਵਿੱਚ ਹੁਣ ਤੱਕ, ਕੈਨੇਡਾ ਨੇ 216,620 ਸਟੱਡੀ ਪਰਮਿਟ ਜਾਰੀ ਕੀਤੇ ਹਨ, ਜਿਹਨਾਂ ਵਿੱਚੋਂ 91,510 ਭਾਰਤੀਆਂ ਨੇ ਹਾਸਲ ਕੀਤੇ ਹਨ।

### ਨਿਯਮਾਂ ਵਿੱਚ ਬਦਲਾਓ

ਕੈਨੇਡਾ ਸਰਕਾਰ ਵਲੋਂ ਜਿਨ੍ਹਾਂ ਨਿਯਮਾਂ ਵਿੱਚ ਬਦਲਾਅ ਕੀਤੇ ਗਏ ਹਨ, ਉਹ ਪੜ੍ਹਾਈ ਤੋਂ ਬਾਅਦ ਮਿਲਣ ਵਾਲੀ ਕੰਮ ਦੀ ਸਹੂਲਤ ਜਿਸ ਨੂੰ 'ਵਰਕ ਪਰਮਿਟ' ਕਿਹਾ ਜਾਂਦਾ ਹੈ, ਨਾਲ ਸਬੰਧਿਤ ਹੈ। ਕੋਰੋਨਾ ਦੌਰਾਨ ਲੇਬਰ ਮਾਰਕੀਟ ਦੀਆਂ ਲੋੜਾਂ ਨੂੰ ਪੂਰਾ ਕਰਨ ਦੇ ਲਈ ਕੈਨੇਡਾ ਨੇ ਆਰਜ਼ੀ ਤੌਰ ਉੱਤੇ ਵਰਕ ਪਰਮਿਟ ਵਿੱਚ 18 ਮਹੀਨੇ ਦਾ ਵਾਧਾ ਕਰਨ ਦੀ ਨੀਤੀ ਲਾਗੂ ਕੀਤੀ ਸੀ। ਪਰ ਹੁਣ ਪਿਛਲੇ ਸਮੇਂ ਦੌਰਾਨ ਕੈਨੇਡਾ ਸਰਕਾਰ ਨੇ ਇਸ ਨਿਯਮ ਵਿੱਚ ਬਦਲਾਅ ਕਰ ਦਿੱਤੇ ਹਨ।

ਯਾਦ ਰਹੇ ਕਿ ਕੈਨੇਡਾ ਵਿੱਚ ਦੋ ਸਾਲ ਦੀ ਪੜ੍ਹਾਈ ਕਰਨ ਵਾਲੇ ਵਿਦਿਆਰਥੀ ਨੂੰ ਪੜ੍ਹਾਈ ਤੋਂ ਬਾਅਦ ਤਿੰਨ ਸਾਲ ਦਾ ਵਰਕ ਪਰਮਿਟ ਮਿਲਦਾ ਹੈ। ਸਟੱਡੀ ਵੀਜ਼ੇ ਉੱਤੇ ਕੈਨੇਡਾ ਜਾਣ ਵਾਲੇ ਵਿਦਿਆਰਥੀਆਂ ਤੋਂ ਉੱਥੇ ਰਹਿਣ ਲਈ ਜੋ ਲਾਗਤ ਲਈ ਜਾਂਦੀ ਹੈ ਉਸ ਨੂੰ ਜੀ.ਆਈ.ਸੀ. ਕਿਹਾ ਜਾਂਦਾ ਹੈ। ਜੀ.ਆਈ.ਸੀ. ਦਾ ਅਰਥ ਹੈ ਗਾਰੰਟੀ ਸ਼ੁਦਾ ਨਿਵੇਸ਼ ਸਰਟੀਫਿਕੇਟ, ਕੈਨੇਡਾ ਸਰਕਾਰ ਨੇ ਕੁਝ ਮਹੀਨੇ ਪਹਿਲਾਂ ਉਸ ਵਿੱਚ ਵੀ ਵਾਧਾ ਕਰ ਦਿੱਤਾ ਸੀ।

ਜੀ.ਆਈ.ਸੀ. ਸਬੰਧੀ ਨਵੇਂ ਨਿਯਮ 1 ਜਨਵਰੀ 2024 ਤੋਂ ਲਾਗੂ ਹੋ ਚੁੱਕੇ ਹਨ। ਜੀ.ਆਈ.ਸੀ. ਦੇ ਨਾਂ ਤਹਿਤ ਜਮ੍ਹਾ ਹੋਣ ਵਾਲੀ ਰਕਮ ਇਸ ਗੱਲ ਦਾ ਸਬੂਤ ਦੇਣ ਲਈ ਹੁੰਦੀ ਹੈ ਕਿ ਵਿਦਿਆਰਥੀ ਕੋਲ ਕੈਨੇਡਾ ਜਾ ਕੇ ਆਪਣੇ ਰਹਿਣ-ਸਹਿਣ ਦਾ ਖ਼ਰਚਾ ਕਰਨ ਲਈ ਲੋੜੀਂਦੀ ਰਕਮ ਹੈ। ਇਸ ਵਿੱਚ ਟਿਊਸ਼ਨ ਫ਼ੀਸ ਸ਼ਾਮਲ ਹੁੰਦੀ ਹੈ, ਇਹ ਵਿਦਿਆਰਥੀਆਂ ਨੂੰ ਕਿਸ਼ਤਾਂ ਵਿੱਚ ਮੋੜੀ ਜਾਂਦੀ ਹੈ ।ਨਵੇਂ ਨਿਯਮ ਜੋ ਕਿ ਹੁਣ ਲਾਗੂ ਹੋ ਗਏ ਹਨ, ਮੁਤਾਬਕ ਜੀਆਈਸੀ 20,635 ਡਾਲਰ ਕਰ ਦਿੱਤੀ ਗਈ ਹੈ। ਪਹਿਲਾਂ ਜੀਆਈਸੀ 10,000 ਡਾਲਰ ਸੀ।

ਕੈਨੇਡਾ ਸਰਕਾਰ ਨੇ ਸਪਾਊਸ ਵੀਜ਼ਾ ਨਾਲ ਸਬੰਧਿਤ ਨਿਯਮਾਂ ਵਿੱਚ ਵੀ ਬਦਲਾਅ ਕੀਤਾ ਹੈ। ਹੁਣ ਕੈਨੇਡਾ ਸਿਰਫ਼ ਉਨ੍ਹਾਂ ਕੌਮਾਂਤਰੀ ਵਿਦਿਆਰਥੀਆਂ ਦੇ ਪਤੀ ਜਾਂ ਪਤਨੀ ਨੂੰ ਹੀ ਵੀਜ਼ਾ ਦੇਵੇਗਾ ਜਿਹੜੇ ਉੱਥੇ ਮਾਸਟਰਜ਼ ਜਾਂ ਡਾਕਟਰੇਟ ਪੱਧਰ ਦੀ ਪੜ੍ਹਾਈ ਕਰਨ ਜਾ ਰਹੇ ਹਨ। ਹੇਠਲੇ ਪੱਧਰ ਦੇ ਕੋਰਸ ਕਰ ਰਹੇ ਵਿਦਿਆਰਥੀ ਸਪਾਊਸ ਵੀਜ਼ੇ ਉੱਪਰ ਆਪਣੇ ਪਤੀ ਜਾਂ ਪਤਨੀ ਨੂੰ ਕੈਨੇਡਾ ਨਹੀਂ ਬੁਲਾ ਸਕਣਗੇ। ਜਦਕਿ ਪਹਿਲਾਂ ਡਿਪਲੋਮਾ ਕੋਰਸ ਕਰਨ ਵਾਲੇ ਕੌਮਾਂਤਰੀ ਵਿਦਿਆਰਥੀ ਵੀ ਆਪਣੇ ਪਤੀ- ਪਤਨੀ ਨੂੰ ਆਪਣੇ ਕੋਲ ਬੁਲਾ ਸਕਦੇ ਸਨ।

ਸਪਾਊਸ ਵੀਜ਼ਾ ਇੱਕ ਤਰ੍ਹਾਂ ਦਾ ਡਿਪੈਂਡੇਂਟ ਵੀਜ਼ਾ ਹੈ। ਇਸ ਵੀਜ਼ੇ ਦਾ ਇਸਤੇਮਾਲ ਵਿਦੇਸ਼ਾਂ ਵਿੱਚ ਰਹਿੰਦੇ ਲੋਕ ਆਪਣੇ ਪਰਿਵਾਰ ਨੂੰ ਨਾਲ ਰੱਖਣ ਲਈ ਕੀਤਾ ਜਾਂਦਾ ਹੈ।



### ਕੈਨੇਡਾ ਵਿੱਚ ਪ੍ਰਦਰਸ਼ਨ

ਕੈਨੇਡਾ ਵਿੱਚ ਰਹਿਣ ਦੀ ਇੱਛਾ ਰੱਖਣ ਵਾਲੇ ਭਾਰਤ ਦੇ ਇੰਟਰਨੈਸ਼ਨਲ ਸਟੂਡੈਂਟਸ ਦੇ ਲਈ ਮੁਸ਼ਕਿਲਾਂ ਪਹਿਲਾਂ ਵੀ ਵਧਦੀਆਂ ਜਾ ਰਹੀਆਂ ਹਨ ਅਤੇ ਉਹਨਾਂ ਨੇ ਮੋਨੀਟੋਬਾ, ਪ੍ਰਿੰਸ ਐਡਵਰਡ ਆਈਲੈਂਡ ਅਤੇ ਓਟਾਂਰੀਓ ਵਿੱਚ ਵਿਰੋਧ ਪ੍ਰਦਰਸ਼ਨ ਵੀ ਕੀਤੇ ਹਨ। ਅਨੁਮਾਨ ਹੈ ਕਿ ਓਟਾਵਾ ਇਸ ਸਾਲ 300,000 ਤੋਂ ਘੱਟ ਨਵੇਂ ਸਟੱਡੀ ਪਰਮਿਟ ਹੀ ਜਾਰੀ ਕਰੇਗਾ, ਜਦੋਂ ਕਿ ਸਾਲ 2023 ਵਿੱਚ ਇਹ ਗਿਣਤੀ 437,000 ਰਹੀ। ਹਾਲਾਂਕਿ ਇਮੀਗ੍ਰੇਸ਼ਨ, ਰਫਿਊਜੀ ਅਤੇ ਸਿਟੀਜਨਸ਼ਿਪ ਕੈਨੇਡਾ ਦੇ ਅੰਕੜਿਆਂ ਦੇ ਅਨੁਸਾਰ ਇਸ ਸਾਲ ਮਈ ਤਕ 216,620 ਸਟੱਡੀ ਪਰਮਿਟ ਅਸਰਦਾਇਕ ਹੋ ਗਏ ਹਨ।

# ਕੈਨੇਡਾ ਤੋਂ ਵਾਪਸ ਆਉਣਗੇ ਭਾਰਤੀ !

ਜਲੰਧਰ/ਏ.ਟੀ.ਨਿਊਜ਼ : ਕੈਨੇਡਾ ਵਿੱਚ ਵਿਦੇਸ਼ੀਆਂ ਦੀ ਗਿਣਤੀ ਘਟਾਉਣ ਦੀਆਂ ਕੋਸ਼ਿਸ਼ਾਂ ਤੋਂ ਬਾਅਦ ਕਿਹਾ ਜਾ ਰਿਹਾ ਹੈ ਕਿ ਹੁਣ ਭਾਰਤੀਆਂ ਨੇ ਆਪਣੇ ਦੇਸ਼ ਪਰਤਣਾ ਸ਼ੁਰੂ ਕਰ ਦਿੱਤਾ ਹੈ। ਇਸ ਦਾ ਇਕ ਕਾਰਨ ਇਹ ਵੀ ਦੱਸਿਆ ਜਾ ਰਿਹਾ ਹੈ ਕਿ ਕੈਨੇਡਾ ਜਾਣ ਵਾਲੇ ਬਹੁਤ ਸਾਰੇ ਭਾਰਤੀ ਇਸ ਸਮੇਂ ਰਿਕਾਰਡ ਬੇਰੋਜ਼ਗਾਰੀ ਦੀ ਮਾਰ ਝੱਲ ਰਹੇ ਹਨ। ਕੈਨੇਡਾ ਵਿੱਚ ਹਾਲ ਹੀ ਵਿੱਚ ਆਏ ਪ੍ਰਵਾਸੀਆਂ ਦੀ ਬੇਰੋਜ਼ਗਾਰੀ ਦਰ ਜੂਨ ਵਿੱਚ 12.6 ਫੀਸਦੀ ਸੀ। ਇਹ ਪਿਛਲੇ 10 ਸਾਲਾਂ ਵਿੱਚ ਬੇਰੋਜ਼ਗਾਰੀ ਦਾ ਸਭ ਤੋਂ ਮਾੜਾ ਪੱਧਰ ਹੈ। ਕੈਨੇਡਾ ਵਿੱਚ ਸਥਾਈ ਨਾਗਰਿਕਤਾ ਹਾਸਲ ਕਰਨ ਵਾਲੇ ਲੋਕਾਂ ਵਿੱਚ ਸਭ ਤੋਂ ਵੱਡੀ ਗਿਣਤੀ ਭਾਰਤੀ ਹਨ। ਇਸ ਲਈ ਇਸ ਬੇਰੋਜ਼ਗਾਰੀ ਦੀ ਸਭ ਤੋਂ ਵੱਧ ਮਾਰ ਭਾਰਤੀ ਲੋਕਾਂ ਨੂੰ ਪੈਣ ਦੀ ਸੰਭਾਵਨਾ ਹੈ। ਹਾਲਾਂਕਿ ਮਾਮਲੇ ਨਾਲ ਜੁੜੇ ਮਾਹਿਰਾਂ ਦਾ ਕਹਿਣਾ ਹੈ ਕਿ ਕੈਨੇਡਾ ਦੀ ਜਸਟਿਨ ਟਰੂਡੋ ਸਰਕਾਰ ਵਲੋਂ ਪਿਛਲੇ ਅੱਠ ਮਹੀਨਿਆਂ ਦੌਰਾਨ ਭਾਰਤ 'ਤੇ ਲਾਈਆਂ ਗਈਆਂ ਪਾਬੰਦੀਆਂ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਨਹੀਂ ਕਰਨਗੀਆਂ ਅਤੇ ਕੈਨੇਡਾ ਤੋਂ ਪਰਤਣਾ ਅਜੇ ਦੂਰ ਦੀ ਗੱਲ ਹੈ।

## ਜੂਨ 'ਚ 12.6 ਫ਼ੀਸਦੀ ਤੱਕ ਪਹੁੰਚੀ ਬੇਰੋਜ਼ਗਾਰੀ ਦਰ



**ਭਾਰਤੀਆਂ ਦੇ ਪ੍ਰਭਾਵਿਤ ਹੋਣ ਦੀ ਕਿੰਨੀ ਸੰਭਾਵਨਾ**

ਕੈਨੇਡਾ ਦੀ ਰਾਸ਼ਟਰੀ ਅੰਕੜਾ ਏਜੰਸੀ 'ਸਟੈਟਿਸਟਿਕ ਕੈਨੇਡਾ' ਅਨੁਸਾਰ 2023 ਤਕ 12.6 ਫੀਸਦੀ ਦੀ ਬੇਰੋਜ਼ਗਾਰੀ ਦਰ ਚਾਰ ਫੀਸਦੀ ਅੰਕ ਹੇਠਾਂ ਹੈ। ਕੈਨੇਡੀਅਨ ਮੂਲ ਦੇ ਲੋਕਾਂ ਵਿੱਚ ਬੇਰੋਜ਼ਗਾਰੀ 5.5 ਫੀਸਦੀ ਹੈ। 2023 ਵਿੱਚ ਇਹ 5 ਫੀਸਦੀ ਸੀ। ਗਲੋਬ ਐਂਡ ਮੇਲ ਦੀ ਰਿਪੋਰਟ ਮੁਤਾਬਕ ਨਵੇਂ ਅੰਕੜੇ ਦਰਸਾਉਂਦੇ ਹਨ ਕਿ ਪ੍ਰਵਾਸੀਆਂ ਵਿੱਚ ਬੇਰੋਜ਼ਗਾਰੀ ਦੀ ਦਰ 2014 ਤੋਂ ਬਾਅਦ ਸਭ ਤੋਂ ਵੱਧ ਹੈ। ਪ੍ਰਵਾਸੀਆਂ ਵਿੱਚ ਵਧਦੀ ਬੇਰੋਜ਼ਗਾਰੀ ਨਾਲ ਭਾਰਤੀਆਂ ਦੇ ਸਭ ਤੋਂ ਵੱਧ ਪ੍ਰਭਾਵਿਤ ਹੋਣ ਦੀ ਸੰਭਾਵਨਾ ਹੈ ਕਿਉਂਕਿ ਹਾਲ ਹੀ ਦੇ ਸਾਲਾਂ ਵਿੱਚ ਭਾਰਤੀਆਂ ਨੇ ਸਭ ਤੋਂ ਵੱਧ ਕੈਨੇਡੀਅਨ ਨਾਗਰਿਕਤਾ ਪ੍ਰਾਪਤ ਕੀਤੀ ਹੈ।2023 ਵਿੱਚ ਕੈਨੇਡਾ ਨੇ 4,71,810 ਲੋਕਾਂ ਨੂੰ ਸਥਾਈ ਨਾਗਰਿਕਤਾ ਦਿੱਤੀ। ਇਨ੍ਹਾਂ ਵਿਚੋਂ 1,39,785 ਜਾਂ ਲਗਭਗ 30 ਫੀਸਦੀ ਭਾਰਤੀ ਸਨ। 'ਇਮੀਗ੍ਰੇਸ਼ਨ, ਰਫਿਊਜੀਜ਼ ਐਂਡ ਸਿਟੀਜ਼ਨਸ਼ਿਪ' ਕੈਨੇਡਾ ਦੇ ਅੰਕੜਿਆਂ ਮੁਤਾਬਕ 2019 ਤੋਂ ਬਾਅਦ ਕੈਨੇਡਾ ਆਏ 18,41,250 ਨਵੇਂ ਸਥਾਈ ਨਿਵਾਸੀਆਂ ਵਿਚੋਂ 5,14,435 ਭਾਰਤੀ ਸਨ।

'ਸਟੈਟਿਸਟਿਕ ਕੈਨੇਡਾ' ਨੇ ਇੱਕ ਤਾਜ਼ਾ ਰਿਪੋਰਟ ਵਿੱਚ ਖੁਲਾਸਾ ਕੀਤਾ ਹੈ ਕਿ ਜੂਨ 2024 ਵਿੱਚ 1.4 ਮਿਲੀਅਨ ਬੇਰੋਜ਼ਗਾਰ ਲੋਕ ਸਨ, ਜੋ ਕਿ ਪਿਛਲੇ ਮਹੀਨੇ ਨਾਲੋਂ 42,000 (+3.1ਫੀਸਦੀ) ਵੱਧ ਹੈ। ਕੈਨੇਡਾ ਦੀਆਂ ਕੰਪਨੀਆਂ ਉੱਚ ਵਿਆਜ਼ ਦਰਾਂ ਨਾਲ ਜੂਝ ਰਹੀਆਂ ਹਨ। ਇਸ ਕਾਰਨ ਉਹ ਪਿਛਲੇ ਦੋ ਸਾਲਾਂ ਤੋਂ ਨਿਯੁਕਤੀਆਂ ਕਰਨ ਤੋਂ ਝਿਜਕ ਰਹੀਆਂ ਹਨ। ਪ੍ਰਵਾਸੀਆਂ ਦੀ ਭਾਰੀ ਆਮਦ ਕਾਰਨ ਕੈਨੇਡਾ ਦੀ ਆਬਾਦੀ ਵੀ ਵਧੀ ਹੈ।

**ਦੇਸ਼ ਵਿੱਚ ਮੌਕੇ ਹੋਣਗੇ ਤਾਂ ਹੀ ਪਰਤਣਗੇ ਭਾਰਤੀ**

ਇੱਕ ਰਿਪੋਰਟ ਅਨੁਸਾਰ ਹਾਲ ਹੀ ਵਿੱਚ ਬਰੈਂਪਟਨ ਵਿੱਚ ਕੈਨੇਡੀਅਨ ਪੰਜਾਬੀ ਕਲਚਰਲ ਸੋਸਾਇਟੀ ਦੇ ਇੱਕ ਸੈਮੀਨਾਰ ਵਿੱਚ ਪੰਜਾਬੀ ਯੂਨੀਵਰਸਿਟੀ ਦੇ ਸੇਵਾਮੁਕਤ ਪ੍ਰੋਫੈਸਰ ਕੁਲਦੀਪ ਸਿੰਘ ਨੇ ਕਿਹਾ ਕਿ ਕੈਨੇਡਾ ਵਿੱਚ (ਬਾਕੀ ਸਫ਼ਾ 30 'ਤੇ)

# ਸਿਆਸੀ ਹਮਾਮ ਹੁਣ ਪੋਸ਼ੀਦਾ ਨਹੀਂ...







**ਬਲਰਾਜ ਪੰਨੂੰ**

ਪੰਜਾਬ ਆਪਣੇ ਕੰਮਾਂ ਕਾਰਾਂ ਦੇ ਵਿੱਚ ਰੁਝਿਆ ਹੋਇਆ ਹੈ, ਖੇਤੀਬਾੜੀ ਨਾਲ ਸਬੰਧਿਤ ਲੋਕ ਝੋਨੇ ਦੀ ਲਵਾਈ ਤੇ ਬਾਰਸ਼ ਦੀ ਉਡੀਕ ਦੇ ਵਿੱਚ ਮਸ਼ਰੂਫ਼ ਨੇ। ਕੱਲ੍ਹ ਪੰਜਾਬ ਦਾ ਇੱਕ ਵੀਡੀਓ ਵੇਖਿਆ ਜਿਸ ਦੇ ਵਿੱਚ ਲਾਈਟ ਨਾ ਹੋਣ ਕਰਕੇ ਇੱਕ ਹਸਪਤਾਲ ਦੇ ਵਿੱਚ ਮਰੀਜ਼ਾਂ ਨੂੰ ਵਰਾਂਡੇ ਵਿੱਚ ਬੈਠੇ ਪਰਿਵਾਰ ਵਾਲੇ ਪੱਖੀਆਂ ਦੀ ਝੱਲ ਮਾਰਦੇ ਦਿਖਾਈ ਦਿੱਤੇ। ਮੂੰਗੀ ਦੀ ਫ਼ਸਲ 'ਤੇ ਐਮ.ਐਸ.ਪੀ. ਦੀ ਹਾਂ ਕਰਕੇ ਮੁੱਖ ਮੰਤਰੀ ਸਾਹਿਬ ਮੁੱਕਰ ਗਏ ਨੇ। ਭਗਵੰਤ ਮਾਨ ਤੇ ਪਿਛਲੀ ਸਰਕਾਰ ਭਾਵੇਂ ਗੱਲੀਬਾਤੀਂ ਪੰਜਾਬ ਦੇ ਸਾਰੇ ਨੌਜਵਾਨਾਂ ਨੂੰ ਨੌਕਰੀਆਂ ਦੇ ਚੁੱਕੀ ਹੈ ਪਰ ਕੇਂਦਰੀ ਵਿਦੇਸ਼ ਮੰਤਰਾਲੇ ਦੇ ਵੇਰਵਿਆਂ ਅਨੁਸਾਰ ਪੰਜਾਬ ਦੇ ਕਰੀਬ 28 ਹਜ਼ਾਰ ਬਾਸ਼ਿੰਦੇ ਲੰਘੇ 9 ਸਾਲਾਂ ਦੇ ਵਿੱਚ ਦੇਸ਼ ਦੀ ਨਾਗਰਿਕਤਾ ਛੱਡ ਗਏ ਨੇ। ਪੰਜਾਬ ਦੇ ਵਿੱਚ ਜਿੰਨੀਆਂ ਵੀ ਸਰਕਾਰਾਂ ਆਈਆਂ, ਉਹਨਾਂ ਨੇ ਨਸ਼ਾ ਜੜ੍ਹ ਤੋਂ ਕੱਢਣ ਦੀ ਗੱਲ ਕੀਤੀ ਪਰ ਅੰਕੜਿਆਂ ਨੂੰ ਕਿਵੇਂ ਝੁਠਲਾਈਏ ? ਕਿਉਂਕਿ ਪਿਛਲੇ ਸਾਢੇ ਪੰਜ ਸਾਲਾਂ ਦੇ ਵਿੱਚ ਪੰਜ ਸੌ ਪੰਜਾਹ ਕਰੋੜ ਦੀ ਬੂਫਰੇਨੋਰਫਿਨ ਦੀਆਂ ਗੋਲ਼ੀਆਂ ਨਸ਼ਾ ਕਰਨ ਵਾਲੇ ਡਕਾਰ ਗਏ ਨੇ ਜੋ ਕਿ ਸਰਕਾਰ ਨੇ ਕਲੀਨਿਕਾਂ ਵਿੱਚ ਨਸ਼ਾ ਛੱਡਣ ਦੇ ਲਈ ਗੋਲ਼ੀਆਂ ਮੁਫ਼ਤ ਦੇਣੀਆਂ ਸ਼ੁਰੂ ਕੀਤੀਆਂ ਸੀ। ਕਿਸਾਨ ਜਥੇਬੰਦੀਆਂ ਆਪਣੀ ਮੰਗ 'ਤੇ ਅੜਿੱਗ ਨੇ, ਉਧਰ ਹਰਿਆਣਾ ਸਰਕਾਰ ਨੂੰ ਲਾਹਣਤਾਂ ਪੈ ਰਹੀਆਂ ਨੇ ਕਿਉਂਕਿ ਉਹਨਾਂ ਨੇ ਪੰਜਾਬ ਦੀ ਹੱਦ ਦੇ ਵਿੱਚ ਬੈਠੇ ਕਿਸਾਨਾਂ ਦੇ ਉੱਤੇ ਗੋਲ਼ੀਆਂ ਚਲਾਉਣ ਵਾਲੇ ਪੁਲਿਸ ਕਰਮਚਾਰੀਆਂ ਨੂੰ ਸਨਮਾਨਿਤ ਕਰਨ ਦਾ ਐਲਾਨ ਕੀਤਾ। ਪਰ ਪੰਜਾਬ ਦੇ ਨੇਤਾ ਆਪਣੀ ਹੋਂਦ ਨੂੰ ਬਰਕਰਾਰ ਰੱਖਣ ਦੇ ਲਈ ਟੱਕਰਾਂ ਮਾਰ ਰਹੇ ਨੇ ਕਿਉਂਕਿ ਲਾਰਿਆਂ ਰੂਪੀ ਮਿੱਟੀ ਦੇ ਖਲੇਪੜ ਲੋਕਾਂ ਨੇ ਲਾਹ ਦਿੱਤੇ ਨੇ। ਬਠਿੰਡਾ ਤੋਂ ਪਾਰਲੀਮੈਂਟ ਮੈਂਬਰ ਹਰਸਿਮਰਤ ਕੌਰ ਬਾਦਲ ਕਿਸਾਨਾਂ ਨੂੰ ਲੰਘੇ ਦਿਨੀਂ ਮਿਲਦੇ ਨੇ, ਤੇ ਬਜਟ ਸੈਸ਼ਨ ਦੇ ਪਹਿਲੇ ਦਿਨ ਹੀ ਸਪੀਕਰ ਲੋਕ ਸਭਾ ਨੂੰ ਪ੍ਰਾਈਵੇਟ ਮੈਂਬਰ ਬਿਲ ਦੇ ਦਿੰਦੇ ਨੇ ਕਿ ਕਿਸਾਨਾਂ ਨੂੰ ਐਮ.ਐਸ.ਪੀ. ਦੀ ਕਾਨੂੰਨੀ ਗਾਰੰਟੀ ਅਤੇ ਹੋਰ ਮੰਗਾਂ ਨੂੰ ਪੂਰਾ ਕੀਤਾ ਜਾਵੇ। ਕਿਸਾਨ ਜਥੇਬੰਦੀਆਂ ਨੇ ਸਾਰੇ ਸਾਂਸਦਾਂ ਨੂੰ ਆਪਣਾ ਮੰਗ ਪੱਤਰ ਦਿੱਤਾ ਸੀ ਕਿ ਸਾਡੇ ਮਸਲਿਆਂ 'ਤੇ ਵੀ ਗ਼ੌਰ ਕੀਤੀ ਜਾਵੇ। ਹਾਲਾਂਕਿ ਕਿਸਾਨ ਜਥੇਬੰਦੀਆਂ ਨੇ ਅੱਜ ਰਾਹੁਲ ਗਾਂਧੀ ਨਾਲ ਮੁਲਾਕਾਤ ਵੀ ਕੀਤੀ ਹੈ ਤੇ ਰਾਹੁਲ ਗਾਂਧੀ ਨੇ ਵਿਸ਼ਵਾਸ਼ ਵੀ ਦਿਵਾਇਆ ਹੈ ਕਿ ਪਾਰਲੀਮੈਂਟ ਦੇ ਵਿੱਚ ਕਿਸਾਨਾਂ ਦੇ ਮਸਲੇ ਹੱਲ ਕਰਵਾਉਣ ਦੇ ਲਈ ਪੂਰੀ ਕੋਸ਼ਿਸ਼ ਕੀਤੀ ਜਾਵੇਗੀ।





ਹਰਸਿਮਰਤ ਬਾਦਲ ਨੇ ਪਹਿਲ ਕਰ ਦਿੱਤੀ ਹੈ, ਕਿਸੇ ਵੇਲੇ ਅਕਾਲੀ ਪਾਰਟੀ ਪੰਥ ਤੇ ਕਿਸਾਨੀ ਦੀ ਨੁਮਾਇੰਦਗੀ ਕਰਦੀ ਪਾਰਟੀ ਰਹੀ ਹੈ ਤੇ ਇਸ ਵਿੱਚ ਵੀ ਕੋਈ ਝੂਠ ਨਹੀਂ ਕਿ ਅਕਾਲੀ ਪਾਰਟੀ ਨੇ ਖੇਤੀ ਬਿਲਾਂ ਦੇ ਹੱਕ ਵਿੱਚ ਹੁੰਗਾਰਾ ਭਰ ਕੇ ਕਾਫੀ ਕੁਝ ਗਵਾਇਆ ਹੈ ਤੇ ਹੁਣ ਕਹਾਣੀ ਫੇਰ ਉਸੇ ਕੰਨੀ ਤੋਂ ਸ਼ੁਰੂ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਵੈਸੇ ਕਿਸਾਨੀ ਦਾ ਮਸਲਾ ਸਾਂਝਾ ਮਸਲਾ ਹੈ। ਕਿੰਨਾ ਵਧੀਆ ਹੁੰਦਾ ਜੇ ਹਰਸਿਮਰਤ ਬਾਦਲ ਦੂਜੀਆਂ ਪਾਰਟੀਆਂ ਭਾਵ ਕਾਂਗਰਸ ਤੇ ਆਮ ਆਦਮੀ ਪਾਰਟੀ ਦੇ ਨਾਲ ਵੀ ਸਲਾਹ ਕਰ ਲੈਂਦੇ। ਕਿਉਂਕਿ ਪੰਜਾਬ ਦੇ ਮਸਲੇ ਸਾਂਝੇ ਤੌਰ 'ਤੇ ਉਠਾਏ ਜਾਣ ਤਾਂ ਉਸ ਗੱਲ ਦੇ ਵਿੱਚ ਵਜ਼ਨ ਜ਼ਿਆਦਾ ਹੁੰਦਾ। ਪੰਜਾਬ ਦੇ ਸਾਂਝੇ ਮਸਲਿਆਂ ਦੇ ਉੱਤੇ ਮਤਭੇਦਾਂ ਵਾਲਾ ਰੌਲਾ ਖ਼ਤਮ ਕਰ ਦੇਣਾ ਚਾਹੀਦਾ ਹੈ। ਅਸੀਂ ਤਾਂ ਕਹਿੰਦੇ ਹਾਂ ਕਿ ਪੰਜਾਬ ਦੀ ਅਸੈਂਬਲੀ ਦੇ ਵਿੱਚ ਵੀ ਸਾਂਝੇ ਮਸਲਿਆਂ 'ਤੇ ਇੱਕ ਸੁਰ ਹੋ ਕੇ ਚਰਚਾ ਹੋਵੇ।

ਕੱਲ੍ਹ ਬਜਟ ਪੇਸ਼ ਹੋਣ ਤੋਂ ਬਾਅਦ ਵਿੱਚ ਪੰਜਾਬ ਦੇ ਚੁਣੇ ਹੋਏ ਸਾਂਸਦ ਪੰਜਾਬ ਦੇ ਹਿੱਸੇ ਕੁਝ ਵੀ ਨਾ ਆਉਣ ਕਰਕੇ ਵਿਰੋਧ ਕਰਦੇ ਨਜ਼ਰ ਆਏ। ਪੰਜਾਬ ਦੇ ਵਿੱਤ ਮੰਤਰੀ ਨੇ ਕੇਂਦਰ ਸਰਕਾਰ ਦਾ ਵਿਰੋਧ ਕੀਤਾ, ਰਾਜਾ ਵੜਿੰਗ ਬੇਬਾਕ ਹੋ ਕੇ ਸਰਕਾਰ ਖ਼ਿਲਾਫ਼ ਬੋਲੇ। ਹੋਰ ਵੀ ਸੰਸਦ ਮੈਂਬਰਾਂ ਨੇ ਨਾਰਾਜ਼ਗੀ ਜਤਾਈ। ਪੰਜਾਬ ਨਾਲ ਤਾਂ ਬਜਟ ਦੇ ਵਿੱਚ ਹਮੇਸ਼ਾ ਹੀ ਅਣਦੇਖੀ ਹੁੰਦੀ ਆਈ ਹੈ ਤੇ ਹੋ ਵੀ ਰਹੀ ਹੈ। ਇਕੱਲੇ ਪੰਜਾਬ ਨਾਲ ਨਹੀਂ, ਹੋਰ ਰਾਜਾਂ ਨਾਲ ਵੀ ਇਹੋ ਜਿਹਾ ਵਰਤਾਰਾ ਹੋ ਰਿਹਾ ਹੈ। ਕਈ ਬੁੱਧੀਜੀਵੀਆਂ ਨੇ ਤਾਂ 2024 ਦੇ ਬਜਟ ਨੂੰ ਕੁਰਸੀ ਬਚਾਓ ਬਜਟ ਤੱਕ ਕਹਿ ਦਿੱਤਾ।

ਸੁਖਬੀਰ ਬਾਦਲ ਵੀ ਅੱਜਕੱਲ੍ਹ ਮੱਲੋਮੱਲੀ ਚਰਚਾ ਦੀ ਕੰਨੀ ਫੜੀ ਬੈਠੇ ਨੇ, ਅੱਜ ਯਾਨੀ ਬੁੱਧਵਾਰ ਉਹ ਦਰਬਾਰ ਸਾਹਿਬ ਨਤਮਸਤਕ ਹੁੰਦੇ ਨੇ। ਮੀਡੀਆ ਦੇ ਨਾਲ ਰੂਬਰੂ ਹੋਏ ਬਿਨਾਂ ਉਹ ਅਕਾਲ ਤਖ਼ਤ ਸਾਹਿਬ ਵੱਲ ਚਾਲੇ ਪਾਉਂਦੇ ਨੇ। ਇਸ ਉਪਰੰਤ ਉਹਨਾਂ ਵੱਲੋਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਆਪਣਾ ਸਪਸ਼ਟੀਕਰਨ ਦਿੱਤਾ ਜਾਂਦਾ ਹੈ। ਰੱਬ ਦੀਆਂ ਰੱਬ ਜਾਣੇ ਸੁਖਬੀਰ ਬਾਦਲ ਕਿਹੜੀ ਖਿਚੜੀ ਪਕਾਉਣਗੇ ? ਦਰਬਾਰ ਸਾਹਿਬ ਜਾਣ ਤੋਂ ਇੱਕ ਦਿਨ ਪਹਿਲਾਂ ਸੁਖਬੀਰ ਬਾਦਲ ਇੱਕ ਤਕੜਾ ਹਮਲਾ ਆਪਣੇ ਬਾਗੀ ਧੜੇ 'ਤੇ ਕਰਦੇ ਨੇ। ਇਹ ਵੀ ਕਹਿ ਸਕਦੇ ਹਾਂ ਕਿ ਸੁਖਬੀਰ ਬਾਦਲ ਨੇ ਇੱਕ ਵੱਡਾ ਦਾਅ ਖੇਡਿਆ। ਉਹਨਾਂ ਨੇ ਸ਼੍ਰੋਮਣੀ ਅਕਾਲੀ ਦਲ ਦੀ ਕੋਰ ਕਮੇਟੀ ਭੰਗ ਕਰ ਦਿੱਤੀ। ਬਾਗੀ ਧੜੇ ਦੇ ਕਈ ਮੈਂਬਰ ਕੋਰ ਕਮੇਟੀ ਦਾ ਹਿੱਸਾ ਸਨ। ਹੁਣ ਨਵੀਂ ਕੋਰ ਕਮੇਟੀ ਬਣੇਗੀ ਪਰ ਸੁਖਬੀਰ ਬਾਦਲ ਨੇ ਬਾਗੀ ਧੜੇ ਦੇ ਮੈਂਬਰਾਂ ਨੂੰ ਪਾਰਟੀ ਵਿਚੋਂ ਨਾ ਕੱਢਕੇ ਵੀ ਕੱਢ ਦਿੱਤਾ। ਬਾਗੀ ਧੜਾ ਤਿਆਗ ਦੀ ਭਾਵਨਾ ਵਾਲੀ ਬੰਸਰੀ ਵਜਾਉਂਦਾ ਰਿਹਾ ਪਰ ਪ੍ਰਧਾਨ ਸਾਹਿਬ ਨੇ ਉਹਨਾਂ ਨੂੰ ਹੀ ਤਿਆਗ ਦਿੱਤਾ। ਹਾਲਾਂਕਿ ਬਾਗੀ ਧੜੇ ਵੱਲੋਂ ਨਿਰਾਸ਼ਾ ਵੀ ਵੇਖਣ ਨੂੰ ਮਿਲੀ। ਗੁਰਪ੍ਰਤਾਪ ਸਿੰਘ ਵਡਾਲਾ ਉਸ ਧੜੇ ਦੇ ਕਨਵੀਨਰ ਹਨ, ਉਹਨਾਂ ਨੇ ਕਿਹਾ ਕਿ "ਸੁਖਬੀਰ ਬਾਦਲ ਨੇ ਤਾਨਾਸ਼ਾਹੀ ਫ਼ੁਰਮਾਨ ਸੁਣਾਇਆ ਹੈ। ਉਹ ਪਹਿਲਾਂ ਵੀ ਆਪਣੀ ਮਨਮਾਨੀ ਕਰਦੇ ਸੀ ਤੇ ਹੁਣ ਵੀ ਕਰ ਰਹੇ ਹਨ। ਉਹ ਪਾਰਟੀ ਦੀ ਗੱਲ ਨੂੰ ਮੁੱਖ ਨਹੀਂ ਰੱਖਦੇ। ਅਸੀਂ ਦੁਖੀ ਹਾਂ ਪਰ ਆਪਣਾ ਕੰਮ ਜਾਰੀ ਰੱਖਾਂਗੇ।"

ਹੁਣ ਕੁਝ ਗੱਲਾਂ ਸਾਫ਼ ਹੋ ਗਈਆਂ ਨੇ ਜਿਵੇਂ ਅੰਦਾਜ਼ੇ ਲਗਾਏ ਜਾਂਦੇ ਸਨ ਕਿ ਇਹ ਸਾਰੇ ਰਲ਼ ਕੇ ਗੇਮ ਖੇਡ ਰਹੇ ਨੇ ਪਰ ਹੁਣ ਸੁਲਾਹ ਸਫ਼ਾਈ ਵਾਲੀ ਗੱਲ ਖ਼ਤਮ ਹੋ ਗਈ ਹੈ। ਸੁਆਲ ਤਾਂ ਇਹ ਵੀ ਹੈ ਕਿ ਜਥੇਦਾਰ ਸਾਹਿਬਾਨ ਨੂੰ ਮਿਲਣ ਤੋਂ ਪਹਿਲਾਂ ਇਹ ਫ਼ੈਸਲਾ ਕਿਉਂ ਕੀਤਾ ਗਿਆ ? ਕੀ ਇਹ ਕਿਤੇ ਸੋਚੀ ਸਮਝੀ ਰਣਨੀਤੀ ਤਾਂ ਨਹੀਂ ? ਦੇਖਣ ਵਾਲੀ ਗੱਲ ਇਹ ਰਹੇਗੀ ਕਿ ਆਪਸੀ ਸੱਤਾ ਦੀ ਲੜਾਈ ਵਿੱਚ ਕਿਹਦੀ ਰਣਨੀਤੀ ਜ਼ਿਆਦਾ ਕਾਮਯਾਬ ਹੁੰਦੀ ਹੈ। ਦੋਵੇਂ ਹੀ ਧੜੱਲੇਦਾਰ ਧੜੇ ਨੇ ਪਰ ਧੜੱਲੇਦਾਰ ਆਪਣੇ ਹਿੱਤਾਂ ਲਈ ਨੇ, ਪੰਜਾਬ ਲਈ ਨਹੀਂ, ਸਿੱਖ ਪੰਥ ਲਈ ਨਹੀਂ। ਬੱਸ ਹੋਂਦ ਹਸਤੀ ਦੀ ਲੜਾਈ ਅੱਡੀਆਂ ਚੁੱਕ ਚੁੱਕ ਕੇ ਲੜ ਰਹੇ ਨੇ। ਅਸਲ ਵਿੱਚ ਸਿਆਸੀ ਹਮਾਮ ਵਿੱਚ ਸਭ ਨੰਗੇ ਨੇ।

# ਕੇਂਦਰੀ ਬਜਟ : ਵਿਸ਼ੇਸ਼ ਪੈਕੇਜ਼ ਦੀ ਆਸ ਰੱਖਣ ਵਾਲੇ ਪੰਜਾਬ ਦੇ ਪੱਲੇ ਕੁਝ ਨਾ ਪਿਆ

ਚੰਡੀਗੜ੍ਹ/ਏ.ਟੀ.ਨਿਊਜ਼ : ਵਿੱਤ ਮੰਤਰੀ ਨਿਰਮਲਾ ਸੀਤਾਰਮਨ ਵੱਲੋਂ ਪੇਸ਼ ਬਜਟ ਵਿੱਚ ਭਾਵੇਂ ਬਿਹਾਰ ਅਤੇ ਆਂਧਰਾ ਪ੍ਰਦੇਸ਼ ਨੂੰ ਗੱਫ਼ੇ ਦਿੱਤੇ ਗਏ ਹਨ ਪਰ ਪੰਜਾਬ ਦੇ ਪੱਲੇ ਕੁਝ ਨਹੀਂ ਪਿਆ, ਜਿਸ ਕਾਰਨ ਪੰਜਾਬ ਦੇ ਵੱਖ- ਵੱਖ ਆਗੂਆਂ ਵੱਲੋਂ ਕੇਂਦਰੀ ਬਜਟ ਦੀ ਨਿਖੇਧੀ ਕੀਤੀ ਜਾ ਰਹੀ ਹੈ ਅਤੇ ਦਾਅਵਾ ਕੀਤਾ ਜਾ ਰਿਹਾ ਹੈ ਕਿ ਕੇਂਦਰੀ ਬਜਟ ਨੇ ਪੰਜਾਬੀਆਂ ਨੂੰ ਨਿਰਾਸ਼ ਕੀਤਾ ਹੈ।

ਪੰਜਾਬ ਦੇ ਅਨੇਕਾਂ ਆਗੂ ਤਾਂ ਇਹ ਕਹਿ ਰਹੇ ਹਨ ਕਿ ਕੇਂਦਰ ਸਰਕਾਰ ਨੇ ਹਮੇਸ਼ਾ ਹੀ ਪੰਜਾਬ ਨਾਲ ਵਿਤਕਰਾ ਕੀਤਾ ਹੈ ਅਤੇ ਮੌਜੂਦਾ ਬਜਟ ਵਿੱਚ ਪੰਜਾਬ ਨੂੰ ਕੁਝ ਨਾ ਦੇਣਾ ਇਸ ਦੀ ਤਾਜ਼ਾ ਮਿਸਾਲ ਹੈ। ਇਸ ਬਜਟ ਵਿੱਚ ਕੇਂਦਰ ਸਰਕਾਰ ਨੇ ਆਪਣੇ ਭਾਈਵਾਲਾਂ ਦੇ ਰਾਜਾਂ ਨੂੰ ਹੀ ਲਾਭ ਦਿੱਤੇ ਹਨ। ਇਸ ਦੇ ਨਾਲ ਹੀ ਪੰਜਾਬ ਦੇ ਗੁਆਂਢੀ ਸੂਬੇ ਹਿਮਾਚਲ ਪ੍ਰਦੇਸ਼ ਨੂੰ ਵੀ ਅਨੇਕਾਂ ਰਾਹਤਾਂ ਦਿੱਤੀਆਂ ਗਈਆਂ ਹਨ ਪਰ ਪੰਜਾਬ ਨੂੰ ਇਸ ਬਜਟ ਵਿੱਚ ਪੂਰੀ ਤਰ੍ਹਾਂ ਅੱਖੋਂ ਝਰੋਖੇ ਕਰ ਦਿੱਤਾ ਗਿਆ ਹੈ। ਆਮ ਆਦਮੀ ਪਾਰਟੀ ਦੇ ਆਗੂ ਤਾਂ ਇਹ ਵੀ ਕਹਿ ਰਹੇ ਹਨ ਕਿ ਵਿੱਤ ਮੰਤਰੀ ਨੇ ਆਪਣੇ ਭਾਸ਼ਣ ਵਿੱਚ ਇੱਕ ਵਾਰ ਵੀ ਪੰਜਾਬ ਦਾ ਜ਼ਿਕਰ ਨਹੀਂ ਕੀਤਾ।

ਬੇਸ਼ੱਕ ਕੇਂਦਰੀ ਬਜਟ 2024-25 ਦੀਆਂ ਤਜਵੀਜ਼ਾਂ ਵਿੱਚ 109 ਫ਼ਸਲਾਂ ਦੀ ਉੱਚ ਉਪਜ, ਜਲਵਾਯੂ ਪ੍ਰਤੀਰੋਧਕ ਕਿਸਮਾਂ ਅਤੇ ਫ਼ਸਲੀ ਵਿਭਿੰਨਤਾ 'ਤੇ ਫੋਕਸ ਕੀਤਾ ਗਿਆ ਹੈ। ਇਸੇ ਤਰ੍ਹਾਂ ਸਹਿਕਾਰੀ ਖੇਤੀ ਅਤੇ ਕੁਦਰਤੀ ਖੇਤੀ ਤੋਂ ਇਲਾਵਾ ਸਬਜ਼ੀਆਂ ਦੇ ਕਲੱਸਟਰ ਬਣਾਉਣ ਦੀ ਤਜਵੀਜ਼ ਘੜੀ ਗਈ ਹੈ। ਪੰਜਾਬ ਦੇ ਕਿਸਾਨਾਂ ਨੇ ਇਨ੍ਹਾਂ ਤਜਵੀਜ਼ਾਂ ਨੂੰ ਰੱਦ ਕਰ ਦਿੱਤਾ ਹੈ। ਪੰਜਾਬ 'ਚ ਖੇਤੀ ਕਰਜ਼ਾ ਅਤੇ ਕਿਸਾਨ ਖ਼ੁਦਕੁਸ਼ੀਆਂ ਦੋ ਵੱਡੇ ਮਸਲੇ ਹਨ ਜਿਨ੍ਹਾਂ ਨਾਲ ਨਜਿੱਠਣ ਵਾਸਤੇ ਬਜਟ ਕੋਈ ਹੁੰਗਾਰਾ ਨਹੀਂ ਭਰ ਰਿਹਾ ਹੈ।

## ਪੰਜਾਬ ਦੇ ਸਿਆਸੀ ਆਗੂਆਂ ਵੱਲੋਂ ਕੇਂਦਰੀ ਬਜਟ ਦੀ ਨਿਖੇਧੀ

ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਵੱਲੋਂ ਪੇਸ਼ ਕੀਤੇ ਕੇਂਦਰੀ ਬਜਟ ਦੀ ਆਲੋਚਨਾ ਕਰਦਿਆਂ ਕਿਹਾ ਕਿ ਬਜਟ ਵਿੱਚ ਔਰਤਾਂ, ਗਰੀਬਾਂ ਅਤੇ ਕਿਸਾਨਾਂ ਦੇ ਮੁੱਦਿਆਂ ਨੂੰ ਅੱਖੋਂ-ਪਰੋਖੇ ਕਰਨ ਦੇ ਨਾਲ-ਨਾਲ ਪੰਜਾਬ ਦੇ ਹਿੱਤਾਂ ਨੂੰ ਵੀ ਪੂਰੀ ਤਰ੍ਹਾਂ ਅਣਦੇਖਿਆਂ ਕੀਤਾ ਗਿਆ ਹੈ। ਚੀਮਾ ਨੇ ਵਿੱਤੀ ਸਾਲ 2024-25 ਦੌਰਾਨ ਖਾਦ ਸਬਸਿਡੀਆਂ 'ਚ ਕੀਤੀ ਗਈ ਭਾਰੀ ਕਟੌਤੀ ਦੇ ਗੰਭੀਰ ਨਤੀਜਿਆਂ ਨੂੰ ਉਜਾਗਰ ਕੀਤਾ।



ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਹੜ੍ਹਾਂ ਦੇ ਖ਼ਤਰੇ ਦੀ ਸੰਭਾਵਨਾ ਨੂੰ ਅੱਖੋਂ-ਪਰੋਖੇ ਕਰਦਿਆਂ ਬਜਟ ਵਿੱਚ ਹੜ੍ਹ ਪ੍ਰਬੰਧਨ ਅਤੇ ਸਿੰਚਾਈ ਪ੍ਰਾਜੈਕਟਾਂ, ਜੋ ਸੂਬੇ ਦੀਆਂ ਵਿਲੱਖਣ ਲੋੜਾਂ ਨੂੰ ਪੂਰਾ ਕਰਦੇ ਹਨ, ਲਈ ਕੋਈ ਵੀ ਵਿਸ਼ੇਸ਼ ਫੰਡ ਅਲਾਟ ਨਹੀਂ ਕੀਤੇ ਗਏ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁਕਾਬਲੇ ਗੁਆਂਢੀ ਪਹਾੜੀ ਰਾਜਾਂ ਨੂੰ ਤਰਜੀਹ ਦੇਣ ਕਾਰਨ ਪਹਿਲਾਂ ਹੀ ਖੇਤਰੀ ਅਸਮਾਨਤਾਵਾਂ ਦਾ ਸ਼ਿਕਾਰ ਪੰਜਾਬ, ਇੱਕ ਵਾਰ ਫਿਰ ਕੇਂਦਰ ਸਰਕਾਰ ਦੇ ਪੱਖਪਾਤੀ ਵਤੀਰੇ ਦਾ ਸ਼ਿਕਾਰ ਹੋ ਗਿਆ ਹੈ। ਚੀਮਾ ਨੇ ਕਿਹਾ ਕਿ ਕੇਂਦਰ ਵੱਲੋਂ ਬਿਹਾਰ ਅਤੇ ਆਂਧਰਾ ਪ੍ਰਦੇਸ਼ ਵਰਗੇ ਰਾਜਾਂ ਨੂੰ ਤਾਂ ਵਾਧੂ ਵਿੱਤੀ ਪੈਕੇਜ ਦਿੱਤੇ ਗਏ ਹਨ, ਜਦਕਿ ਪੰਜਾਬ ਨੂੰ ਕੋਈ ਵਿਸ਼ੇਸ਼ ਵਿੱਤੀ ਸਹਾਇਤਾ ਦੇਣ ਤੋਂ ਹੱਥ ਪਿੱਛੇ ਖਿੱਚ ਲਏ ਹਨ। ਚੀਮਾ ਨੇ ਚਿਤਾਵਨੀ ਦਿੱਤੀ ਕਿ ਇਹ ਪੱਖਪਾਤੀ ਰਵੱਈਆ ਪੰਜਾਬ ਦੇ ਵਿਕਾਸ ਵਿੱਚ ਰੋੜਾ ਬਣ ਸਕਦਾ ਹੈ।

ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਤੇ ਲੁਧਿਆਣਾ ਤੋਂ ਸੰਸਦ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਬਜਟ ਨੂੰ ਸਰਕਾਰ ਬਚਾਓ ਬਜਟ ਦੱਸਦੇ ਹੋਏ ਕਿਹਾ ਕਿ ਇਹ ਦੇਸ਼ ਦੀ ਜਨਤਾ ਦੇ ਭਖਦੇ ਮੁੱਦਿਆਂ 'ਤੇ ਧਿਆਨ ਦੇਣ ਦੀ ਬਜਾਏ ਐੱਨਡੀਏ ਗੱਠਜੋੜ ਦੇ ਅੰਦਰ ਵੱਖ-ਵੱਖ ਪਾਰਟੀਆਂ ਨੂੰ ਖੁਸ਼ਕਰਨ ਲਈ ਬਣਾਇਆ ਗਿਆ ਹੈ। ਕਿਹਾ ਕਿ ਪੰਜਾਬ ਨਾ ਸਿਰਫ਼ ਸਰਹੱਦੀ ਸੂਬਾ ਹੈ, ਬਲਕਿ ਭਾਰਤ ਦੇ ਖੁਰਾਕੀ ਭੰਡਾਰ ਨੂੰ ਵੀ ਭਰਨ ਵਾਲਾ ਹੈ। ਇਸਦੇ ਬਾਵਜੂਦ ਵਿੱਤ ਮੰਤਰਾਲੇ ਪੰਜਾਬ ਲਈ ਇਕ ਵੀ ਵਿਸ਼ੇਸ਼ ਪੈਕੇਜ ਦਾ ਐਲਾਨ ਕਰਨ 'ਚ ਨਾਕਾਮ ਰਿਹਾ। ਇਸੇ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਪੰਜਾਬ 'ਚ ਜ਼ਮੀਨੀ ਪਾਣੀ ਦੇ ਪੱਧਰ ਡਿੱਗਦਾ ਜਾ ਰਿਹਾ ਹੈ। ਇਸਦੇ ਬਾਵਜੂਦ ਬਜਟ 'ਚ ਕਿਸਾਨਾਂ ਲਈ ਜ਼ਰੂਰੀ ਫ਼ਸਲੀ ਵਿਭਿੰਨਤਾ ਜਾਂ ਕਰਜ਼ ਮਾਫ਼ੀ ਲਈ ਕੋਈ ਐਲਾਨ ਨਹੀਂ ਕੀਤਾ ਗਿਆ। ਬਾਦਲ ਨੇ ਕਿਹਾ ਕਿ ਕੇਂਦਰ ਸਰਕਾਰ ਐੱਮ.ਐੱਸ.ਪੀ. ਲਈ ਕਾਨੂੰਨੀ ਗਾਰੰਟੀ ਦੇਣ ਤੇ ਸਾਰੀਆਂ ਫ਼ਸਲਾਂ ਨੂੰ ਐੱਮ.ਐੱਸ.ਪੀ. 'ਤੇ ਖ਼ਰੀਦਣ ਲਈ ਫੰਡ ਅਲਾਟ ਕਰਨ 'ਚ ਵੀ ਨਾਕਾਮ ਰਹੀ ਹੈ।

ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਸਰਵਨ ਸਿੰਘ ਪੰਧੇਰ ਆਖਦੇ ਹਨ ਕਿ ਬਜਟ ਵਿਚ ਕਿਧਰੇ ਵੀ ਫ਼ਸਲੀ ਭਾਅ ਦੀ ਕਾਨੂੰਨੀ ਗਾਰੰਟੀ ਅਤੇ ਕਿਸਾਨਾਂ ਦੀ ਕਰਜ਼ਾ ਮੁਆਫ਼ੀ ਦਾ ਕੋਈ ਜ਼ਿਕਰ ਨਹੀਂ ਹੈ। ਲੁਧਿਆਣਾ ਦੇ ਸਨਅਤਕਾਰ ਈਸ਼ਵਰ ਸਿੰਘ ਭੰਦੋਹਲ ਆਖਦੇ ਹਨ ਕਿ ਬਜਟ ਵਿੱਚ ਸਨਅਤੀ ਔਕੜਾਂ ਨੂੰ ਦੂਰ ਕਰਨ ਵਾਲਾ ਕੋਈ ਨੁਕਤਾ ਨਹੀਂ ਹੈ ਜਦੋਂ ਕਿ ਸੂਬੇ ਨੂੰ ਸਨਅਤ ਪੱਖੋਂ ਅੱਗੇ ਲਿਜਾਣ ਲਈ ਕੇਂਦਰੀ ਸਹਾਰੇ ਦੀ ਲੋੜ ਹੈ। ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਲਛਮਣ ਸਿੰਘ ਸੇਵੇਵਾਲਾ ਆਖਦੇ ਹਨ ਕਿ ਖੇਤ ਮਜ਼ਦੂਰਾਂ ਲਈ ਰੁਜ਼ਗਾਰ ਦਾ ਸੰਕਟ ਹੈ ਅਤੇ ਉਨ੍ਹਾਂ ਦੇ ਕਰਜ਼ਿਆਂ ਦੀ ਮੁਆਫ਼ੀ ਵਾਸਤੇ ਬਜਟ ਬਾਂਹ ਨਹੀਂ ਫੜ ਰਿਹਾ ਹੈ।

# ਚੋਣ ਝਟਕਿਆਂ ਤੋਂ ਬਾਅਦ ਭਾਜਪਾ ਦੀ ਹਿਲਣ ਲੱਗੀ ਸਿਆਸੀ ਜ਼ਮੀਨ

## ਯੋਗੀ ਦਾ ਸਿਆਸੀ ਕੱਦ ਹਾਲੀਆ ਚੋਣਾਂ ਵਿੱਚ ਮਿਲੀ ਹਾਰ ਕਾਰਨ ਘਟਿਆ, ਬਗ਼ਾਵਤ ਫ਼ੈਲੀ

## ਉਪ ਚੋਣਾਂ ਦੇ ਨਤੀਜੇ ਤੈਅ ਕਰਨਗੇ ਯੋਗੀ ਦਾ ਭਵਿੱਖ



ਆਮ ਚੋਣਾਂ ਵਿੱਚ ਝਟਕੇ ਦਾ ਅਸਰ ਹੁਣ ਭਾਰਤੀ ਜਨਤਾ ਪਾਰਟੀ ਅਤੇ ਇੱਥੋਂ ਤੱਕ ਕਿ ਰਾਸ਼ਟਰੀ ਸਵੈਮ ਸੇਵਕ ਸੰਘ ਵਿੱਚ ਵੀ ਸਾਫ਼ ਨਜ਼ਰ ਆ ਰਿਹਾ ਹੈ। ਉਥਲ-ਪੁਥਲ ਦਾ ਅਜਿਹਾ ਦ੍ਰਿਸ਼ ਹੈ, ਜਿਸ ਨੂੰ ਨਰਿੰਦਰ ਮੋਦੀ ਦੇ ਦੌਰ ਵਿੱਚ ਅਸਾਧਾਰਨ ਘਟਨਾ ਕਰਮ ਮੰਨਿਆ ਜਾਵੇਗਾ। ਸ਼ੁਰੂਆਤੀ ਦੌਰ ਵਿੱਚ ਹਾਈਕਮਾਂਡ ਨੇ ਇਹ ਦਿਖਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਸਭ ਕੁਝ ਪਹਿਲਾਂ ਵਰਗਾ ਹੈ ਪਰ ਹੁਣ ਸਭ ਨਿਘਰਦਾ ਜਾਪਦਾ ਹੈ।

ਹੁਣ ਵੀ ਭਾਜਪਾ/ਆਰ.ਐਸ.ਐਸ. ਆਗੂ ਹਨੇਰੇ ਵਿੱਚ ਤੀਰ ਚਲਾ ਰਹੇ ਹਨ। ਉਹ ਅਸਲ ਸਵਾਲਾਂ ਦਾ ਸਾਹਮਣਾ ਕਰਨ ਦੀ ਹਿੰਮਤ ਨਹੀਂ ਦਿਖਾ ਸਕੇ । ਮੋਟੇ ਤੌਰ 'ਤੇ, ਸੰਘ ਨੇ ਉੱਤਰ ਪ੍ਰਦੇਸ਼ ਅਤੇ ਮਹਾਰਾਸ਼ਟਰ ਵਿੱਚ ਹਾਰ ਅਤੇ ਕੁਝ ਰਾਜਾਂ ਵਿੱਚ ਝਟਕਿਆਂ ਦਾ ਕਾਰਨ ਭਾਜਪਾ ਦੀਆਂ ਅੰਦਰੂਨੀ ਕਮਜ਼ੋਰੀਆਂ ਨੂੰ ਦੱਸਿਆ। ਉਨ੍ਹਾਂ ਨੇ ਹੰਕਾਰ, ਪਾਰਟੀ ਆਗੂਆਂ ਵਿੱਚ ਵੱਧ ਆਤਮਵਿਸ਼ਵਾਸ, ਵਰਕਰਾਂ ਦੀ ਅਣਦੇਖੀ, ਵਰਕਰਾਂ ਨਾਲ ਸੰਪਰਕ ਟੁੱਟਣ ਅਤੇ ਟਿਕਟਾਂ ਦੀ ਵੰਡ ਵਿੱਚ ਗਲਤੀਆਂ ਦਾ ਜ਼ਿਕਰ ਕੀਤਾ ਹੈ ਪਰ ਕਿਸੇ ਨੇ ਵੀ ਇਸ ਤੱਥ ਨੂੰ ਘੋਖਣ ਦੀ ਕੋਸ਼ਿਸ਼ ਨਹੀਂ ਕੀਤੀ ਕਿ ਵੋਟਰਾਂ ਵਿੱਚ ਡੂੰਘੀ ਹੋ ਰਹੀ ਸੱਤਾ ਵਿਰੋਧੀ ਭਾਵਨਾ ਦਾ ਇਨ੍ਹਾਂ ਪਹਿਲੂਆਂ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਸੰਭਵ ਹੈ ਕਿ ਇਨ੍ਹਾਂ ਗੱਲਾਂ ਨੇ ਵੀ ਕੋਈ ਭੂਮਿਕਾ ਨਿਭਾਈ ਹੋਵੇ ਜਿਸਦਾ ਜ਼ਿਕਰ ਭਾਜਪਾ ਆਗੂ ਜਾਂ ਸੰਘੀ ਨੇਤਾ ਕਰ ਰਹੇ ਹਨ।

ਪਰ ਅਸਲ ਸਵਾਲ ਸਰਕਾਰ ਦੀਆਂ ਉਨ੍ਹਾਂ ਨੀਤੀਆਂ ਅਤੇ ਦਿਸ਼ਾ-ਨਿਰਦੇਸ਼ਾਂ ਦਾ ਹੈ, ਜਿਨ੍ਹਾਂ ਕਾਰਨ ਆਮ ਲੋਕਾਂ ਦਾ ਜਿਊਣਾ ਮੁਸ਼ਕਲ ਹੋ ਗਿਆ ਹੈ ਅਤੇ ਜਿਸ ਦੇ ਖਿਲਾਫ ਅੱਜ ਜ਼ਮੀਨੀ ਪੱਧਰ 'ਤੇ ਵਿਆਪਕ ਅਸੰਤੋਸ਼ ਹੈ। ਪਿਛਲੇ ਹਫ਼ਤੇ ਸੱਤ ਰਾਜਾਂ ਦੀਆਂ 13 ਵਿਧਾਨ ਸਭਾ ਸੀਟਾਂ ਦੀਆਂ ਜ਼ਿਮਨੀ ਚੋਣਾਂ ਦੇ ਨਤੀਜਿਆਂ ਤੋਂ ਵੀ ਇਨ੍ਹਾਂ ਭਾਵਨਾਵਾਂ ਦੀ ਪੁਸ਼ਟੀ ਹੋਈ ਹੈ। ਇਸ ਨੂੰ ਭਾਜਪਾ/ਆਰ.ਐਸ.ਐਸ. ਦੀ ਲੀਡਰਸ਼ਿਪ ਦੀ ਅਲਪ ਦ੍ਰਿਸ਼ਟੀ ਹੀ ਕਿਹਾ ਜਾਵੇਗਾ ਕਿ ਉਨ੍ਹਾਂ ਦਾ ਧਿਆਨ ਅਜੇ ਤੱਕ ਇਸ ਪਾਸੇ ਕੇਂਦਰਿਤ ਨਹੀਂ ਹੋਇਆ।

ਜੇਕਰ ਸੱਤਾਧਾਰੀ ਧਿਰ ਇਸ ਮੂਲ ਤੱਥ ਤੋਂ ਅਣਜਾਣ ਰਹਿੰਦੀ ਹੈ, ਜਾਂ ਇਸ ਨੂੰ ਅਣਗੌਲਿਆਂ ਕਰਦੀ ਰਹੀ ਤਾਂ ਇਹ ਕਿਹਾ ਜਾਵੇਗਾ ਕਿ ਇਸ ਦੇ ਆਗੂਆਂ ਦੇ ਹਨੇਰੇ ਵਿੱਚ ਚਲਾਏ ਜਾ ਰਹੇ ਤੀਰ ਆਪਣੇ ਨਿਸ਼ਾਨੇ ਤੱਕ ਨਹੀਂ ਪਹੁੰਚਣਗੇ।

### ਯੂ.ਪੀ. ਭਾਜਪਾ ਵਿੱਚ ਫੁੱਟ, ਯੋਗੀ ਦੀ ਸਿਆਸੀ ਜ਼ਮੀਨ ਖਿਸਕਣ ਲਗੀ

ਭਾਜਪਾ ਦੀ ਉੱਤਰ ਪ੍ਰਦੇਸ਼ ਇਕਾਈ ਵਿੱਚ ਸਭ ਕੁਝ ਠੀਕ ਨਹੀਂ ਹੈ। ਇਹ ਉਹੀ ਸੂਬਾ ਹੈ ਜਿਸ ਨੂੰ ਸਿਆਸੀ ਤੇ ਚੁਣਾਵੀ ਪੱਖ ਤੋਂ ਦੇਸ਼ ਦਾ ਸਭ ਤੋਂ ਮਹੱਤਵਪੂਰਨ ਰਾਜ ਮੰਨਿਆ ਜਾਂਦਾ ਹੈ। ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਬੀਤੇ ਦਿਨੀਂ ਪਾਰਟੀ ਦੀ ਸੂਬਾਈ ਵਰਕਿੰਗ ਕਮੇਟੀ ਦੀ ਮੀਟਿੰਗ ਦੌਰਾਨ ਇਹ ਬਿਆਨ ਦੇ ਕੇ ਹਲਚਲ



ਪੈਦਾ ਕਰ ਦਿੱਤੀ ਕਿ 'ਲੋੜੋਂ ਵੱਧ ਆਤਮ-ਵਿਸ਼ਵਾਸ ਤੇ ਤਬਦੀਲ ਹੋਈਆਂ ਵੋਟਾਂ' ਨੇ ਹਾਲੀਆ ਲੋਕ ਸਭਾ ਚੋਣਾਂ ਵਿੱਚ ਉੱਤਰ ਪ੍ਰਦੇਸ਼ ਰਾਜ ਵਿੱਚ ਭਾਜਪਾ ਦੀਆਂ ਸੰਭਾਵਨਾਵਾਂ ਨੂੰ ਸੱਟ ਮਾਰੀ ਹੈ।

ਸੰਸਦ ਦੇ ਹੇਠਲੇ ਸਦਨ ਲੋਕ ਸਭਾ ਵਿੱਚ ਭਗਵਾਂ ਪਾਰਟੀ ਦੇ ਇਸ ਵਾਰ ਬਹੁਮਤ ਦੇ ਅੰਕੜੇ ਤੋਂ ਪਿੱਛੇ ਰਹਿ ਜਾਣ ਦਾ ਵੱਡਾ ਕਾਰਨ ਯੂ.ਪੀ. ਵਿੱਚ ਮਾੜੀ ਕਾਰਗੁਜ਼ਾਰੀ ਹੈ। ਭਾਜਪਾ ਨੇ ਹਾਲੀਆ ਲੋਕ ਸਭਾ ਚੋਣਾਂ ਵਿੱਚ ਯੂਪੀ ਵਿੱਚ ਸਿਰਫ਼ 33 ਸੀਟਾਂ ਜਿੱਤੀਆਂ ਹਨ (2019 ਵਿੱਚ 62 ਸੀਟਾਂ ਸਨ), ਸਮਾਜਵਾਦੀ ਪਾਰਟੀ ਤੇ ਕਾਂਗਰਸ ਦੇ ਗੱਠਜੋੜ ਨੂੰ 43 ਸੀਟਾਂ ਨਾਲ ਵੱਡੀ ਸਫ਼ਲਤਾ ਮਿਲੀ ਹੈ। ਜ਼ਿਕਰਯੋਗ ਹੈ ਕਿ ਯੂ.ਪੀ. ਵਿੱਚੋਂ 80 ਮੈਂਬਰ ਚੁਣ ਕੇ ਲੋਕ ਸਭਾ ਜਾਂਦੇ ਹਨ ਜੋ ਕਾਫ਼ੀ ਵੱਡਾ ਅੰਕੜਾ ਹੈ। ਕੇਂਦਰ ਸਰਕਾਰ ਦੇ ਗਠਨ ਵਿੱਚ ਉੱਤਰ ਪ੍ਰਦੇਸ਼ ਦੀ ਅਹਿਮ ਭੂਮਿਕਾ ਰਹਿੰਦੀ ਹੈ। ਭਾਜਪਾ ਲਈ ਸਭ ਤੋਂ ਵੱਡਾ ਝਟਕਾ ਪਾਰਟੀ ਨੂੰ ਅਯੁੱਧਿਆ ਜ਼ਿਲ੍ਹੇ ਦੇ ਫੈਜ਼ਾਬਾਦ ਲੋਕ ਸਭਾ ਹਲਕੇ ਤੋਂ ਮਿਲੀ ਹਾਰ ਹੈ ਜਿੱਥੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜਨਵਰੀ ਵਿੱਚ ਰਾਮ ਮੰਦਰ ਦਾ ਉਦਘਾਟਨ ਕੀਤਾ ਸੀ। ਪ੍ਰਧਾਨ ਮੰਤਰੀ ਖ਼ੁਦ ਵੀ ਆਪਣੀ ਵਾਰਾਨਸੀ ਸੀਟ ਤੋਂ ਕਰੀਬ 1.52 ਲੱਖ ਵੋਟਾਂ ਦੇ ਫ਼ਰਕ ਨਾਲ ਹੀ ਜਿੱਤੇ ਹਨ। ਇਹ ਅੰਕੜਾ 2019 ਦੀਆਂ ਲੋਕ ਸਭਾ ਚੋਣਾਂ ਵਿਚ ਉਨ੍ਹਾਂ ਦੀ ਜਿੱਤ ਦੇ ਫ਼ਰਕ (4.79 ਲੱਖ ਵੋਟਾਂ) ਨਾਲੋਂ ਕਾਫ਼ੀ ਘੱਟ ਹੈ। ਆਮ ਜਨਤਾ ਵਿੱਚ ਇਸ ਦਾ ਬਾਕਾਇਦਾ ਅਸਰ ਗਿਆ ਹੈ ਅਤੇ ਕਾਂਗਰਸ ਆਗੂ ਰਾਹੁਲ ਗਾਂਧੀ ਬਤੌਰ ਲੀਡਰ ਉੱਭਰ ਕੇ ਅੱਗੇ ਆਏ ਹਨ। ਇਸ ਪ੍ਰਸੰਗ ਵਿੱਚ ਵਿਰੋਧੀ ਧਿਰ ਦੀ ਜ਼ਮੀਨ ਮੁਕਾਬਲਤਨ ਮਜ਼ਬੂਤ ਹੋਈ ਹੈ ਜੋ ਪਿਛਲੇ ਸਾਲਾਂ ਦੌਰਾਨ ਦੇਖਣ ਵਿੱਚ ਆਇਆ ਸਿਆਸੀ ਨਿਘਾਰ ਠੱਲ੍ਹਣ ਵਿੱਚ ਅਹਿਮ ਰੋਲ ਅਦਾ ਕਰ ਸਕਦੀ ਹੈ। ਰਾਜ ਵਿੱਚ ਆਉਣ ਵਾਲੇ ਮਹੀਨਿਆਂ 'ਚ 10 ਵਿਧਾਨ ਸਭਾ ਸੀਟਾਂ 'ਤੇ ਜਿ ?ਮਨੀ ਚੋਣਾਂ ਹੋਣਗੀਆਂ। ਇਸ ਤੋਂ ਪਹਿਲਾਂ ਪਾਰਟੀ ਹਾਈਕਮਾਨ ਨੂੰ ਯੋਗੀ, ਮੌਰੀਆ ਅਤੇ ਚੌਧਰੀ 'ਚ ਸਹਿਮਤੀ ਬਣਾਉਣ ਲਈ ਸੰਘਰਸ਼ ਕਰਨਾ ਪੈ ਰਿਹਾ ਹੈ। ਪ੍ਰਧਾਨ ਮੰਤਰੀ ਮੋਦੀ ਦੇ ਬਦਲ ਵਜੋਂ ਦੇਖੇ ਜਾ ਰਹੇ ਮੁੱਖ ਮੰਤਰੀ ਯੋਗੀ ਦਾ ਸਿਆਸੀ ਕੱਦ ਹਾਲੀਆ ਚੋਣਾਂ ਵਿੱਚ ਮਿਲੀ ਹਾਰ ਕਾਰਨ ਘਟ ਗਿਆ ਹੈ।

(ਬਾਕੀ ਸਫ਼ਾ 30 'ਤੇ)

### ਭਾਜਪਾ ਹਿੰਦੂ ਕਾਰਡ ਦੇ ਸਹਾਰੇ

ਲੋਕ ਸਭਾ ਚੋਣਾਂ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਹਿੰਦੂ-ਮੁਸਲਿਮ ਕਰਨ ਵਿੱਚ ਕੋਈ ਕੁਤਾਹੀ ਨਹੀਂ ਕੀਤੀ। ਹਰ ਥਾਂ ਹਿੰਦੂਆਂ ਨੂੰ ਡਰਾਇਆ ਗਿਆ ਕਿ ਕਾਂਗਰਸ ਆ ਗਈ ਤਾਂ ਸਭ ਕੁਝ ਮੁਸਲਮਾਨਾਂ ਨੂੰ ਦੇ ਦੇਵੇਗੀ। ਪਰ ਇਹ ਨੈਗੇਟਿਵ ਕੰਮ ਨਹੀਂ ਆਇਆ। ਮੋਦੀ ਨੇ ਰਾਜਸਥਾਨ ਤੋਂ ਇਸ ਦੀ ਸ਼ੁਰੂਆਤ ਕੀਤੀ ਸੀ ਅਤੇ ਉੱਥੇ ਭਾਜਪਾ 11 ਸੀਟਾਂ ਹਾਰ ਗਈ। ਉੱਤਰ ਪ੍ਰਦੇਸ਼ ਵਿੱਚ ਵੀ ਇਹੀ ਦਾਅ ਚੱਲਿਆ, ਪਰ ਉੱਥੇ ਵੀ ਭਾਜਪਾ 62 ਸੀਟਾਂ ਤੋਂ ਘਟ ਕੇ 33 ਸੀਟਾਂ 'ਤੇ ਆ ਗਈ ਅਤੇ ਸਮਾਜਵਾਦੀ ਪਾਰਟੀ 37 ਸੀਟਾਂ ਨਾਲ ਸਭ ਤੋਂ ਵੱਡੀ ਪਾਰਟੀ ਬਣ ਗਈ।

ਇਸ ਲਈ ਇਹ ਗੱਲ ਸਮਝ ਤੋਂ ਦੂਰ ਹੈ ਕਿ ਭਾਜਪਾ ਕਿਉਂ ਫਿਰ ਹਿੰਦੂ-ਮੁਸਲਿਮ ਦਾ ਹੀ ਨੈਗੇਟਿਵ ਰਾਜਾਂ ਦੇ ਚੋਣਾਂ 'ਚ ਬਣਾ ਰਹੀ ਹੈ? ਗ੍ਰਹਿ ਮੰਤਰੀ ਅਮਿਤ ਸ਼ਾਹ ਬੀਤੇ ਦਿਨੀਂ ਹਰਿਆਣਾ ਗਏ ਤਾਂ ਉਨ੍ਹਾਂ ਨੇ ਉਹੀ ਰਾਗ ਅਲਾਪਿਆ, ਜੋ ਲੋਕ ਸਭਾ ਚੋਣਾਂ ਦੌਰਾਨ ਅਲਾਪ ਰਹੇ ਸਨ। ਉਨ੍ਹਾਂ ਨੇ ਕਿਹਾ ਕਿ ਕਾਂਗਰਸ ਆ ਗਈ ਤਾਂ ਉਹ ਪਛੜੀਆਂ ਜਾਤੀਆਂ ਦਾ ਰਾਖਵਾਂਕਰਨ ਖੋਹ ਕੇ ਮੁਸਲਮਾਨਾਂ ਨੂੰ ਦੇ ਦੇਵੇਗੀ। ਉਨ੍ਹਾਂ ਨੇ ਕਰਨਾਟਕ ਦਾ ਹਵਾਲਾ ਦਿੱਤਾ ਤਾਂ ਕਾਂਗਰਸ ਨੇ ਕਿਹਾ ਕਿ ਆਂਧਰਾ ਪ੍ਰਦੇਸ਼ ਦੀ ਗੱਲ ਕਰੋ, ਜਿੱਥੇ ਭਾਜਪਾ ਅਤੇ ਉਸ ਦੀ ਸਹਿਯੋਗੀ ਤੇਲਗੂ ਦੇਸ਼ਮ ਪਾਰਟੀ ਦੀ ਸਰਕਾਰ ਹੈ। ਤੇਲਗੂ ਦੇਸ਼ਮ ਪਾਰਟੀ ਨੇ ਖੁੱਲ੍ਹ ਕੇ ਮੁਸਲਮਾਨਾਂ ਦੇ ਰਾਖਵਾਂਕਰਨ ਦਾ ਸਮਰਥਨ ਕੀਤਾ ਹੈ। ਫਿਲਹਾਲ, ਹਰਿਆਣਾ ਵਿੱਚ ਭਾਜਪਾ ਪਛੜੀਆਂ ਜਾਤੀਆਂ, ਬ੍ਰਾਹਮਣ ਅਤੇ ਪੰਜਾਬੀ ਦਾ ਜਾਤੀ ਸਮੀਕਰਨ ਬਣਾ ਰਹੀ ਹੈ। ਉਸ ਨੇ ਜਾਟ ਅਤੇ ਦਲਿਤ ਨੂੰ ਛੱਡਿਆ ਹੋਇਆ ਹੈ ਪਰ ਨਾਲ ਹੀ ਇਹ ਵੀ ਚਾਹੁੰਦੀ ਹੈ ਕਿ ਹਿੰਦੂ ਧਰੁਵੀਕਰਨ ਹੋ ਜਾਵੇ।

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ



ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ 'ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ 'ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

ਈ ਮੇਲ : asrtimes@gmail.com


CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL

ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.

Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.



Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us





ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com



# ਡਾ. ਮਨਮੋਹਨ ਸਿੰਘ ਨੂੰ 'ਪੰਥ ਰਤਨ' ਨਾਲ ਕੀਤਾ ਜਾਵੇ ਸਨਮਾਨਿਤ

## ਨਾਮਧਾਰੀ ਸੰਸਥਾ ਦੇ ਵਫ਼ਦ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਅੱਗੇ ਰੱਖੀ ਮੰਗ



ਅੰਮ੍ਰਿਤਸਰ/ਏ.ਟੀ.ਨਿਊਜ਼ : ਨਾਮਧਾਰੀ ਸੰਸਥਾ ਦੇ ਮੁਖੀ ਠਾਕੁਰ ਦਲੀਪ ਸਿੰਘ ਵੱਲੋਂ ਭੇਜੇ ਵਫਦ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨਾਲ ਮੁਲਾਕਾਤ ਕੀਤੀ। ਮੁਲਾਕਾਤ ਸਮੇਂ ਵਫਦ ਨੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ 'ਪੰਥ ਰਤਨ' ਦੀ ਉਪਾਧੀ ਦੇਣ ਦੀ ਲਿਖਤੀ ਤੌਰ 'ਤੇ ਮੰਗ ਕੀਤੀ। ਸੂਬਾ ਅਮਰੀਕ ਸਿੰਘ ਦੀ ਅਗਵਾਈ ਵਿੱਚ ਆਏ ਵਫਦ ਨੇ ਕਿਹਾ ਕਿ ਸਿੰਘ ਸਾਹਿਬ ਨੇ ਉਨ੍ਹਾਂ ਦਾ ਮੰਗ ਪੱਤਰ ਸਵੀਕਾਰ ਕਰਦਿਆਂ ਇਸ 'ਤੇ ਵਿਚਾਰ ਕਰਨ ਦੀ ਗੱਲ ਕੀਤੀ ਹੈ।

ਸੂਬਾ ਅਮਰੀਕ ਸਿੰਘ ਨੇ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਵਜੋਂ ਆਪਣੇ 10 ਸਾਲਾਂ ਦੇ ਕਾਰਜਕਾਲ ਦੌਰਾਨ ਡਾ. ਮਨਮੋਹਨ ਸਿੰਘ ਨੇ ਸਿੱਖ ਕੌਮ ਲਈ ਸ਼ਲਾਘਾਯੋਗ ਕੰਮ ਕੀਤੇ ਹਨ, ਜਿਸ ਨਾਲ ਵਿਸ਼ਵ ਭਰ ਦੇ ਸਿੱਖਾਂ ਦਾ ਮਾਣ ਵਧਿਆ ਹੈ। ਉਸ ਸਮੇਂ ਦੌਰਾਨ ਪ੍ਰਧਾਨ ਮੰਤਰੀ ਦੇ ਨਾਲ-ਨਾਲ ਰੱਖਿਆ ਮੰਤਰੀ, ਮੰਤਰੀ, ਯੋਜਨਾ ਕਮਿਸ਼ਨਰ ਦੇ ਡਿਪਟੀ ਚੇਅਰਮੈਨ ਸਿੱਖ ਸਨ। ਉਨ੍ਹਾਂ ਦੇ ਕਾਰਜਕਾਲ ਦੌਰਾਨ ਕਈ ਪ੍ਰਮੁੱਖ ਸਿੱਖ ਸ਼ਖ਼ਸੀਅਤਾਂ ਉੱਚ ਅਹੁਦਿਆਂ 'ਤੇ ਰਹੀਆਂ। 1984 ਦੇ ਦੁਖਾਂਤ ਤੋਂ ਬਾਅਦ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਡਾ. ਮਨਮੋਹਨ ਸਿੰਘ ਦੇ ਕਾਰਜਕਾਲ ਦੌਰਾਨ ਵੀ ਕਈ ਕੇਸਾਧਾਰੀ ਸਿੱਖਾਂ ਨੂੰ ਉੱਚ ਅਹੁਦਿਆਂ 'ਤੇ ਨਿਯੁਕਤ ਕਰਕੇ ਸਿੱਖ ਕੌਮ ਦਾ ਮਾਣ ਵਧਾਇਆ ਗਿਆ, ਜਿਸ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਇਸ ਸਨਮਾਨ ਲਈ ਡਾ. ਮਨਮੋਹਨ ਸਿੰਘ ਪੂਰੀ ਤਰ੍ਹਾਂ ਹੱਕਦਾਰ ਹਨ। ਉਨ੍ਹਾਂ ਕਿਹਾ ਕਿ ਇਸ ਗੱਲ ਦਾ ਕੋਈ ਫਰਕ ਨਹੀਂ ਪੈਂਦਾ ਕਿ ਡਾ. ਮਨਮੋਹਨ ਸਿੰਘ ਕਾਂਗਰਸ ਪਾਰਟੀ ਨਾਲ ਸਬੰਧਿਤ ਹਨ ਅਤੇ ਇਸ ਕਰਕੇ ਉਹ ਸਿੱਖਾਂ ਦੇ ਸਰਬਉੱਚ ਅਸਥਾਨ ਸ੍ਰੀ ਅਕਾਲ ਤਖਤ ਸਾਹਿਬ ਤੋਂ ਮਿਲਣ ਵਾਲੇ ਸਨਮਾਨ ਦੇ ਹੱਕਦਾਰ ਨਹੀਂ। ਡਾ. ਮਨਮੋਹਨ ਸਿੰਘ ਪਹਿਲੇ ਪ੍ਰਧਾਨ ਮੰਤਰੀ ਸਨ ਜਿਨ੍ਹਾਂ ਨੇ ਲੋਕ ਸਭਾ ਵਿੱਚ ਪ੍ਰਧਾਨ ਮੰਤਰੀ ਵਜੋਂ ਆਪਣੇ ਕਾਰਜਕਾਲ ਦੌਰਾਨ ਬਲੂ ਸਟਾਰ ਅਪਰੇਸ਼ਨ ਅਤੇ ਦਿੱਲੀ ਦੰਗਿਆਂ ਲਈ ਜਨਤਕ ਤੌਰ 'ਤੇ ਮੁਆਫੀ ਮੰਗੀ ਸੀ। ਕਾਂਗਰਸ ਪਾਰਟੀ ਵਿੱਚ ਰਹਿੰਦਿਆਂ ਮੁਆਫੀ ਮੰਗਣਾ ਕਾਂਗਰਸ ਦੇ ਖ਼ਿਲਾਫ਼ ਜਾਣ ਦੇ ਬਰਾਬਰ ਸੀ।

# '84 ਕਾਨਪੁਰ ਸਿੱਖ ਨਸਲਕੁਸ਼ੀ ਮਾਮਲੇ 'ਚ ਸੁਪਰੀਮ ਕੋਰਟ ਵੱਲੋਂ ਉੱਤਰ ਪ੍ਰਦੇਸ਼ ਸਰਕਾਰ ਨੂੰ ਦਿੱਤੇ ਨਿਰਦੇਸ਼ਾਂ ਦਾ ਸ਼੍ਰੋਮਣੀ ਕਮੇਟੀ ਵੱਲੋਂ ਸਵਾਗਤ



ਅੰਮ੍ਰਿਤਸਰ/ਏ.ਟੀ.ਨਿਊਜ਼: 1984 ਕਾਨਪੁਰ ਸਿੱਖ ਨਸਲਕੁਸ਼ੀ ਮਾਮਲੇ ਵਿੱਚ ਮਾਨਯੋਗ ਸੁਪਰੀਮ ਕੋਰਟ ਵੱਲੋਂ ਉੱਤਰ ਪ੍ਰਦੇਸ਼ ਸਰਕਾਰ ਨੂੰ ਮੁਕੱਦਮਿਆਂ ਨੂੰ ਜਲਦ ਤੇ ਸੁਚਾਰੂ ਢੰਗ ਨਾਲ ਚਲਾਉਣ ਦੇ ਨਿਰਦੇਸ਼ਾਂ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਵਾਗਤ ਕੀਤਾ ਹੈ। ਜ਼ਿਕਰਯੋਗ ਹੈ ਕਿ ਕਾਨਪੁਰ ਸਿੱਖ ਕਤਲੇਆਮ ਦੇ ਮਾਮਲੇ ਸਬੰਧੀ ਜਨਹਿੱਤ ਪਟੀਸ਼ਨ ਜਥੇਦਾਰ ਕੁਲਦੀਪ ਸਿੰਘ ਭੋਗਲ ਵੱਲੋਂ 2017 ਵਿੱਚ ਦਾਖ਼ਲ ਕੀਤੀ ਗਈ ਸੀ, ਜਿਸ ਦੀ ਗੰਭੀਰਤਾ ਨੂੰ ਦੇਖਦਿਆਂ ਸ਼੍ਰੋਮਣੀ ਕਮੇਟੀ ਇਸ ਵਿੱਚ ਕਾਨੂੰਨੀ ਸਹਿਯੋਗ ਕਰ ਰਹੀ ਹੈ। ਸ਼੍ਰੋਮਣੀ ਕਮੇਟੀ ਵੱਲੋਂ ਇਨ੍ਹਾਂ ਕੇਸਾਂ ਦੀ ਪੈਰਵਾਈ ਲਈ ਸੀਨੀਅਰ ਵਕੀਲ ਪਰਸੂਨ ਕੁਮਾਰ ਅਤੇ ਗੁਰਬਖ਼ਸ ਸਿੰਘ ਦੀਆਂ ਸੇਵਾਵਾਂ ਮੁਹੱਈਆ ਕਰਵਾਈਆਂ ਗਈਆਂ ਹਨ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਦੱਸਿਆ ਕਿ 1984 ਵਿੱਚ ਕਾਨਪੁਰ ਵਿਖੇ ਸਿੱਖਾਂ ਦੇ ਹੋਏ ਨਸਲਕੁਸ਼ੀ ਦੇ ਮਾਮਲੇ ਵਿੱਚ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਸਿੱਖ ਸੰਸਥਾ ਨਿਰੰਤਰ ਯਤਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਮਾਨਯੋਗ ਅਦਾਲਤ ਨੇ ਉੱਤਰ ਪ੍ਰਦੇਸ਼ ਸਰਕਾਰ ਨੂੰ ਜਿਨ੍ਹਾਂ 11 ਮਾਮਲਿਆਂ ਵਿੱਚ ਚਾਰਜਸ਼ੀਟ ਦਾਖ਼ਲ ਹੋਈ ਹੈ, ਉਨ੍ਹਾਂ ਵਿੱਚ 2 ਵਿਸ਼ੇਸ਼ ਸਰਕਾਰੀ ਵਕੀਲ ਨਿਯੁਕਤ ਕਰਨ ਦੇ ਆਦੇਸ਼ ਦਿੱਤੇ ਹਨ।

ਇਸ ਦੇ ਨਾਲ ਹੀ ਇਨ੍ਹਾਂ ਨੂੰ ਸਹਿਯੋਗ ਕਰਨ ਲਈ ਮੁੱਖ ਜਾਂਚ ਅਧਿਕਾਰੀ ਨੂੰ ਵੀ ਕਿਹਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸੇ ਤਰ੍ਹਾਂ ਇਲਾਹਾਬਾਦ ਹਾਈ ਕੋਰਟ ਵਿੱਚ 4 ਚਾਰ ਮਾਮਲਿਆਂ ਸਬੰਧੀ ਚੱਲ ਰਹੀਆਂ ਅਪੀਲਾਂ ਸਬੰਧੀ ਉੱਚ ਅਦਾਲਤ ਨੂੰ ਨਿਰਦੇਸ਼ ਦਿੱਤਾ ਹੈ ਕਿ ਉਹ ਇਨ੍ਹਾਂ ਮੁਕੱਦਮਿਆਂ ਦੀ ਤਰਜੀਹੀ ਤੌਰ 'ਤੇ ਸੁਣਵਾਈ ਕਰੇ। ਇਸੇ ਤਰ੍ਹਾਂ ਬੰਦ ਹੋ ਚੁੱਕੇ 9 ਮਾਮਲਿਆਂ ਬਾਰੇ ਉੱਤਰ ਪ੍ਰਦੇਸ਼ ਸਰਕਾਰ ਨੂੰ ਮਾਮਲਿਆਂ ਨਾਲ ਸਬੰਧਿਤ ਨਾਮ ਪਟੀਸ਼ਨ ਕਰਤਾ ਨੂੰ ਦੇਣ ਦਾ ਨਿਰਦੇਸ਼ ਦਿੱਤਾ ਗਿਆ ਹੈ।

### ਅੰਮ੍ਰਿਤਪਾਲ ਸਿੰਘ ਦੀਆਂ ਵਧ ਸਕਦੀਆਂ ਨੇ ਮੁਸ਼ਕਿਲਾਂ

# ਸਾਂਸਦ ਵਜੋਂ ਚੋਣ ਨੂੰ ਆਜ਼ਾਦ ਉਮੀਦਵਾਰ ਨੇ ਪੰਜਾਬ ਹਰਿਆਣਾ ਹਾਈਕੋਰਟ 'ਚ ਦਿੱਤੀ ਚੁਣੌਤੀ



ਜਲੰਧਰ/ਏ.ਟੀ.ਨਿਊਜ਼ : ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੀ ਚੋਣ ਨੂੰ ਆਜ਼ਾਦ ਉਮੀਦਵਾਰ ਵਿਕਰਮਜੀਤ ਸਿੰਘ ਨੇ ਪੰਜਾਬ ਹਰਿਆਣਾ ਹਾਈਕੋਰਟ 'ਚ ਚੁਣੌਤੀ ਦਿੱਤੀ ਹੈ। ਵਿਕਰਮਜੀਤ ਸਿੰਘ ਨੇ ਆਪਣੀ ਪਟੀਸ਼ਨ 5 ਗੱਲਾਂ 'ਤੇ ਆਧਾਰਿਤ ਕੀਤੀ ਹੈ। ਵਿਕਰਮਜੀਤ ਸਿੰਘ ਵੱਲੋਂ ਦੋਸ਼ ਲਗਾਇਆ ਗਿਆ ਹੈ ਕਿ ਵਾਰਿਸ ਪੰਜਾਬ ਜਥੇਬੰਦੀ ਦੇ ਮੁਖੀ ਅਤੇ ਖਡੂਰ ਸਾਹਿਬ ਤੋਂ ਆਜ਼ਾਦ ਚੋਣ ਜਿੱਤੇ ਅੰਮ੍ਰਿਤਪਾਲ ਸਿੰਘ ਦੇ ਨਾਮਜ਼ਦਗੀ ਦਸਤਾਵੇਜ਼ਾਂ ਵਿੱਚ ਕਈ ਜਾਣਕਾਰੀਆਂ ਛੁਪਾਈਆਂ ਗਈਆਂ ਹਨ।

ਵਿਕਰਮਜੀਤ ਸਿੰਘ ਨੇ ਦਾਅਵਾ ਕੀਤਾ ਹੈ ਕਿ ਅੰਮ੍ਰਿਤਪਾਲ ਸਿੰਘ ਦਾ ਨਾਮਜ਼ਦਗੀ ਪੱਤਰ ਅਧੂਰਾ ਹੈ। ਫੰਡਾਂ, ਦਾਨ ਅਤੇ ਖ਼ਰਚੇ ਬਾਰੇ ਜਾਣਕਾਰੀ ਛੁਪੀ ਹੋਈ ਸੀ। ਵੋਟਾਂ ਮੰਗਣ ਲਈ ਧਾਰਮਿਕ ਸਥਾਨਾਂ ਦੀ ਵਰਤੋਂ ਕੀਤੀ ਗਈ। ਬਿਨਾਂ ਪ੍ਰਵਾਨਗੀ ਤੋਂ ਚੋਣ ਪ੍ਰਚਾਰ ਸਮੱਗਰੀ ਛਾਪੀ ਗਈ। ਚੋਣ ਕਮਿਸ਼ਨ ਦੀ ਇਜਾਜ਼ਤ ਲਏ ਬਿਨਾਂ ਸੋਸ਼ਲ ਮੀਡੀਆ 'ਤੇ ਪ੍ਰਚਾਰ ਕੀਤਾ ਗਿਆ। ਅਜਿਹੇ 'ਚ ਵਿਕਰਮਜੀਤ ਸਿੰਘ ਨੇ ਚੋਣ ਕਮਿਸ਼ਨ ਨੂੰ ਵੀ ਪਾਰਟੀ ਬਣਾਇਆ ਹੈ। ਪਟੀਸ਼ਨ 'ਤੇ ਸੁਣਵਾਈ 6 ਅਗਸਤ ਤੋਂ ਸ਼ੁਰੂ ਹੋਵੇਗੀ। ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ, ਪੰਜਾਬ ਚੋਣ ਕਮਿਸ਼ਨ ਦੇ ਚੋਣ ਖ਼ਰਚਾ ਅਫ਼ਸਰ, ਮੁੱਖ ਚੋਣ ਅਫ਼ਸਰ, ਖਡੂਰ ਸਾਹਿਬ ਲੋਕ ਸਭਾ ਖੇਤਰ ਦੇ ਰਿਟਰਨਿੰਗ ਅਫ਼ਸਰ ਨੂੰ ਪਾਰਟੀ ਬਣਾਇਆ ਗਿਆ ਹੈ।

**1975 'ਚ ਰੱਦ ਹੋਈ ਸੀ ਇੰਦਰਾ ਗਾਂਧੀ ਦੀ ਚੋਣ**

ਲੋਕ ਪ੍ਰਤੀਨਿਧੀ ਕਾਨੂੰਨ ਤਹਿਤ ਲੋਕ ਸਭਾ ਚੋਣਾਂ ਤੋਂ ਬਾਅਦ 45 ਦਿਨਾਂ ਦੇ ਅੰਦਰ ਲੋਕ ਨੁਮਾਇੰਦੇ ਦੀ ਚੋਣ ਨੂੰ ਚੁਣੌਤੀ ਦਿੱਤੀ ਜਾ ਸਕਦੀ ਹੈ। ਇਹ ਪਟੀਸ਼ਨ 1975 ਦੀ ਘਟਨਾ ਰਾਹੀਂ ਯਾਦ ਕੀਤੀ ਜਾਂਦੀ ਹੈ। 1971 ਵਿੱਚ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਯੂ. ਪੀ. ਦੀ ਰਾਏਬਰੇਲੀ ਸੀਟ ਤੋਂ ਸੰਸਦ ਮੈਂਬਰ ਚੁਣੀ ਗਈ ਸੀ। ਫਿਰ ਰਾਜਨਰਾਇਣ ਸਿੰਘ ਨੇ ਉਨ੍ਹਾਂ ਦੀ ਚੋਣ ਨੂੰ ਚੁਣੌਤੀ ਦਿੱਤੀ। ਇਲਾਹਾਬਾਦ ਹਾਈਕੋਰਟ ਨੇ ਆਪਣੇ ਫ਼ੈਸਲੇ ਵਿੱਚ ਇੰਦਰਾ ਗਾਂਧੀ ਦੀ ਚੋਣ ਰੱਦ ਕਰ ਦਿੱਤੀ ਸੀ।

# ਲਖੀਮਪੁਰ ਖੀਰੀ ਕੇਸ: ਸੁਪਰੀਮ ਕੋਰਟ ਤੋਂ ਆਸ਼ੀਸ਼ ਮਿਸ਼ਰਾ ਨੂੰ ਜ਼ਮਾਨਤ



ਨਵੀਂ ਦਿੱਲੀ/ਏ.ਟੀ.ਨਿਊਜ਼ : ਸੁਪਰੀਮ ਕੋਰਟ ਨੇ 2021 ਦੇ ਲਖੀਮਪੁਰ ਖੀਰੀ ਹਿੰਸਾ ਮਾਮਲੇ ਵਿੱਚ ਸਾਬਕਾ ਕੇਂਦਰੀ ਮੰਤਰੀ ਅਜੇ ਮਿਸ਼ਰਾ ਦੇ ਪੁੱਤਰ ਆਸ਼ੀਸ਼ ਮਿਸ਼ਰਾ ਨੂੰ ਜ਼ਮਾਨਤ ਦੇ ਦਿੱਤੀ ਅਤੇ ਉਸ ਨੂੰ ਦਿੱਲੀ ਜਾਂ ਲਖਨਊ ਵਿੱਚ ਹੀ ਰਹਿਣ ਦਾ ਨਿਰਦੇਸ਼ ਦਿੱਤਾ ਗਿਆ ਹੈ। ਲਖੀਮਪੁਰ ਖੀਰੀ ਵਿੱਚ ਹੋਈ ਹਿੰਸਾ 'ਚ ਅੱਠ ਵਿਅਕਤੀਆਂ ਦੀ ਮੌਤ ਹੋ ਗਈ ਸੀ। ਪਿਛਲੇ ਸਾਲ 25 ਜਨਵਰੀ ਨੂੰ ਸਿਖਰਲੀ ਅਦਾਲਤ ਨੇ ਇਸ 'ਮੰਦਭਾਗੀ ਤੇ ਭਿਆਨਕ ਘਟਨਾ' ਨਾਲ ਜੁੜੇ ਮਾਮਲੇ ਵਿੱਚ ਆਸ਼ੀਸ਼ ਮਿਸ਼ਰਾ ਨੂੰ ਅੰਤ੍ਰਿਮ ਜ਼ਮਾਨਤ ਦਿੱਤੀ ਸੀ। ਜਸਟਿਸ ਸੂਰਿਆਕਾਂਤ ਤੇ ਜਸਟਿਸ ਉੱਜਲ ਭੂਯਾਨ ਨੇ ਚਾਰ ਕਿਸਾਨਾਂ ਗੁਰਵਿੰਦਰ ਸਿੰਘ, ਕਮਲਜੀਤ ਸਿੰਘ, ਗੁਰਪ੍ਰੀਤ ਸਿੰਘ ਅਤੇ ਵਚਿੱਤਰ ਸਿੰਘ ਨੂੰ ਵੀ ਮਾਮਲੇ ਵਿੱਚ ਜ਼ਮਾਨਤ ਦੇ ਦਿੱਤੀ ਅਤੇ ਹੇਠਲੀ ਅਦਾਲਤ ਨੂੰ ਮਾਮਲੇ ਦੀ ਸੁਣਵਾਈ 'ਚ ਤੇਜ਼ੀ ਲਿਆਉਣ ਦੇ ਨਿਰਦੇਸ਼ ਦਿੱਤੇ। ਬੈਂਚ ਨੇ ਕਿਹਾ, "ਸਾਰੇ ਹਾਲਾਤ ਨੂੰ ਧਿਆਨ ਵਿੱਚ ਰੱਖਦੇ ਹੋਏ ਅੰਤ੍ਰਿਮ ਆਦੇਸ਼ ਨੂੰ ਆਖ਼ਰੀ ਆਦੇਸ਼ ਕੀਤਾ ਜਾਂਦਾ ਹੈ। ਸਾਨੂੰ ਲੱਗਦਾ ਹੈ ਕਿ ਮੁਕੱਦਮੇ ਦੀ ਕਾਰਵਾਈ ਵਿੱਚ ਤੇਜ਼ੀ ਲਿਆਉਣ ਦੀ ਲੋੜ ਹੈ।"

# 100 ਟਨ ਤੋਂ ਵਧੇਰੇ ਅੰਮ੍ਰਿਤਸਰੀ ਆਚਾਰ ਵਿਦੇਸ਼ ਵਿੱਚ ਹੁੰਦੈ ਸਪਲਾਈ

## ਅੰਮ੍ਰਿਤਸਰ ਵਿਖੇ 60 ਤੋਂ ਵਧੇਰੇ ਆਚਾਰ ਦੀਆਂ ਫ਼ੈਕਟਰੀਆਂ ਤੇ ਦੁਕਾਨਾਂ







ਅੰਮ੍ਰਿਤਸਰ/ਏ.ਟੀ.ਨਿਊਜ਼ : ਅੰਮ੍ਰਿਤਸਰੀ ਆਚਾਰ ਨੂੰ ਪੰਜਾਬ ਜਾਂ ਭਾਰਤ ਵਿੱਚ ਹੀ ਨਹੀਂ ਬਲਕਿ ਕੈਨੇਡਾ, ਅਮਰੀਕਾ, ਸਿੰਘਾਪੁਰ, ਨਿਊਜ਼ੀਲੈਂਡ, ਆਸਟ੍ਰੇਲੀਆ, ਸਾਊਦੀ ਅਰਬ, ਦੁਬਈ ਆਦਿ ਕਈ ਹੋਰ ਮੁਲਕਾਂ 'ਚ ਬੇਹੱਦ ਪਸੰਦ ਕੀਤਾ ਜਾਂਦਾ ਹੈ। ਇੱਥੋਂ ਇਕੱਲਾ ਅੰਬ ਦਾ ਹੀ ਨਹੀਂ ਬਲਕਿ 30 ਤਰ੍ਹਾਂ ਦਾ 100 ਟਨ ਤੋਂ ਵਧੇਰੇ ਆਚਾਰ ਤੇ ਚਟਣੀਆਂ ਤਿਆਰ ਕਰਕੇ ਹਰ ਸਾਲ ਮਹਾਂਰਾਸ਼ਟਰ ਭੇਜੀਆਂ ਜਾਂਦੀਆਂ ਹਨ। ਜਿੱਥੋਂ ਨਿਰਯਾਤਕਾਂ ਦੁਆਰਾ ਆਚਾਰ ਦੇ ਡੱਬਿਆਂ 'ਤੇ ਆਪਣੀ ਲੇਬਲਿੰਗ ਕਰਕੇ ਇਸ ਨੂੰ ਵਿਦੇਸ਼ਾਂ 'ਚ ਵੱਡੇ ਪੱਧਰ 'ਤੇ ਨਿਰਯਾਤ ਕੀਤਾ ਜਾਂਦਾ ਹੈ। ਅੰਮ੍ਰਿਤਸਰ ਵਿਖੇ ਮਿਸ਼ਰੀ ਬਾਜ਼ਾਰ 'ਚ ਹੋਲ਼ ਸੇਲ ਆਚਾਰ-ਮੁਰਬਾ ਬਾਜ਼ਾਰ, ਰਾਮ ਬਾਗ ਆਬਾਦੀ ਸਮੇਤ ਸ਼ਹਿਰ ਦੇ ਵੱਖ-ਵੱਖ ਇਲਾਕਿਆਂ 'ਚ 60 ਤੋਂ ਵਧੇਰੇ ਆਚਾਰ ਦੀਆਂ ਫ਼ੈਕਟਰੀਆਂ ਤੇ ਦੁਕਾਨਾਂ ਹਨ ਤੇ ਆਚਾਰ ਬਾਹਰੀ ਮੁਲਕਾਂ 'ਚ ਭੇਜਿਆ ਜਾ ਰਿਹਾ ਹੈ। ਵੱਲਾ ਮੰਡੀ, ਰਾਮ ਬਾਗ ਮੰਡੀ, ਗੇਟ ਹਕੀਮਾਂ ਮੰਡੀ, ਹਾਲ ਬਾਜ਼ਾਰ ਦੇ ਬਾਹਰ, ਪੁਤਲੀਘਰ, ਛੇਹਰਟਾ ਆਦਿ ਇਲਾਕਿਆਂ ਵਿੱਚ ਆਚਾਰ ਵਾਲੇ ਕੱਚੇ ਅੰਬ ਵੇਚਣ ਵਾਲੇ ਦੁਕਾਨਦਾਰਾਂ ਦਾ ਦਾਅਵਾ ਹੈ ਕਿ ਉਹ ਸੀਜ਼ਨ ਵਿੱਚ ਕੁਇੰਟਲਾਂ ਦੇ ਹਿਸਾਬ ਨਾਲ ਅੰਬ ਵੇਚਦੇ ਹਨ। ਉੱਤਰ ਪ੍ਰਦੇਸ਼ 'ਚ ਰਾਮ ਕੇਲਾ, ਗੋਲਾ, ਨੀਲਮ, ਫ਼ਜ਼ਲੀ ਅਤੇ ਗੁਲਾਬ ਜਾਮੁਨ ਅੰਬ ਦੀ ਜ਼ਿਆਦਾ ਮੰਗ ਰਹਿੰਦੀ ਹੈ। ਭਾਰਤੀ ਬਾਗ਼ਬਾਨੀ ਬੋਰਡ ਮੁਤਾਬਿਕ ਉੱਤਰ ਪ੍ਰਦੇਸ਼ 'ਚ ਹਰ ਸੀਜ਼ਨ ਦੌਰਾਨ ਰਾਮ ਕੇਲਾ ਅੰਬ ਦਾ 70 ਮੀਟ੍ਰਿਕ ਟਨ, ਫ਼ਜ਼ਲੀ 62 ਤੇ ਗੁਲਾਬ ਜਾਮੁਨ ਅੰਬ ਦਾ 43 ਮੀਟ੍ਰਿਕ ਟਨ ਉਤਪਾਦਨ ਹੁੰਦਾ ਹੈ।

**260 ਸਾਲ ਪੁਰਾਣੀ ਹੈ ਅੰਮ੍ਰਿਤਸਰ ਦੀ ਆਚਾਰ ਮੰਡੀ**

ਮਿਸਲ ਕਾਲ ਸਮੇਂ ਸੰਨ 1765 ਵਿੱਚ ਭੰਗੀ ਮਿਸਲ ਦੇ ਗੰਡਾ ਸਿੰਘ ਭੰਗੀ ਦੁਆਰਾ ਅੰਮ੍ਰਿਤਸਰ ਵਿੱਚ ਸ੍ਰੀ ਦਰਬਾਰ ਸਾਹਿਬ ਦੇ ਨਜ਼ਦੀਕ ਕਟੜਾ ਆਬਾਦ ਕਰਨ ਸਮੇਂ ਕਾਇਮ ਕੀਤੀ ਗਈ ਪਾਪੜ ਮੰਡੀ ਤੇ ਮਿਸ਼ਰੀ ਬਾਜ਼ਾਰ (ਮੁਰੱਬਾ ਤੇ ਸ਼ਰਬਤ ਬਾਜ਼ਾਰ) ਨੇ ਆਪਣੇ ਰਵਾਇਤੀ ਸੁਆਦ ਦੇ ਚੱਲਦਿਆਂ ਪਿਛਲੇ 260 ਵਰ੍ਹਿਆਂ 'ਚ ਵਿਸ਼ਵ ਦੇ ਲਗਭਗ ਹਰ ਮੁਲਕ, ਹਰ ਸ਼ਹਿਰ 'ਚ ਆਪਣੀ ਪਹਿਚਾਣ ਕਾਇਮ ਕੀਤੀ ਹੈ।

## ਦਰਪਣ ਝੂਠ ਨਹੀਂ ਬੋਲਦਾ

# ਮਾਮਲਾ ਅਕਾਲ ਤਖ਼ਤ ਸਾਹਿਬ ਉੱਪਰ ਸੁਖਬੀਰ ਬਾਦਲ ਦੇ ਮਾਮਲੇ ਬਾਰੇ ਬਾਗ਼ੀ ਅਕਾਲੀਆਂ ਦੀ ਸ਼ਿਕਾਇਤ ਦਾ

## ਸ਼੍ਰੋਮਣੀ ਕਮੇਟੀ ਮੈਂਬਰ ਗਰੇਵਾਲ ਬਾਗ਼ੀ ਅਕਾਲੀਆਂ ਤੋਂ ਔਖੇ, ਕਿਹਾ ਕਿ ਅਕਾਲ ਤਖ਼ਤ ਦੇ ਜਥੇਦਾਰ ਨੂੰ ਹੁਕਮ ਨਾ ਦੇਣ

### ਸਿੱਖ ਪੰਥ ਦਾ ਸਿਧਾਂਤ ਇਹ ਹੈ ਕਿ ਜਥੇਦਾਰ ਸੁਪਰੀਮ ਨਹੀਂ, ਸੁਪਰੀਮ ਗੁਰੂ ਪੰਥ ਹੈ





ਬੀਤੇ ਦਿਨੀਂ ਸ਼੍ਰੋਮਣੀ ਕਮੇਟੀ ਦੇ ਬੁਲਾਰੇ ਗੁਰਚਰਨ ਸਿੰਘ ਗਰੇਵਾਲ ਨੇ ਬਾਗੀ ਅਕਾਲੀਆਂ ਉੱਪਰ ਸਖ਼ਤ ਟਿੱਪਣੀਆਂ ਕਰਦਿਆਂ ਕਿਹਾ ਕਿ ਬਾਗ਼ੀ ਅਕਾਲੀਆਂ ਨੂੰ ਕੋਈ ਹੱਕ ਨਹੀਂ ਕਿ ਉਹ ਜਥੇਦਾਰ ਅਕਾਲ ਤਖ਼ਤ ਸਾਹਿਬ ਨੂੰ ਸੇਧ ਦੇਣ ਕਿ ਜਥੇਦਾਰ ਸੁਖਬੀਰ ਸਿੰਘ ਬਾਦਲ ਦੇ ਮਾਮਲੇ ਵਿੱਚ ਸਹੀ ਫੈਸਲੇ ਲੈਣ।

ਸਰਦਾਰ ਗੁਰਚਰਨ ਸਿੰਘ ਨੂੰ ਸਮਝਣਾ ਚਾਹੀਦਾ ਹੈ ਕਿ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਸੁਪਰੀਮ ਨਹੀਂ। ਸੁਪਰੀਮ ਗੁਰੂ ਗ੍ਰੰਥ ਤੇ ਗੁਰੂ ਪੰਥ ਹੈ। ਅਕਾਲ ਤਖ਼ਤ ਦੇ ਜਥੇਦਾਰ ਮਨੋਰਥ ਪੰਥਕ ਹਿਤਾਂ ਦੀ ਰਾਖੀ ਕਰਨਾ ਹੈ। ਅਕਾਲ ਤਖ਼ਤ ਸਾਹਿਬ ਤੋਂ ਗਲਤ ਫੈਸਲੇ ਹੋਣ ਦੀਆਂ ਕਈ ਇਤਿਹਾਸਕ ਘਟਨਾਵਾਂ ਮੌਜੂਦ ਹਨ ਜਦੋਂ ਸਿਖ ਪੰਥ ਨੇ ਤਿੱਖਾ ਵਿਰੋਧ ਕੀਤਾ ਸੀ।

ਅੰਗਰੇਜ਼ ਕਾਲ ਸਮੇਂ ਜਥੇਦਾਰ ਅਰੂੜ ਸਿੰਘ ਤੇ ਜਨਰਲ ਡਾਇਰ ਦੀ ਨੇੜਤਾ ਦਾ ਤਿੱਖਾ ਵਿਰੋਧ ਹੋਇਆ ਸੀ। ਜਥੇਦਾਰ ਅਰੂੜ ਸਿੰਘ (1865 – 1926), ਪੁੱਤਰ ਸ. ਹਰਨਾਮ ਸਿੰਘ ਸ਼ੇਰਗਿੱਲ (ਡਿਪਟੀ ਸੁਪਰਡੈਂਟ ਪੁਲਿਸ) 1905 ਤੋਂ 1920 ਤਕ ਦਰਬਾਰ ਸਾਹਿਬ ਦਾ ਸਰਬਰਾਹ ਸੀ। ਅਰੂੜ ਸਿੰਘ ਦੀ ਬਦਨਾਮੀ ਦਾ ਕਾਰਨ ਇਹ ਸੀ ਕਿ ਉਸ ਨੇ ਸਰਬਰਾਹ ਹੁੰਦਿਆਂ ਜਲਿਆਂ ਵਾਲਾ ਬਾਗ਼ ਵਿੱਚ 13 ਅਪ੍ਰੈਲ 1919 ਦੇ ਦਿਨ ਗੋਲੀਆਂ ਚਲਾਉਣ ਵਾਲੇ ਜਨਰਲ ਡਾਇਰ ਨੂੰ ਦਰਬਾਰ ਸਾਹਿਬ ਆਉਣ 'ਤੇ ਸਿਰੋਪਾ ਦਿੱਤਾ ਸੀ। ਉਸ ਬਾਰੇ ਇਹ ਵੀ ਕਿਹਾ ਜਾਂਦਾ ਹੈ ਕਿ ਉਸ ਨੇ 1914 ਵਿੱਚ ਕਾਮਾਗਾਟਾਮਾਰੂ ਜਹਾਜ਼ ਦੇ ਮੁਸਾਫ਼ਿਰਾਂ ਵੱਲੋਂ ਬਜਬਜ ਘਾਟ 'ਤੇ ਪੁਲਿਸ ਦੇ ਹੁਕਮ ਦੀ ਅਦੂਲੀ ਕਰਨ ਕਾਰਨ ਉਨ੍ਹਾਂ ਬਾਰੇ ਇਹ ਕਿਹਾ ਸੀ ਕਿ ਉਹ ਸਿੱਖ ਨਹੀਂ ਹਨ। ਅਕਾਲੀ ਮੋਰਚੇ ਤੇ ਝੱਬਰ ਮੁਤਾਬਿਕ ਦਰਬਾਰ ਸਾਹਿਬ 'ਤੇ ਕਬਜ਼ੇ ਵਾਲੇ ਦਿਨ (12 ਅਕਤੂਬਰ 1920) ਅਤੇ ਮਗਰੋਂ ਅਤੇ ਸਿੱਖ ਲੀਗ ਦੇ ਦੀਵਾਨ ਵਿੱਚ ਅਰੂੜ ਸਿੰਘ ਦੀ ਇਸ ਕਾਰਵਾਈ ਦੀ ਨਿੰਦਾ ਕੀਤੀ ਗਈ ਸੀ। ਇੰਞ ਉਹ ਬਦ ਨਾਲੋਂ ਬਦਨਾਮ ਜ਼ਿਆਦਾ ਸੀ; ਇਸ ਕਰਕੇ ਸਿੱਖ ਉਸ ਦੇ ਖ਼ਿਲਾਫ਼ ਸਨ ਅਤੇ ਚਾਹੁੰਦੇ ਸਨ ਕਿ ਉਹ ਅਸਤੀਫ਼ਾ ਦੇਵੇ। 24 ਅਗਸਤ 1920 ਨੂੰ ਸੰਗਤ ਦੇ ਦਬਾਅ ਕਾਰਨ ਅਸਤੀਫ਼ਾ ਦੇ ਦਿੱਤਾ ਸੀ।

ਜਦੋਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕ੍ਰਿਪਾਲ ਸਿੰਘ ਨੇ ਜੂਨ 84 ਦੇ ਘਲੂਘਾਰੇ ਬਾਅਦ ਫੌਜ ਦੇ ਦਬਾਅ ਅਧੀਨ ਕਿਹਾ ਸੀ ਕਿ ਕੋਠਾ ਸਾਹਿਬ ਠੀਕ ਠਾਕ ਹੈ ਤਾਂ ਸੰਗਤਾਂ ਨੇ ਤਿੱਖਾ ਰੋਸ ਪ੍ਰਗਟਾਇਆ ਸੀ। ਸਿੱਖ ਖਾੜਕੂਆਂ ਨੇ ਉਨ੍ਹਾਂ ਉੱਪਰ ਹਮਲਾ ਵੀ ਕੀਤਾ ਸੀ। ਸਿੱਖ ਬੀਬੀਆਂ ਨੇ ਚੂੜੀਆਂ ਵੀ ਭੇਜੀਆਂ ਸਨ ਕਿ ਇਹ ਫੈਸਲੇ ਖ਼ਾਲਸਾ ਪੰਥ ਦੀ ਪ੍ਰਥਾ ਵਾਲੇ ਨਹੀਂ ਹਨ।

2015 ਵਿੱਚ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗੁਰਬਚਨ ਸਿੰਘ ਵੱਲੋਂ ਡੇਰਾ ਮੁਖੀ ਨੂੰ ਮੁਆਫ਼ੀ ਦਿੱਤੀ ਗਈ, ਸਿੱਖਾਂ ਦੇ ਵਿਰੋਧ ਤੋਂ ਬਾਅਦ ਅਕਤੂਬਰ 2015 ਵਿੱਚ ਇਹ ਫੈਸਲਾ ਵਾਪਸ ਲੈਂਦੇ ਹੋਏ 2007 ਦੇ ਹੁਕਮਨਾਮੇ 'ਤੇ ਕਾਇਮ ਰਹਿਣ ਦੀ ਗੱਲ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਵੱਲੋਂ ਆਖੀ ਗਈ ਸੀ ਕਿ ਸੌਦਾ ਸਾਧ ਦਾ ਪੰਥਕ ਬਾਈਕਾਟ ਜਾਰੀ ਰਹੇਗਾ। ਇਸੇ ਦੋਸ਼ ਤੇ ਸਿੱਖ ਪੰਥ ਦੇ ਵਿਰੋਧ ਕਾਰਨ ਜਥੇਦਾਰ ਨੂੰ ਅਸਤੀਫ਼ਾ ਵੀ ਦੇਣਾ ਪਿਆ। ਫਿਰ ਸੁਆਲ ਇਹ ਹੈ ਕਿ ਜਥੇਦਾਰ ਕਿਵੇਂ ਸੁਪਰੀਮ ਹੈ? ਸੁਪਰੀਮ ਖਾਲਸਾ ਪੰਥ ਹੈ ਜਿਸਦੇ ਫੈਸਲੇ ਸਿਧਾਂਤਕ ਪੱਧਰ ਉੱਪਰ ਅਕਾਲ ਤਖ਼ਤ ਤੋਂ ਲਏ ਜਾਂਦੇ ਹਨ। ਫੈਸਲੇ ਗਲਤ ਲਏ ਜਾਣ ਤਾਂ ਗੁਰੂ ਪੰਥ ਵਲੋਂ ਵਿਰੋਧ ਲਾਜ਼ਮੀ ਹੈ।

ਜਥੇਦਾਰ ਅਕਾਲ ਤਖ਼ਤ ਦੇ ਸਿਧਾਂਤ ਮੀਰੀ -ਪੀਰੀ ਦੀ ਸੁਰੱਖਿਆ ਲਈ ਹਨ।ਗਰੇਵਾਲ ਦਾ ਕਹਿਣਾ ਗੈਰ ਸਿਧਾਂਤਕ ਹੈ ਕਿ ਬਾਗੀ ਅਕਾਲੀ ਇਹ ਬੇਨਤੀ ਨਹੀਂ ਕਰ ਸਕਦੇ ਕਿ ਜਥੇਦਾਰ ਸਹੀ ਇਨਸਾਫ ਕਰਨ। ਇਹ ਹਰੇਕ ਸਿੱਖ ਦਾ ਫਰਜ਼ ਹੈ ਜਥੇਦਾਰ ਨੂੰ ਆਖੇ ਸਹੀ ਫੈਸਲੇ ਕਰੋ ਅਕਾਲ ਤਖ਼ਤ ਸਾਹਿਬ ਤੋਂ। ਗੁਰਮਤਿ ਦੀ ਰੋਸ਼ਨੀ ਵਿੱਚ ਫੈਸਲੇ ਲਵੋ ਕਿਉਂਕਿ ਮੀਰੀ ਪੀਰੀ ਦੀ ਪਹਿਰੇਦਾਰੀ ਸਿੰਘ ਸਾਹਿਬਾਨ ਕੋਲ ਹੈ।

ਅਕਾਲ ਤਖ਼ਤ ਸਾਹਿਬ ਕੇਵਲ ਧਾਰਮਿਕ ਸਥਾਨ ਨਹੀਂ ਬਲਕਿ 'ਸੰਗਤੀ ਪਾਵਰ' ਦਾ ਪ੍ਰਤੀਕ ਹੈ। ਸਿੱਖ ਮਿਸਲਾਂ ਦੇ ਸਮੇਂ ਅਕਾਲ ਤਖ਼ਤ ਸਾਹਿਬ ਸਿੱਖ ਜਮਹੂਰੀਅਤ ਦਾ ਕੇਂਦਰ ਸੀ। ਸਿੱਖ ਮਿਸਲਾਂ ਦੇ ਲੀਡਰ ਇਥੇ ਬੈਠ ਕੇ ਸਰਬ ਸੰਮਤੀ ਨਾਲ ਸਿਧਾਂਤਕ ਪੰਥਕ ਹਿਤੂ ਫੈਸਲੇ ਲੈਂਦੇ ਸਨ। ਇਹਨਾਂ ਫੈਸਲਿਆਂ ਨੂੰ ਗੁਰਮਤਾ ਆਖਿਆ ਜਾਂਦਾ ਸੀ ਅਤੇ ਅਤੇ ਚੁਣੇ ਹੋਏ ਜਥੇਦਾਰ ਉਸ ਨੂੰ ਲਾਗੂ ਕਰਦੇ ਸਨ। ਜਥੇਦਾਰ ਅਕਾਲ ਤਖ਼ਤ ਸਾਹਿਬ ਦਾ ਫਰਜ਼ ਹੈ ਕਿ ਉਹ ਸਿੱਖ ਰਵਾਇਤਾਂ ਤੇ ਇਤਿਹਾਸਕ ਪਰੰਪਰਾਵਾਂ ਦੀ ਪਾਲਣਾ ਕਰਨ।

ਜਥੇਦਾਰ ਨੇ ਆਪ ਫੈਸਲਾ ਕਰਨਾ ਹੈ ਆਪਣੀ ਰੂਹ ਵਿੱਚ ਲਗੀ ਗੁਰੂ ਦੀ ਅਦਾਲਤ ਅਨੁਸਾਰ ਕਿ ਕੂੜ ਦੇ ਫੈਸਲੇ ਸੱਚ ਦੇ ਤਖ਼ਤ ਤੋਂ ਨਹੀਂ ਹੋ ਸਕਦੇ। ਜਥੇਦਾਰਾਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਸਤਿਗੁਰੂ ਕਲਗੀਆਂ ਵਾਲਾ ਖ਼ਾਲਸਾ ਪੰਥ ਵਿੱਚ ਬਿਰਾਜਮਾਨ ਹੈ ਤੁਹਾਡੇ ਉੱਪਰ ਨਜ਼ਰ ਰਖ ਰਿਹਾ ਹੈ। ਸਿੱਖ ਪੰਥ ਆਸ ਕਰਦਾ ਹੈ ਕਿ ਅਜੋਕੇ ਜਥੇਦਾਰ ਮੀਰੀ ਪੀਰੀ ਦੇ ਸਿਧਾਂਤ ਤੋਂ ਗਿਆਨੀ ਗੁਰਬਚਨ ਸਿੰਘ ਵਾਂਗ ਤਿਲਕਣਗੇ ਨਹੀਂ।

ਜਥੇਦਾਰਾਂ ਨੂੰ ਚਾਹੀਦਾ ਹੈ ਕਿ ਉਹ ਪੁਰਾਤਨ ਅਕਾਲ ਤਖ਼ਤ ਸਾਹਿਬ ਦੇ ਜਥੇਦਾਰਾਂ ਖ਼ਾਲਸਾ ਰਾਜ ਦੇ ਬਾਨੀ ਬਾਬਾ ਸਾਹਿਬ ਸਿੰਘ ਬੇਦੀ ,ਅਕਾਲੀ ਫੂਲਾ ਸਿੰਘ ਵਾਂਗ ਸਿੱਖ ਪੰਥ ਦਾ ਪਹਿਰੇਦਾਰ ਬਣਕੇ ਇਤਿਹਾਸ ਸਿਰਜਣ ਨਾਕਿ ਗਿਆਨੀ ਗੁਰਬਚਨ ਸਿੰਘ ਵਾਲਾ ਗੁਰੂ ਪੰਥ ਵਿਰੋਧੀ ਰੋਲ ਅਦਾ ਕਰਨਾ ਹੈ ਜਿਥੇ ਅਰੂੜ ਸਿੰਘ, ਗਿਆਨੀ ਕ੍ਰਿਪਾਲ ਸਿੰਘ ਖਲੋਤੇ ਸਨ।

ਸ਼੍ਰੋਮਣੀ ਕਮੇਟੀ ਦੇ ਬੁਲਾਰਿਆਂ ਨੂੰ ਯਾਦ ਰਖਣਾ ਚਾਹੀਦਾ ਹੈ ਕਿ ਸਿੱਖ ਪੰਥ ਵਿੱਚ ਤਖ਼ਤ ਕੋਈ ਵਿਅਕਤੀ ਜਾਂ ਕਿਸੇ ਧੜੇ ਦੀਆਂ ਸਮੂਹ ਦੀਆਂ ਗਤੀਵਿਧੀਆਂ ਦਾ ਕੇਂਦਰ ਨਹੀਂ ਬਲਕਿ ਗੁਰੂ ਪੰਥ ਦੀ ਨਿਰਪੱਖ-ਸੁਤੰਤਰ ਪ੍ਰਭੂਸੱਤਾ ਸੰਪੰਨ ਸੰਸਥਾ ਹੈ। ਅਜਿਹੀਆਂ ਬਿਆਨਬਾਜ਼ੀ ਤੋਂ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਨੂੰ ਗੁਰੇਜ਼ ਕਰਨਾ ਚਾਹੀਦਾ ਹੈ ਜੋ ਗੁਰੂ ਗ੍ਰੰਥ ਤੇ ਗੁਰੂ ਪੰਥ ਦੇ ਸੁਮੇਲ ਨੂੰ ਠਿੱਬੀ ਦਿੰਦੇ ਹੋਣ ਤੇ ਪੁਜਾਰੀਵਾਦ ਨੂੰ ਉਤਸ਼ਾਹਿਤ ਕਰਦੇ ਹੋਣ। ਅਜਿਹਾ ਨਾ ਹੋਵੇ ਅਕਾਲੀ ਦਲ ਵਾਂਗ ਸ਼੍ਰੋਮਣੀ ਕਮੇਟੀ ਉੱਪਰ ਸਿੱਖ ਪੰਥ ਦਾ ਵਿਸ਼ਵਾਸ ਖਤਮ ਹੋ ਜਾਵੇ, ਕਿਉਂਕਿ ਸਿੱਖ ਪੰਥ ਇਸ ਸਮੇਂ ਸਿੱਖ ਸਿਧਾਂਤ ਤੇ ਮਰਿਯਾਦਾ ਪ੍ਰਤੀ ਸੁਚੇਤ ਹੈ।

# ਭੁੱਖਮਰੀ ਦੇ ਮਾਮਲੇ 'ਚ ਸਭ ਤੋਂ ਕੰਗਾਲ, 125 ਦੇਸ਼ਾਂ ਵਿੱਚ ਇੰਡੀਆ 111ਵੀਂ ਥਾਂ 'ਤੇ

## ਯੂਨੀਸੈਫ਼ ਦੀ ਰਿਪੋਰਟ ਮੁਤਾਬਕ ਭਾਰਤ 'ਚ 5 ਸਾਲ ਤੋਂ ਘੱਟ ਉਮਰ ਦੇ 34.7 ਫ਼ੀਸਦੀ ਬੱਚੇ ਭੁੱਖੇ ਸੌਂਦੇ ਹਨ



ਦੁਨੀਆਂ ਦੀ ਤੀਜੀ ਵੱਡੀ ਆਰਥਿਕਤਾ ਬਣਨ ਦਾ ਦਾਅਵਾ ਕਰ ਰਹੇ ਭਾਰਤ ਦੀ ਹਕੀਕਤ ਕੀ ਹੈ, ਇਹ ਹੁਣੇ ਆਈ ਯੂਨੀਸੈਫ ਦੀ ਇੱਕ ਤਾਜ਼ਾ ਰਿਪੋਰਟ ਤੋਂ ਪਤਾ ਲਗਦਾ ਹੈ। ਸਾਡਾ ਦੇਸ਼ ਮੋਦੀ ਰਾਜ ਅਧੀਨ ਕਿਸੇ ਵੀ ਦੇਸ਼ ਦੇ ਮੁਕਾਬਲੇ ਸਭ ਤੋਂ ਵੱਧ ਖਰਬਪਤੀ ਪੈਦਾ ਕਰ ਰਿਹਾ ਹੈ। ਫੋਰਬਸ ਦੀ ਲਿਸਟ ਮੁਤਾਬਕ ਦੁਨੀਆਂ ਭਰ ਦੇ ਸਭ ਤੋਂ ਅਮੀਰ ਕਾਰਪੋਰੇਟਾਂ ਵਿੱਚ ਭਾਰਤ ਦੇ 8 ਧਨ-ਕੁਬੇਰ ਸ਼ਾਮਲ ਹਨ। ਦੂਜੇ ਪਾਸੇ ਵਿਸ਼ਵ 'ਭੁੱਖਮਰੀ ਇੰਡੈਕਸ' ਦੇ ਤਾਜ਼ਾ ਸਰਵੇ ਅਨੁਸਾਰ ਭੁੱਖਮਰੀ ਦੇ ਮਾਮਲੇ ਵਿੱਚ ਸਭ ਤੋਂ ਕੰਗਾਲ 125 ਦੇਸ਼ਾਂ ਵਿੱਚ ਸਾਡਾ ਦੇਸ਼ 111ਵੀਂ ਥਾਂ ਪੁੱਜ ਚੁੱਕਾ ਹੈ। ਇਸ ਮਾਮਲੇ ਵਿੱਚ ਸਾਡੇ ਸਭ ਗੁਆਂਢੀ ਦੇਸ਼ ਸਾਥੋਂ ਬੇਹਤਰ ਸਥਿਤੀ ਵਿੱਚ ਹਨ।

ਯੂਨੀਸੈਫ ਦੀ ਰਿਪੋਰਟ ਮੁਤਾਬਕ ਭਾਰਤ ਵਿੱਚ 5 ਸਾਲ ਤੋਂ ਘੱਟ ਉਮਰ ਦੇ 34.7 ਫ਼ੀਸਦੀ ਬੱਚੇ ਮਰੀਅਲ ਹਨ ਤੇ ਭੁੱਖੇ ਸੌਂਦੇ ਹਨ। ਏਸ਼ੀਆ ਦੇ ਦੇਸ਼ਾਂ ਵਿੱਚ ਇਹ ਔਸਤ 2.8 ਫ਼ੀਸਦੀ ਹੈ। ਇਸ ਦਾ ਮਤਲਬ ਹੈ ਕਿ ਭਾਰਤ ਏਸ਼ੀਆ ਦੇ ਗਰੀਬ ਦੇਸ਼ਾਂ ਵਿੱਚੋਂ ਵੀ ਸਭ ਤੋਂ ਗਰੀਬ ਦੇਸ਼ ਹੈ।

ਦੁਨੀਆ ਭਰ ਵਿੱਚ ਭੁੱਖਮਰੀ ਦਾ ਸ਼ਿਕਾਰ ਹੋ ਰਹੇ ਬੱਚਿਆਂ ਦੀ ਪੜਤਾਲ ਤੇ ਉਸ ਦੇ ਹੱਲ ਲਈ ਯੂਨੀਸੈਫ ਨੇ 'ਬਾਲ ਭੋਜਨ ਕੰਗਾਲੀ' ਨਾਂਅ ਦੇ ਵਿਭਾਗ ਦੀ ਸਥਾਪਨਾ ਕੀਤੀ ਸੀ। ਵਿਭਾਗ ਨੇ ਦੁਨੀਆ ਦੇ 93 ਦੇਸ਼ਾਂ ਵਿੱਚੋਂ 37 ਗਰੀਬ ਦੇਸ਼ਾਂ ਨੂੰ ਚੁਣਿਆ, ਜਿਨ੍ਹਾਂ ਵਿੱਚ 90 ਫ਼ੀਸਦੀ ਗਰੀਬ ਬੱਚੇ ਰਹਿੰਦੇ ਹਨ। ਇਸ ਵਿਭਾਗ ਨੇ ਇਨ੍ਹਾਂ ਦੇਸ਼ਾਂ ਦੇ ਸਰਕਾਰੀ ਅੰਕੜਿਆਂ ਨੂੰ ਵੀ ਜਾਚਿਆ ਤੇ ਹਕੀਕਤ ਜਾਣਨ ਲਈ ਮਾਹਿਰਾਂ ਰਾਹੀਂ ਸਰਵੇ ਵੀ ਕਰਾਏ। ਇਸ ਤੋਂ ਬਾਅਦ 6 ਜੂਨ 2024 ਨੂੰ ਆਪਣੀ 92 ਸਫ਼ਿਆਂ ਦੀ ਰਿਪੋਰਟ ਤਿਆਰ ਕਰਕੇ ਇੰਟਰਨੈੱਟ 'ਤੇ ਪਾ ਦਿੱਤੀ ਸੀ।

ਇਸ ਰਿਪੋਰਟ ਮੁਤਾਬਕ ਸਾਡਾ ਦੇਸ਼ ਭੁੱਖਮਰੀ, ਬਾਲ ਕੁਪੋਸ਼ਣ, ਜਨਮ ਸਮੇਂ ਮੌਤਾਂ, ਪੀਲੇ ਤੇ ਮਰੀਅਲ ਬੱਚਿਆਂ ਤੇ ਪੀਲੀਆ ਦੀਆਂ ਸ਼ਿਕਾਰ ਮਾਵਾਂ ਦੇ ਮਾਮਲੇ ਵਿੱਚ ਪੂਰੀ ਤਰ੍ਹਾਂ 'ਵਿਸ਼ਵ ਗੁਰੂ' ਬਣ ਚੁੱਕਿਆ ਹੈ। ਜਦੋਂ ਇਹ ਰਿਪੋਰਟ ਆਈ, ਉਸ ਸਮੇਂ ਹੁਕਮਰਾਨ ਤੀਜੀ ਵਾਰ ਸੱਤਾ ਹਾਸਲ ਕਰ ਲੈਣ ਦੀ ਮਸਤੀ ਵਿੱਚ ਡੁੱਬੇ ਹੋਏ ਸਨ, ਨਹੀਂ ਤਾਂ ਹੁਣ ਤੱਕ ਉਹ ਇਸ ਰਿਪੋਰਟ ਨੂੰ ਭਾਰਤ ਵਿਰੁੱਧ ਵਿਦੇਸ਼ੀ ਸਾਜ਼ਿਸ਼ ਕਹਿ ਕੇ ਨਕਾਰ ਚੁੱਕੇ ਹੁੰਦੇ।

137 ਗਰੀਬ ਦੇਸ਼ਾਂ ਵਿੱਚੋਂ ਸਭ ਤੋਂ ਕੰਗਾਲ 63 ਅਜਿਹੇ ਦੇਸ਼ਾਂ ਵਿੱਚ ਯੂਨੀਸੈਫ ਨੇ ਵਿਸ਼ੇਸ਼ ਪੜਤਾਲ ਕਰਾਈ, ਜਿਨ੍ਹਾਂ ਵਿੱਚ ਬੱਚਿਆਂ ਨੂੰ ਲੱਗਭੱਗ ਰੋਜ਼ਾਨਾ ਪੇਟ ਭਰ ਕੇ ਭੋਜਨ ਨਹੀਂ ਮਿਲਦਾ। ਇਨ੍ਹਾਂ ਵਿੱਚੋਂ ਭਾਰਤ ਦਾ ਨੰਬਰ 40ਵਾਂ ਹੈ। ਸਾਡੇ ਨਾਲੋਂ ਮਾੜੀ ਹਾਲਤ 23 ਦੇਸ਼ਾਂ ਦੀ ਹੈ, ਜਿਨ੍ਹਾਂ ਵਿੱਚ ਇਥੋਪੀਆ, ਅਫ਼ਗਾਨਿਸਤਾਨ ਤੇ ਸੋਮਾਲੀਆ ਆਦਿ ਸ਼ਾਮਲ ਹਨ। ਸਾਡੇ ਗੁਆਂਢੀ ਦੇਸ਼ਾਂ ਵਿੱਚੋਂ ਸ੍ਰੀਲੰਕਾ ਦੀ ਹਾਲਤ ਸਭ ਤੋਂ ਵਧੀਆ ਹੈ। ਉਹ ਪੰਜਵੇਂ ਨੰਬਰ 'ਤੇ ਹੈ। ਬੰਗਲਾਦੇਸ਼ 20ਵੇਂ ਤੇ ਸੰਘੀਆਂ ਦਾ ਦੁਸ਼ਮਣ ਪਾਕਿਸਤਾਨ ਸਾਡੇ ਤੋਂ ਦੋ ਨੰਬਰ ਉੱਪਰ ਰਹਿ ਕੇ 38ਵੇਂ ਸਥਾਨ 'ਤੇ ਹੈ। ਰਿਪੋਰਟ ਮੁਤਾਬਕ ਅਫ਼ਰੀਕੀ ਦੇਸ਼ਾਂ ਵਿੱਚ ਬਾਲ ਭੁੱਖਮਰੀ ਦੀ ਹਾਲਤ ਸੁਧਰੀ ਹੈ, ਪਰ ਏਸ਼ੀਆ ਵਿੱਚ ਅਜਿਹਾ ਨਹੀਂ ਹੋਇਆ। ਏਸ਼ੀਆਈ ਦੇਸ਼ਾਂ ਵਿੱਚ ਸਿਰਫ਼ ਨੇਪਾਲ ਹੈ, ਜਿੱਥੇ ਬਾਲ ਭੋਜਨ ਭੁੱਖਮਰੀ ਵਿੱਚ ਕਾਫ਼ੀ ਕਮੀ ਆਈ ਹੈ। ਰਿਪੋਰਟ ਮੁਤਾਬਕ ਦੁਨੀਆਂ ਭਰ ਵਿੱਚ 5 ਸਾਲ ਤੋਂ ਛੋਟੇ 18 ਕਰੋੜ 10 ਲੱਖ ਬੱਚੇ ਭੁੱਖਮਰੀ ਦਾ ਸ਼ਿਕਾਰ ਹਨ ਤੇ ਵਾਰ-ਵਾਰ ਬਿਮਾਰੀਆਂ ਦੀ ਜਕੜ ਵਿੱਚ ਆਉਣ ਕਾਰਨ ਮਰ ਜਾਂਦੇ ਹਨ। ਅਜਿਹੇ ਮਰੀਅਲ ਬੱਚਿਆਂ ਵਿੱਚ 65 ਫ਼ੀਸਦੀ ਜਿਨ੍ਹਾਂ ਦੇਸ਼ਾਂ ਵਿੱਚ ਰਹਿੰਦੇ ਹਨ, ਉਨ੍ਹਾਂ ਵਿੱਚ 'ਮਹਾਨ ਭਾਰਤ' ਵੀ ਸ਼ਾਮਲ ਹੈ। ਇਨ੍ਹਾਂ 20 ਦੇਸ਼ਾਂ ਵਿੱਚੋਂ 11 ਦੇਸ਼ ਅਜਿਹੇ ਹਨ, ਜਿਨ੍ਹਾਂ ਵਿੱਚ ਭੁੱਖਮਰੀ ਦੀ ਹਾਲਤ ਹੋਰ ਭਿਆਨਕ ਹੋਈ ਹੈ। ਸਵਾਲ ਸਿਰਫ਼ ਬਾਲਾਂ ਦਾ ਹੀ ਨਹੀਂ, ਗਰੀਬੀ ਦੀ ਭਿਆਨਕਤਾ ਦਾ ਵੀ ਹੈ। ਜਿਨ੍ਹਾਂ ਪਰਵਾਰਾਂ ਵਿੱਚ ਬੱਚੇ ਰਾਤ ਨੂੰ ਭੁੱਖੇ ਸੌਂਦੇ ਹੋਣ, ਉਨ੍ਹਾਂ ਪਰਵਾਰਾਂ ਦੇ ਬਾਕੀ ਮੈਂਬਰ ਭਲਾ ਕਿਵੇਂ ਰੱਜ ਕੇ ਸੌਂਦੇ ਹੋ ਸਕਦੇ ਹਨ।

(ਬਾਕੀ ਸਫ਼ਾ 31 'ਤੇ)

# ਪੈਸੇ ਨਿਵੇਸ਼ ਕਰਨ ਲਈ ਅਯੁੱਧਿਆ ਤੇ ਉਸ ਦੇ ਆਲੇ-ਦੁਆਲੇ ਦਾ ਇਲਾਕਾ ਧੰਨਾ ਸੇਠਾਂ ਲਈ ਪਸੰਦੀਦਾ ਥਾਂ ਬਣਿਆ



ਅੰਗਰੇਜ਼ੀ ਅਖ਼ਬਾਰ 'ਦੀ ਇੰਡੀਅਨ ਐੱਕਸਪ੍ਰੈੱਸ' ਦੀ ਖ਼ਬਰ ਸੀ ਕਿ ਨਵੰਬਰ 2019 ਵਿੱਚ ਰਾਮ ਮੰਦਰ ਦੀ ਉਸਾਰੀ ਦੀ ਆਗਿਆ ਦੇਣ ਦੇ ਸੁਪਰੀਮ ਕੋਰਟ ਦੇ ਫੈਸਲੇ ਤੋਂ ਲੈ ਕੇ ਮਾਰਚ 2024 ਤੱਕ ਅਯੁੱਧਿਆ ਤੇ ਉਸ ਦੇ ਨਾਲ ਲੱਗਦੇ ਜ਼ਿਲ੍ਹੇ ਗੋਂਡਾ ਤੇ ਬਸਤੀ ਦੇ ਘੱਟੋ-ਘੱਟ 25 ਪਿੰਡਾਂ ਵਿੱਚ ਜ਼ਮੀਨ ਖਰੀਦਣ ਦੀ ਗਿਣਤੀ ਵਿੱਚ 30 ਫੀਸਦੀ ਵਾਧਾ ਹੋਇਆ ਹੈ। ਇਹ ਪਿੰਡ ਮੰਦਰ ਦੇ 15 ਕਿਲੋਮੀਟਰ ਦੇ ਦਾਇਰੇ ਵਿੱਚ ਆਉਂਦੇ ਹਨ। ਰਜਿਸਟਰੀਆਂ ਕਰਾਉਣ ਵਾਲਿਆਂ ਵਿੱਚ ਸਿਆਸੀ ਆਗੂਆਂ ਤੇ ਸਰਕਾਰੀ ਅਧਿਕਾਰੀਆਂ ਦੇ ਕਰੀਬੀਆਂ ਤੋਂ ਇਲਾਵਾ ਵੱਡੇ ਕਾਰੋਬਾਰੀ ਵੀ ਹਨ। ਅਰੁਣਾਚਲ ਦੇ ਉਪ ਮੁੱਖ ਮੰਤਰੀ ਚੌਨਾ ਮੀਨ ਦੇ ਦੋਵਾਂ ਬੇਟਿਆਂ ਚੋਂ ਕਾਨ ਸੇਂਗ ਮੀਨ ਤੇ ਆਦਿਤਿਆ ਮੀਨ ਨੇ ਸਤੰਬਰ 2022 ਤੇ ਸਤੰਬਰ 2023 ਵਿਚਾਲੇ ਸਰਯੂ ਨਦੀ ਦੇ ਪਾਰ ਮਹੇਸ਼ਪੁਰ (ਗੋਂਡਾ) ਵਿੱਚ ਮੰਦਰ ਤੋਂ 8 ਕਿਲੋਮੀਟਰ ਦੂਰ 3.99 ਹੈਕਟੇਅਰ ਜ਼ਮੀਨ 3.72 ਕਰੋੜ ਰੁਪਏ ਵਿੱਚ ਖਰੀਦੀ। 25 ਅਪ੍ਰੈਲ 2023 ਵਿੱਚ ਉਨ੍ਹਾਂ 0.768 ਹੈਕਟੇਅਰ ਜ਼ਮੀਨ 98 ਲੱਖ ਰੁਪਏ ਵਿੱਚ ਵੇਚੀ। ਆਦਿਤਿਆ ਮੀਨ ਨੇ ਦੱਸਿਆ ਕਿ ਉਨ੍ਹਾਂ ਹੋਟਲ ਬਣਾਉਣ ਲਈ ਜ਼ਮੀਨ ਖਰੀਦੀ। ਮਹਿਲਾ ਭਲਵਾਨ ਦਾ ਜਿਸਮਾਨੀ ਸ਼ੋਸ਼ਣ ਕਰਨ ਦੇ ਦੋਸ਼ ਦਾ ਸਾਹਮਣਾ ਕਰ ਰਹੇ ਸਾਬਕਾ ਭਾਜਪਾ ਸਾਂਸਦ ਬ੍ਰਿਜ ਭੂਸ਼ਣ ਸ਼ਰਣ ਸਿੰਘ ਦਾ ਬੇਟਾ ਕਰਣ ਭੂਸ਼ਣ, ਜੋ ਨੰਦਿਨੀ ਇਨਫਰਾਸਟ੍ਰਕਟਰ ਦਾ ਮਾਲਕ ਹੈ, ਨੇ ਵੀ ਮਹੇਸ਼ਪੁਰ ਵਿੱਚ ਜਨਵਰੀ 2023 ਵਿੱਚ 0.97 ਹੈਕਟੇਅਰ ਜ਼ਮੀਨ 1.15 ਕਰੋੜ ਰੁਪਏ ਵਿੱਚ ਖਰੀਦੀ। ਜੁਲਾਈ 2023 ਵਿੱਚ 635.72 ਵਰਗ ਮੀਟਰ ਜ਼ਮੀਨ 60.96 ਲੱਖ ਰੁਪਏ ਵਿੱਚ ਵੇਚ ਦਿੱਤੀ। ਬ੍ਰਿਜ ਭੂਸ਼ਣ ਨੂੰ ਟਿਕਟ ਨਾ ਮਿਲਣ 'ਤੇ ਉਸ ਦੀ ਥਾਂ ਕੈਸਰਗੰਜ ਤੋਂ ਭਾਜਪਾ ਦੀ ਟਿਕਟ 'ਤੇ ਲੜਿਆ ਕਰਣ ਭੂਸ਼ਣ ਲੋਕ ਸਭਾ ਚੋਣ ਜਿੱਤ ਗਿਆ ਸੀ। ਯੂ ਪੀ ਸਪੈਸ਼ਲ ਟਾਸਕ ਫੋਰਸ ਦੇ ਐਡੀਸ਼ਨਲ ਡੀ ਜੀ ਪੀ ਅਮਿਤਾਭ ਯਸ਼ ਦੀ ਮਾਤਾ ਗੀਤਾ ਸਿੰਘ ਨੇ ਫਰਵਰੀ 2022 ਤੋਂ ਫਰਵਰੀ 2024 ਤੱਕ ਮਹੇਸ਼ਪੁਰ ਤੇ ਦੁਰਗਾਗੰਜ (ਗੋਂਡਾ) ਤੇ ਮਊ ਯਦੁਵੰਸ਼ਪੁਰ (ਅਯੁੱਧਿਆ) ਵਿੱਚ ਮੰਦਰ ਤੋਂ ਕੁਝ ਕਿਲੋਮੀਟਰ ਦੂਰ 9.955 ਹੈਕਟੇਅਰ ਖੇਤੀ ਜ਼ਮੀਨ 4.04 ਕਰੋੜ ਰੁਪਏ ਵਿੱਚ ਖਰੀਦੀ।

(ਬਾਕੀ ਸਫ਼ਾ 31 'ਤੇ)

# ਮੁੱਖ ਮੰਤਰੀ ਵੱਲੋਂ ਵਿੱਤ ਕਮਿਸ਼ਨ ਤੋਂ ਪੰਜਾਬ ਲਈ ਵਿਸ਼ੇਸ਼ ਪੈਕੇਜ ਦੀ ਮੰਗ

## ਪੁਲਿਸ ਫ਼ੋਰਸ ਦੇ ਆਧੁਨਿਕੀਕਰਨ ਲਈ ਵੀ ਫੰਡ ਮੰਗੇ

## ਫ਼ਸਲੀ ਵਿਭਿੰਨਤਾ ਨੂੰ ਹੱਲਾਸ਼ੇਰੀ ਦੇਣ ਦੇ ਉਪਰਾਲੇ ਕਰਨ ਲਈ ਕਿਹਾ

ਚੰਡੀਗੜ੍ਹ/ਏ.ਟੀ.ਨਿਊਜ਼ : ਪੰਜਾਬ ਸਰਕਾਰ ਨੇ 16ਵੇਂ ਵਿੱਤ ਕਮਿਸ਼ਨ ਤੋਂ ਪੰਜਾਬ ਦੀ ਵਿੱਤੀ ਸਿਹਤ ਦੇ ਹਵਾਲੇ ਨਾਲ ਸੂਬੇ ਦੇ ਚੌਤਰਫਾ ਵਿਕਾਸ ਲਈ 1,32,247 ਕਰੋੜ ਰੁਪਏ ਦੇ ਵਿਸ਼ੇਸ਼ ਪੈਕੇਜ ਦੀ ਮੰਗ ਕੀਤੀ ਹੈ। ਸੂਬਾ ਸਰਕਾਰ ਨੇ ਛੇ ਮੈਂਬਰੀ ਵਿੱਤ ਕਮਿਸ਼ਨ ਤੋਂ ਪੋਸਟ ਡੀਵੈਲਿਊਸ਼ਨ ਰੈਵੇਨਿਊ ਡੈਫੀਸਿਟ ਗਰਾਂਟ ਜਾਰੀ ਰੱਖਣ ਦੀ ਮੰਗ ਵੀ ਕੀਤੀ ਹੈ। ਉਨ੍ਹਾਂ ਸੂਬੇ ਵਿੱਚ ਜ਼ਮੀਨੀ ਪਾਣੀ ਦੇ ਡਿੱਗ ਰਹੇ ਪੱਧਰ ਅਤੇ ਇਸ ਕਾਰਨ ਵਧ ਰਹੀਆਂ ਖੇਤੀ ਲਾਗਤਾਂ ਦਾ ਹਵਾਲਾ ਵੀ ਦਿੱਤਾ।

ਡਾਕਟਰ ਅਰਵਿੰਦ ਪਨਗੜ੍ਹੀਆ ਦੀ ਅਗਵਾਈ ਹੇਠਲੇ ਵਿੱਤ ਕਮਿਸ਼ਨ ਨਾਲ ਵਿਚਾਰ ਵਟਾਂਦਰੇ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਨੇ ਵਿਸ਼ੇਸ਼ ਪੈਕੇਜ ਲਈ ਤਰਕ ਪੇਸ਼ ਕਰਦਿਆਂ ਪੈਦਾਵਾਰ ਅਤੇ ਆਜ਼ਾਦੀ ਦੀ ਰੱਖਿਆ ਲਈ ਪੰਜਾਬ ਦੇ ਵਡਮੁੱਲੇ ਯੋਗਦਾਨ ਦਾ ਜ਼ਿਕਰ ਕੀਤਾ। ਵਿੱਤ ਕਮਿਸ਼ਨ ਦੀ ਟੀਮ ਨੇ ਪਹਿਲਾਂ ਮੁੱਖ ਮੰਤਰੀ ਭਗਵੰਤ ਮਾਨ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਸੀਨੀਅਰ ਅਧਿਕਾਰੀਆਂ ਨਾਲ ਵਿਚਾਰ ਚਰਚਾ ਕੀਤੀ ਅਤੇ ਫਿਰ ਉਨ੍ਹਾਂ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਵੀ ਗੱਲਬਾਤ ਕੀਤੀ।

ਮੁੱਖ ਮੰਤਰੀ ਨੇ ਕਮਿਸ਼ਨ ਦੇ ਚੇਅਰਮੈਨ ਡਾਕਟਰ ਅਰਵਿੰਦ ਪਨਗੜ੍ਹੀਆ, ਮੈਂਬਰ ਅਜੈ ਨਰਾਇਣ ਝਾਅ, ਐਨੀ ਜੌਰਜ ਮੈਥਿਊ, ਡਾਕਟਰ




ਮਨੋਜ ਪਾਂਡਾ ਅਤੇ ਡਾਕਟਰ ਸੌਮਿਆਕਾਂਤੀ ਘੋਸ਼ ਤੋਂ ਇਲਾਵਾ ਕਮਿਸ਼ਨ ਦੇ ਸਕੱਤਰ ਰਿਤਵਿਕ ਪਾਂਡੇ ਦਾ ਸਵਾਗਤ ਕੀਤਾ। ਮੁੱਖ ਮੰਤਰੀ ਭਗਵੰਤ ਮਾਨ ਨੇ ਵਿੱਤ ਕਮਿਸ਼ਨ ਤੋਂ ਜੋ 1,32,247 ਕਰੋੜ ਦਾ ਵਿਸ਼ੇਸ਼ ਪੈਕੇਜ ਮੰਗਿਆ ਹੈ, ਉਸ ਵਿੱਚ ਸੂਬੇ ਦੇ ਵਿਕਾਸ ਲਈ 75,000 ਕਰੋੜ ਰੁਪਏ, ਖੇਤੀਬਾੜੀ ਅਤੇ ਫ਼ਸਲੀ ਵਿਭਿੰਨਤਾ ਲਈ 17,950 ਕਰੋੜ, ਪਰਾਲੀ ਸਾੜਨ ਦੀ ਰੋਕਥਾਮ ਅਤੇ ਬਦਲਵੇਂ ਪ੍ਰਬੰਧਾਂ ਲਈ 5025 ਕਰੋੜ, ਨਾਰਕੋ-ਅਤਿਵਾਦ ਅਤੇ ਨਸ਼ਿਆਂ ਨਾਲ ਨਜਿੱਠਣ ਲਈ 8846 ਕਰੋੜ, ਉਦਯੋਗੀਕਰਨ ਲਈ 6000 ਕਰੋੜ, ਸ਼ਹਿਰੀ ਸਥਾਨਕ ਇਕਾਈਆਂ ਲਈ 9426 ਕਰੋੜ ਅਤੇ ਪੇਂਡੂ ਸਥਾਨਕ ਇਕਾਈਆਂ ਲਈ 10,000 ਕਰੋੜ ਰੁਪਏ ਦੇ ਫੰਡ ਸ਼ਾਮਲ ਹਨ। ਮੁੱਖ ਮੰਤਰੀ ਨੇ ਮੀਟਿੰਗ ਵਿੱਚ ਕਿਹਾ ਕਿ ਪੰਜਾਬੀਆਂ ਦੀ ਘਾਲਣਾ ਸਦਕਾ ਬਣੀ ਪਛਾਣ ਨੂੰ ਦੇਖਦਿਆਂ ਵਿੱਤ ਕਮਿਸ਼ਨ ਸੂਬੇ ਲਈ ਵਿਸ਼ੇਸ਼ ਪੈਕੇਜ ਦੀ ਸਿਫ਼ਾਰਸ਼ ਕਰੇ। ਉਨ੍ਹਾਂ ਲੋਕ-ਪੱਖੀ ਸੁਧਾਰਾਂ ਦਾ ਜ਼ਿਕਰ ਕਰਦਿਆਂ (ਬਾਕੀ ਸਫ਼ਾ 31 'ਤੇ)

## ਕਾਂਗਰਸੀ ਵਫ਼ਦ ਨੇ ਸੌਂਪਿਆ ਮੰਗ ਪੱਤਰ

ਚੰਡੀਗੜ੍ਹ/ਏ.ਟੀ.ਨਿਊਜ਼: ਵਿੱਤ ਕਮਿਸ਼ਨ ਦੀ ਟੀਮ ਨਾਲ ਕਾਂਗਰਸ ਆਗੂਆਂ ਨੇ ਵੀ ਮੁਲਾਕਾਤ ਕਰਕੇ ਮੰਗ ਪੱਤਰ ਸੌਂਪਿਆ। ਕਾਂਗਰਸੀ ਵਫ਼ਦ 'ਚ ਵਿਜੇਇੰਦਰ ਸਿੰਗਲਾ, ਸਾਬਕਾ ਵਿਧਾਇਕ ਕੁਲਦੀਪ ਸਿੰਘ ਵੈਦ ਅਤੇ ਪਾਰਟੀ ਦੇ ਬੁਲਾਰੇ ਹਰਦੀਪ ਸਿੰਘ ਕਿੰਗਰਾ ਸ਼ਾਮਲ ਸਨ। ਸ੍ਰੀ ਸਿੰਗਲਾ ਨੇ ਕਿਹਾ ਕਿ ਵਿੱਤੀ ਵਰ੍ਹੇ 2000-01 ਤੋਂ 2020-21 ਤੱਕ ਲਗਾਤਾਰ ਵਿੱਤ ਕਮਿਸ਼ਨਾਂ ਨੇ ਕੇਂਦਰੀ ਟੈਕਸ ਮਾਲੀਏ ਵਿੱਚ ਸਾਰੇ ਰਾਜਾਂ ਦੇ ਸਮੂਹਿਕ ਹਿੱਸੇ ਨੂੰ 29.5 ਫ਼ੀਸਦ ਤੋਂ ਵਧਾ ਕੇ 42 ਫ਼ੀਸਦ ਕਰ ਦਿੱਤਾ ਹੈ। ਉਨ੍ਹਾਂ ਮੰਗ ਕੀਤੀ ਕਿ ਸੂਬਿਆਂ ਦਾ ਹਿੱਸਾ ਵਧਾ ਕੇ 50 ਫ਼ੀਸਦ ਕੀਤਾ ਜਾਵੇ। ਕਾਂਗਰਸੀ ਵਫ਼ਦ ਨੇ ਵਿੱਤ ਕਮਿਸ਼ਨ ਨੂੰ ਬੇਨਤੀ ਕੀਤੀ ਕਿ ਕੇਂਦਰ ਸਰਕਾਰ ਦੁਆਰਾ ਇਕੱਠੀ ਕੀਤੀ ਗਈ ਵੱਖ-ਵੱਖ ਸੇਵਾ ਪ੍ਰਦਾਤਾਵਾਂ ਤੋਂ ਰਾਇਲਟੀ ਫੀਸ ਅਤੇ ਸਪੈਕਟਰਮ ਚਾਰਜਿਜ਼ ਵਰਗੇ ਗੈਰ-ਟੈਕਸ ਮਾਲੀਏ ਨੂੰ ਵੰਡਣਯੋਗ ਪੂਲ ਵਿੱਚ ਸ਼ਾਮਲ ਕੀਤਾ ਜਾਵੇ।

ਮਾਲੀਆ ਘਾਟੇ ਦੀਆਂ ਗਰਾਂਟਾਂ ਬਾਰੇ ਫ਼ੈਸਲਾ ਹਾਲੇ ਨਹੀਂ: ਚੇਅਰਮੈਨ

ਵਿੱਤ ਕਮਿਸ਼ਨ ਦੇ ਚੇਅਰਮੈਨ ਅਰਵਿੰਦ ਪਨਗੜ੍ਹੀਆ ਨੇ ਪ੍ਰੈੱਸ ਕਾਨਫ਼ਰੰਸ 'ਚ ਦੱਸਿਆ ਕਿ ਮੁੱਖ ਮੰਤਰੀ ਅਤੇ ਵਿੱਤ ਮੰਤਰੀ ਨੇ ਪੰਜਾਬ ਦੇ ਵਿੱਤ ਬਾਰੇ ਜਾਣਕਾਰੀ ਸਾਂਝੀ ਕੀਤੀ ਹੈ ਅਤੇ ਸੂਬੇ ਨੂੰ ਦਰਪੇਸ਼ ਚੁਣੌਤੀਆਂ ਦੇ ਨਾਲ ਨਾਲ ਵਿਕਾਸ ਦੇ ਮੁੱਦੇ 'ਤੇ ਮੰਗਾਂ ਵੀ ਰੱਖੀਆਂ ਹਨ। ਉਨ੍ਹਾਂ ਕਿਹਾ ਕਿ ਮੁੱਖ ਤੌਰ 'ਤੇ ਪੰਜਾਬ ਨੇ ਇਹ ਮੰਗ ਉਠਾਈ ਹੈ ਕਿ ਕੇਂਦਰ ਵੱਲੋਂ ਇਕੱਠੇ ਕੀਤੇ ਜਾਂਦੇ ਟੈਕਸਾਂ ਦਾ 50 ਫ਼ੀਸਦੀ ਸੂਬਾ ਸਰਕਾਰਾਂ ਨੂੰ ਮਿਲਣਾ ਚਾਹੀਦਾ ਹੈ ਜਦੋਂ ਕਿ ਹਾਲੇ 41 ਫ਼ੀਸਦੀ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਵਿੱਤ ਕਮਿਸ਼ਨ ਦਾ ਟੈਕਸਾਂ ਦੀ ਕੇਂਦਰ ਅਤੇ ਸੂਬਿਆਂ ਵਿਚ ਵੰਡ ਬਾਰੇ ਸਿਫ਼ਾਰਸ਼ ਕਰਨਾ ਹੈ। ਉਨ੍ਹਾਂ ਦੱਸਿਆ ਕਿ ਸੂਬੇ ਦੇ ਵਿੱਤ ਸਕੱਤਰ ਨੇ ਪੰਜਾਬ ਦੀ ਸਮਾਜਿਕ-ਆਰਥਿਕ ਪ੍ਰੋਫਾਈਲ, ਜਨਸੰਖਿਆ ਪ੍ਰੋਫਾਈਲ, ਵਿੱਤੀ ਪ੍ਰੋਫਾਈਲ, ਪੰਜਾਬ ਦੇ ਮਾਲੀਏ 'ਤੇ ਵਸਤੂਆਂ ਅਤੇ ਸੇਵਾਵਾਂ ਟੈਕਸ ਦੇ ਪ੍ਰਭਾਵ ਤੇ ਇਸ ਦੇ ਵੱਖ-ਵੱਖ ਪਹਿਲੂਆਂ ਦੀ ਗੱਲ ਕੀਤੀ। ਚੇਅਰਮੈਨ ਪਨਗੜ੍ਹੀਆ ਨੇ ਕਿਹਾ ਕਿ ਪੁਰਾਣੀ ਰਵਾਇਤ ਅਨੁਸਾਰ ਸੂਬਿਆਂ ਨੂੰ ਮਾਲੀਆ ਘਾਟੇ ਦੀਆਂ ਗਰਾਂਟਾਂ ਦੇਣ ਬਾਰੇ ਫ਼ੈਸਲਾ ਅਗਲੇ ਛੇ ਮਹੀਨਿਆਂ ਵਿੱਚ ਕੀਤਾ ਜਾਵੇਗਾ ਕਿਉਂਕਿ ਹਾਲੇ ਉਨ੍ਹਾਂ ਨੇ 25 ਹੋਰ ਸੂਬਿਆਂ ਦਾ ਦੌਰਾ ਕਰਨਾ ਹੈ।

# ਟੈਕਸਾਂ ਦੇ ਹਿੱਸੇ ਦੀ ਵੰਡ ਦਾ ਫਾਰਮੂਲਾ ਸੋਧਿਆ ਜਾਵੇ: ਅਕਾਲੀ ਦਲ

ਚੰਡੀਗੜ੍ਹ/ਏ.ਟੀ.ਨਿਊਜ਼: ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਮਹੇਸ਼ਇੰਦਰ ਸਿੰਘ ਗਰੇਵਾਲ ਅਤੇ ਡਾ. ਦਲਜੀਤ ਸਿੰਘ ਚੀਮਾ ਨੇ ਵਿੱਤ ਕਮਿਸ਼ਨ ਅੱਗੇ ਮੰਗਾਂ ਰੱਖੀਆਂ। ਉਨ੍ਹਾਂ ਕੇਂਦਰ ਸਰਕਾਰ ਵੱਲੋਂ ਰਾਜਾਂ ਨੂੰ ਦਿੱਤੇ ਜਾਂਦੇ ਟੈਕਸਾਂ ਦੇ ਹਿੱਸੇ ਦੀ ਵੰਡ ਦੇ ਫਾਰਮੂਲੇ ਵਿੱਚ ਸੋਧ ਕਰਨ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਫ਼ਸਲੀ ਵਿਭਿੰਨਤਾ, ਸੂਬੇ ਦੇ ਕਿਸਾਨਾਂ ਲਈ ਕਰਜ਼ਾ ਮੁਆਫ਼ੀ, ਸਰਹੱਦੀ ਕਿਸਾਨਾਂ ਲਈ ਨਿਯਮਿਤ ਮੁਆਵਜ਼ੇ, ਇੰਡਸਟਰੀ ਲਈ ਟੈਕਸ ਰਿਆਇਤਾਂ, ਪੇਂਡੂ ਵਿਕਾਸ ਫੰਡ (ਆਰ.ਡੀ.ਐੱਫ.) ਜਾਰੀ ਕਰਨ ਅਤੇ ਸਰਬ ਸਿੱਖਿਆ ਅਭਿਆਨ ਸਮੇਤ ਐੱਫ.ਸੀ.ਆਈ. ਦੇ ਫੰਡਾਂ ਦਾ ਨਿਬੇੜਾ ਕੀਤਾ ਜਾਵੇ। ਆਗੂਆਂ ਨੇ ਮੰਗ ਕੀਤੀ ਕਿ ਇਤਿਹਾਸਕ ਤੌਰ 'ਤੇ ਹੋਈਆਂ ਗਲਤੀਆਂ ਵੀ ਦਰੁਸਤ ਕੀਤੀਆਂ ਜਾਣ, ਜਿਨ੍ਹਾਂ ਵਿੱਚ 1955 ਵਿੱਚ ਰਾਵੀ-ਬਿਆਸ ਦੇ ਪਾਣੀਆਂ ਦੀ ਕਾਣੀ ਵੰਡ ਵੀ ਸ਼ਾਮਲ ਹੈ। ਪਾਰਟੀ ਨੇ ਕਮਿਸ਼ਨ ਨੂੰ ਆਖਿਆ ਕਿ ਚੰਡੀਗੜ੍ਹ, ਪੰਜਾਬ ਨੂੰ ਦਿੱਤੇ ਜਾਣ ਅਤੇ ਰਾਜਾਂ ਦੇ ਪੁਨਰਗਠਨ ਵੇਲੇ ਦੇ 10 ਸਾਲਾਂ ਦੇ ਅੰਦਰ-ਅੰਦਰ ਹਰਿਆਣਾ ਵੱਲੋਂ ਚੰਡੀਗੜ੍ਹ ਖਾਲੀ ਨਾ ਕਰਨ ਕਾਰਨ ਬਣਦੀ ਆਮਦਨ ਵੀ ਪੰਜਾਬ ਨੂੰ ਅਦਾ ਕੀਤੀ ਜਾਵੇ। ਗਰੇਵਾਲ ਤੇ ਚੀਮਾ ਨੇ ਕਿਹਾ ਕਿ ਪੰਜਾਬ ਸਿਰ ਕਰਜ਼ਾ ਵਧ ਕੇ 3.43 ਲੱਖ ਕਰੋੜ ਰੁਪਏ ਹੋ ਗਿਆ ਹੈ, ਜੋ ਕੁੱਲ ਘਰੇਲੂ ਉਤਪਾਦਨ ਦਾ 49 ਫ਼ੀਸਦੀ ਬਣਦਾ ਹੈ।

ਚੇਅਰਮੈਨ ਟਾਲਾ ਵੱਟਦੇ ਰਹੇ :ਵਿੱਤ ਕਮਿਸ਼ਨ ਦੇ ਚੇਅਰਮੈਨ ਨੇ ਬਿਜਲੀ ਸਬਸਿਡੀ ਦੇ ਮਾਮਲੇ 'ਤੇ ਪਾਸਾ ਵਟਦਿਆਂ ਕਿਹਾ ਕਿ ਸਬਸਿਡੀ ਦੇਣਾ ਸੂਬਾ ਸਰਕਾਰ ਦਾ ਆਪਣਾ ਮਸਲਾ ਹੈ। ਉਨ੍ਹਾਂ ਕਿਹਾ ਕਿ ਮੀਟਿੰਗ ਵਿੱਚ ਸਬਸਿਡੀ ਬਾਰੇ ਗੱਲਬਾਤ ਹੋਈ ਸੀ ਅਤੇ ਕੁੱਲ ਸਬਸਿਡੀਆਂ ਦਾ ਕਰੀਬ 95 ਫ਼ੀਸਦੀ ਇਕੱਲੀ ਬਿਜਲੀ ਸਬਸਿਡੀ ਹੈ। ਕੇਂਦਰ ਵੱਲੋਂ ਪੰਜਾਬ ਦੇ 9770 ਕਰੋੜ ਦੇ ਰੋਕੇ ਗਏ ਫੰਡਾਂ ਬਾਰੇ ਪੁੱਛੇ ਗਏ ਸਵਾਲ ਦੇ ਜਵਾਬ ਵਿੱਚ ਚੇਅਰਮੈਨ ਨੇ ਕਿਹਾ ਕਿ ਇਹ ਮਾਮਲਾ ਉਨ੍ਹਾਂ ਦੇ ਦਾਇਰੇ ਵਿੱਚ ਨਹੀਂ ਆਉਂਦਾ ਹੈ।

# ਕੀ ਸਿੰਘ ਸਾਹਿਬ ਰੋਡੇ ਨਵੇਂ ਅਕਾਲੀ ਦਲ ਦੇ ਪ੍ਰਧਾਨ ਬਣਨਗੇ ?

## ਵਕੀਲ ਰਾਜਦੇਵ ਸਿੰਘ ਨੇ ਅੰਮ੍ਰਿਤ ਪਾਲ ਸਿੰਘ ਵੱਲੋਂ ਐਲਾਨ ਦਾ ਦਾਅਵਾ ਕਿਉਂ ਕੀਤਾ ?

ਟਾਈਮਜ਼ ਆਫ਼ ਇੰਡੀਆ ਤੇ ਇਕ ਪੰਜਾਬੀ ਚੈਨਲ 'ਅਕਾਲ ਚੈਨਲ' ਦੀ ਖ਼ਬਰ ਅਨੁਸਾਰ ਸਾਬਕਾ ਸੰਸਦ ਮੈਂਬਰ ਰਾਜਦੇਵ ਸਿੰਘ ਖਾਲਸਾ, ਜਿਨ੍ਹਾਂ ਨੇ ਸਭ ਤੋਂ ਪਹਿਲਾਂ ਖਡੂਰ ਸਾਹਿਬ ਤੋਂ ਅੰਮ੍ਰਿਤਪਾਲ ਸਿੰਘ ਦੇ ਚੋਣ ਲੜਨ ਦਾ ਐਲਾਨ ਕੀਤਾ ਸੀ, ਨੇ ਹੁਣ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਭਤੀਜੇ ਅਤੇ ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਭਾਈ ਜਸਬੀਰ ਸਿੰਘ ਰੋਡੇ ਨੂੰ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਕਰਨ ਲਈ ਕਿਹਾ ਹੈ।

ਉਨ੍ਹਾਂ ਨੇ ਜਥੇਦਾਰ ਜਸਬੀਰ ਸਿੰਘ ਰੋਡੇ ਨੂੰ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਬਣਾਉਣ ਦੀ ਵਕਾਲਤ ਕੀਤੀ ਹੈ। ਸ਼ਨੀਵਾਰ ਨੂੰ ਮੋਗਾ ਜ਼ਿਲ੍ਹੇ ਦੇ ਪਿੰਡ ਰੋਡੇ ਵਿਖੇ ਸੰਤ ਭਿੰਡਰਾਂਵਾਲੇ ਦੇ ਭਰਾ ਹਰਜੀਤ ਸਿੰਘ ਦੇ ਅੰਤਿਮ ਅਰਦਾਸ ਸਮਾਗਮ ਨੂੰ ਸੰਬੋਧਨ ਕਰਦਿਆਂ ਰਾਜਦੇਵ ਸਿੰਘ ਨੇ ਕਿਹਾ ਸੀ ਕਿ ਰੋਡੇ ਦੀ ਅਗਵਾਈ ਵਿੱਚ ਹੀ ਸ਼੍ਰੋਮਣੀ ਅਕਾਲੀ ਦਲ ਨੂੰ ਮਜ਼ਬੂਤ ਕੀਤਾ ਜਾ ਸਕਦਾ ਹੈ। ਸਮਾਗਮ ਵਿੱਚ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ, ਫਰੀਦਕੋਟ ਦੇ ਸੰਸਦ ਮੈਂਬਰ ਸਰਬਜੀਤ ਸਿੰਘ, ਸਾਬਕਾ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਅਤੇ ਵੱਖ-ਵੱਖ ਸੰਪਰਦਾਇਕ ਜਥੇਬੰਦੀਆਂ ਦੇ ਆਗੂਆਂ ਨੇ ਸ਼ਿਰਕਤ ਕੀਤੀ।

ਵਕੀਲ ਰਾਜਦੇਵ ਸਿੰਘ ਨੇ ਕਿਹਾ ਕਿ ਸਿੰਘ ਸਾਹਿਬ ਰੋਡੇ ਖਾਲਸਾ ਪੰਥ ਦੇ ਆਗੂ ਹਨ ਅਤੇ ਸਭ ਨੂੰ ਪ੍ਰਵਾਨ ਹਨ। ਉਨ੍ਹਾਂ ਦਾਅਵਾ ਕੀਤਾ, 'ਹੁਣ ਸਮੁੱਚਾ ਖ਼ਾਲਸਾ ਪੰਥ ਮੰਗ ਕਰਦਾ ਹੈ ਕਿ ਜਦੋਂ



ਅਕਾਲੀ ਦਲ ਨੂੰ ਮੁੜ ਸੁਰਜੀਤ ਕੀਤਾ ਜਾ ਰਿਹਾ ਹੈ ਤਾਂ ਸਿੰਘ ਸਾਹਿਬ ਰੋਡੇ ਨੂੰ ਇਸ ਦਾ ਪ੍ਰਧਾਨ ਬਣਾਇਆ ਜਾਵੇ।'

ਉਨ੍ਹਾਂ ਮੀਟਿੰਗ ਵਿੱਚ ਹਾਜ਼ਰ ਸੰਗਤਾਂ ਵਿੱਚ ਹੱਥ ਖੜ੍ਹੇ ਕਰਕੇ ਅਕਾਲੀ ਦਲ ਦੇ ਪ੍ਰਧਾਨ ਦੇ ਅਹੁਦੇ ਲਈ ਰੋਡੇ ਦੇ ਨਾਂ 'ਤੇ ਸਹਿਮਤੀ ਵੀ ਪ੍ਰਗਟਾਈ। ਉਨ੍ਹਾਂ ਕਿਹਾ, "ਕਿ ਜਦੋਂ ਪੰਜਾਬ ਦੀ ਸਿਆਸਤ ਨੇ ਮੋੜ ਲਿਆ ਹੈ ਤਾਂ ਅਸੀਂ ਸੰਤ ਭਿੰਡਰਾਂਵਾਲਿਆਂ ਦੇ ਪਰਿਵਾਰ ਦੀ ਅਗਵਾਈ ਤੋਂ ਬਿਨਾਂ ਅੱਗੇ ਨਹੀਂ ਵਧ ਸਕਦੇ, ਜੇਕਰ ਪੰਜਾਬ ਵਿੱਚ ਸਿੱਖ ਸਿਆਸਤ ਨੂੰ ਬਾਬਾ ਜੋਗਿੰਦਰ ਸਿੰਘ (ਸੰਤ ਭਿੰਡਰਾਂਵਾਲਿਆਂ ਦੇ ਪਿਤਾ) ਅਤੇ ਸੰਤ ਜਰਨੈਲ ਸਿੰਘ ਦੀ ਛਤਰਛਾਇਆ ਅਧੀਨ ਚਲਾਇਆ ਜਾਣਾ ਹੈ, ਤਾਂ ਮੈਂ ਸਪੱਸ਼ਟ ਕਰਨਾ ਚਾਹੁੰਦਾ ਹਾਂ ਕਿ ਸਾਨੂੰ ਸਿੰਘ ਸਾਹਿਬ ਰੋਡੇ ਦੀ ਲੋੜ ਹੈ। ਉਨ੍ਹਾਂ ਦੇ ਆਸ਼ੀਰਵਾਦ ਦੇ ਨਾਲ-ਨਾਲ ਉਨ੍ਹਾਂ ਦੀ ਅਗਵਾਈ ਦੀ। ਬਾਦਲਕਿਆਂ ਦੀ ਸਿਆਸਤ ਉੱਪਰ ਟਿੱਪਣੀ ਕਰਦਿਆਂ ਉਨ੍ਹਾਂ ਇਹ ਵੀ ਕਿਹਾ ਕਿ ਪੁਰਾਣੀਆਂ ਚੀਜ਼ਾਂ ਨਵੇਂ ਲੇਬਲ ਹੇਠ ਸਫਲ ਨਹੀਂ ਹੋ ਸਕਦੀਆਂ।

ਉਨ੍ਹਾਂ ਕਿਹਾ ਕਿ ਅਸੀਂ ਇਸ ਗੱਲ 'ਤੇ ਕੋਈ ਸਮਝੌਤਾ ਨਹੀਂ ਕਰ ਸਕਦੇ ਕਿ ਰੋਡੇ ਤੋਂ ਇਲਾਵਾ ਕੋਈ ਹੋਰ ਅਕਾਲੀ ਦਲ ਦਾ ਪ੍ਰਧਾਨ ਬਣੇ। ਉਨ੍ਹਾਂ ਕਿਹਾ ਕਿ ਰੋਡੇ ਇੱਕ ਮਹਾਨ ਸ਼ਖ਼ਸੀਅਤ ਹਨ ਅਤੇ ਉਨ੍ਹਾਂ ਦੀ ਅਗਵਾਈ ਵਿੱਚ ਅਕਾਲੀ ਦਲ ਹੋਰ ਵੀ ਜਿੱਤਾਂ ਦਰਜ ਕਰ ਸਕਦਾ ਹੈ। ਰਾਜਦੇਵ ਨੇ ਕਿਹਾ ਕਿ ਬਾਬਾ ਜੋਗਿੰਦਰ ਸਿੰਘ ਨੇ 1989 ਵਿੱਚ 10 ਸੰਸਦੀ ਸੀਟਾਂ ਜਿੱਤਣ ਵਿੱਚ ਉਨ੍ਹਾਂ ਦੀ ਮਦਦ ਕੀਤੀ ਸੀ। ਉਨ੍ਹਾਂ ਕਿਹਾ ਕਿ ਇਸ ਵਾਰ ਖਡੂਰ ਸਾਹਿਬ ਤੋਂ ਅੰਮ੍ਰਿਤਪਾਲ ਦੀ ਉਮੀਦਵਾਰੀ ਬਾਰੇ ਉਨ੍ਹਾਂ ਵੱਲੋਂ ਕੀਤੇ ਗਏ ਐਲਾਨ ਨਾਲ ਪੈਦਾ ਹੋਈ ਭਾਵਨਾ ਦੇ ਚੱਲਦਿਆਂ ਦੋ ਸੀਟਾਂ ਜਿੱਤੀਆਂ ਹਨ। ਡਿਬਰੂਗੜ੍ਹ ਜੇਲ੍ਹ ਦੇ ਬਾਹਰੋਂ ਮੇਰੇ ਐਲਾਨ ਨਾਲ ਅੰਮ੍ਰਿਤਪਾਲ ਪਾਰਲੀਮੈਂਟ ਵਿੱਚ ਪਹੁੰਚਿਆ। ਇਹ ਐਲਾਨ ਆਸਾਨ ਨਹੀਂ ਸੀ। ਮੈਨੂੰ ਬਹੁਤ ਵਿਰੋਧ ਦਾ ਸਾਹਮਣਾ ਕਰਨਾ ਪਿਆ, ਪਰ ਜਿਨ੍ਹਾਂ ਨੇ ਪਹਿਲਾਂ ਇਸ ਦਾ ਵਿਰੋਧ ਕੀਤਾ, ਉਨ੍ਹਾਂ ਨੇ ਬਾਅਦ ਵਿੱਚ ਇਸ ਦਾ ਸਮਰਥਨ ਕੀਤਾ। ਫਰੀਦਕੋਟ ਵਿੱਚ ਉਸ ਐਲਾਨ ਨੇ ਪੰਥਕ ਭਾਵਨਾਵਾਂ ਨੂੰ ਜਗਾਉਣ ਵਿੱਚ ਵੀ ਮਦਦ ਕੀਤੀ ਅਤੇ ਉਹ ਸੀਟ ਵੀ ਜਿੱਤੀ ਗਈ ਸੀ (ਬਾਕੀ ਸਫ਼ਾ 30 'ਤੇ)

ਸਿੱਖ ਨਸਲਕੁਸ਼ੀ ਮਾਮਲਾ

# ਸੁਪਰੀਮ ਕੋਰਟ ਨੇ ਬਰੀ ਕੀਤੇ ਜਾਣ ਵਿਰੁੱਧ ਅਪੀਲਾਂ 'ਤੇ ਸੱਜਣ ਕੁਮਾਰ ਤੋਂ ਜਵਾਬ ਮੰਗਿਆ



ਨਵੀਂ ਦਿੱਲੀ/ਏ.ਟੀ.ਨਿਊਜ਼: ਦਿੱਲੀ ਹਾਈ ਕੋਰਟ ਨੇ 1984 ਦੇ ਸਿੱਖ ਕਤਲੇਆਮ ਦੌਰਾਨ ਇੱਕ ਵਿਅਕਤੀ ਦੇ ਕਤਲ ਨਾਲ ਜੁੜੇ ਇਕ ਮਾਮਲੇ 'ਚ ਕਾਂਗਰਸ ਦੇ ਸਾਬਕਾ ਸੰਸਦ ਮੈਂਬਰ ਸੱਜਣ ਕੁਮਾਰ ਨੂੰ ਬਰੀ ਕੀਤੇ ਜਾਣ ਨੂੰ ਚੁਨੌਤੀ ਦੇਣ ਵਾਲੀਆਂ ਪਟੀਸ਼ਨਾਂ 'ਤੇ ਸੱਜਣ ਕੁਮਾਰ ਤੋਂ ਜਵਾਬ ਮੰਗਿਆ। ਸੱਜਣ ਕੁਮਾਰ ਇਸ ਸਮੇਂ ਦੰਗਿਆਂ ਨਾਲ ਜੁੜੇ ਇੱਕ ਹੋਰ ਮਾਮਲੇ ਵਿੱਚ ਦੋਸ਼ੀ ਠਹਿਰਾਏ ਜਾਣ ਤੋਂ ਬਾਅਦ ਤਿਹਾੜ ਜੇਲ੍ਹ ਵਿੱਚ ਉਮਰ ਕੈਦ ਦੀ ਸਜ਼ਾ ਕੱਟ ਰਿਹਾ ਹੈ। ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਨੇ ਸੱਜਣ ਕੁਮਾਰ ਨੂੰ ਬਰੀ ਕਰਨ ਦੇ ਹੇਠਲੀ ਅਦਾਲਤ ਦੇ ਹੁਕਮ ਵਿਰੁੱਧ ਅਪੀਲ ਕਰਨ ਲਈ ਹਾਈ ਕੋਰਟ ਤੋਂ ਇਜਾਜ਼ਤ ਮੰਗੀ ਹੈ, ਜਿਸ 'ਤੇ ਜਸਟਿਸ ਪ੍ਰਤਿਭਾ ਐਮ. ਸਿੰਘ ਅਤੇ ਜਸਟਿਸ ਅਮਿਤ ਸ਼ਰਮਾ ਦੀ ਬੈਂਚ ਨੇ ਸੱਜਣ ਕੁਮਾਰ ਨੂੰ ਨੋਟਿਸ ਜਾਰੀ ਕੀਤਾ ਹੈ। ਬੈਂਚ ਨੇ ਇਕ ਗਵਾਹ ਸ਼ੀਲਾ ਕੌਰ ਵੱਲੋਂ ਹੁਕਮ ਵਿਰੁੱਧ ਦਾਇਰ ਅਪੀਲ 'ਤੇ ਸੱਜਣ ਕੁਮਾਰ ਨੂੰ ਨੋਟਿਸ ਵੀ ਜਾਰੀ ਕੀਤਾ। ਜ਼ਿਕਰਯੋਗ ਹੈ ਕਿ 20 ਸਤੰਬਰ, 2023 ਨੂੰ ਵਿਸ਼ੇਸ਼ ਜੱਜ ਗੀਤਾਂਜਲੀ ਗੋਇਲ ਨੇ ਕੁਮਾਰ ਨੂੰ 'ਸ਼ੱਕ ਦਾ ਲਾਭ' ਦਿੰਦੇ ਹੋਏ ਬਰੀ ਕਰ ਦਿੱਤਾ ਸੀ ਅਤੇ ਕਿਹਾ ਸੀ ਕਿ ਸਰਕਾਰੀ ਵਕੀਲ 'ਦੋਸ਼ੀਆਂ ਵਿਰੁੱਧ ਦੋਸ਼ਾਂ ਨੂੰ ਵਾਜਬ ਸ਼ੱਕ ਤੋਂ ਪਰੇ ਸਾਬਤ ਕਰਨ 'ਚ ਅਸਫਲ ਰਿਹਾ ਹੈ।'ਹੇਠਲੀ ਅਦਾਲਤ ਨੇ ਦੋ ਹੋਰ ਮੁਲਜ਼ਮਾਂ ਵੇਦ ਪ੍ਰਕਾਸ਼ ਪਿਆਲ ਅਤੇ ਬ੍ਰਾਹਮਣਨੰਦ ਗੁਪਤਾ ਨੂੰ ਵੀ ਬਰੀ ਕਰ ਦਿਤਾ ਸੀ ਕਿਉਂਕਿ ਸਰਕਾਰੀ ਵਕੀਲ ਉਨ੍ਹਾਂ ਵਿਰੁੱਧ ਕਤਲ ਅਤੇ ਦੰਗਿਆਂ ਦੇ ਦੋਸ਼ ਸਥਾਪਤ ਕਰਨ 'ਚ ਅਸਫਲ ਰਿਹਾ ਸੀ। ਸੁਲਤਾਨਪੁਰੀ 'ਚ ਵਾਪਰੀ ਇਸ ਘਟਨਾ ਦੌਰਾਨ ਇਕ ਸਿੱਖ ਵਿਅਕਤੀ ਸੁਰਜੀਤ ਸਿੰਘ ਦੀ ਮੌਤ ਹੋ ਗਈ ਸੀ।

# ਸਾਂਸਦ ਸਰਬਜੀਤ ਸਿੰਘ ਖ਼ਾਲਸਾ ਵੱਲੋਂ ਨਵਾਂ ਅਕਾਲੀ ਦਲ ਬਣਾਉਣ ਦੇ ਐਲਾਨ ਨਾਲ ਬਾਦਲਕਿਆਂ ਦੀ ਰਾਜਨੀਤੀ ਖ਼ਤਰੇ ਵਿੱਚ

## ਜਥੇਦਾਰ ਅਕਾਲ ਤਖ਼ਤ ਨੇ ਸੁਖਬੀਰ ਸਿੰਘ ਬਾਦਲ ਤੇ ਹਰਜਿੰਦਰ ਸਿੰਘ ਧਾਮੀ ਨੂੰ ਪੱਤਰ ਜਾਰੀ ਕਰਕੇ ਮੰਗਿਆ ਸਪੱਸ਼ਟੀਕਰਨ

## ਅੰਮ੍ਰਿਤਪਾਲ ਸਿੰਘ ਦੇ ਪਿਤਾ ਵੀ ਸਹਿਯੋਗੀ, ਬਾਗ਼ੀ ਅਕਾਲੀ ਧੜੇ ਦੀਆਂ ਤਾਰਾਂ ਨਾਲ ਜੁੜੀਆਂ

ਅਕਾਲ ਤਖਤ ਸਾਹਿਬ ਵਿਖੇ 15 ਜੁਲਾਈ ਨੂੰ ਹੋਈ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿੱਚ ਪੰਜ ਸਿੰਘ ਸਾਹਿਬਾਨ ਨੇ ਫੈਸਲਾ ਸੁਣਾਉਂਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ 'ਤੇ ਬਾਗੀ ਹੋਏ ਅਕਾਲੀ ਆਗੂਆਂ ਵੱਲੋਂ ਲਗਾਏ ਗਏ ਲਿਖਤੀ ਦੋਸ਼ਾਂ ਸਬੰਧੀ 15 ਦਿਨਾਂ ਦੇ ਅੰਦਰ ਸਪੱਸ਼ਟੀਕਰਨ ਦੇਣ ਦੇ ਆਦੇਸ਼ ਸਬੰਧੀ ਪੱਤਰ ਜਾਰੀ ਕੀਤਾ ਹੈ। ਸਪੱਸ਼ਟੀਕਰਨ ਦੇ ਮਾਮਲੇ ਵਿੱਚ ਹੁਣ ਸਮੁੱਚੇ ਸਿੱਖ ਜਗਤ ਦੀਆਂ ਨਜ਼ਰਾਂ ਇਸ ਮਾਮਲੇ ਵਿੱਚ ਅਗਲੇ ਘਟਨਾਕ੍ਰਮ 'ਤੇ ਟਿਕੀਆਂ ਹੋਈਆਂ ਹਨ।

ਜਥੇਦਾਰ ਗਿਆਨੀ ਰਘਬੀਰ ਸਿੰਘ ਵੱਲੋਂ ਜਾਰੀ ਇਸ ਪੱਤਰ ਵਿੱਚ ਕਿਹਾ ਗਿਆ ਸੀ ਕਿ ਸ਼੍ਰੋਮਣੀ ਅਕਾਲੀ ਦਲ ਦੇ ਕੁਝ ਸੀਨੀਅਰ ਆਗੂਆਂ ਦੀ ਸ੍ਰੀ ਅਕਾਲ ਤਖਤ ਸਾਹਿਬ 'ਤੇ ਪੁੱਜੀ ਸ਼ਿਕਾਇਤ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਪੰਥਕ ਭਾਵਨਾਵਾਂ ਦੀ ਤਰਜਮਾਨੀ ਨਹੀਂ ਕੀਤੀ। ਜਿਸ ਕਰਕੇ ਦੋਸ਼ਾਂ ਦਾ ਸਪੱਸ਼ਟੀਕਰਨ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਨਿੱਜੀ ਤੌਰ 'ਤੇ ਪੇਸ਼ ਹੋ ਕੇ ਲਿਖਤੀ ਰੂਪ ਵਿੱਚ ਦਿੱਤਾ ਜਾਵੇ। ਇਸ ਦੇ ਨਾਲ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸੋਂ 90 ਲੱਖ ਦੇ ਇਸ਼ਤਿਹਾਰ ਦੇਣ ਸਬੰਧੀ ਇਨ੍ਹਾਂ ਅਕਾਲੀ ਆਗੂਆਂ ਵੱਲੋਂ ਲਗਾਏ ਦੋਸ਼ਾਂ ਨੂੰ ਧਿਆਨ ਵਿੱਚ ਰੱਖਦਿਆਂ ਮੌਜੂਦਾ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਪਾਸੋਂ ਪੱਤਰ ਜਾਰੀ ਕਰਕੇ ਸਪੱਸ਼ਟੀਕਰਨ ਮੰਗਿਆ ਗਿਆ।

ਪਾਰਟੀ ਸੂਤਰਾਂ ਮੁਤਾਬਕ ਪਾਰਟੀ ਵੱਲੋਂ ਇਸ ਸਬੰਧੀ ਸਪੱਸ਼ਟੀਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਦੀ ਇਹ ਮੁੱਖ ਧਿਰ ਇਸ ਮਾਮਲੇ ਵਿੱਚ ਅਕਾਲ ਤਖ਼ਤ ਅੱਗੇ ਪੂਰਨ ਤੌਰ 'ਤੇ ਸਮਰਪਣ ਕਰਨ ਦੇ ਰੌਂਅ ਵਿੱਚ ਹੈ। ਦੂਜੀ ਧਿਰ ਵੱਲੋਂ ਲਾਏ ਗਏ ਦੋਸ਼ਾਂ ਸਬੰਧੀ ਸਪੱਸ਼ਟੀਕਰਨ ਵਿੱਚ ਸ਼੍ਰੋਮਣੀ ਅਕਾਲੀ ਦਲ ਅਕਾਲੀ ਸਰਕਾਰ ਵੇਲੇ ਜਾਣੇ-ਅਣਜਾਣੇ ਵਿੱਚ ਹੋਈਆਂ ਭੁੱਲਾਂ ਦੀ ਖਿਮਾ ਯਾਚਨਾ ਕਰ ਸਕਦਾ ਹੈ।

ਜਾਣਕਾਰੀ ਮੁਤਾਬਕ ਸ਼੍ਰੋਮਣੀ ਕਮੇਟੀ ਵੱਲੋਂ ਵੀ ਇਸ ਸਬੰਧੀ ਸਪੱਸ਼ਟੀਕਰਨ ਲਈ ਤਿਆਰੀ ਕੀਤੀ ਜਾ ਰਹੀ ਹੈ। ਕਮੇਟੀ ਵੱਲੋਂ ਪੁਰਾਣੀਆਂ ਫਾਈਲਾਂ ਤੇ ਦਸਤਾਵੇਜ਼ਾਂ ਦੀ ਘੋਖ-ਪੜਤਾਲ ਕੀਤੀ ਜਾ ਰਹੀ ਹੈ। ਸ਼੍ਰੋਮਣੀ ਕਮੇਟੀ ਖ਼ਿਲਾਫ਼ ਦੋਸ਼ ਹੈ ਕਿ ਉਸ ਨੇ ਡੇਰਾ ਸਿਰਸਾ ਦੇ ਮੁਖੀ ਨੂੰ ਮੁਆਫ਼ ਕਰਨ ਸਬੰਧੀ ਮਾਮਲੇ ਵਿੱਚ ਅਕਾਲ ਤਖ਼ਤ ਦੇ ਫ਼ੈਸਲੇ ਦੀ ਪ੍ਰੋੜ੍ਹਤਾ ਕਰਨ ਲਈ 90 ਲੱਖ ਰੁਪਏ ਦੇ ਇਸ਼ਤਿਹਾਰ ਦਿੱਤੇ ਜਦੋਂ ਕਿ ਬਾਅਦ ਵਿੱਚ ਸੰਗਤ ਰੋਹ ਦੇ ਕਾਰਨ ਅਕਾਲ ਤਖ਼ਤ ਤੇ ਜਥੇਦਾਰ ਨੂੰ ਇਹ ਫ਼ੈਸਲਾ ਵਾਪਸ ਲੈਣਾ ਪਿਆ। ਇਸ ਮਾਮਲੇ ਵਿੱਚ ਉਸ ਵੇਲੇ ਦੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਅਤੇ ਮੁੱਖ ਸਕੱਤਰ ਹਰਚਰਨ ਸਿੰਘ ਦੋਵੇਂ ਹੀ ਪ੍ਰਮੁੱਖ ਸ਼ਖਸੀਅਤਾਂ ਅਕਾਲ ਚਲਾਣਾ ਕਰ ਚੁੱਕੀਆਂ ਹਨ

ਕੁਲ ਮਿਲਾ ਕੇ ਪੰਥਕ ਸਿਆਸਤ ਦੀਆਂ ਸਰਗਰਮੀਆਂ ਸੁਖਬੀਰ ਸਿੰਘ ਬਾਦਲ ਦੀ ਸਿਆਸਤ ਲਈ ਵੱਡੀ ਸਿਰਦਰਦੀ ਬਣ ਗਈਆਂ ਹਨ। ਭਾਵੇਂ ਅਜੇ ਨਵੇਂ ਸੰਗਠਨ ਦੀ ਰੂਪ ਰੇਖਾ ਨਹੀਂ ਬਣੀ ਪਰ ਬਾਗੀ ਅਕਾਲੀ ਅੰਮ੍ਰਿਤਪਾਲ ਸਿੰਘ ਦੇ ਧੜੇ ਨਾਲ ਮਿਲ ਕੇ ਪੰਜਾਬ ਦੀ ਸਿਆਸਤ ਦਾ ਆਗਾਜ਼ ਕਰ ਸਕਦੇ ਹਨ।



ਸੁਖਬੀਰ ਸਿੰਘ ਬਾਦਲ ਨੂੰ ਆਪਣੀ ਸਿਆਸਤ ਬਾਰੇ ਨਵੇਂ ਸਿਰਿਓਂ ਸੋਚਣ ਦੀ ਲੋੜ ਹੈ ਕਿ ਉਹ ਕਿਵੇਂ ਆਪਣਾ ਵਕਾਰ ਬਹਾਲ ਕਰ ਸਕਦੇ ਹਨ?

**ਅੰਮ੍ਰਿਤਪਾਲ ਸਿੰਘ ਦੀ ਅਗਵਾਈ ਵਿੱਚ ਨਵਾਂ ਪੰਥਕ ਸੰਗਠਨ ਹੋਂਦ ਵਿੱਚ ਆਵੇਗਾ**

ਦੂਜੇ ਪਾਸੇ ਖਡੂਰ ਸਾਹਿਬ ਤੋਂ ਚੋਣ ਜਿੱਤਣ ਤੋਂ ਬਾਅਦ ਹੁਣ ਅੰਮ੍ਰਿਤਪਾਲ ਸਿੰਘ ਆਉਣ ਵਾਲੇ ਦਿਨਾਂ ਵਿੱਚ ਸੂਬੇ ਦੀ ਸਿਆਸਤ ਵਿੱਚ ਹੋਰ ਸਰਗਰਮ ਹੋ ਸਕਦੇ ਹਨ। ਉਨ੍ਹਾਂ ਦੇ ਪਿਤਾ ਤਰਸੇਮ ਸਿੰਘ ਅਤੇ ਫਰੀਦਕੋਟ ਤੋਂ ਐੱਮ.ਪੀ. ਸਰਬਜੀਤ ਸਿੰਘ ਖ਼ਾਲਸਾ ਨੇ ਇਸ ਵੱਲ ਇਸ਼ਾਰਾ ਕਰ ਦਿੱਤਾ ਹੈ।

ਸੰਗਰੂਰ ਵਿੱਚ ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ ਵਿੱਚ ਸਨਮਾਨ ਕੀਤੇ ਜਾਣ ਤੋਂ ਬਾਅਦ ਪਿਤਾ ਤਰਸੇਮ ਸਿੰਘ ਨੇ ਕਿਹਾ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਦੇ ਨਾਲ ਅਸੀਂ ਵਿਧਾਨ ਸਭਾ ਦੀਆਂ ਚੋਣਾਂ ਵੀ ਲੜਾਂਗੇ।

ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਹਾਲਾਂ ਕਿ ਜ਼ਿਮਨੀ ਚੋਣ ਫਿਲਹਾਲ ਨਾ ਲੜਨ ਦੀ ਗੱਲ ਕਹਿ ਰਹੇ ਹਨ ਪਰ ਅੰਮ੍ਰਿਤਪਾਲ ਦੇ ਨਾਲ ਜੇਲ੍ਹ ਵਿੱਚ ਬੰਦ ਕਈ ਸਿੰਘਾਂ ਨੇ ਵੱਖ-ਵੱਖ ਹਲਕਿਆਂ ਤੋਂ ਆਪਣੀ ਦਾਅਵੇਦਾਰੀ ਪੇਸ਼ ਵੀ ਕਰ ਦਿੱਤੀ ਹੈ। ਭਗਵੰਤ ਸਿੰਘ ਉਰਫ਼ ਪ੍ਰਧਾਨ ਮੰਤਰੀ ਬਾਜੇਕੇ ਦੇ ਪਰਿਵਾਰ ਨੇ ਗਿੱਦੜਬਾਹਾ ਤੋਂ ਦਾਅਵੇਦਾਰੀ ਪੇਸ਼ ਕੀਤੀ ਹੈ ਤਾਂ ਇੱਕ ਹੋਰ ਸਾਥੀ ਦਲਜੀਤ ਸਿੰਘ ਕਲਸੀ ਦੇ ਪਰਿਵਾਰ ਵੱਲੋਂ ਡੇਰਾ ਬਾਬਾ ਨਾਨਕ ਤੋਂ ਦਾਅਵੇਦਾਰੀ ਪੇਸ਼ ਕੀਤੀ ਗਈ ਹੈ। ਉੱਧਰ ਜੇਲ੍ਹ ਵਿੱਚ ਹੀ ਬੰਦ ਕੁਲਵੰਤ ਸਿੰਘ ਰਾਉਕੇ ਨੇ ਬਰਨਾਲਾ ਸੀਟ ਤੋਂ ਜ਼ਿਮਨੀ ਚੋਣ ਲੜਨ ਦਾ ਐਲਾਨ ਕੀਤਾ ਹੈ, ਪਰ ਇਸ ਬਾਰੇ ਅੰਮ੍ਰਿਤ ਪਾਲ ਸਿੰਘ ਚੁੱਪ ਦਿਖਾਈ ਦੇ ਰਹੇ ਹਨ।

ਸਨਮਾਨ ਕਰਨ ਵਾਲੀਆਂ ਸ਼ਖ਼ਸੀਅਤਾਂ ਵਿੱਚ ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ, ਅਕਾਲ ਕਾਲਜ ਕੌਂਸਲ ਮਸਤੂਆਣਾ ਸਾਹਿਬ ਦੇ ਸਕੱਤਰ ਜਸਵੰਤ ਸਿੰਘ ਖਹਿਰਾ ,ਦਰਬਾਰ ਏ ਖ਼ਾਲਸਾ ਦੇ ਮੁੱਖ ਸੇਵਾਦਾਰ ਭਾਈ ਹਰਜਿੰਦਰ ਸਿੰਘ ਮਾਝੀ ਅਤੇ ਮੋਹਤਬਰ ਸੱਜਣ ਵੀ ਮੌਜੂਦ ਸਨ। ਇਸ ਮੌਕੇ ਸਰਬਜੀਤ ਸਿੰਘ ਖ਼ਾਲਸਾ ਨੇ ਸੰਬੋਧਨ ਕਰਦਿਆਂ ਕਿਹਾ ਸੀ ਕਿ ਸਿੱਖ ਜਗਤ ਨੂੰ ਨਿੱਜਪ੍ਰਸਤੀ ਸੋਚ ਤੋਂ ਉੱਪਰ ਉੱਠ ਕੇ ਪੰਥਕ ਸੋਚ ਨੂੰ ਪ੍ਰਚੰਡ ਕਰਨਾ ਚਾਹੀਦਾ ਹੈ। ਕੌਮ ਲਈ ਸਿਆਸੀ ਸ਼ਕਤੀ ਨੂੰ ਵਿਕਸਤ ਕਰਨਾ ਸਮੇਂ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਬਾਪੂ ਤਰਸੇਮ ਸਿੰਘ ਦੇ ਯਤਨਾਂ ਸਦਕਾ ਨਵੀਂ ਪਾਰਟੀ ਬਣਾਵਾਂਗੇ, ਜੋ ਪੰਥਕ ਭਾਵਨਾਵਾਂ ਦੀ ਤਰਜਮਾਨੀ ਕਰੇਗੀ । ਖ਼ਾਲਸਾ ਨੇ ਕਿਹਾ ਕਿ ਉਹ ਜਲਦੀ ਹੀ ਭਾਈ ਅੰਮ੍ਰਿਤਪਾਲ ਸਿੰਘ ਦੀ ਰਿਹਾਈ, ਬੰਦੀ ਸਿੰਘਾਂ ਦੀ ਰਿਹਾਈ ਅਤੇ ਕਿਸਾਨਾਂ ਦੇ ਮਸਲਿਆਂ ਨੂੰ ਲੈ ਕੇ ਕੇਂਦਰੀ ਗ੍ਰਹਿ ਮੰਤਰੀ ਨੂੰ ਮਿਲਣਗੇ।

ਇਸ ਤੋਂ ਪਹਿਲਾਂ ਪਰਮਿੰਦਰ ਸਿੰਘ ਢੀਂਡਸਾ ਨੇ ਕਿਹਾ ਕਿ ਕੌਮ ਦੀਆਂ ਭਾਵਨਾਵਾਂ ਨੇ ਭਾਈ ਸਰਬਜੀਤ ਸਿੰਘ ਖ਼ਾਲਸਾ ਅਤੇ ਭਾਈ ਅੰਮ੍ਰਿਤਪਾਲ ਸਿੰਘ ਨੂੰ ਸੰਸਦ ਮੈਂਬਰ ਬਣਾ ਦਿੱਤਾ ਹੈ। ਉਨ੍ਹਾਂ ਨੂੰ ਪੂਰਨ ਉਮੀਦ ਹੈ ਕਿ ਅਕਾਲ ਪੁਰਖ ਦੀ ਬਖਸ਼ਿਸ਼ ਸਦਕਾ ਇਹ ਸੁਚੱਜੇ ਢੰਗ ਨਾਲ ਅਗਵਾਈ ਕਰਨਗੇ । ਉਨ੍ਹਾਂ ਕਿਹਾ ਕਿ ਭਾਈ ਅੰਮ੍ਰਿਤਪਾਲ ਸਿੰਘ ਨੂੰ ਤੁਰੰਤ ਰਿਹਾਅ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਉਹ ਵੀ ਖਡੂਰ ਸਾਹਿਬ ਹਲਕੇ ਦੀ ਸੁਚੱਜੇ ਢੰਗ ਨਾਲ ਅਗਵਾਈ ਕਰ ਸਕਣ ।

ਬਾਪੂ ਤਰਸੇਮ ਸਿੰਘ ਖ਼ਾਲਸਾ ਨੇ ਸਨਮਾਨ ਕਰਨ ਲਈ ਸੰਗਤ ਦਾ ਧੰਨਵਾਦ ਕਰਦਿਆਂ ਕਿਹਾ ਕਿ ਖਡੂਰ ਸਾਹਿਬ ਤੇ ਫ਼ਰੀਦਕੋਟ ਅੰਦਰ ਇਸ ਲਹਿਰ ਨੂੰ ਹੋਰ ਤੇਜ਼ ਕਰਨ ਲਈ ਇਲਾਕੇ ਦੇ ਲੋਕਾਂ ਨੂੰ ਅਹਿਮ ਭੂਮਿਕਾ ਨਿਭਾਉਣ ਦੀ ਲੋੜ ਹੈ ਤਾਂ ਕਿ ਪੰਥ ਤੇ ਪੰਜਾਬ ਨੂੰ ਸਹੀ ਅਗਵਾਈ ਮਿਲ ਸਕੇ ।

ਯਾਦ ਰਹੇ ਕਿ ਅੰਮ੍ਰਿਤਪਾਲ ਸਿੰਘ ਨੇ ਜਦੋਂ 5 ਜੁਲਾਈ ਨੂੰ ਦਿੱਲੀ ਵਿੱਚ ਐੱਮ.ਪੀ. ਵਜੋਂ ਸਹੁੰ ਚੁੱਕੀ ਸੀ ਤਾਂ ਪਿਤਾ ਨਾਲ 50 ਮਿੰਟ ਦੀ ਮੁਲਾਕਾਤ ਤੋਂ ਬਾਅਦ ਸ਼੍ਰੋਮਣੀ ਦੀਆਂ ਚੋਣਾਂ ਦੀ ਤਿਆਰੀ ਦੇ ਨਿਰਦੇਸ਼ ਦਿੱਤੇ ਸਨ ਜਿਸ ਦਾ ਖ਼ੁਲਾਸਾ ਪਿਤਾ ਤਰਸੇਮ ਸਿੰਘ ਨੇ ਆਪ ਕੀਤਾ ਸੀ। ਉੱਧਰ ਫਰੀਦਕੋਟ ਤੋਂ ਐੱਮ.ਪੀ. ਸਰਬਜੀਤ ਸਿੰਘ ਨੇ ਪਾਰਟੀ ਬਣਾਉਣ ਵੱਲ ਵੀ ਇਸ਼ਾਰਾ ਕਰ ਦਿੱਤਾ ਹੈ। ਉਨ੍ਹਾਂ ਕਿਹਾ ਅੰਮ੍ਰਿਤਪਾਲ ਸਿੰਘ ਦੇ ਜੇਲ੍ਹ ਤੋਂ ਬਾਹਰ ਆਉਣ ਤੋਂ ਬਾਅਦ ਇਸ 'ਤੇ ਅਖੀਰਲਾ ਫੈਸਲਾ ਹੋਵੇਗਾ।

ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਖਡੂਰ ਸਾਹਿਬ ਤੋਂ ਲੋਕ ਸਭਾ ਮੈਂਬਰ 'ਵਾਰਿਸ ਪੰਜਾਬ ਜਥੇਬੰਦੀ' ਦੇ ਮੁਖੀ ਭਾਈ ਅੰਮ੍ਰਿਤਪਾਲ ਸਿੰਘ ਨੇ ਐਨ.ਐਸ.ਏ. ਤਹਿਤ ਉਸ ਦੀ ਨਜ਼ਰਬੰਦੀ ਦੀ ਮਿਆਦ ਵਧਾਉਣ ਦੇ ਪੰਜਾਬ ਸਰਕਾਰ ਦੇ ਫੈਸਲੇ ਨੂੰ ਚੁਣੌਤੀ ਦਿੱਤੀ ਹੈ ।

(ਬਾਕੀ ਸਫ਼ਾ 30 'ਤੇ)

# ਸਰਕਾਰਾਂ ਨਾਲ ਟੱਕਰ ਲੈਣ ਵਾਲੇ ਪਹਿਰੇਦਾਰ ਅਖ਼ਬਾਰ ਦੇ ਬਾਨੀ ਸੰਪਾਦਕ ਜਸਪਾਲ ਸਿੰਘ ਹੇਰਾਂ ਨਹੀਂ ਰਹੇ

ਡਾ. ਗੁਰਵਿੰਦਰ ਸਿੰਘ

## ਪੰਜਾਬੀ ਪੱਤਰਕਾਰੀ ਅਤੇ ਪੰਥਕ ਹਲਕਿਆਂ ਲਈ ਨਾ ਪੂਰਾ ਹੋਣ ਵਾਲਾ ਘਾਟਾ

ਮਨੁੱਖੀ ਹੱਕਾਂ ਅਤੇ ਸਿੱਖੀ ਸਿਧਾਂਤਾਂ ਦੇ ਪਹਿਰੇਦਾਰ ਪੱਤਰਕਾਰ ਸ. ਜਸਪਾਲ ਸਿੰਘ ਹੇਰਾਂ, 67 ਸਾਲ ਦੀ ਉਮਰ ਵਿੱਚ ਚੜ੍ਹਾਈ ਕਰ ਗਏ ਹਨ। ਉਹਨਾਂ ਦਾ ਬੇਵਕਤ ਵਿਛੋੜਾ ਪੰਜਾਬੀ ਪੱਤਰਕਾਰੀ ਅਤੇ ਪੰਥਕ ਹਲਕਿਆਂ ਲਈ ਨਾ ਪੂਰਾ ਹੋਣ ਵਾਲਾ ਘਾਟਾ ਹੈ। ਪੰਜਾਬ ਤੋਂ ਰਿਸ਼ਪਦੀਪ ਸਿੰਘ ਸਪੁੱਤਰ ਸਰਦਾਰ ਜਸਪਾਲ ਸਿੰਘ ਹੇਰਾਂ ਨੇ ਦੱਸਿਆ ਕਿ ਉਹਨਾਂ ਦੇ ਪਿਤਾ ਜੀ ਨੇ ਪੰਜਾਬ ਦੇ ਸਮੇਂ ਅਨੁਸਾਰ 18 ਜੁਲਾਈ ਦਿਨ ਵੀਰਵਾਰ (ਕੈਨੇਡਾ ਦੀ 17 ਜੁਲਾਈ ਬੁੱਧਵਾਰ ਦੀ ਰਾਤ) ਨੂੰ ਸਵੇਰੇ 11 ਵਜੇ ਦੇ ਕਰੀਬ ਆਖਰੀ ਸਵਾਸ ਲਏ। 'ਪਹਿਰੇਦਾਰ' ਅਖਬਾਰ ਦੇ ਬਾਨੀ ਅਤੇ ਸੰਪਾਦਕ ਜਸਪਾਲ ਸਿੰਘ ਹੇਰਾਂ ਦਿਮਾਗ ਦੇ ਪਿਛਲੇ ਹਿੱਸੇ ਦੇ ਨੁਕਸਾਨ ਅਤੇ ਲਿਵਰ ਦੇ 70 ਫੀਸਦੀ ਤੋਂ ਵੱਧ ਖਰਾਬ ਹੋਣ ਸਮੇਤ, ਗੰਭੀਰ ਸਰੀਰਕ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਸਨ। ਉਹ ਪਿਛਲੇ ਕੁਝ ਹਫਤਿਆਂ ਤੋਂ ਜ਼ੇਰੇ ਇਲਾਜ ਸਨ ਅਤੇ ਮੈਕਸ ਹਸਪਤਾਲ ਮੋਹਾਲੀ ਵਿਖੇ ਸਨ। ਪੰਥ ਦਾ ਦਰਦ ਲਿਖਣ ਵਾਲੀ ਕਲਮ ਦੇ ਮਾਲਕ ਸ. ਜਸਪਾਲ ਸਿੰਘ ਹੇਰਾਂ ਮੋਹਾਲੀ ਹਸਪਤਾਲ ਵਿੱਚ ਦਾਖਲ ਕਰਵਾਏ ਸਨ। ਸ. ਹੇਰਾਂ ਦੀ ਹਾਲਤ ਬਹੁਤ ਹੀ ਨਾਜ਼ੁਕ ਬਣੀ ਹੋਈ ਸੀ। ਦਰਅਸਲ ਸੰਨ 2020 ਵਿੱਚ ਸ. ਜਸਪਾਲ ਸਿੰਘ ਹੇਰਾਂ ਦੀ ਬਾਈਪਾਸ ਸਰਜਰੀ ਤੋਂ ਮਗਰੋਂ ਉਹਨਾਂ ਦੀ ਸਿਹਤ ਸਮੇਂ-ਸਮੇਂ ਵਿਗੜਦੀ ਰਹੀ। ਜਸਪਾਲ ਸਿੰਘ ਹੇਰਾਂ ਦੇ ਤੰਦਰੁਸਤ ਨਾ ਹੋਣ ਕਾਰਨ ਅਦਾਰਾ ਪਹਿਰੇਦਾਰ ਨੂੰ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ, ਪਰ ਹਰ ਚੁਣੌਤੀ ਦੇ ਬਾਵਜੂਦ ਉਹਨਾਂ ਨੇ ਅਖਬਾਰ 'ਪਹਿਰੇਦਾਰ' ਨੂੰ ਹਕੂਮਤ ਦੀ ਅਧੀਨਗੀ ਤੋਂ ਤੋਂ ਬਚਾ ਕੇ ਚੜ੍ਹਦੀ ਕਲਾ ਵਿੱਚ ਰੱਖਿਆ। ਪਿਛਲੇ ਕੁਝ ਵਰਿਆਂ ਤੋਂ ਇਸ ਦਾ ਕੰਮ-ਕਾਜ ਉਹਨਾਂ ਦੇ ਸਪੁੱਤਰ ਰਿਸ਼ਪਦੀਪ ਸਿੰਘ ਦੇਖ ਰਹੇ ਹਨ। ਸ. ਜਸਪਾਲ ਸਿੰਘ ਆਪਣੇ ਪਿੱਛੇ ਆਪਣੇ ਇਕਲੌਤੇ ਸਪੁੱਤਰ ਅਤੇ ਧਰਮ ਪਤਨੀ ਸਮੇਤ, ਲੱਖਾਂ ਪਾਠਕਾਂ ਨੂੰ ਵਿਛੋੜਾ ਦੇ ਗਏ ਹਨ। ਉਹਨਾਂ ਲਈ ਪੰਥ ਦਰਦੀਆਂ ਅਤੇ ਪਹਿਰੇਦਾਰ ਨਾਲ ਪਿਆਰ ਰੱਖਣ ਵਾਲੇ ਸਨੇਹੀਆਂ ਨੇ, ਤਨੋਂ ਮਨੋਂ ਧਨੋਂ ਸਹਿਯੋਗ ਦਿੱਤਾ ਅਤੇ ਤੰਦਰੁਸਤੀ ਲਈ ਅਰਦਾਸਾਂ ਕੀਤੀਆਂ, ਪਰ ਹਾਲਤ ਜ਼ਿਆਦਾ ਨਾਜ਼ੁਕ ਹੋਣ ਕਾਰਨ ਉਹ ਠੀਕ ਨਾ ਹੋ ਸਕੇ। ਸ. ਜਸਪਾਲ ਸਿੰਘ ਹੇਰਾਂ ਦਾ ਸਸਕਾਰ 19 ਜੁਲਾਈ, ਸ਼ੁਕਰਵਾਰ ਨੂੰ ਸਵੇਰੇ 11 ਵਜੇ ਜਗਰਾਓਂ, ਜ਼ਿਲਾ ਲੁਧਿਆਣਾ ਵਿਖੇ ਕੀਤਾ ਗਿਆ।



ਸਿੱਖ ਪੰਥ ਦਾ ਦਰਦ ਜਸਪਾਲ ਸਿੰਘ ਹੇਰਾਂ ਦੇ ਰੋਮ-ਰੋਮ ਵਿੱਚ ਵਸਿਆ ਹੋਇਆ ਸੀ। ਸੰਨ 2000 'ਚ 'ਪਹਿਰੇਦਾਰ' ਅਖਬਾਰ ਦੀ ਸ਼ੁਰੂਆਤ ਹੀ ਸ. ਜਸਪਾਲ ਸਿੰਘ ਹੇਰਾਂ ਨੇ ਇਸ ਕਰਕੇ ਕੀਤੀ ਸੀ ਕਿ ਇਹ ਅਖਬਾਰ ਨਹੀਂ, ਮਿਸ਼ਨ ਹੈ। ਸਿੱਖੀ ਸਿਧਾਂਤਾਂ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਮਹਾਨ ਫਲਸਫੇ ਨੂੰ ਸੰਸਾਰ ਭਰ ਵਿੱਚ ਪ੍ਰਸਾਰਨ ਅਤੇ ਮਨੁੱਖੀ ਅਧਿਕਾਰਾਂ ਤੇ ਪਹਿਰਾ ਦੇਣ ਲਈ, ਉਹਨਾਂ ਇਹ ਅਖਬਾਰ ਸ਼ੁਰੂ ਕੀਤਾ। ਇਸ ਦੌਰਾਨ ਅਖੌਤੀ ਪੰਥਕ ਬਾਦਲ ਸਰਕਾਰ ਤੇ ਸਿੱਖਾਂ ਦੀ ਦੁਸ਼ਮਣ ਕਾਂਗਰਸ ਸਰਕਾਰ ਉਹਨਾਂ 'ਤੇ ਤਸ਼ੱਦਦ ਕਰਦੀਆਂ ਰਹੀਆਂ, ਪਰ ਪਹਿਰੇਦਾਰ ਅਖਬਾਰ ਨੇ ਕਦੇ ਵੀ ਸਿੱਖੀ ਸਿਧਾਂਤਾਂ ਦੇ ਮਸਲੇ ਤੇ ਸਮਝੌਤਾ ਨਹੀਂ ਕੀਤਾ। ਹੇਰਾਂ ਸਾਹਿਬ ਦਾ ਕਹਿਣਾ ਸੀ ਕਿ ਪਹਿਰੇਦਾਰ ਅਖਬਾਰ ਨਾ ਵਿਕਿਆ ਅਤੇ ਨਾ ਹੀ ਝੁਕਿਆ। ਸੰਨ 2015 ਵਿੱਚ ਬੰਦੀ ਸਿੰਘਾਂ ਦੀ ਰਿਹਾਈ ਲਈ ਭਾਈ ਸੂਰਤ ਸਿੰਘ ਦੇ ਭੁੱਖ ਹੜਤਾਲ ਦੇ ਮਾਮਲੇ ਵਿੱਚ ਜਸਪਾਲ ਸਿੰਘ ਹੇਰਾਂ ਨੂੰ ਬਾਦਲ ਸਰਕਾਰ ਵੱਲੋਂ ਗ੍ਰਿਫਤਾਰ ਕੀਤਾ ਗਿਆ। ਪੈਗਾਸਸ ਰਾਹੀਂ ਜਸਪਾਲ ਸਿੰਘ ਹੇਰਾਂ ਦੀ ਜਸੂਸੀ ਕਰਨ ਲਈ ਭਾਰਤ ਸਰਕਾਰ ਵੱਲੋਂ ਇਜਰਾਇਲੀ ਸੋਫਟਵੇਅਰ ਦੀ ਵਰਤੋਂ ਵੀ ਕੀਤੀ ਗਈ। ਇਸ ਤੋਂ ਇਲਾਵਾ ਹੋਰ ਜਬਰ ਵੀ ਢਾਹੇ ਗਏ। ਅਖਬਾਰ ਪਹਿਰੇਦਾਰ ਨੂੰ ਪੰਜਾਬ ਸਰਕਾਰ ਨੇ ਇਸ਼ਤਿਹਾਰ ਤਾਂ ਕੀ ਦੇਣੇ ਸੀ, ਸਗੋਂ ਜੋ ਵੀ ਵਿਅਕਤੀ ਅਤੇ ਸੰਸਥਾਵਾਂ ਜਸਪਾਲ ਸਿੰਘ ਹੇਰਾਂ ਦੇ ਅਖਬਾਰ ਦੀ ਮਦਦ ਕਰਦੇ ਸਨ, ਉਹਨਾਂ ਨੂੰ ਵੀ ਸਖਤੀ ਨਾਲ ਦਬਾਇਆ ਗਿਆ। ਪੱਤਰਕਾਰ ਹੇਰਾਂ ਦੇ ਨੌਜਵਾਨ ਪੁੱਤਰ ਰੀਸ਼ਪਦੀਪ ਸਿੰਘ ਦੀ ਉਮਰ ਅਜੇ 18 ਸਾਲ ਦੀ ਸੀ, ਜਦੋਂ ਉਸਨੂੰ ਗ੍ਰਿਫਤਾਰ ਕਰਕੇ ਜੇਲ ਵਿੱਚ ਡੱਕਿਆ ਗਿਆ। ਪਰ ਇਹ ਗੱਲ ਮਾਣ ਨਾਲ ਕਹੀ ਜਾ ਸਕਦੀ ਹੈ ਕਿ ਜਸਪਾਲ ਸਿੰਘ ਹੇਰਾਂ ਹਮੇਸ਼ਾ ਚੜ੍ਹਦੀ ਕਲਾ ਵਿੱਚ ਰਹੇ। ਇਸ ਦਾ ਸਬੂਤ ਦਲ ਖਾਲਸਾ ਦੇ ਆਗੂ ਮਰਹੂਮ ਭਾਈ ਗਜਿੰਦਰ ਸਿੰਘ ਹੋਰਾਂ ਵੱਲੋਂ ਸੰਨ 2018 ਵਿੱਚ ਲਿਖੀਆਂ ਰਚਨਾਵਾਂ ਸਮੇਤ, ਪੰਥ ਦੀਆਂ ਸਿਰਮੌਰ ਸ਼ਖਸੀਅਤਾਂ ਵੱਲੋਂ ਉਹਨਾਂ ਦਾ ਸਨਮਾਨ ਹੈ। ਸਥਾਪਤੀ ਨਾਲ ਟੱਕਰ ਲੈਣ ਵਾਲੇ, ਮਨੁੱਖੀ ਹੱਕਾਂ ਦੇ ਰਾਖੇ ਅਤੇ ਸਿੱਖੀ ਸਿਧਾਂਤਾਂ ਤੇ ਪਹਿਰਾ ਦੇਣ ਵਾਲੇ ਪਹਿਰੇਦਾਰ ਅਖਬਾਰ ਦੇ ਬਾਨੀ ਸੰਪਾਦਕ ਜਸਪਾਲ ਸਿੰਘ ਹੇਰਾਂ ਦਾ ਵਿਛੋੜਾ ਸਿੱਖ ਪੰਥ ਸਮੇਤ ਮਨੁੱਖੀ ਹੱਕਾਂ ਨੂੰ ਸਮਰਪਿਤ ਜਥੇਬੰਦੀਆਂ ਲਈ ਅਸਹਿ ਹੈ। ਸਭ ਤੋਂ ਵੱਡੀ ਲੋੜ ਪਹਿਰੇਦਾਰ ਅਖਬਾਰ ਨੂੰ ਸੰਭਾਲਣ ਅਤੇ ਸਹਿਯੋਗ ਦੇਣ ਦੀ ਹੈ, ਤਾਂ ਕਿ ਇਹ ਮਸ਼ਾਲ ਸਦਾ ਜਗਦੀ ਰਹੇ। ਗੋਦੀ ਅਤੇ ਵਿਕਾਊ ਮੀਡੀਆ ਦੇ ਦੌਰ ਵਿੱਚ, ਮਨੁੱਖੀ ਹੱਕਾਂ, ਸੱਚ ਅਤੇ ਇਨਸਾਫ ਦੀ ਮਸ਼ਾਲ ਜਗਦੀ ਰੱਖਣ ਵਾਲੇ ਪੱਤਰਕਾਰ ਜਸਪਾਲ ਸਿੰਘ ਹੇਰਾਂ ਵਰਤਮਾਨ ਪੰਜਾਬੀ ਪੱਤਰਕਾਰੀ ਦੇ ਗਗਨ ਮੰਡਲ ਵਿੱਚ ਧਰੂ-ਧਾਰਾ ਬਣ ਕੇ ਹਮੇਸ਼ਾ ਚਮਕਦੇ ਰਹਿਣਗੇ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

# ਸੰਪਾਦਕੀ

## ਪੰਜਾਬ ਨੂੰ ਭ੍ਰਿਸ਼ਟਾਚਾਰ ਮੁਕਤ ਕਰਨ ਦੀ ਲੋੜ

ਪੰਜਾਬ 'ਚ ਜਨਮ ਤੋਂ ਲੈ ਕੇ ਮੌਤ ਤੱਕ ਹਰ ਪਾਸੇ ਭ੍ਰਿਸ਼ਟਾਚਾਰ ਫੈਲਿਆ ਹੋਇਆ ਹੈ। ਗੱਲ ਸ਼ੁਰੂ ਕਰਦੇ ਹਾਂ ਬੱਚੇ ਦੇ ਜਨਮ ਸਮੇਂ ਹੁੰਦੇ ਭ੍ਰਿਸ਼ਟਾਚਾਰ ਦੀ। ਜਦੋਂ ਕਿਸੇ ਹਸਪਤਾਲ 'ਚ ਬੱਚਾ ਜਨਮ ਲੈਂਦਾ ਹੈ ਤਾਂ ਅਕਸਰ ਨਵ ਜੰਮੇ ਬੱਚੇ ਦੇ 'ਮੁੰਡਾ' ਹੋਣ 'ਤੇ ਹਸਪਤਾਲ ਦੀਆਂ ਦਾਈਆਂ, ਨਰਸਾਂ ਅਤੇ ਦਰਜਾ ਚਾਰ ਕਰਮਚਾਰਣਾਂ ਵੱਲੋਂ ਸਬੰਧਿਤ ਪਰਿਵਾਰ ਨੂੰ ਵਧਾਈਆਂ ਦਿੱਤੀਆਂ ਜਾਂਦੀਆਂ ਹਨ ਅਤੇ ਵਧਾਈਆਂ (ਇਸ ਦਾ ਮਤਲਬ ਸਭ ਸਮਝਦੇ ਹਨ) ਮੰਗੀਆਂ ਵੀ ਜਾਂਦੀਆਂ ਹਨ। ਕੀ ਇਸ ਤਰਾਂ ਵਧਾਈਆਂ ਮੰਗਣਾ ਭ੍ਰਿਸ਼ਟਾਚਾਰ ਨਹੀਂ ? ਇਸ ਤੋਂ ਇਲਾਵਾ ਅਕਸਰ ਬੱਚੇ ਦੇ ਜਨਮ ਸਮੇਂ ਕੁਝ ਪ੍ਰਾਈਵੇਟ ਹਸਪਤਾਲਾਂ 'ਚ 'ਨਾਰਮਲ ਡਲਿਵਰੀ' ਕਰਨ ਦੀ ਥਾਂ ਜੱਚਾ ਦੇ ਛੋਟੇ ਜਾਂ ਵੱਡੇ ਅਪਰੇਸ਼ਨ ਕਰਕੇ ਬੱਚੇ ਨੂੰ ਜਨਮ ਦਿਵਾਇਆ ਜਾਂਦਾ ਹੈ, ਕੀ ਇਹ ਭ੍ਰਿਸ਼ਟਾਚਾਰ ਨਹੀਂ ? ਇਸ ਤੋਂ ਇਲਾਵਾ ਕੁਝ ਹਸਪਤਾਲਾਂ 'ਚ ਇਹ ਵੀ ਵੇਖਣ 'ਚ ਆਇਆ ਹੁੰਦਾ ਹੈ ਕਿ ਜੱਚਾ ਦੇ ਅਪਰੇਸ਼ਨ ਵੇਲੇ ਸਬੰਧਿਤ ਮਹਿਲਾ ਕੱਟੀ ਵੱਢੀ ਹੋਈ ਬੈੱਡ 'ਤੇ ਪਈ ਹੁੰਦੀ ਹੈ ਪਰ ਅਪਰੇਸ਼ਨ ਕਰਨ ਵਾਲੇ ਡਾਕਟਰ ਅਕਸਰ ਆਪਣੀਆਂ ਗੱਲਾਂ 'ਚ ਮਸਤ ਹੁੰਦੇ ਹਨ, ਹੁਣ ਅਜਿਹੀ ਸਥਿਤੀ ਨੂੰ ਕੀ ਕਿਹਾ ਜਾਵੇ ?

ਕਹਿਣ ਦਾ ਭਾਵ ਇਹ ਹੈ ਕਿ ਇਸ ਤਰ੍ਹਾਂ ਬੱਚੇ ਦੇ ਜਨਮ ਤੋਂ ਹੀ ਭ੍ਰਿਸ਼ਟਾਚਾਰ ਸ਼ੁਰੂ ਹੋ ਜਾਂਦਾ ਹੈ। ਫਿਰ ਬੱਚੇ ਨੂੰ ਸਕੂਲ ਵਿੱਚ ਦਾਖਲਾ ਕਰਵਾਉਣ, ਫੀਸਾਂ ਭਰਨ, ਯੂਨੀਫ਼ਾਰਮ, ਸਕੂਲ ਬੈਗ ਤੇ ਕਿਤਾਬਾਂ ਲੈਣ 'ਚ ਵੀ ਅਕਸਰ ਭ੍ਰਿਸ਼ਟਾਚਾਰ ਹੋਣ ਦੀਆਂ ਖ਼ਬਰਾਂ ਮੀਡੀਆ ਦੀਆਂ ਸੁਰਖ਼ੀਆਂ ਬਣਦੀਆਂ ਹਨ। ਸਕੂਲ ਤੋਂ ਬਾਅਦ ਕਾਲਜ ਅਤੇ ਯੂਨੀਵਰਸਿਟੀ ਦੀ ਪੜ੍ਹਾਈ ਦੌਰਾਨ ਵੀ ਭ੍ਰਿਸ਼ਟਾਚਾਰ ਕਿਸੇ ਨਾ ਕਿਸੇ ਰੂਪ 'ਚ ਸਾਹਮਣੇ ਆਉਂਦਾ ਹੈ। ਪੜ੍ਹਾਈ ਪੂਰੀ ਕਰਨ ਤੋਂ ਬਾਅਦ ਜਦੋਂ ਨੌਜਵਾਨ ਨੌਕਰੀ ਲਈ ਅਪਲਾਈ ਕਰਦੇ ਹਨ ਤਾਂ ਕਈ ਵਾਰ ਚੰਗੀ ਨੌਕਰੀ ਲੈਣ ਲਈ ਵੀ ਕਿਸੇ ਨਾ ਕਿਸੇ ਤਰਾਂ ਦੀ ਸਿਫ਼ਾਰਸ਼ ਜਾਂ ਪੈਸੇ ਦੇ ਲੈਣ ਦੇਣ ਦੀਆਂ ਖ਼ਬਰਾਂ ਪਿਛਲੇ ਸਮੇਂ ਦੌਰਾਨ ਸੁਰਖ਼ੀਆਂ 'ਚ ਆਉਂਦੀਆਂ ਰਹੀਆਂ ਹਨ। ਇਹ ਵੀ ਤਾਂ ਭ੍ਰਿਸ਼ਟਾਚਾਰ ਦਾ ਇੱਕ ਰੂਪ ਹੈ।

ਕਿਸੇ ਵੀ ਆਮ ਵਿਅਕਤੀ ਨੇ ਕਿਸੇ ਵੀ ਸਰਕਾਰੀ ਦਫ਼ਤਰ ਵਿੱਚ ਕੋਈ ਜਾਇਜ਼ ਕੰਮ ਕਰਵਾਉਣਾ ਹੋਵੇ ਤਾਂ ਵੀ ਅਕਸਰ ਉਸ ਵਿਅਕਤੀ ਨੂੰ ਕਈ ਵਾਰ ਸਬੰਧਿਤ ਸਰਕਾਰੀ ਮੁਲਾਜ਼ਮ ਨਾਲ ਗੁਪਤ ਲੈਣ ਦੇਣ ਕਰਨ ਲਈ ਮਜਬੂਰ ਹੋਣ ਦੀ ਚਰਚਾ ਅਕਸਰ ਆਮ ਲੋਕ ਹੀ ਕਰਦੇ ਹਨ। ਅਕਸਰ ਆਮ ਲੋਕ ਕਹਿੰਦੇ ਹਨ ਕਿ ਜੇ ਕਿਸੇ ਵਿਅਕਤੀ ਨੇ ਕਿਸੇ ਸਰਕਾਰੀ ਦਫ਼ਤਰ ਵਿੱਚ ਆਪਣੀ ਫਾਈਲ ਅੱਗੇ ਤੋਰਨੀ ਹੁੰਦੀ ਹੈ ਤਾਂ ਅਕਸਰ ਉਸ ਨੂੰ ਆਪਣੀ ਫਾਈਲ ਨੂੰ 'ਪਹੀਏ' ਲਗਾਉਣ ਲਈ ਮਜਬੂਰ ਹੋਣਾ ਪੈਂਦਾ ਹੈ, ਫਾਈਲ ਨੂੰ ਇਹ ਪਹੀਏ ਲਗਾਉਣ ਅਰਥ ਸਾਰਿਆਂ ਨੂੰ ਹੀ ਪਤਾ ਹੈ। ਜਦੋਂ ਕੋਈ ਸਰਕਾਰੀ ਮੁਲਾਜ਼ਮ ਆਪਣੀ ਨੌਕਰੀ ਤੋਂ ਸੇਵਾ ਮੁਕਤ ਹੁੰਦਾ ਹੈ ਤਾਂ ਅਕਸਰ ਉਸ ਨੂੰ ਆਪਣੀ ਪੈਨਸ਼ਨ ਲਗਵਾਉਣ ਅਤੇ ਹੋਰ ਬਕਾਏ ਆਦਿ ਲੈਣ ਲਈ ਵੀ ਕਈ ਵਾਰ ਉਹੀ ਕੁਝ ਕਰਨਾ ਪੈਂਦਾ ਹੈ, ਜੋ ਉਸਨੇ ਲੋਕਾਂ ਤੋਂ ਕਰਵਾਇਆ ਹੁੰਦਾ ਹੈ।

ਇਥੇ ਜ਼ਿਕਰ ਯੋਗ ਹੈ ਕਿ ਸਾਰੇ ਸਰਕਾਰੀ ਮੁਲਾਜ਼ਮ ਭ੍ਰਿਸ਼ਟ ਨਹੀਂ ਹੁੰਦੇ ਸਗੋਂ ਵੱਡੀ ਗਿਣਤੀ ਸਰਕਾਰੀ ਮੁਲਾਜ਼ਮ ਅਤੇ ਅਧਿਕਾਰੀ ਇਮਾਨਦਾਰੀ ਨਾਲ ਆਪਣਾ ਕੰਮ ਕਰਦੇ ਹਨ ਅਤੇ ਰਿਸ਼ਵਤ ਲੈਣ ਨੂੰ ਪਾਪ ਸਮਝਦੇ ਹਨ ਪਰ ਕੁਝ ਰਿਸ਼ਵਤਖੋਰ ਮੁਲਾਜ਼ਮਾਂ ਕਾਰਨ ਬਦਨਾਮੀ ਸਾਰੇ ਮਹਿਕਮੇ ਦੀ ਹੋ ਜਾਂਦੀ ਹੈ।

ਹੁਣ ਤਾਂ ਕੁਝ ਪ੍ਰਾਈਵੇਟ ਅਦਾਰਿਆਂ 'ਚ ਵੀ ਭ੍ਰਿਸ਼ਟਾਚਾਰ ਘੁਸਪੈਠ ਕਰ ਚੁੱਕਿਆ ਹੈ। ਹਾਲ ਤਾਂ ਇਹ ਹੋ ਗਿਆ ਹੈ ਕਿ ਜਦੋਂ ਕਿਸੇ ਵਿਅਕਤੀ ਦੀ ਮੌਤ ਹੋ ਜਾਂਦੀ ਹੈ ਤਾਂ ਸ਼ਮਸ਼ਾਨ ਘਾਟ ਵਿੱਚ ਕਈ ਵਾਰ ਇਕੋ ਸਮੇਂ ਅਨੇਕਾਂ 'ਮ੍ਰਿਤਕ ਦੇਹਾਂ' ਪਹੁੰਚ ਜਾਂਦੀਆਂ ਹਨ, ਜਿਸ ਕਾਰਨ ਕੁਝ ਲੋਕ ਆਪਣੇ ਪਰਿਵਾਰਕ ਮੈਂਬਰ ਦੀ 'ਮ੍ਰਿਤਕ ਦੇਹ' ਦਾ ਅੰਤਿਮ ਸਸਕਾਰ ਪਹਿਲਾਂ ਕਰਵਾਉਣ ਲਈ ਅਕਸਰ ਸ਼ਮਸ਼ਾਨ ਘਾਟ ਦੇ ਪ੍ਰਬੰਧਕਾਂ ਜਾਂ ਕਰਮਚਾਰੀਆਂ ਦੀ ਕਥਿਤ 'ਸੇਵਾ ਪਾਣੀ' ਕਰਨ ਦਾ ਯਤਨ ਕਰਦੇ ਹਨ। ਇਸ ਤੋਂ ਇਲਾਵਾ ਸ਼ਮਸ਼ਾਨ ਘਾਟ 'ਚ ਅਜਿਹੇ ਲੋਕ ਵੀ ਹੁੰਦੇ ਹਨ, ਜੋ ਸ਼ਮਸ਼ਾਨ ਘਾਟ ਦੇ ਨਕਲੀ ਕਰਮਚਾਰੀ ਬਣ ਕੇ ਕੇ ਜਾਂ ਕੋਈ ਹੋਰ ਬਹਾਨਾ ਲਗਾ ਕੇ ਪੀੜ੍ਹਤ ਪਰਿਵਾਰ ਤੋਂ ਕਿਸੇ ਨਾ ਕਿਸੇ ਬਹਾਨੇ 500 ਜਾਂ 1000 ਰੁਪਏ ਲੈ ਜਾਂਦੇ ਹਨ, ਕੀ ਇਹ ਭ੍ਰਿਸ਼ਟਾਚਾਰ ਨਹੀਂ। ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਮਨੁੱਖ ਦੇ ਜਨਮ ਤੋਂ ਸ਼ੁਰੂ ਹੋਇਆ ਭ੍ਰਿਸ਼ਟਾਚਾਰ ਮਨੁੱਖ ਦੇ ਅੰਤਿਮ ਸਮੇਂ ਤਕ ਕਿਸੇ ਨਾ ਕਿਸੇ ਰੂਪ 'ਚ ਚਲਦਾ ਰਹਿੰਦਾ ਹੈ। ਫਿਰ ਅਜਿਹੇ ਸਮੇਂ 'ਚ ਪੰਜਾਬ ਨੂੰ ਪੂਰੀ ਤਰ੍ਹਾਂ ਕਿਸ ਤਰ੍ਹਾਂ ਭ੍ਰਿਸ਼ਟਾਚਾਰ ਮੁਕਤ ਕੀਤਾ ਜਾ ਸਕਦਾ ਹੈ ?

ਪੰਜਾਬ ਵਿੱਚ ਭ੍ਰਿਸ਼ਟਾਚਾਰ ਇਸ ਸਮੇਂ ਵੱਡੀ ਸਮੱਸਿਆ ਬਣ ਗਿਆ ਹੈ। ਪੰਜਾਬ ਪਹਿਲਾਂ ਹੀ ਨਸ਼ਾ ਅਤੇ ਬੇਰੁਜਗਾਰੀ ਵਰਗੀਆਂ ਵੱਡੀਆਂ ਸਮੱਸਿਆਵਾਂ ਦਾ ਸਾਹਮਣਾ ਕਰ ਰਿਹਾ ਹੈ। ਨਸ਼ਾ ਅਤੇ ਬੇਰੁਜ਼ਗਾਰੀ ਨੂੰ ਵੀ ਹੱਲ ਕਰਨ ਵਿੱਚ ਪੰਜਾਬ ਸਰਕਾਰ ਨਾਕਾਮ ਰਹੀ ਹੈ, ਉਸੇ ਤਰ੍ਹਾਂ ਪੰਜਾਬ ਵਿਚੋਂ ਭ੍ਰਿਸ਼ਟਾਚਾਰ ਸਮਾਪਤ ਕਰਨ ਵਿੱਚ ਵੀ ਮੌਜੂਦਾ ਪੰਜਾਬ ਸਰਕਾਰ ਨਾਕਾਮ ਹੋ ਗਈ ਹੈ। ਅਕਸਰ ਕਿਹਾ ਜਾਂਦਾ ਹੈ ਕਿ ਪੰਜਾਬ ਵਿੱਚ ਸਰਕਾਰ ਤਾਂ ਬਦਲ ਜਾਂਦੀ ਹੈ ਪਰ ਅਫ਼ਸਰਸ਼ਾਹੀ ਉਹੀ ਰਹਿੰਦੀ ਹੈ, ਜਿਸ ਕਾਰਨ ਵੀ ਅਨੇਕਾਂ ਸਮੱਸਿਆਵਾਂ ਪੂਰੀ ਤਰ੍ਹਾਂ ਹੱਲ ਨਹੀਂ ਹੁੰਦੀਆਂ।

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪੰਜਾਬ ਨੂੰ ਭ੍ਰਿਸ਼ਟਾਚਾਰ ਮੁਕਤ ਕਰਨ ਦਾ ਅਕਸਰ ਦਾਅਵਾ ਕੀਤਾ ਜਾਂਦਾ ਹੈ, ਪਰ ਮਾਨ ਸਰਕਾਰ ਆਪਣੇ ਹੁਣ ਤਕ ਦੇ ਕਾਰਜਕਾਲ ਦੌਰਾਨ ਪੰਜਾਬ ਵਿਚੋਂ ਭ੍ਰਿਸ਼ਟਾਚਾਰ ਸਮਾਪਤ ਨਹੀਂ ਕਰ ਸਕੀ। ਭਾਵੇਂ ਕਿ ਆਮ ਆਦਮੀ ਪਾਰਟੀ ਨੇ ਪਿਛਲੀਆਂ ਵਿਧਾਨ ਸਭਾ ਚੋਣਾਂ ਵੇਲੇ ਵਾਅਦਾ ਕੀਤਾ ਸੀ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਭ੍ਰਿਸ਼ਟਾਚਾਰ ਪੂਰੀ ਤਰ੍ਹਾਂ ਸਮਾਪਤ ਕੀਤਾ ਜਾਵੇਗਾ। ਸਰਕਾਰ ਬਣਨ ਤੋਂ ਬਾਅਦ ਕੁਝ ਸਮਾਂ 'ਆਪ' ਸਰਕਾਰ ਭ੍ਰਿਸ਼ਟਾਚਾਰ ਵਿਰੁੱਧ ਸਰਗਰਮ ਵੀ ਰਹੀ ਅਤੇ ਭਗਵੰਤ ਮਾਨ ਵੱਲੋਂ ਆਪਣੀ ਹੀ ਸਰਕਾਰ ਦਾ ਇੱਕ ਮੰਤਰੀ ਭ੍ਰਿਸ਼ਟਚਾਰ ਦੇ ਦੋਸ਼ ਵਿੱਚ ਅਹੁਦੇ ਤੋਂ ਹਟਾ ਦਿੱਤਾ ਗਿਆ ਸੀ ਪਰ ਹੁਣ ਭ੍ਰਿਸ਼ਟਾਚਾਰ ਵਿਰੁੱਧ ਪੰਜਾਬ ਸਰਕਾਰ ਦੀ ਕਾਰਵਾਈ ਢਿੱਲੀ ਪੈ ਰਹੀ ਹੈ, ਜਿਸ ਕਾਰਨ ਭ੍ਰਿਸ਼ਟਾਚਾਰ ਪੂਰੀ ਤਰ੍ਹਾਂ ਅਜੇ ਤੱਕ ਸਮਾਪਤ ਨਹੀਂ ਕੀਤਾ ਜਾ ਸਕਿਆ। ਇਹ ਭ੍ਰਿਸ਼ਟਾਚਾਰ ਕਿਸੇ ਨਾ ਕਿਸੇ ਰੂਪ ਵਿੱਚ ਜਾਰੀ ਹੈ।

ਚਾਹੀਦਾ ਤਾਂ ਇਹ ਹੈ ਕਿ ਪੰਜਾਬ ਸਰਕਾਰ ਪੰਜਾਬ ਵਿਚੋਂ ਭ੍ਰਿਸ਼ਟਾਚਾਰ ਪੂਰੀ ਤਰ੍ਹਾਂ ਸਮਾਪਤ ਕਰਨ ਲਈ ਯੋਗ ਉਪਰਾਲੇ ਕਰੇ। ਇਸ ਤੋਂ ਇਲਾਵਾ ਰਿਸ਼ਵਤ ਲੈਣ ਵਾਲੇ ਸਰਕਾਰੀ ਮੁਲਾਜ਼ਮਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ। ਸਰਕਾਰੀ ਦਫ਼ਤਰਾਂ ਦੀ ਕਾਰਗੁਜਾਰੀ ਵਿੱਚ ਸੁਧਾਰ ਲਿਆਂਦਾ ਜਾਵੇ ਅਤੇ ਪਾਰਦਰਸ਼ੀ ਤਰੀਕੇ ਨਾਲ ਸ਼ਾਸ਼ਨ ਚਲਾਇਆ ਜਾਵੇ। ਪੰਜਾਬ ਸਰਕਾਰ ਨੂੰ ਭ੍ਰਿਸ਼ਟਾਚਾਰ ਵਿਰੁੱਧ ਵੱਡੀ ਮੁਹਿੰਮ ਚਲਾਉਣ ਦੀ ਲੋੜ ਹੈ ਤਾਂ ਕਿ ਪੰਜਾਬ ਵਿਚੋਂ ਪੂਰੀ ਤਰ੍ਹਾਂ ਭ੍ਰਿਸ਼ਟਾਚਾਰ ਨੂੰ ਸਮਾਪਤ ਕੀਤਾ ਜਾ ਸਕੇ।

# ਕੀ ਟਰੰਪ 'ਤੇ ਹਮਲੇ ਤੋਂ ਬਾਅਦ ਰਿਪਬਲਿਕਨ ਪਾਰਟੀ ਬੰਦੂਕ ਕਲਚਰ ਬਾਰੇ ਆਪਣੀ ਨੀਤੀ ਬਦਲੇਗੀ ?

**ਨੌਸ਼ਾਬਾ ਪ੍ਰਵੀਨ**



ਬੀਤੀ 13 ਜੁਲਾਈ, 2024 ਨੂੰ ਪੈਨਸਿਲਵੇਨੀਆ ਦੀ ਇੱਕ ਚੋਣ ਰੈਲੀ ਵਿੱਚ ਹਾਈ-ਪਾਵਰ ਰਾਈਫਲ ਨਾਲ ਚਲਾਈ ਗਈ ਗੋਲੀ ਰਿਪਬਲਿਕਨ ਪਾਰਟੀ ਦੇ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਡੋਨਾਲਡ ਟਰੰਪ ਦੇ ਕੰਨ ਨੂੰ ਚੀਰਦੀ ਹੋਈ ਨਿਕਲ ਗਈ। ਇਸ ਖ਼ੌਫ਼ਨਾਕ ਹਮਲੇ ਵਿੱਚ ਸਾਬਕਾ ਰਾਸ਼ਟਰਪਤੀ ਦੀ ਜਾਨ ਤਾਂ ਬਚ ਗਈ, ਪਰ ਇਸ ਗੋਲੀ ਨੇ ਅਮਰੀਕੀ ਲੋਕਤੰਤਰ ਦੀ ਨੱਕ ਵਢਾ ਦਿੱਤੀ, ਜੋ ਪਹਿਲਾਂ ਤੋਂ ਹੀ ਬੰਦੂਕ ਸੱਭਿਆਚਾਰ (ਗੰਨ ਕਲਚਰ) ਦੇ ਭਿਆਨਕ ਜ਼ਖ਼ਮਾਂ ਦੇ ਦਰਦ ਤੋਂ ਕਰਾਹ ਰਿਹਾ ਹੈ। ਹੁਣ ਸੰਸਾਰ ਇਹ ਦੇਖਣ ਅਤੇ ਸੁਣਨ ਦੀ ਉਡੀਕ ਵਿੱਚ ਹੈ ਕਿ ਇਸ ਘਟਨਾ ਦਾ ਰਾਸ਼ਟਰਪਤੀ ਦੀ ਚੋਣ 'ਤੇ ਕੀ ਪ੍ਰਭਾਵ ਪਵੇਗਾ ਅਤੇ ਹਥਿਆਰਾਂ 'ਤੇ ਕੰਟਰੋਲ ਦੇ ਉਲਝੇ ਹੋਏ ਮੁੱਦੇ ਦਾ ਕੋਈ ਹੱਲ ਨਿਕਲੇਗਾ ਜਾਂ ਨਹੀਂ ? ਸਾਲ 2017 ਦੇ ਸਰਵੇ ਅਨੁਸਾਰ ਅਮਰੀਕਾ ਵਿੱਚ ਪ੍ਰਤੀ 100 ਵਿਅਕਤੀਆਂ ਪਿੱਛੇ 120 ਤੋਂ ਵਧੇਰੇ ਬੰਦੂਕਾਂ ਹਨ। ਮਤਲਬ ਕਿ ਇਥੇ ਜਨਸੰਖਿਆ ਤੋਂ ਵੱਧ ਬੰਦੂਕਾਂ ਹਨ। ਅਮਰੀਕਾ ਵਿੱਚ ਹਰ ਸਾਲ ਹਜ਼ਾਰਾਂ ਨਿਰਦੋਸ਼ ਵਿਅਕਤੀ ਇਸ ਬੰਦੂਕ ਸੱਭਿਆਚਾਰ ਦੀ ਭੇਟ ਚੜ੍ਹ ਜਾਂਦੇ ਹਨ। ਟਰੰਪ ਅਤੇ ਉਨ੍ਹਾਂ ਦੀ ਰਿਪਬਲਿਕਨ ਪਾਰਟੀ ਜਨੂੰਨ ਦੀ ਹੱਦ ਤੱਕ ਬੰਦੂਕ ਸੱਭਿਆਚਾਰ ਦੀ ਸਮਰਥਕ ਹੈ, ਜਿਸ ਨਾਲ ਇਸ ਗੱਲ ਦਾ ਵੀ ਅੰਦਾਜ਼ਾ ਹੋ ਜਾਂਦਾ ਹੈ ਕਿ ਅਮਰੀਕਾ ਵਿੱਚ 'ਗੰਨ ਲਾਬੀ' ਰਾਜਨੀਤਕ ਸਿੱਟਿਆਂ ਨੂੰ ਪ੍ਰਭਾਵਿਤ ਕਰ ਸਕਦੀ ਹੈ।

ਕਿਉਂਕਿ ਅਮਰੀਕਾ ਵਿੱਚ ਹਥਿਆਰਾਂ ਨਾਲ ਹਿੰਸਕ ਘਟਨਾਵਾਂ ਲਗਾਤਾਰ ਵਧਦੀਆਂ ਜਾ ਰਹੀਆਂ ਹਨ, ਇਸ ਲਈ ਬੰਦੂਕ/ਹਥਿਆਰਾਂ ਤੱਕ ਪਹੁੰਚ ਨੂੰ ਸੀਮਤ ਕਰਨ ਦੀਆਂ ਕੋਸ਼ਿਸ਼ਾਂ ਵੀ ਕੀਤੀਆਂ ਗਈਆਂ, ਪਰ ਉਨ੍ਹਾਂ ਦਾ ਜ਼ਬਰਦਸਤ ਵਿਰੋਧ ਹੋਇਆ ਅਤੇ ਹਾਲਾਤ ਬਦ ਤੋਂ ਬਦਤਰ ਹੁੰਦੇ ਜਾ ਰਹੇ ਹਨ। ਕਾਨੂੰਨ ਹਥਿਆਰ ਰੱਖਣ ਦੇ ਨਾਗਰਿਕਾਂ ਦੇ ਅਧਿਕਾਰ ਨੂੰ ਸੁਰੱਖਿਅਤ ਰੱਖਦਾ ਹੈ। ਇਹੀ ਕਾਰਨ ਹੈ ਕਿ ਅਮਰੀਕਾ ਵਿੱਚ 40 ਫ਼ੀਸਦੀ ਤੋਂ ਵਧੇਰੇ ਘਰਾਂ ਵਿੱਚ ਤੁਹਾਨੂੰ ਬੰਦੂਕ ਮਿਲ ਜਾਵੇਗੀ। ਬੰਦੂਕਾਂ ਦੀ ਰਜਿਸਟਰੇਸ਼ਨ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਜਿੱਥੇ ਸਾਲ 2010 ਵਿੱਚ 8.3 ਲੱਖ ਹਥਿਆਰ ਦਰਜ ਹੋਏ ਸਨ, ਜੋ ਸਾਲ 2023 ਵਿੱਚ ਵਧ ਕੇ 35.7 ਲੱਖ ਹੋ ਗਏ। ਇਹ ਹਾਲ ਉਸ ਵੇਲੇ ਹੈ, ਜਦੋਂ ਜ਼ਿਆਦਾਤਰ ਅਮਰੀਕੀ ਬੰਦੂਕਾਂ ਸੰਬੰਧੀ ਸਖ਼ਤ ਕਾਨੂੰਨ ਬਣਾਉਣ ਦੇ ਪੱਖ ਵਿੱਚ ਹਨ। 58 ਫ਼ੀਸਦੀ ਅਮਰੀਕੀ ਚਾਹੁੰਦੇ ਹਨ ਕਿ ਸਖ਼ਤ ਬੰਦੂਕ ਕਾਨੂੰਨ ਬਣਾਉਣ ਦੀ ਜ਼ਰੂਰਤ ਹੈ, 26 ਫ਼ੀਸਦੀ ਵਰਤਮਾਨ ਨਿਯਮਾਂ ਵਿੱਚ ਤਬਦੀਲੀ ਨਹੀਂ ਚਾਹੁੰਦੇ ਅਤੇ 15 ਫ਼ੀਸਦੀ ਬੰਦੂਕ ਕਾਨੂੰਨ ਨੂੰ ਵਧੇਰੇ ਵਧੀਆ ਬਣਾਉਣ ਦੇ ਸਮਰਥਕ ਹਨ। ਗੰਨ ਲਾਬੀ ਦੇ ਦਬਦਬੇ ਕਾਰਨ ਬਹੁਮਤ ਦੀ ਉਚਿਤ ਗੱਲ ਵੀ ਸੁਣੀ ਨਹੀਂ ਜਾ ਰਹੀ, ਨਤੀਜਾ ਗੰਨ ਹਿੰਸਾ ਵਿੱਚ ਹਰ ਸਾਲ ਹਜ਼ਾਰਾਂ ਲੋਕ ਆਪਣੀ ਜਾਨ ਗੁਆ ਬੈਠਦੇ ਹਨ-ਸਾਲ 2010 ਵਿੱਚ ਬੰਦੂਕ ਆਧਾਰਿਤ ਹਿੰਸਕ ਘਟਨਾਵਾਂ ਵਿੱਚ 3,413 ਲੋਕ ਮਾਰੇ ਗਏ ਸਨ, ਜਦੋਂ ਕਿ ਸਾਲ 2023 ਵਿਚ ਮ੍ਰਿਤਕਾਂ ਦੀ ਗਿਣਤੀ 4,563 ਪਹੁੰਚ ਗਈ।

ਜਿਸ ਪੈਨਸਿਲਵੇਨੀਆ ਰਾਜ ਵਿੱਚ ਟਰੰਪ 'ਤੇ ਕਾਤਲਾਨਾ ਹਮਲਾ ਹੋਇਆ, ਉਸ ਵਿੱਚ ਉਨ੍ਹਾਂ ਨੇ ਜਨਤਕ ਤੌਰ 'ਤੇ ਸਹੁੰ ਖਾਧੀ ਸੀ ਕਿ ਰਾਸ਼ਟਰਪਤੀ ਬਣਨ 'ਤੇ ਪਹਿਲੇ ਦਿਨ ਹੀ ਉਹ ਬਾਈਡਨ ਪ੍ਰਸ਼ਾਸਨ ਵਲੋਂ ਬੰਦੂਕ ਰੱਖਣ ਸੰਬੰਧੀ ਅਧਿਕਾਰਾਂ 'ਤੇ ਲਗਾਈਆਂ ਗਈਆਂ ਸਾਰੀਆਂ ਪਾਬੰਦੀਆਂ ਨੂੰ ਹਟਾ ਦੇਣਗੇ। ਟਰੰਪ ਨੇ ਕਿਹਾ ਸੀ, 'ਗੰਨ ਮਾਲਿਕਾਂ ਅਤੇ ਬਣਾਉਣ ਵਾਲਿਆਂ 'ਤੇ ਬਾਈਡਨ ਦੇ ਹਰੇਕ ਹਮਲੇ ਨੂੰ ਮੈਂ ਦਫ਼ਤਰ ਵਿੱਚ ਆਪਣੇ ਪਹਿਲੇ ਹਫ਼ਤੇ ਜਾਂ ਸ਼ਾਇਦ ਪਹਿਲੇ ਹੀ ਦਿਨ ਖ਼ਤਮ ਕਰ ਦੇਵਾਂਗਾ।' ਮੌਤ ਨਾਲ 1/8 ਇੰਚ ਤੋਂ ਬਚਣ ਤੋਂ ਬਾਅਦ ਟਰੰਪ ਦੇ ਬੰਦੂਕ ਸੱਭਿਆਚਾਰ ਸੰਬੰਧੀ ਨਜ਼ਰੀਏ ਵਿਚ ਕੋਈ ਬਦਲਾਅ ਆਇਆ ਹੈ ਜਾਂ ਨਹੀਂ, ਇਸ ਬਾਰੇ ਅਜੇ ਕੋਈ ਜਾਣਕਾਰੀ ਨਹੀਂ, ਪਰ ਅਨੁਮਾਨ ਇਹ ਹੀ ਹੈ ਕਿ ਕੋਈ ਬਦਲਾਅ ਨਹੀਂ ਆਵੇਗਾ, ਕਿਉਂਕਿ ਬੰਦੂਕਾਂ ਬਣਾਉਣ ਵਾਲੇ ਉਨ੍ਹਾਂ ਨੂੰ ਚੋਣ ਲਈ ਫੰਡ ਦਿੰਦੇ ਹਨ ਅਤੇ ਪਾਰਟੀ ਦੇ ਤੌਰ 'ਤੇ ਰਿਪਬਲਿਕਨ ਬੰਦੂਕ ਸੱਭਿਆਚਾਰ ਦੇ ਸਮਰਥਕ ਹਨ। ਪਿਛਲੇ ਸਾਲ ਦੀ ਪਿਊ ਰਿਸਰਚ ਸੈਂਟਰ ਦੀ ਰਿਪੋਰਟ ਅਨੁਸਾਰ 79 ਫ਼ੀਸਦੀ ਰਿਪਬਲਿਕਨ ਅਤੇ ਰਿਪਬਲਿਕਨ-ਝੁਕਾਅ ਵਾਲੇ ਸੁਤੰਤਰ ਵੋਟਰਾਂ ਨੇ ਕਿਹਾ ਸੀ ਕਿ ਹਥਿਆਰ ਰੱਖਣ ਨਾਲ ਵਿਅਕਤੀ ਦੀ ਸੁਰੱਖਿਆ ਵਿੱਚ ਵਾਧਾ ਹੁੰਦਾ ਹੈ। ਦੂਜੇ ਪਾਸੇ 78 ਫ਼ੀਸਦੀ ਡੈਮੋਕ੍ਰੇਟਸ ਬੰਦੂਕ ਸੱਭਿਆਚਾਰ 'ਤੇ ਲਗਾਮ ਲਗਾਉਣ ਦੇ ਇੱਛੁਕ ਸਨ, ਉਨ੍ਹਾਂ ਅਨੁਸਾਰ ਇਸ ਨਾਲ ਸੁਰੱਖਿਆ ਘਟਦੀ ਹੈ ਕਿ ਕਿਤੇ ਵੀ ਕੋਈ ਵੀ ਅੰਨ੍ਹੇਵਾਹ ਗੋਲੀਆਂ ਚਲਾ ਕੇ ਦਰਜਨਾਂ ਲੋਕਾਂ ਨੂੰ ਮਾਰ ਦਿੰਦਾ ਹੈ।

ਇਸ ਲਈ ਬਾਈਡਨ ਨੇ ਟਰੰਪ 'ਤੇ ਕਾਤਲਾਨਾ ਹਮਲੇ ਦੇ ਬਾਅਦ ਅਫ਼ਸੋਸ ਪ੍ਰਗਟਾਉਂਦਿਆਂ ਕਿਹਾ ਕਿ 'ਅਸੀਂ ਰਾਜਨੀਤਕ ਮਤਭੇਦਾਂ ਦਾ ਹੱਲ ਬੁਲਟ ਨਾਲ ਨਹੀਂ ਬੈਲਟ ਨਾਲ ਕਰਦੇ ਹਾਂ।' ਇਸ ਪਿਛੋਕੜ ਵਿੱਚ ਇਹ ਅੰਦਾਜ਼ਾ ਲਗਾਉਣਾ ਗ਼ਲਤ ਨਹੀਂ ਹੋਵੇਗਾ ਕਿ ਅਗਲੇ ਰਾਸ਼ਟਰਪਤੀ ਦੀ ਚੋਣ ਵਿੱਚ ਬੰਦੂਕ ਸੱਭਿਆਚਾਰ ਬਹੁਤ ਵੱਡਾ ਮੁੱਦਾ ਹੋਵੇਗਾ। ਇਹ ਗੱਲ ਹੈਰਾਨ ਕਰਦੀ ਹੈ ਕਿ ਅਮਰੀਕਾ ਦੇ 46 ਰਾਸ਼ਟਰਪਤੀਆਂ ਵਿਚੋਂ ਚਾਰ-ਲਿੰਕਨ, ਗਾਰਫੀਲਡ, ਮੈਇਨਲੇ ਅਤੇ ਕੈਨੇਡੀ ਦਫ਼ਤਰ ਵਿੱਚ ਰਹਿੰਦੇ ਹੋਏ ਮਾਰ ਦਿੱਤੇ ਗਏ ਅਤੇ ਰੀਗਨ, ਫੋਰਡ, ਟਰੂਮੈਨ, ਰੂਜ਼ਵੇਲਟ ਆਦਿ ਅੱਧਾ ਦਰਜਨ ਤੋਂ ਵਧੇਰੇ ਸਾਬਕਾ ਅਤੇ ਅਹੁਦੇ 'ਤੇ ਬੈਠੇ ਹੋਏ ਰਾਸ਼ਟਰਪਤੀਆਂ 'ਤੇ ਕਾਤਲਾਨਾ ਹਮਲੇ ਹੋਏ, ਜਿਵੇਂ ਕਾਤਲ ਦੀ ਗੋਲੀ ਲਈ ਅਮਰੀਕੀ ਰਾਸ਼ਟਰਪਤੀ ਚੁੰਬਕ ਹੋਣ, ਪਰ ਹੁਣ ਤਕ ਬੰਦੂਕ ਸੱਭਿਆਚਾਰ 'ਤੇ ਰੋਕ ਲਗਾਉਣ ਲਈ ਕੋਈ ਖ਼ਾਸ ਫ਼ੈਸਲਾ ਨਹੀਂ ਲਿਆ ਗਿਆ। ਇਸ ਮਾਮਲੇ ਵਿਚ ਰਾਸ਼ਟਰਪਤੀ ਉਮੀਦਵਾਰ ਚੁਣਾਵੀ ਫਾਇਦਾ ਜ਼ਰੂਰ ਲੈਂਦੇ ਹਨ, ਪਰ ਅਹੁਦਾ ਲੈਣ ਤੋਂ ਬਾਅਦ ਹੀ ਇਹ ਵਾਅਦਾ ਬੰਦੂਕ ਸੱਭਿਆਚਾਰ ਨੂੰ ਕੰਟਰੋਲ ਕਰਨ ਦੇ ਵਾਅਦੇ ਨਾਲ ਸਿਰਫ਼ ਜੁਮਲਾ ਬਣ ਕੇ ਰਹਿ ਜਾਂਦਾ ਹੈ।

ਫਿਲਹਾਲ, ਟਰੰਪ 'ਤੇ ਹਮਲੇ ਨਾਲ ਸਮੀਖਿਆ ਕਰਨ ਵਾਲਿਆਂ ਦੇ ਇਸ ਡਰ ਦੀ ਪੁਸ਼ਟੀ ਹੋ ਗਈ ਹੈ ਕਿ ਬੇਤੁਕੀ ਰਾਜਨੀਤਕ ਸ਼ਬਦਾਵਲੀ ਅਮਰੀਕੀ ਲੋਕਤੰਤਰ ਨੂੰ ਡੂੰਘੀ ਖੱਡ ਵਿੱਚ ਲੈ ਜਾਵੇਗੀ। ਲਗਾਤਾਰ ਜਨਤਾ ਵਿੱਚ ਗੁੱਸਾ ਭਰਨਾ, ਬਿਨਾਂ ਕਾਰਨ ਹੀ ਸਮਾਜ ਦਾ ਧਰੁਵੀਕਰਨ ਕਰਨਾ ਅਤੇ ਦੋ ਕਮਜ਼ੋਰ ਰਾਜਨੀਤਕ ਦਲਾਂ ਕਾਰਨ ਰਾਜਨੀਤਕ ਹਿੰਸਾ ਲਈ ਜਗ੍ਹਾ ਬਣਾ ਦਿੱਤੀ ਗਈ ਹੈ। ਅਮਰੀਕੀ ਸਮਾਜ ਵਿੱਚ ਵਧਦੀ ਬੇਚੈਨੀ ਦੀ ਇੱਕ ਮਿਸਾਲ ਇਹ ਹੈ ਕਿ 2022 ਵਿੱਚ ਸਪੀਕਰ ਨੈਂਸੀ ਪੇਲੋਸੀ ਦੇ ਪਤੀ 'ਤੇ ਹਥੌੜੇ ਨਾਲ ਹਮਲਾ ਕੀਤਾ ਗਿਆ, ਜਦੋਂ ਕਿ ਸਾਜਿਸ਼ ਦੀ ਥਿਊਰੀ ਦਾ ਸਮਰਥਨ ਕਰਨ ਵਾਲਿਆਂ ਨੇ 'ਉਨ੍ਹਾਂ ਦੇ ਗੋਡੇ ਤੋੜਨ' ਲਈ ਕਿਹਾ ਸੀ। ਸੰਸਾਰ ਸਾਲਾਂ ਤੋਂ ਅਮਰੀਕੀ ਰਾਜਨੀਤੀ ਅਤੇ ਸਮਾਜ ਦੇ ਹਮਲਾਵਰ ਤੇਵਰ ਦੇਖ ਰਿਹਾ ਹੈ, ਇਸ ਲਈ ਇਸ ਕਿਸਮ ਦੇ ਟਵੀਟਾਂ ਦਾ ਕੋਈ ਅਰਥ ਨਹੀਂ ਹੈ ਕਿ ਰਾਜਨੀਤਕ ਹਿੰਸਾ 'ਗ਼ੈਰ ਅਮਰੀਕੀ' ਹੈ। ਭਾਵੇਂ ਕਿ ਸਭ ਪਾਰਟੀਆਂ ਦੇ ਰਾਜਨੀਤਕ ਆਗੂ ਤਿੱਖੇ ਸ਼ਬਦਾਂ ਦੀ ਵਰਤੋਂ ਨਾ ਕਰਨ ਦੀ ਵਕਾਲਤ ਕਰਦੇ ਹਨ। ਪਰ ਇਨ੍ਹਾਂ ਨੇਤਾਵਾਂ ਦੇ ਹੀ ਹਮਲਾਵਰ ਭਾਸ਼ਨਾਂ ਨਾਲ ਰਾਜਨੀਤਕ ਹਿੰਸਾ 'ਨਿਊ ਨਾਰਮਲ' ਹੋ ਗਈ ਹੈ। ਅੱਜ ਅਮਰੀਕੀ ਰਾਜਨੀਤੀ ਦਾ ਹਾਲ ਇਹ ਹੈ ਕਿ ਟਰੰਪ 'ਤੇ ਕਾਤਲਾਨਾ ਹਮਲੇ ਦੇ ਤੁਰੰਤ ਬਾਅਦ ਗ਼ਲਤ ਸੂਚਨਾਵਾਂ ਦਾ ਵਿਸਫੋਟ ਹੋ ਗਿਆ। ਇਤਿਹਾਸਕ ਘਟਨਾਵਾਂ ਨੂੰ ਤੋੜ-ਮਰੋੜ ਕੇ ਆਨਲਾਈਨ ਫੈਲਾਉਣ ਦਾ ਆਮ ਲੋਕਾਂ 'ਤੇ ਮਾੜਾ ਅਸਰ ਪੈਂਦਾ ਹੈ। ਪਰ ਸੋਸ਼ਲ ਮੀਡੀਆ ਕੰਪਨੀਆਂ ਲਈ ਇਹ ਹਮੇਸ਼ਾ ਦੀ ਤਰ੍ਹਾਂ ਵਪਾਰ ਹੀ ਸੀ।

ਅਮਰੀਕਾ ਦੀ ਵਿਸ਼ੇਸ਼ ਰਾਜਨੀਤਕ ਵਿਵਸਥਾ ਵਿੱਚ ਨਸਲੀ ਵੰਡ ਆਮ ਗੱਲ ਹੈ। ਸਿਆਸਤਦਾਨ ਇਸ ਬਲਦੀ ਅੱਗ ਵਿੱਚ ਘਿਓ ਪਾ ਕੇ ਸਿਆਸੀ ਫਾਇਦਾ ਚੁੱਕਣ ਦੀ ਕੋਸ਼ਿਸ਼ ਕਰਦੇ ਹਨ। ਟਰੰਪ ਦੀ ਰਾਜਨੀਤੀ ਦੀਆਂ ਜੜ੍ਹਾਂ ਤਾਂ ਹਰ 'ਫਾਲਟ ਲਾਈਨ' ਵਿਚ ਹਨ। ਉਨ੍ਹਾਂ ਦੀ ਅੱਤਵਾਦੀ ਰਾਜਨੀਤੀ ਦੀ ਪਹੁੰਚ ਦਾ ਅੰਦਾਜ਼ਾ ਇਸੇ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਸੋਸ਼ਲ ਮੀਡੀਆ ਦੀਆਂ ਗ਼ਲਤ ਸੂਚਨਾਵਾਂ ਦੇ ਤੱਥ ਜਾਂਚਣ ਤੋਂ ਬਾਅਦ ਵੀ ਹਾਲਾਤ ਨੂੰ 'ਆਮ' ਨਹੀਂ ਬਣਾਇਆ ਜਾ ਸਕਿਆ। ਟਰੰਪ ਆਪਣੇ 'ਤੇ ਹੋਏ ਹਮਲੇ ਤੋਂ ਵੀ ਸਿਆਸੀ ਲਾਭ ਚੁੱਕਣ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ 'ਤੇ ਹਮਲੇ ਦੇ ਸਿਰਫ਼ ਤਿੰਨ ਘੰਟੇ ਬਾਅਦ ਆਨਲਾਈਨ ਪਲੇਟਫਾਰਮ ਤਾਓਬਾਓ 'ਤੇ ਟੀ-ਸ਼ਰਟ ਵਿਕ ਰਹੀ ਸੀ, ਜਿਸ 'ਤੇ ਦਿਖਾਇਆ ਗਿਆ ਹੈ ਕਿ ਟਰੰਪ ਦੇ ਚਿਹਰੇ 'ਤੇ ਖ਼ੂਨ ਵਗ ਰਿਹਾ ਹੈ ਅਤੇ ਫਿਰ ਵੀ ਉਨ੍ਹਾਂ ਨੇ ਆਪਣੀ ਮੁੱਠੀ ਬੰਨ੍ਹ ਕੇ ਹੱਥ ਉੱਪਰ ਚੁੱਕਿਆ ਹੋਇਆ ਹੈ। ਹਾਲਾਂਕਿ ਦੂਜੇ ਪਾਸੇ ਬਾਈਡਨ ਵੀ ਟਰੰਪ ਦੀ ਹੀ ਉਮਰ ਦੇ ਹਨ ਅਤੇ ਇਜ਼ਰਾਈਲ ਯੁੱਧ ਦੇ ਵੱਡੇ ਸਮਰਥਕ ਹਨ, ਪਰ ਉਹ ਘਰੇਲੂ ਰਾਜਨੀਤੀ ਵਿੱਚ ਕਮਜ਼ੋਰ ਦਿਖਾਈ ਦੇ ਰਹੇ ਹਨ।

ਅਮਰੀਕਾ ਇਕਲੌਤਾ ਅਮੀਰ ਪੱਛਮੀ ਦੇਸ਼ ਹੈ, ਜਿਥੇ ਬਾਲ ਅਤੇ ਕਿਸ਼ੋਰ ਮੌਤਾਂ ਦਾ ਮੁੱਖ ਕਾਰਨ ਬੰਦੂਕ ਦੀ ਗੋਲੀ ਹੈ। ਇਸ ਦੇ ਬਾਵਜੂਦ ਬੰਦੂਕਾਂ ਅਮਰੀਕੀ 'ਮੁੱਲਾਂ' ਦਾ ਔਜ਼ਾਰ ਤੇ ਖਿਡੌਣੇ ਦਾ ਪ੍ਰਤੀਕ ਹਨ। ਟਰੰਪ 'ਤੇ ਏ.ਆਰ.-15 ਰਾਈਫਲ ਨਾਲ ਹਮਲਾ ਕੀਤਾ ਗਿਆ, ਜੋ ਕਿ ਸੈਨਿਕ ਐਮ.-16 ਦਾ ਸੈਮੀ ਆਟੋਮੇਟਿਕ ਸਿਵਲੀਅਨ ਰੂਪ ਹੈ। ਇਸ ਰਾਈਫਲ ਨੂੰ ਤੁਸੀਂ ਕਿਸੇ ਵੀ ਹੋਰ ਦੇਸ਼ ਦੀ ਆਮ ਮਾਰਕਿਟ ਵਿਚੋਂ ਨਹੀਂ ਖਰੀਦ ਸਕਦੇ। ਕੁਝ ਮਾਹਿਰ ਕਹਿ ਰਹੇ ਹਨ ਕਿ ਟਰੰਪ 'ਤੇ ਹਮਲੇ ਤੋਂ ਬਾਅਦ ਰਿਪਬਲਿਕਨ ਪਾਰਟੀ ਦੇ ਆਗੂ ਬੰਦੂਕ ਸੱਭਿਆਚਾਰ ਸੰਬੰਧੀ ਆਪਣਾ ਨਜ਼ਰੀਆ ਬਦਲਣਗੇ। ਪਰ ਇਹ ਸੰਭਵ ਨਹੀਂ ਲੱਗਦਾ। ਟਰੰਪ ਤਾਂ ਹਮਲੇ ਨੂੰ ਵੀ 'ਜਿੱਤ' ਵਿੱਚ ਬਦਲਣ ਲਈ ਕਾਹਲੇ ਹਨ, ਉਹ ਕਿਉਂ ਆਪਣਾ ਨਜ਼ਰੀਆ ਬਦਲਣਗੇ, ਭਾਵੇਂ ਹੀ ਇਨ੍ਹਾਂ ਬੰਦੂਕਾਂ ਨਾਲ ਹੁੰਦੀਆਂ ਹਿੰਸਕ ਘਟਨਾਵਾਂ ਵਿੱਚ ਮਾਸੂਮ ਅਮਰੀਕੀ ਮਰਦੇ ਰਹਿਣ।

# ਅਕਾਲ ਤਖ਼ਤ ਸਾਹਿਬ ਬਨਾਮ ਅਕਾਲੀ ਸੰਕਟ, ਹੱਲ ਕੀ ਹੋਵੇ ?

**ਰਜਿੰਦਰ ਸਿੰਘ ਪੁਰੇਵਾਲ**





ਸ਼੍ਰੋਮਣੀ ਅਕਾਲੀ ਦਲ ਦਾ ਨਿਘਾਰ ਇਸ ਸਮੇਂ ਸਿਖ਼ਰ 'ਤੇ ਹੈ। 2024 ਦੀਆਂ ਲੋਕ ਸਭਾ ਚੋਣਾਂ ਵਿੱਚ ਉਸ ਨੂੰ ਸਿਰਫ਼ ਇੱਕ ਹਲਕੇ ਬਠਿੰਡਾ ਵਿੱਚ ਹਰਸਿਮਰਤ ਕੌਰ ਬਾਦਲ ਨੂੰ ਕਾਮਯਾਬੀ ਮਿਲੀ ਅਤੇ ਦਸ ਹਲਕਿਆਂ ਵਿੱਚ ਉਸ ਦੇ ਉਮੀਦਵਾਰਾਂ ਦੀ ਜ਼ਮਾਨਤ ਜ਼ਬਤ ਹੋਈ ਹੈ। ਪਾਰਟੀ ਨੂੰ ਸਿਰਫ਼ 13.4 ਫ਼ੀਸਦੀ ਵੋਟਾਂ ਪਈਆਂ ਹਨ। ਇਨ੍ਹਾਂ ਨਤੀਜਿਆ ਤੋਂ ਬਾਅਦ ਪਾਰਟੀ ਅੰਦਰਲੀ ਫੁੱਟ ਹੋਰ ਵਧੀ ਹੈ। ਬਾਗ਼ੀ ਅਕਾਲੀ ਆਗੂਆਂ ਦੀ ਸੁਖਬੀਰ ਬਾਦਲ ਦੀ ਪ੍ਰਧਾਨਗੀ ਖ਼ਿਲਾਫ਼ ਵਿੱਢੀ ਗਈ ਮੁਹਿੰਮ ਦੇ ਵਿਚਾਲੇ ਸ੍ਰੀ ਅਕਾਲ ਤਖ਼ਤ ਸਕੱਤਰੇਤ ਨੇ ਸੁਖਬੀਰ ਬਾਦਲ ਨੂੰ ਤਲਬ ਕੀਤਾ ਹੈ। ਪੰਜ ਸਿੰਘ ਸਾਹਿਬਾਨਾਂ ਦੀ ਬੈਠਕ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੂੰ 15 ਦਿਨਾਂ ਦੇ ਅੰਦਰ-ਅੰਦਰ ਨਿੱਜੀ ਤੌਰ ਉੱਤੇ ਪੁੱਜ ਕੇ ਲਿਖ਼ਤੀ ਰੂਪ ਵਿੱਚ ਸਪੱਸ਼ਟੀਕਰਨ ਦੇਣ ਲਈ ਕਿਹਾ ਗਿਆ ਗਿਆ ਹੈ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਹੈ ਕਿ ਉਹ ਨਿਮਰਤਾ ਸਹਿਤ ਅਕਾਲ ਤਖ਼ਤ ਸਾਹਿਬ ਅੱਗੇ ਪੇਸ਼ ਹੋਣਗੇ।

ਦਰਅਸਲ 1 ਜੁਲਾਈ ਨੂੰ ਬਾਗ਼ੀ ਧੜੇ ਵਿੱਚ ਸ਼ਾਮਲ ਸੀਨੀਅਰ ਆਗੂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਹੋਏ ਸਨ। ਉਨ੍ਹਾਂ ਨੇ ਇਸ ਮੌਕੇ ਚਾਰ ਸਫ਼ਿਆਂ ਦਾ ਮੁਆਫ਼ੀਨਾਮਾ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਰਘਬੀਰ ਸਿੰਘ ਨੂੰ ਸੌਂਪਿਆ ਸੀ। ਉਨ੍ਹਾਂ ਨੇ ਇਹ ਵੀ ਦੋਸ਼ ਲਗਾਏ ਸਨ ਕਿ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪੰਥਕ ਭਾਵਨਾਵਾਂ ਦੀ ਪ੍ਰਤੀਨਿਧਤਾ ਨਹੀਂ ਕੀਤੀ। ਆਪਣੇ ਮੁਆਫ਼ੀਨਾਮੇ ਵਿੱਚ ਬਾਗੀ ਅਕਾਲੀਆਂ ਨੇ 2007 ਤੋਂ ਲੈ ਕੇ 2017 ਤੱਕ ਅਕਾਲੀ ਦਲ ਦੀ ਸਰਕਾਰ ਵੇਲੇ ਹੋਈਆਂ ਗਲਤੀਆਂ ਦੀ ਮੁਆਫ਼ੀ ਮੰਗੀ ਸੀ।

ਅਕਾਲ ਤਖਤ ਸਾਹਿਬ ਵੱਲੋਂ ਜਾਰੀ ਕੀਤੀਆਂ ਗਈਆਂ ਹਦਾਇਤਾਂ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲੋਂ ਸਾਲ 2015 ਵਿੱਚ ਡੇਰਾ ਸੱਚਾ ਸੌਦਾ ਦੇ ਮੁਖੀ ਨੂੰ ਮੁਆਫ਼ੀ ਦੇਣ ਬਾਰੇ ਦਿੱਤੇ ਗਏ 90 ਲੱਖ ਰੁਪਏ ਦੇ ਇਸ਼ਤਿਹਾਰਾਂ ਬਾਰੇ ਵੀ ਸਪਸ਼ਟੀਕਰਨ ਮੰਗਿਆ ਗਿਆ ਹੈ।

ਜਦੋਂ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਸੌਦਾ ਸਾਧ ਨੂੰ ਮੁਆਫ਼ੀ ਦਿੱਤੀ ਗਈ ਸੀ ਤਾਂ ਪਹਿਲੀ ਵਾਰ ਅਕਾਲੀ ਦਲ ਅਤੇ ਪੰਥਕ ਸੰਸਥਾਵਾਂ ਵਿੱਚ ਆਏ ਨਿਘਾਰ ਖ਼ਿਲਾਫ਼ ਸਿੱਖ ਪੰਥ ਵਿੱਚ ਰੋਸ ਮੁਹਿੰਮ ਉਠੀ ਸੀ। ਗ਼ੌਰਤਲਬ ਹੈ ਕਿ 2007 ਵਿੱਚ ਸੌਦਾ ਸਾਧ ਵੱਲੋਂ ਗੁਰੂ ਗੋਬਿੰਦ ਸਿੰਘ ਵਰਗੀ ਪੁਸ਼ਾਕ ਪਹਿਨਣ ਦੀਆਂ ਤਸਵੀਰਾਂ ਨਸ਼ਰ ਹੋਣ ਤੋਂ ਬਾਅਦ ਅਕਾਲ ਤਖ਼ਤ ਵੱਲੋਂ ਹੁਕਮਨਾਮਾ ਜਾਰੀ ਕਰ ਕੇ ਸਿੱਖਾਂ ਨੂੰ ਡੇਰਾ ਪ੍ਰੇਮੀਆਂ ਦਾ ਸਮਾਜਿਕ ਬਾਈਕਾਟ ਕਰਨ ਲਈ ਕਿਹਾ ਗਿਆ ਸੀ। ਫਿਰ 2012 ਦੀਆਂ ਵਿਧਾਨ ਸਭਾ ਚੋਣਾਂ ਹੋਣ ਤੋਂ ਪੰਜ ਦਿਨ ਪਹਿਲਾਂ ਰਾਮ ਰਹੀਮ ਖਿਲਾਫ਼ ਪੁਸ਼ਾਕ ਪਹਿਨ ਕੇ ਗੁਰੂ ਗੋਬਿੰਦ ਸਿੰਘ ਜੀ ਦੀ ਨਕਲ ਕਰਨ ਵਾਲਾ ਧਰਮਨਿੰਦਾ ਦਾ ਕੇਸ ਵਾਪਸ ਲੈ ਲਿਆ ਗਿਆ ਸੀ। ਸਤੰਬਰ 2015 ਵਿੱਚ ਅਕਾਲ ਤਖ਼ਤ ਵੱਲੋਂ ਸੌਦਾ ਸਾਧ ਨੂੰ ਮੁਆਫ਼ੀ ਵੀ ਦੇ ਦਿੱਤੀ ਗਈ ਅਤੇ ਸ਼੍ਰੋਮਣੀ ਕਮੇਟੀ ਨੇ ਵੱਖ-ਵੱਖ ਅਖ਼ਬਾਰਾਂ ਵਿੱਚ 90 ਲੱਖ ਰੁਪਏ ਦੇ ਇਸ਼ਤਿਹਾਰ ਦੇ ਕੇ ਇਸ ਫ਼ੈਸਲੇ ਨੂੰ ਵਾਜਬ ਠਹਿਰਾਇਆ ਸੀ। ਇਹ ਸਭ ਸਿਆਸੀ ਲਾਭ ਤੇ ਡੇਰਾ ਵੋਟ ਪ੍ਰਾਪਤ ਕਰਨ ਦਾ ਮਾਮਲਾ ਸੀ। ਇਸ ਕਾਰਨ ਅਕਾਲ ਤਖਤ ਸਾਹਿਬ, ਸ਼੍ਰੋਮਣੀ ਕਮੇਟੀ , ਅਕਾਲੀ ਦਲ ਦਾ ਵਾਜੂਦ ਦਾਅ ਉੱਪਰ ਲਗਿਆ। ਇਹ ਵੀ ਵਰਣਨਯੋਗ ਹੈ ਕਿ ਅਕਾਲ ਤਖ਼ਤ ਦੇ ਜਥੇਦਾਰ ਸਮੇਤ ਪੰਜ ਸਿੰਘ ਸਾਹਿਬਾਨ ਨੂੰ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਚੰਡੀਗੜ੍ਹ ਸਥਿਤ ਰਿਹਾਇਸ਼ 'ਤੇ ਸੱਦ ਕੇ ਡੇਰਾ ਮੁਖੀ ਨੂੰ ਮੁਆਫ਼ੀ ਦਿਵਾਈ ਗਈ ਸੀ। ਇਸ ਦਾ ਸਿੱਖ ਪੰਥ ਵਿੱਚ ਖਾਸਾ ਰੋਸ ਜਾਗਿਆ ਸੀ।

ਇਸ ਤੋਂ ਮਹੀਨਾ ਕੁ ਬਾਅਦ ਅਕਤੂਬਰ 2015 ਵਿੱਚ ਫ਼ਰੀਦਕੋਟ ਜ਼ਿਲ੍ਹੇ ਦੇ ਪਿੰਡ ਬਰਗਾੜੀ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਘਟਨਾ ਵਾਪਰੀ ਸੀ ਜਿਸ ਤੋਂ ਪਹਿਲਾਂ 1 ਜੂਨ ਨੂੰ ਨੇੜਲੇ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਦੇ ਗੁਰੂਘਰ 'ਚੋਂ ਗੁਰੂ ਗ੍ਰੰਥ ਸਾਹਿਬ ਦੀ ਬੀੜ ਚੋਰੀ ਕਰਨ ਦਾ ਮਾਮਲਾ ਸਾਹਮਣੇ ਆਇਆ ਸੀ। ਸੇਵਾਮੁਕਤ ਡੀ.ਜੀ.ਪੀ. ਮੁਹੰਮਦ ਇਜ਼ਹਾਰ ਆਲਮ ਦੀ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਮੂਲੀਅਤ ਸਮੇਤ ਕੁਝ ਘਟਨਾਵਾਂ ਨੂੰ ਬਾਗੀ ਅਕਾਲੀਆਂ ਵਲੋਂ ਅਕਾਲ ਤਖਤ ਸਾਹਿਬ ਨੂੰ ਸੌਂਪੇ ਇਸ ਪੱਤਰ ਵਿੱਚ ਦਰਜ ਕੀਤਾ ਗਿਆ ਹੈ। ਜਦ ਕਿ ਬਾਗੀ ਅਕਾਲੀ ਆਗੂ ਵੀ ਬਰਾਬਰ ਦੇ ਕਸੂਰਵਾਰ ਹਨ। ਪਰ ਅਕਾਲ ਤਖਤ ਸਾਹਿਬ ਉਪਰ ਮਾਮਲਾ ਜਾਣ ਕਰਕੇ ਨਾ ਸਿਰਫ਼ ਸੁਖਬੀਰ ਸਿੰਘ ਬਾਦਲ ਬਲਕਿ ਅਕਾਲ ਤਖ਼ਤ ਦਾ ਸਾਬਕਾ ਜਥੇਦਾਰ ਤੇ ਸ਼੍ਰੋਮਣੀ ਕਮੇਟੀ ਪੰਥ ਦੇ ਕਟਹਿਰੇ ਵਿੱਚ ਖੜ੍ਹੇ ਹੋ ਗਏ ਹਨ। ਇਹ ਸਿਰਫ ਅਕਾਲੀ ਦਲ ਦਾ ਸੰਕਟ ਨਹੀਂ ਸਗੋਂ ਸਿੱਖ ਪੰਥ ਉੱਪਰ ਗੰਭੀਰ ਸੰਕਟ ਹੈ।

ਅਕਾਲੀ ਦਲ ਵਿੱਚ ਧੜੇਬੰਦੀ ਜੋ ਰੂਪ ਧਾਰ ਚੁੱਕੀ ਹੈ, ਉਸ ਤੋਂ ਜਾਹਿਰ ਹੈ ਕਿ ਇਨ੍ਹਾਂ ਵਿਚੋਂ ਕੋਈ ਧੜਾ ਸਿੱਖ ਪੰਥ ਦੀ ਅਗਵਾਈ ਦੇ ਸਮਰਥ ਨਹੀਂ। ਬਾਗ਼ੀ ਧੜੇ ਦੀ ਮੰਗ ਕੇਵਲ ਏਨੀ ਹੀ ਹੈ ਕਿ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿੱਚ ਤੇਜ਼ ਰਫ਼ਤਾਰ ਨਾਲ ਪਾਰਟੀ ਲਗਾਤਾਰ ਨਿਘਾਰ ਵਲ ਜਾ ਰਹੀ ਹੈ, ਇਸ ਲਈ ਸੁਖਬੀਰ ਬਾਦਲ ਨੂੰ ਪ੍ਰਧਾਨਗੀ ਤੋਂ ਲਾਹ ਕੇ ਕਿਸੇ ਇਤਬਾਰਯੋਗ ਸਖਸ਼ੀਅਤ ਨੂੰ ਪਾਰਟੀ ਦੀ ਅਗਵਾਈ ਸੌਂਪੀ ਜਾਵੇ। ਇਸ ਮੰਗ ਵਿੱਚ ਕੋਈ ਗ਼ਲਤ ਗੱਲ ਨਹੀਂ। ਸੁਖਬੀਰ ਬਾਦਲ ਦਾ ਇਹ ਦਾਅਵਾ ਤਰਕਹੀਣ ਹੈ ਕਿ ਅਕਾਲੀ ਦਲ, ਸ਼੍ਰੋਮਣੀ ਕਮੇਟੀ ਦੇ ਸਾਰੇ ਲੀਡਰ ਤੇ ਵਰਕਰ ਉਸ ਦੇ ਨਾਲ ਹਨ। ਇਹ ਤਰੀਕਾ ਗੈਰ ਸਿਧਾਂਤਕ ਹੈ ਕਿਉਂਕਿ ਇਨ੍ਹਾਂ ਦਾਅਵਿਆਂ ਨਾਲ ਅਕਾਲੀ ਦਲ ਦਾ ਵਜੂਦ ਨਹੀਂ ਬਚਾਇਆ ਜਾ ਸਕਦਾ। ਮਸਲਾ ਤਾਂ ਸਿੱਖ ਪੰਥ ਦੀ ਪ੍ਰਵਾਨਗੀ ਤੇ ਹਮਾਇਤ ਦਾ ਹੈ ਜੋ ਅਕਾਲੀ ਦਲ ਦਾ ਵਜੂਦ ਹੈ।

ਜਥੇਦਾਰ ਅਕਾਲ ਤਖ਼ਤ ਕੋਲ ਏਨੀ ਸਮਰਥਾ ਨਹੀਂ ਕਿ ਉਹ ਕਿਸੇ ਇਕ ਵੀ ਧੜੇ ਨੂੰ ਨਾਰਾਜ਼ ਕਰ ਸਕਣ ਤੇ ਇਹ ਮਸਲਾ ਹੱਲ ਕਰ ਸਕਣ ? ਜੇ ਜਥੇਦਾਰ ਦੋਹਾਂ ਧੜਿਆਂ ਦੀ ਸੁਲਾਹ-ਸਫ਼ਾਈ ਕਰਵਾ ਦੇਣ ਤਾਂ ਇਸ ਨਾਲ ਮਸਲਾ ਹੱਲ ਨਹੀਂ ਹੋਵੇਗਾ ਕਿਉਂਕਿ ਸਿੱਖ ਪੰਥ ਦਾ ਰੋਸ ਕਾਇਮ ਰਹੇਗਾ। ਜਿਵੇਂ ਖਡੂਰ ਸਾਹਿਬ ਅਤੇ ਫ਼ਰੀਦਕੋਟ ਦੀਆਂ ਹਾਲੀਆ ਚੋਣਾਂ ਵਿੱਚ ਸੰਗਤ ਨੇ ਅਗਵਾਈ ਆਪਣੇ ਹੱਥਾਂ ਵਿੱਚ ਲੈ ਕੇ, ਸਾਰੀਆਂ ਹੀ ਪਾਰਟੀਆਂ ਨੂੰ ਹਰਾ ਦਿਤਾ ਸੀ, ਉਸੇ ਤਰ੍ਹਾਂ ਅਕਾਲੀ ਦਲ ਦਾ ਪੰਥਕ ਸਰੂਪ ਬਹਾਲ ਕਰਨ ਲਈ ਵੀ ਸੰਗਤ ਨੂੰ ਆਪ ਅਗਵਾਈ ਦੇਣ ਲਈ ਨਿਤਰ ਸਕਦੀ ਹੈ। ਇਹ ਤਜਰਬਾ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿੱਚ ਵੀ ਹੋ ਸਕਦਾ ਹੈ। ਸੁਖਬੀਰ ਬਾਦਲ ਨੂੰ ਚਾਹੀਦਾ ਹੈ ਕਿ ਉਹ ਰਾਹੁਲ ਗਾਂਧੀ ਵਾਂਗ ਕਿਸੇ ਯੋਗ ਸਖਸ਼ੀਅਤ ਨੂੰ ਪ੍ਰਧਾਨ ਬਣਾ ਦੇਣ ਤੇ ਆਪ ਪਿੱਛੇ ਹੋ ਅਕਾਲੀ ਦਲ ਨੂੰ ਮਜਬੂਤ ਕਰਨ। ਰਾਹੁਲ ਵਾਂਗ ਪਿੱਛੇ ਹੱਟ ਕੇ ਤੇ ਆਪਣੀ ਵਾਰੀ ਦੀ ਉਡੀਕ ਕਰ ਕੇ ਹੀ ਉਨ੍ਹਾਂ ਨੂੰ ਸਿਆਸੀ ਸਫਲਤਾ ਮਿਲ ਸਕਦੀ ਹੈ।

# ਅਮਰੀਕੀ ਜਨਤਾ 'ਚ ਤੇਜ਼ੀ ਨਾਲ ਵਧ ਰਹੀ ਹਿੰਸਕ ਬਿਰਤੀ ਸ਼ਾਸਨ ਅਤੇ ਪ੍ਰਸ਼ਾਸਨ ਲਈ ਖ਼ਤਰੇ ਦੀ ਘੰਟੀ

**ਸ਼ਿਵਕਾਂਤ ਸ਼ਰਮਾ**

ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ 'ਤੇ ਹੋਏ ਜਾਨਲੇਵਾ ਹਮਲੇ ਨੇ ਅਮਰੀਕਾ ਹੀ ਨਹੀਂ, ਪੂਰੀ ਦੁਨੀਆ ਨੂੰ ਰਾਜਨੀਤੀ ਵਿੱਚ ਫੈਲ ਰਹੇ ਵੈਰ-ਭਾਵ 'ਤੇ ਸੋਚਣ ਲਈ ਮਜਬੂਰ ਕਰ ਦਿੱਤਾ ਹੈ। ਗੋਲੀ ਨਿਸ਼ਾਨੇ 'ਤੇ ਲੱਗ ਜਾਂਦੀ ਤਾਂ ਕੁੜੱਤਣ ਵਾਲੇ ਇਸ ਮਾਹੌਲ ਵਿੱਚ ਕੀ ਹੋ ਸਕਦਾ ਸੀ, ਇਸ ਨੂੰ ਸੋਚ ਕੇ ਹੀ ਹਰ ਕਿਸੇ ਦੇ ਲੂ-ਕੰਡੇ ਖੜ੍ਹੇ ਹੋ ਜਾਂਦੇ ਹਨ।

ਇਸੇ ਲਈ ਰਾਸ਼ਟਰਪਤੀ ਜੋਅ ਬਾਇਡੇਨ ਨੇ ਹਮਲੇ ਦੀ ਸਖ਼ਤ ਨਿੰਦਾ ਕੀਤੀ ਅਤੇ ਲੋਕਾਂ ਨੂੰ ਹਿੰਸਕ ਬਿਆਨਬਾਜ਼ੀ ਰੋਕਣ ਦੀ ਅਪੀਲ ਕੀਤੀ। ਟਰੰਪ ਨੇ ਵੀ ਹਮਲੇ ਤੋਂ ਬਾਅਦ ਕਿਹਾ ਕਿ ਉਹ ਆਪਣੀ ਰਿਪਬਲਿਕਨ ਪਾਰਟੀ ਦੇ ਇਜਲਾਸ ਦੇ ਭਾਸ਼ਣ ਵਿੱਚ ਦੇਸ਼ ਨੂੰ ਇਕਜੁੱਟ ਹੋਣ ਦੀ ਅਪੀਲ ਕਰਨਗੇ। ਦੋਵੇਂ ਪਾਰਟੀਆਂ ਦੇ ਮੁੱਖ ਨੇਤਾ, ਸਿਆਸੀ ਪੰਡਿਤ ਅਤੇ ਮੀਡੀਆ ਸਾਰੇ ਇਸ ਸਮੇਂ ਸਮਝਦਾਰੀ ਵਾਲੀਆਂ ਗੱਲਾਂ ਕਰ ਰਹੇ ਹਨ ਅਤੇ ਲੋਕਾਂ ਨੂੰ ਯਾਦ ਦਿਵਾ ਰਹੇ ਹਨ ਕਿ ਲੋਕਤੰਤਰ ਅਤੇ ਹਿੰਸਾ ਨਾਲ-ਨਾਲ ਨਹੀਂ ਰਹਿ ਸਕਦੇ।

ਇਹ ਦੋਵੇਂ ਇੱਕ-ਦੂਜੇ ਦੇ ਵਿਰੋਧੀ ਹਨ। ਟਰੰਪ 'ਤੇ ਹਮਲੇ ਦੀ ਦੁਨੀਆਂ ਭਰ ਦੇ ਨੇਤਾਵਾਂ ਨੇ ਨਿੰਦਾ ਕੀਤੀ ਹੈ। ਭਾਰਤ ਵਿੱਚ ਵੀ ਪ੍ਰਧਾਨ ਮੰਤਰੀ ਮੋਦੀ ਅਤੇ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਹਮਲੇ ਦੀ ਸਖ਼ਤ ਨਿੰਦਾ ਕੀਤੀ ਹੈ ਪਰ ਹਕੀਕਤ ਇਹ ਹੈ ਕਿ ਅਮਰੀਕਾ ਅਤੇ ਭਾਰਤ, ਦੋਵੇਂ ਹੀ ਲੋਕਤੰਤਰਾਂ ਦੀ ਰਾਜਨੀਤੀ ਵਿੱਚ ਹਿੰਸਾ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਤੇ ਪੁਰਾਣੀਆਂ ਹਨ। ਅਮਰੀਕਾ ਵਿੱਚ ਜਦ-ਜਦ ਵੀ ਸਮਾਜਿਕ ਅਤੇ ਸੱਭਿਆਚਾਰਕ ਮੁੱਦਿਆਂ 'ਤੇ ਆਪਸੀ ਵਿਰੋਧ ਵਧਿਆ, ਤਦ-ਤਦ ਰਾਜਨੀਤਕ ਹੱਤਿਆਵਾਂ ਅਤੇ ਦੰਗੇ-ਫ਼ਸਾਦ ਹੋਏ ਹਨ। ਉੱਨੀਵੀਂ ਸਦੀ ਦੇ ਅੱਧ ਵਿੱਚ ਦੇਸ਼ ਜਦੋਂ ਦਾਸਤਾ ਹਟਾਉਣ ਦੇ ਮੁੱਦੇ 'ਤੇ ਉੱਤਰ ਤੇ ਦੱਖਣ ਵਿੱਚ ਵੰਡਿਆ ਗਿਆ ਸੀ, ਉਦੋਂ ਦਾਸਤਾ ਨੂੰ ਹਟਾਉਣ ਦੇ ਪੱਖ ਵਿੱਚ ਡਟੇ ਰਾਸ਼ਟਰਪਤੀ ਇਬਰਾਹੀਮ ਲਿੰਕਨ ਦੀ ਹੱਤਿਆ ਹੋਈ। ਪਿਛਲੀ ਸਦੀ ਦੇ ਸੱਤਵੇਂ ਦਹਾਕੇ ਵਿੱਚ ਜਦ ਨਾਗਰਿਕ ਅਧਿਕਾਰ ਅੰਦੋਲਨ ਨੂੰ ਲੈ ਕੇ ਆਪਸੀ ਮਤਭੇਦ ਵਧੇ, ਉਦੋਂ ਰਾਸ਼ਟਰਪਤੀ ਜੌਹਨ ਕੈਨੇਡੀ, ਸੈਨੇਟਰ ਰਾਬਰਟ ਕੈਨੇਡੀ ਅਤੇ ਮਾਰਟਿਨ ਲੂਥਰ ਕਿੰਗ ਦੇ ਕਤਲ ਹੋਏ।

ਪਿਛਲੀ ਸਦੀ ਦੇ ਅੱਠਵੇਂ ਦਹਾਕੇ ਵਿੱਚ ਵੀਅਤਨਾਮ ਜੰਗ ਨੂੰ ਲੈ ਕੇ ਫੈਲੀ ਵਿਚਾਰਧਾਰਕ ਕੁੜੱਤਣ ਦੌਰਾਨ ਦੋ ਵਾਰ ਰਾਸ਼ਟਰਪਤੀ ਜੇਰਲਡ ਫੋਰਡ 'ਤੇ ਜਾਨਲੇਵਾ ਹਮਲੇ ਹੋਏ ਅਤੇ 1981 ਵਿੱਚ ਆਰਥਿਕ ਸੰਕਟ ਨੂੰ ਲੈ ਕੇ ਫੈਲੀ ਕੁੜੱਤਣ ਦੌਰਾਨ ਰਾਸ਼ਟਰਪਤੀ ਰੀਗਨ 'ਤੇ ਹਮਲਾ ਹੋਇਆ। ਤ੍ਰਾਸਦੀ ਇਹ ਹੈ ਕਿ ਦੁਨੀਆ ਵਿੱਚ ਸਭ ਤੋਂ ਚੰਗੀ ਆਰਥਿਕ ਅਤੇ ਫ਼ੌਜੀ ਸਥਿਤੀ ਦੇ ਬਾਵਜੂਦ ਅਮਰੀਕਾ ਇਸ ਸਮੇਂ ਸਭ ਤੋਂ ਗੰਭੀਰ ਵਿਚਾਰਧਾਰਕ ਅਤੇ ਰਾਜਨੀਤਕ ਸੰਕਟ ਦੇ ਦੌਰ ਵਿੱਚ ਹੈ।

ਉਸ ਦਾ ਅਰਥਚਾਰਾ ਕੋਵਿਡ ਦੀ ਮਾਰ ਤੋਂ ਬਾਅਦ ਤੋਂ ਸਭ ਤੋਂ ਸ਼ਕਤੀਸ਼ਾਲੀ ਹੋ ਕੇ ਉੱਭਰਿਆ ਹੈ। ਬੇਰੁਜ਼ਗਾਰੀ ਸਭ ਤੋਂ ਹੇਠਲੇ ਪੱਧਰ 'ਤੇ ਹੈ। ਮਹਿੰਗਾਈ ਨੂੰ ਨੱਥ ਪੈ ਰਹੀ ਹੈ। ਵਿਆਜ ਦਰਾਂ ਘਟਣ ਵਾਲੀਆਂ ਹਨ।




ਚੀਨ ਦੀ ਕੋਸ਼ਿਸ਼ ਦੇ ਬਾਵਜੂਦ ਡਾਲਰ ਅਤੇ ਅਮਰੀਕੀ ਕੰਪਨੀਆਂ ਦੀ ਚੜ੍ਹਤ ਬਰਕਰਾਰ ਹੈ, ਫਿਰ ਵੀ ਅੱਧੀ ਅਮਰੀਕੀ ਜਨਤਾ ਨੂੰ ਪੱਟੀ ਪੜ੍ਹਾ ਦਿੱਤੀ ਗਈ ਹੈ ਕਿ ਉਨ੍ਹਾਂ ਦਾ ਦੇਸ਼ ਤੀਜੀ ਦੁਨੀਆ ਦਾ ਮੁਲਕ ਬਣ ਚੁੱਕਾ ਹੈ।

ਰਿਪਬਲਿਕਨ ਪਾਰਟੀ ਦੇ ਟਰੰਪ ਸਮਰਥਕਾਂ ਨੂੰ ਲੱਗਦਾ ਹੈ ਕਿ ਬਾਇਡੇਨ ਸਰਕਾਰ ਦੇਸ਼ ਦੇ ਦਰਵਾਜ਼ੇ ਅਪਰਾਧੀ ਅਤੇ ਪਾਗਲ ਪਰਵਾਸੀਆਂ ਦੀ ਭੀੜ ਲਈ ਖੋਲ੍ਹ ਕੇ ਉਨ੍ਹਾਂ ਦੀ ਸੰਸਕ੍ਰਿਤੀ ਅਤੇ ਕਦਰਾਂ-ਕੀਮਤਾਂ ਨਸ਼ਟ ਕਰਨ 'ਤੇ ਉਤਾਰੂ ਹੈ। ਡੈਮੋਕ੍ਰੈਟਿਕ ਪਾਰਟੀ ਨੂੰ ਉਹ ਉਸ ਡੀਪ ਸਟੇਟ ਜਾਂ ਨੌਕਰਸ਼ਾਹੀ ਤੰਤਰ ਦਾ ਹਿੱਸਾ ਮੰਨਦੇ ਹਨ ਜੋ ਜਲਵਾਯੂ ਪਰਿਵਰਤਨ ਰੋਕਣ ਦੇ ਨਾਂ 'ਤੇ ਟੈਕਸ ਵਧਾ ਕੇ ਦੇਸ਼ ਨੂੰ ਬਰਬਾਦ ਕਰਨਾ ਚਾਹੁੰਦਾ ਹੈ। ਦੂਜੇ ਪਾਸੇ ਬਾਇਡੇਨ ਦੀ ਡੈਮੋਕ੍ਰੈਟਿਕ ਪਾਰਟੀ ਦੇ ਸਮਰਥਕਾਂ ਨੂੰ ਲੱਗਦਾ ਹੈ ਕਿ ਟਰੰਪ ਦੀ ਜਿੱਤ ਲੋਕਤੰਤਰ ਨੂੰ ਖ਼ਤਮ ਕਰ ਕੇ ਤਾਨਾਸ਼ਾਹੀ ਲਿਆ ਦੇਵੇਗੀ ਅਤੇ ਟਰੰਪ ਦੇ ਚੁਣੇ ਜਾਂਦੇ ਹੀ ਅਮਰੀਕਾ ਵਿੱਚ ਕਿਆਮਤ ਆ ਜਾਵੇਗੀ। ਟਰੰਪ ਆਪਣੇ ਵਿਰੋਧੀਆਂ ਨੂੰ ਕੀੜੇ-ਮਕੌੜੇ ਕਹਿੰਦੇ ਹਨ ਜਦਕਿ ਬਾਇਡੇਨ ਟਰੰਪ ਨੂੰ ਫਾਸੀ, ਤਾਨਾਸ਼ਾਹ ਅਤੇ ਅਪਰਾਧੀ ਕਹਿੰਦੇ ਹਨ। ਲੋਕਤੰਤਰ ਵਿੱਚ ਵਿਰੋਧੀ ਬਿਆਨਬਾਜ਼ੀ ਕੋਈ ਨਵੀਂ ਗੱਲ ਨਹੀਂ ਹੈ ਪਰ ਅਮਰੀਕਾ ਦੀ ਸਮੱਸਿਆ ਇਹ ਹੈ ਕਿ ਉੱਥੇ ਗੰਨਸੰਖਿਆ ਜਨਸੰਖਿਆ ਨਾਲੋਂ ਵੀ ਜ਼ਿਆਦਾ ਹੈ। ਇੱਕ ਆਮ ਬਾਲਗ ਨਾਗਰਿਕ ਆਤਮ ਰੱਖਿਆ ਲਈ ਸੁਪਰ ਬਾਜ਼ਾਰ ਤੋਂ ਗੰਨ ਖ਼ਰੀਦ ਸਕਦਾ ਹੈ। ਅਮਰੀਕਾ ਵਿੱਚ ਮਾਨਸਿਕ ਤੌਰ 'ਤੇ ਬਿਮਾਰਾਂ ਦੀ ਗਿਣਤੀ ਵੀ ਵਧ ਰਹੀ ਹੈ। ਅਜਿਹੇ ਸਮਾਜਿਕ ਮਾਹੌਲ ਵਿੱਚ ਇੰਟਰਨੈੱਟ ਮੀਡੀਆ 'ਤੇ ਵਿਰੋਧੀਆਂ ਦਾ ਦਾਨਵੀਕਰਨ ਕੱਚੇ ਮਾਨਸਿਕ ਸੰਤੁਲਨ ਵਾਲੇ ਲੋਕਾਂ ਨੂੰ ਰਾਜਨੀਤਕ ਹਿੰਸਾ ਲਈ ਪ੍ਰੇਰਿਤ ਕਰ ਸਕਦਾ ਹੈ ਅਤੇ ਕਰ ਰਿਹਾ ਹੈ। ਟਰੰਪ 'ਤੇ ਹਮਲਾ ਕਰਨ ਵਾਲਾ ਟਾਮਸ ਮੈਥਿਊ ਕਰੁਕਸ ਇਸੇ ਦੀ ਮਿਸਾਲ ਹੈ। ਅਮਰੀਕਾ ਦੇ ਸਾਹਮਣੇ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਕੀ ਸਿਆਸਤਦਾਨ ਅਤੇ ਉਨ੍ਹਾਂ ਦੇ ਸਮਰਥਕ ਇਸ ਘਟਨਾ ਤੋਂ ਸਬਕ ਲੈ ਕੇ ਦੂਜਿਆਂ ਦਾ ਦਾਨਵੀਕਰਨ ਕਰਨੋਂ ਅਤੇ ਹਿੰਸਾ ਲਈ ਉਕਸਾਉਣ ਵਾਲੀ ਬਿਆਨਬਾਜ਼ੀ ਤੋਂ ਬਾਜ਼ ਆਉਣ ਲਈ ਤਿਆਰ ਹਨ ? ਟਰੰਪ ਤੇ ਉਨ੍ਹਾਂ ਦੇ ਸਮਰਥਕ ਹਾਲੇ ਤਾਂ ਦੇਸ਼ ਜੋੜਨ ਦੀਆਂ ਗੱਲਾਂ ਕਰ ਰਹੇ ਹਨ ਪਰ ਕੀ ਉਨ੍ਹਾਂ ਨੂੰ ਚੋਣ ਪ੍ਰਚਾਰ ਵਿਚ ਹਕੀਕਤ ਵਿੱਚ ਬਦਲ ਸਕਣਗੇ ? ਚੋਣ ਪ੍ਰਚਾਰ ਦੀ ਦਿਸ਼ਾ ਇਸ ਸਮੇਂ ਟਰੰਪ ਦੇ ਹੱਥਾਂ ਵਿੱਚ ਹੈ। ਬਹੁਤ ਕੁਝ ਇਸ 'ਤੇ ਨਿਰਭਰ ਕਰੇਗਾ ਕਿ ਰਿਪਬਲਿਕਨ ਪਾਰਟੀ ਦੇ ਇਜਲਾਸ ਵਿੱਚ ਆਪਣੀ ਉਮੀਦਵਾਰੀ ਸਵੀਕਾਰ ਕਰਦੇ ਹੋਏ ਟਰੰਪ ਕਿਸ ਅੰਦਾਜ਼ ਵਿੱਚ ਕੀ ਕਹਿਣਗੇ ? ਹਿੰਸਾ ਲਈ ਉਕਸਾਉਣ ਦੇ ਮਾਮਲੇ ਵਿੱਚ ਸਭ ਤੋਂ ਵੱਧ ਉਂਗਲੀਆਂ ਉਨ੍ਹਾਂ 'ਤੇ ਉੱਠਦੀਆਂ ਰਹੀਆਂ ਹਨ। ਅਜਿਹੀਆਂ ਕੁਝ ਘਟਨਾਵਾਂ ਨੂੰ ਬਾਇਡੇਨ ਨੇ ਗਿਣਾਇਆ ਵੀ, ਜਿਵੇਂ ਲੋਕਾਂ ਨੂੰ ਅਮਰੀਕੀ ਸੰਸਦ 'ਤੇ ਧਾਵਾ ਬੋਲਣ ਅਤੇ ਅਮਰੀਕੀ ਕਾਂਗਰਸ ਦੀ ਸਾਬਕਾ ਸਪੀਕਰ ਨੈਨਸੀ ਪੇਲੋਸੀ ਦੇ ਘਰ ਵਿੱਚ ਘੁਸ ਕੇ ਉਨ੍ਹਾਂ ਦੇ ਪਤੀ 'ਤੇ ਹਮਲੇ ਲਈ ਜਾਂ ਫਿਰ ਮਿਸ਼ੀਗਨ ਦੀ ਗਵਰਨਰ ਨੂੰ ਅਗਵਾ ਕਰਨ ਲਈ ਉਕਸਾਉਣਾ।

ਹਮਲੇ ਕਾਰਨ ਇਸ ਸਮੇਂ ਟਰੰਪ ਦੀ ਲੋਕਪ੍ਰਿਅਤਾ 'ਚ ਉਛਾਲ ਆ ਰਿਹਾ ਹੈ ਪਰ ਹਮਲੇ ਤੋਂ ਬਾਅਦ ਰੀਗਨ ਦੀ ਲੋਕਪ੍ਰਿਅਤਾ ਵਿੱਚ ਆਏ ਉਛਾਲ ਦੀ ਤਰ੍ਹਾਂ ਉਹ ਕੁਝ ਹਫ਼ਤਿਆਂ ਵਿੱਚ ਹੇਠਾਂ ਆ ਸਕਦੀ ਹੈ। (ਬਾਕੀ ਸਫ਼ਾ 31 'ਤੇ)

# ਮੌਜੂਦਾ ਰਾਜਨੀਤੀ ਚਿੰਤਨ ਤੇ ਨੈਤਿਕਤਾ ਤੋਂ ਵਿਹੂਣੀ ਕਿਉਂ ?

**ਅਮਰਦੀਪ ਸਿੰਘ ਧਾਰਨੀ ਐਡਵੋਕੇਟ**



ਜੇਕਰ ਰਾਜਨੀਤਕ ਢਾਂਚੇ ਵਿਚੋਂ ਨੈਤਿਕਤਾ ਕੱਢ ਦੇਈਏ ਤਾਂ ਸਭ ਅਰਥਹੀਨ ਹੋ ਜਾਵੇਗਾ। ਇਹ ਵਿਚਾਰ ਡਾਕਟਰ ਇਕਬਾਲ ਨੇ ਲੋਕਾਂ ਸਾਹਮਣੇ ਰੱਖੇ ਸਨ, ਪਰ ਇਸ ਦਾ ਮਤਲਬ ਇਹ ਵੀ ਹੈ ਕਿ ਰਾਜਨੀਤੀ ਵਿੱਚ ਨੈਤਿਕਤਾ ਅਤੇ ਅਨੈਤਿਕਤਾ ਦੀ ਖੇਡ ਪੁਰਾਣੇ ਸਮਿਆਂ ਤੋਂ ਪ੍ਰਚੱਲਿਤ ਹੈ। ਯੂਨਾਨ ਉਹ ਮੁਲਕ ਹੈ, ਜਿਸ ਨੇ ਦੁਨੀਆਂ ਨੂੰ ਸਭ ਤੋਂ ਵੱਧ ਦਾਰਸ਼ਨਿਕ ਦਿੱਤੇ ਅਤੇ ਉਨ੍ਹਾਂ ਦੀ ਸੁੱਘੜ ਸੋਚ ਨੇ ਦੁਨੀਆਂ 'ਚ ਆਪਣਾ ਲੋਹਾ ਮੰਨਵਾਇਆ। ਗੱਲ ਪਲੈਟੋ ਦੀ ਕਰਦੇ ਹਾਂ, ਜੋ ਸੁਕਰਾਤ ਦਾ ਸ਼ਗਿਰਦ ਸੀ, ਜਿਸ ਨੇ ਸੁਕਰਾਤ ਦੇ ਹਰ ਤਰਕ ਨੂੰ ਇਮਾਨਦਾਰੀ ਨਾਲ ਕਲਮਬੱਧ ਕਰਕੇ ਪੰਨਿਆਂ 'ਤੇ ਉਤਾਰਿਆ। ਸੁਕਰਾਤ ਦਾ ਵਿਚਾਰ ਸੀ ਕਿ ਕਿਸੇ ਵੀ ਮੁਲਕ ਦੀ ਤਰੱਕੀ ਕੇਵਲ ਰਾਜਾ ਹੀ ਕਰ ਸਕਦਾ ਹੈ। ਰਾਜਾ ਹੀ ਲੋਕਾਂ ਨੂੰ ਸਹੀ ਸੇਧ ਅਤੇ ਸਹੀ ਖ਼ੁਸ਼ੀ ਦੇ ਸਕਦਾ ਹੈ ਅਤੇ ਆਪਣੀ ਪਰਜਾ ਨਾਲ ਇਨਸਾਫ਼ ਕਰ ਸਕਦਾ ਹੈ।

ਪਰ ਸ਼ਾਇਦ ਪਲੈਟੋ ਨੂੰ ਇਹ ਮਹਿਸੂਸ ਹੋਇਆ ਕਿ ਰਾਜਾ ਲੋਕਾਂ ਨਾਲ ਸਹੀ ਇਨਸਾਫ਼ ਨਹੀਂ ਕਰ ਸਕਦਾ। ਇਸ ਲਈ ਉਸਨੇ ਆਪਣੀ ਪੁਸਤਕ 'ਰਿਪਬਲਿਕ' ਵਿੱਚ ਨਵਾਂ ਤਰਕ ਦਿੱਤਾ ਕਿ ਲੋਕਾਂ ਦੀ ਸਰਕਾਰ ਲੋਕਾਂ ਦੁਆਰਾ ਹੋਣੀ ਚਾਹੀਦੀ ਹੈ ਤਾਂ ਹੀ ਲੋਕ ਰਾਜ ਵਿੱਚ ਖੁਸ਼ ਰਹਿ ਸਕਦੇ ਹਨ ਅਤੇ ਆਪਣੀ ਤਰੱਕੀ ਬਾਰੇ ਸੋਚ ਸਕਦੇ ਹਨ, ਜੇਕਰ ਉਨ੍ਹਾਂ ਦਾ ਚੁਣਿਆ ਨੁਮਾਇੰਦਾ ਉਨ੍ਹਾਂ ਦੀ ਬਿਹਤਰੀ ਲਈ ਕੰਮ ਕਰੇ।

ਪਲੈਟੋ ਜਿਸ ਨੂੰ ਅਫਲਾਤੂਨ ਵੀ ਕਹਿੰਦੇ ਹਨ, ਨੇ ਉਸ ਸਮੇਂ ਦੀ ਨਜ਼ਾਕਤ ਨੂੰ ਦੇਖਦੇ ਹੋਏ ਇਸ ਤਰਕ ਤੋਂ ਵੀ ਅੱਗੇ ਨਿਕਲ ਕੇ ਆਪਣੀ ਅਗਲੀ ਕਿਤਾਬ ਜਿਸ ਦਾ ਨਾਂ ਸੀ 'ਦ ਲਾਅਜ਼' ਦੀ ਰਚਨਾ ਕੀਤੀ। ਵੋਟਾਂ ਦੀ ਰਾਜਨੀਤੀ ਵਿੱਚ ਆਇਆ ਜ਼ਬਰਦਸਤ ਨਿਘਾਰ ਉਸਦੀ ਪਹਿਲੀ ਕਿਤਾਬ 'ਰਿਪਬਲਿਕ' ਨਾਲ ਸਹੀ ਇੰਨਸਾਫ ਨਹੀਂ ਕਰਦੀ ਸੀ। ਇਸ ਲਈ ਇੱਕ ਕਾਨੂੰਨ ਹੀ ਬਚਦਾ ਹੈ ਜੋ ਲੋਕਾਂ ਦੇ ਚੁਣੇ ਹੋਏ ਨੁਮਾਇੰਦਿਆਂ ਨੂੰ ਨੱਥ ਪਾ ਕੇ ਰੱਖ ਸਕਦਾ ਹੈ। ਬੇਸ਼ੱਕ ਉਸਨੇ ਇਸੇ ਦੌਰਾਨ ਆਪਣੀ ਇੱਕ ਹੋਰ ਕਿਤਾਬ 'ਦੀ ਸਟੇਟਸਮੈਨ' ਵੀ ਲਿਖੀ ਜਿਸ ਦੀ ਗੱਲ ਬਾਅਦ ਵਿੱਚ ਕਰਾਂਗੇ। ਪਰ ਪਹਿਲਾਂ ਉਸ ਦੀ ਕਿਤਾਬ 'ਦ ਲਾਅਜ਼' ਨੂੰ ਆਪਣੇ ਮੁਲਕ ਦੀ ਕਾਨੂੰਨ ਵਿਵਸਥਾ, ਡਿੱਗ ਚੁੱਕੇ ਰਾਜਨੀਤਕ ਪੱਧਰ, ਲੋਕਾਂ ਦੀਆਂ ਤਕਲੀਫਾਂ ਦੇ ਹਵਾਲੇ ਨਾਲ ਵੇਖਣ ਦੀ ਕੋਸ਼ਿਸ਼ ਕਰੀਏ। ਰਾਜਨੀਤੀ ਇਸ ਪੱਧਰ 'ਤੇ ਜਾ ਚੁਕੀ ਹੈ ਕਿ ਜਿੱਤਣ ਲਈ ਜੋ ਵੀ ਕਰਨਾ ਪਵੇ, ਰਾਜਨੀਤਕ ਲੋਕ ਕਰ ਗੁਜ਼ਰਦੇ ਹਨ। ਉਨ੍ਹਾਂ ਲਈ ਵਿਚਾਰਧਾਰਾ, ਨੈਤਿਕਤਾ, ਅਨੈਤਿਕਤਾ ਕੋਈ ਅਰਥ ਨਹੀਂ ਰੱਖਦੀ। ਉਹ ਕੇਵਲ ਆਪਣੀ ਤਾਕਤ ਨੂੰ ਬਰਕਰਾਰ ਰੱਖਣ ਲਈ ਕਿਸੇ ਵੀ ਨੀਤੀ ਨੂੰ ਰੌਂਦ ਸਕਦੇ ਹਨ। ਮੌਜੂਦਾ ਦੇਸ਼ ਦੀਆਂ ਚੋਣਾਂ ਦੀ ਗੱਲ ਕਰੀਏ, ਤਾਂ ਰਾਤੀਂ ਨੇਤਾਵਾਂ ਦੀ ਵਿਚਾਰਧਾਰਾ ਹੋਰ ਹੁੰਦੀ ਹੈ ਅਤੇ ਸਵੇਰੇ ਉੱਠ ਕੇ ਵਿਚਾਰਧਾਰਾ ਬਦਲ ਜਾਂਦੀ ਹੈ। ਉਹ ਜਿਨ੍ਹਾਂ ਨੂੰ ਸੌ-ਸੌ ਗਾਲਾਂ ਕੱਢੀਆਂ ਹੁੰਦੀਆਂ ਹਨ, ਉਨ੍ਹਾਂ ਦੀਆਂ ਸਿਫਤਾਂ ਦੇ ਪੁਲ ਬੰਨ੍ਹਦੇ ਨਹੀਂ ਥੱਕਦੇ। ਅਜਿਹੇ ਵੀ ਉਮੀਦਵਾਰ ਹੁੰਦੇ ਹਨ ਜਿਨ੍ਹਾਂ ਦੀ ਸ਼ਾਇਦ ਕੋਈ ਕੁਰਬਾਨੀ ਨਹੀਂ ਹੁੰਦੀ, ਸਾਰੀ ਤਾਕਤ ਉਸ ਪਰਿਵਾਰ ਵਿੱਚ ਇਸ ਕਰਕੇ ਹੁੰਦੀ ਹੈ, ਕਿਉਂਕਿ ਉਨ੍ਹਾਂ ਦੇ ਪੁਰਖਿਆਂ ਨੇ ਸੂਬੇ ਦੀ ਜਵਾਨੀ ਨੂੰ ਕੋਹ-ਕੋਹ ਕੇ ਉਸ ਦਾ ਘਾਣ ਕੀਤਾ ਹੁੰਦਾ ਹੈ। ਜਨਤਾ ਨੂੰ ਫਿਰ ਵੀ ਬੇਵਕੂਫ਼ ਬਣਾਉਣ ਵਿਚ ਉਹ ਅਨੇਕਾਂ ਵਾਰ ਸਫ਼ਲ ਹੋ ਜਾਂਦੇ ਹਨ।

ਬਹੁਤ ਸਾਰੇ ਲੋਕਾਂ ਅਤੇ ਨੇਤਾਵਾਂ ਦੀ ਰਾਜਨੀਤੀ ਪ੍ਰਤੀ ਕੋਈ ਹਾਂ-ਪੱਖੀ ਸੋਚ ਨਹੀਂ ਰਹੀ। ਜੇ ਸਾਡੇ ਸੰਸਦ ਮੈਂਬਰ ਨਾ-ਕਾਬਿਲ ਹੋਣਗੇ ਤਾਂ ਸਾਡੀ ਵਿਧਾਨ ਪਾਲਿਕਾ ਕਿਹੋ ਜਿਹੀ ਹੋਵੇਗੀ ? ਇਸ ਦੇ ਜ਼ਿੰਮੇਵਾਰ ਅਸੀਂ ਵੀ ਹਾਂ। ਜਦੋਂ ਸਾਨੂੰ ਪਤਾ ਹੀ ਨਹੀਂ ਜਾਂ ਪਤਾ ਲੱਗਣ ਹੀ ਨਹੀਂ ਦਿੱਤਾ ਜਾਂਦਾ ਕਿ ਸਾਡਾ ਸੰਸਦ ਮੈਂਬਰ ਕਿਹੋ ਜਿਹਾ ਹੋਣਾ ਚਾਹੀਦਾ ਹੈ। ਅਸੀਂ ਭਾਵੁਕਤਾ ਵੱਸ ਆਪਣੇ-ਆਪ ਨੂੰ ਅਤਿ ਗਰੀਬ ਦੱਸਣ ਵਾਲੇ, ਲੱਚਰ ਗੀਤ ਗਾਉਣ ਵਾਲੇ, ਫ਼ਿਲਮ ਕਲਾਕਾਰਾਂ ਦੀ ਚਮਕ-ਦਮਕ ਅਤੇ ਡੇਰਾਵਾਦ, ਧਰਮ ਤੇ ਨਸਲ ਤੋਂ ਪ੍ਰਭਾਵਿਤ ਹੋ ਕੇ ਵੋਟਾਂ ਪਾ ਦਿੰਦੇ ਹਾਂ। ਜੇਕਰ ਰਾਜਨੀਤਕ ਲੋਕਾਂ ਦੀ ਕੋਈ ਸੋਚ ਨਹੀਂ ਤਾਂ ਸਾਡੀ ਵੀ ਕੋਈ ਸੋਚ ਨਹੀਂ। ਅਸਲ ਨੇਤਾ ਕੋਲ ਕੀ ਯੋਗਤਾ ਹੋਣੀ ਚਾਹੀਦੀ ਹੈ ? ਉਸ ਦੀ ਲੋਕਾਂ ਨੂੰ ਸਮਝ ਹੋਣੀ ਚਾਹੀਦੀ ਹੈ। ਲੋਕਾਂ ਦਾ ਨੁਮਾਇੰਦਾ ਸੰਸਦ ਜਾਂ ਵਿਧਾਨ ਸਭਾ ਵਿੱਚ ਲੋਕਾਂ ਦੇ ਮਸਲੇ ਠੀਕ ਢੰਗ ਨਾਲ ਰੱਖ ਸਕੇ ਤੇ ਉਸ ਨੂੰ ਲੋਕਾਂ ਦੇ ਮਸਲਿਆਂ ਦੀ ਸਮਝ ਵੀ ਹੋਣੀ ਚਾਹੀਦੀ ਹੈ।

ਅਸੀਂ ਸਦਨ ਵਿੱਚ ਆਪਣੇ ਮੀਡੀਆ ਰਾਹੀਂ ਆਪਣੇ-ਆਪ ਨੂੰ ਵਿਸ਼ਵ ਗੁਰੂ ਕਹਿੰਦੇ ਹੋਏ ਸ਼ਾਇਦ ਭੁੱਲ ਹੀ ਜਾਂਦੇ ਹਾਂ ਕਿ ਦੇਸ਼ ਦੀ 81 ਕਰੋੜ ਜਨਤਾ ਅਜੇ ਵੀ ਗ਼ਰੀਬੀ ਰੇਖਾ ਤੋਂ ਹੇਠਾਂ ਹੈ ਅਤੇ ਅਸੀਂ ਉਸ ਨੂੰ ਮੁਫ਼ਤ ਰਾਸ਼ਨ ਦਿੰਦੇ ਹਾਂ। ਲੋਕਾਂ ਨੂੰ ਰੋਜ਼ਗਾਰ ਦੇ ਵਸੀਲੇ ਮੁਹੱਈਆ ਕਰਾਉਣ ਦੀ ਬਜਾਏ ਉਨ੍ਹਾਂ ਨੂੰ ਮੁਫਤ ਬਿਜਲੀ, ਰਾਸ਼ਨ, ਬੱਸ ਸਫਰ ਦੀ ਚੇਟਕ, ਕੀ ਇਹ ਇੱਕ ਚੰਗੇ ਲੋਕਤੰਤਰ ਦੀਆਂ ਮਿਸਾਲਾਂ ਹਨ ? ਬਿਲਕੁਲ ਨਹੀਂ। ਜਨਤਾ ਵੀ ਹੁੱਬ ਕੇ ਕਹਿੰਦੀ ਹੈ ਕਿ ਫਲਾਣੀ ਪਾਰਟੀ ਨੇ ਸਾਨੂੰ ਕੀ ਕੁਝ ਮੁਫ਼ਤ ਦਿੱਤਾ ਹੈ। ਸਟੇਟਸਮੈਨ ਉਹ ਤਜਰਬੇਕਾਰ ਨੇਤਾ ਹੁੰਦੇ ਹਨ ਜੋ ਸਾਰਥਿਕ ਗੱਲ ਕਹਿਣ ਅਤੇ ਸੁਣਨ ਦਾ ਮਾਦਾ ਰੱਖਦੇ ਹੋਣ ਅਤੇ ਆਪਣੇ ਖਿੱਤੇ, ਆਪਣੀ ਕੌਮ ਨੂੰ ਬਲਦੀ ਅੱਗ ਵਿਚੋਂ ਕੱਢਣ ਦੇ ਵੀ ਸਮਰੱਥ ਹੋਣ। ਜਦੋਂ ਮੈਂ ਪਲੈਟੋ ਦੀ ਰਚਨਾ 'ਦ ਲਾਅਜ਼' 'ਤੇ ਝਾਤ ਮਾਰ ਰਿਹਾ ਸੀ ਤਾਂ ਮੈਂ ਭਾਰਤ ਦੀ ਕਾਨੂੰਨ ਵਿਵਸਥਾ ਦੀਆਂ ਉਡ ਰਹੀਆਂ ਧੱਜੀਆਂ ਬਾਰੇ ਵੀ ਸੋਚ ਰਿਹਾ ਸੀ ਤੇ ਮੇਰਾ ਸਵਾਲ ਸੀ ਕਿ ਇਹ ਕਾਨੂੰਨ ਹੈ ਕਿੱਥੇ ਅਤੇ ਕਿੱਥੋਂ ਮਿਲਦਾ ਹੈ ? ਜੇਕਰ ਅੱਜ ਪਲੈਟੋ ਜਿਉਂਦਾ ਹੁੰਦਾ ਤਾਂ ਸ਼ਾਇਦ 'ਰਿਪਬਲਿਕ', 'ਸਟੇਟਸਮੈਨ' ਅਤੇ 'ਦ ਲਾਅਜ਼' ਤੋਂ ਅੱਗੇ ਸੋਚਣ 'ਤੇ ਮਜਬੂਰ ਹੋ ਜਾਂਦਾ ਕਿ ਉਹ 'ਦ ਲਾਅਜ਼' ਦਾ ਲੋਕਾਂ ਨੂੰ ਕੀ ਬਦਲ ਦੇਵੇ ? ਕਿਸ ਕਾਨੂੰਨ ਦੀ ਗੱਲ ਕਰੀਏ ? ਜਿਸ ਮੁਲਕ ਦੀ ਉੱਚ ਅਦਾਲਤ ਦੇ ਚਾਰ ਜੱਜ ਮੀਡੀਆ ਵਿੱਚ, ਮੁੱਖ ਜੱਜ ਦੇ ਖ਼ਿਲਾਫ਼ ਜਾਣ ਲਈ ਮਜਬੂਰ ਹੋਣ ਤਾਂ ਸਥਿਤੀਆਂ ਨੂੰ ਸਮਝਿਆ ਹੀ ਜਾ ਸਕਦਾ ਹੈ।

ਸੁਕਰਾਤ ਦਾ ਕਥਨ ਹੈ ਕਿ ਮਨੁੱਖਤਾ ਪਰਮਾਤਮਾ ਦੀ ਧਰਤੀ ਉੱਤੇ ਸਭ ਤੋਂ ਸ਼ਾਹਕਾਰ ਰਚਨਾ ਹੈ। ਜੇਕਰ ਇਸ ਵਿਚੋਂ ਨੈਤਿਕਤਾ ਕੱਢ ਦਿੱਤੀ ਜਾਵੇ ਤਾਂ ਪਰਮਾਤਮਾ ਦੀ ਇਹ ਰਚਨਾ ਅਰਥਹੀਣ ਹੋ ਜਾਵੇਗੀ। ਸਾਡਾ ਲੋਕਤੰਤਰ ਸ਼ਾਇਦ ਲਚਕੀਲਾ ਅਤੇ ਅਣਲਚਕੀਲਾ ਹੋਣ ਦੀ ਸਜ਼ਾ ਭੁਗਤ ਰਿਹਾ ਹੈ ਅਤੇ ਚਲਾਕ ਲੋਕ ਇਸ ਦਾ ਦੋਵੇਂ ਹੱਥੀਂ ਫਾਇਦਾ ਉਠਾ ਰਹੇ ਹਨ। ਕਾਨੂੰਨ 'ਤੇ ਸਵਾਲ ਉੱਠ ਰਹੇ ਹਨ, ਲੋਕ ਕਹਿਣ ਲੱਗ ਪਏ ਹਨ ਕਿ ਗਰੀਬ ਲਈ ਕਾਨੂੰਨ ਦੀ ਪਰਿਭਾਸ਼ਾ ਹੋਰ ਹੈ ਅਤੇ ਅਮੀਰ ਲਈ ਹੋਰ। ਗਰੀਬ ਅਤੇ ਆਮ ਆਦਮੀ ਲਈ ਦੇਸ਼ ਦੀ ਉੱਚ ਅਦਾਲਤ ਤੋਂ ਇਨਸਾਫ਼ ਹਾਸਿਲ ਕਰਨਾ ਬੇਹੱਦ ਔਖਾ ਹੈ। ਆਰਥਿਕ ਤੌਰ 'ਤੇ ਉਸ ਲਈ ਉਥੇ ਤੱਕ ਪਹੁੰਚਣਾ ਬੇਹੱਦ ਮੁਸ਼ਕਿਲ ਹੈ। ਨੈਤਿਕਤਾ ਦਾ ਪਾਠ ਪੜ੍ਹਾਉਣ ਵਾਲੇ ਬਹੁਤ ਸਾਰੇ ਸਿਆਸਤਦਾਨ ਅਤੇ ਧਾਰਮਿਕ ਆਗੂ ਹੀ ਸਭ ਤੋਂ ਵੱਧ ਅਨੈਤਿਕਤਾ ਫੈਲਾ ਰਹੇ ਹਨ। ਸਾਡੇ ਸਮਕਾਲੀ ਚਿੰਤਕਾਂ ਦੀ ਚਿੰਤਾ ਇਹੀ ਹੈ ਕਿ ਜੇਕਰ ਸੁਘੜ ਪ੍ਰਬੰਧ ਨਹੀਂ ਲਿਆਵਾਂਗੇ ਤਾਂ ਅਨੈਤਿਕਤਾ ਉਸ ਵਿਚ ਆਪਣੇ ਮੁਤਾਬਿਕ ਮੋਰੀ ਤਾਂ ਕੱਢ ਹੀ ਲਵੇਗੀ।

# ਭਾਜਪਾ ਦਾ ਰਾਜਨੀਤਕ ਨਿਘਾਰ: ਉੱਤਰ ਪ੍ਰਦੇਸ਼ ਹੀ ਉਸ ਲਈ ਮੁਸੀਬਤ ਬਣਿਆ !



**ਅਭੈ ਕੁਮਾਰ ਦੂਬੇ**
ਲੇਖਕ ਅੰਬੇਡਕਰ ਵਿਸ਼ਵ ਯੂਨੀਵਰਸਿਟੀ, ਦਿੱਲੀ 'ਚ ਪ੍ਰੋਫ਼ੈਸਰ ਅਤੇ ਭਾਰਤੀ ਭਾਸ਼ਾਵਾਂ 'ਚ ਅਭਿਲੇਖਾਗਰੀ ਖੋਜ ਪ੍ਰੋਗਰਾਮ ਦੇ ਨਿਰਦੇਸ਼ਕ ਹਨ।

ਹਿੰਦੂਤਵ ਦੀ ਰਾਜਨੀਤੀ ਦੇ ਲਿਹਾਜ਼ ਨਾਲ ਇਸ ਸਮੇਂ ਭਾਰਤੀ ਜਨਤਾ ਪਾਰਟੀ 'ਚ ਕੁਝ ਵੀ ਠੀਕ ਨਹੀਂ ਚੱਲ ਰਿਹਾ ਹੈ। ਹਾਲਾਂਕਿ ਉਸ ਨੂੰ ਮੁੜ ਸੱਤਾ ਮਿਲ ਗਈ ਹੈ, ਪਰ ਪਾਰਟੀ 'ਤੇ ਬਹੁਮਤ ਗੁਆਉਣ ਦਾ ਮਨੋਵਿਗਿਆਨਕ ਦਬਾਅ ਬਹੁਤ ਡੂੰਘਾ ਹੈ। ਉਸ ਦਾ ਜ਼ਿਆਦਾਤਰ ਪ੍ਰਗਟਾਵਾ ਉੱਤਰ ਪ੍ਰਦੇਸ਼ 'ਚ ਦੇਖਿਆ ਜਾ ਸਕਦਾ ਹੈ, ਜੋ ਪ੍ਰਦੇਸ਼ ਭਾਜਪਾ ਦਾ ਗੜ੍ਹ ਮੰਨਿਆ ਜਾ ਰਿਹਾ ਸੀ, ਇਸ ਸਮੇਂ ਉਹ ਉਸ ਦੀ ਸਭ ਤੋਂ ਕਮਜ਼ੋਰ ਕੜੀ ਬਣ ਗਿਆ ਹੈ।

ਇਹ ਕਹਿਣ ਦੀ ਲੋੜ ਨਹੀਂ ਕਿ ਲੋਕ ਸਭਾ ਦੇ ਨਤੀਜਿਆਂ ਤੋਂ ਪਹਿਲਾਂ ਉੱਤਰ ਪ੍ਰਦੇਸ਼ ਭਾਰਤੀ ਜਨਤਾ ਪਾਰਟੀ ਲਈ ਇੱਕ ਬੇਹੱਦ ਭਰੋਸੇਯੋਗ ਥਾਂ ਸੀ। ਇੱਕ ਤਰ੍ਹਾਂ ਨਾਲ ਇਹ ਸੂਬਾ ਭਾਜਪਾ, ਨਰਿੰਦਰ ਮੋਦੀ ਅਤੇ ਸੰਘ ਪਰਿਵਾਰ ਦੀ ਅਸਾਧਾਰਨ ਸਫਲਤਾ ਦਾ ਰੂਪਕ ਬਣ ਚੁੱਕਾ ਸੀ। ਰਾਮਲੱਲਾ ਦੇ ਮੰਦਰ ਦੇ ਰੂਪ 'ਚ ਨਾ ਸਿਰਫ਼ ਉਹ ਹਿੰਦੂਤਵ ਦੇ ਪ੍ਰਾਜੈਕਟ ਦੇ ਮੌਜੂਦਾ ਸਮੇਂ ਦੀ ਚਮਕਦਾਰ ਉਦਾਹਰਨ ਸੀ, ਸਗੋਂ ਵਿਚਾਰਧਾਰਾਤਮਕ ਗੋਲਬੰਦੀ ਦੇ ਲਿਹਾਜ਼ ਨਾਲ ਮਥੁਰਾ-ਕਾਸ਼ੀ ਰਾਹੀਂ ਉਹ ਭਵਿੱਖ ਦੀਆਂ ਸਫਲਤਾਵਾਂ ਦੇ ਦੁਆਰ ਵੀ ਖੋਲ੍ਹ ਸਕਦਾ ਸੀ। ਸ਼ਾਸਨ-ਪ੍ਰਸ਼ਾਸਨ ਦੇ ਹਿਸਾਬ ਨਾਲ ਇਸ ਸੂਬੇ ਨੇ ਕੌਮੀ ਮੰਚ 'ਤੇ 'ਬੁਲਡੋਜ਼ਰ ਬਾਬਾ' ਅਤੇ ਅਪਰਾਧੀਆਂ ਖ਼ਿਲਾਫ਼ 'ਆਪਰੇਸ਼ਨ ਲੰਗੜਾ' ਚਲਾਉਣ ਵਾਲੇ ਮੁੱਖ ਮੰਤਰੀ ਆਦਿੱਤਿਆਨਾਥ ਦੀ ਇੱਕ 'ਮਿਸਾਲੀ ਪ੍ਰਤੀਤ ਹੋਣ ਵਾਲੀ' ਉਦਾਹਰਨ ਪੇਸ਼ ਕਰ ਦਿੱਤੀ ਸੀ। ਖ਼ਬਰਾਂ ਅਜਿਹੀਆਂ ਮਿਲ ਰਹੀਆਂ ਸਨ ਕਿ ਸੂਬੇ ਦੀ ਜ਼ਿਆਦਾਤਰ ਜਨਤਾ 'ਮੋਦੀ-ਯੋਗੀ ਦੀ ਜੋੜੀ' 'ਤੇ ਗਹਿਰਾ ਭਰੋਸਾ ਕਰਨ ਲੱਗੀ ਹੈ। ਦੋ ਲੋਕ ਸਭਾ ਅਤੇ ਦੋ ਵਿਧਾਨ ਸਭਾ ਚੋਣਾਂ 'ਚ ਇਕ ਤੋਂ ਬਾਅਦ ਇਕ ਇਸ ਸੂਬੇ ਨੇ ਦਿਖਾਇਆ ਸੀ ਕਿ 40 ਤੋਂ 50 ਫ਼ੀਸਦੀ ਦਰਮਿਆਨ ਹਿੰਦੂ ਵੋਟਰ ਦ੍ਰਿੜ੍ਹਤਾ ਨਾਲ ਇਸ ਪਾਰਟੀ ਨਾਲ ਬਣੇ ਹੋਏ ਹਨ। ਯਾਦਵਾਂ ਅਤੇ ਜਾਟਵਾਂ ਨੂੰ ਛੱਡ ਕੇ ਬਾਕੀ ਸਾਰੇ ਹਿੰਦੂ ਭਾਈਚਾਰੇ ਭਾਜਪਾਮਈ ਜਾਪਣ ਲੱਗੇ ਸਨ।

ਇਹ ਦੇਖ ਕੇ ਹੈਰਾਨੀ ਹੋ ਸਕਦੀ ਹੈ ਕਿ ਸਿਰਫ਼ ਇੱਕ ਲੋਕ ਸਭਾ ਚੋਣਾਂ 'ਚ ਖਰਾਬ ਪ੍ਰਦਰਸ਼ਨ ਕਰਦਿਆਂ ਹੀ ਉੱਤਰ ਪ੍ਰਦੇਸ਼ ਭਾਜਪਾ ਲਈ ਸਭ ਤੋਂ ਮੁਸ਼ਕਿਲ ਥਾਂ ਬਣ ਗਈ ਹੈ। ਮਹੀਨੇ ਭਰ ਅੰਦਰ ਅਜਿਹੀਆਂ ਕਈ ਹਕੀਕਤਾਂ ਨਿਕਲ ਕੇ ਸਾਹਮਣੇ ਆ ਚੁੱਕੀਆਂ ਹਨ, ਜੋ ਚਾਰ ਚੋਣਾਂ ਦੀ ਸਫਲਤਾ ਦੇ ਪਿੱਛੇ ਛੁਪੀਆਂ ਹੋਈਆਂ ਸਨ। ਅੱਜ ਉੱਤਰ ਪ੍ਰਦੇਸ਼ ਦੀ ਰਾਜਨੀਤੀ ਦਾ ਕੋਈ ਮਾਮੂਲੀ ਜਿਹਾ ਜਾਣਕਾਰ ਵੀ ਇਹ ਦੱਸ ਸਕਦਾ ਹੈ ਕਿ ਦੇਸ਼ ਦਾ ਸਭ ਤੋਂ ਸਫਲ ਅਤੇ ਤਾਕਤਵਾਰ ਸਮਝਿਆ ਜਾਣ ਵਾਲਾ ਮੁੱਖ ਮੰਤਰੀ ਇਸ ਸਮੇਂ ਤ੍ਰਿਸ਼ੰਕੂ ਵਾਂਗ ਅੱਧ ਵਿਚਾਲੇ ਲਟਕਿਆ ਹੋਇਆ ਹੈ। ਨਾ ਉਸ ਨੂੰ ਪਤਾ ਹੈ, ਨਾ ਉਸ ਦੇ ਸਮਰਥਕਾਂ-ਵਿਰੋਧੀਆਂ ਨੂੰ ਪਤਾ ਹੈ ਕਿ ਉਸ ਦੀ ਸੱਤਾ ਕਿੰਨੇ ਦਿਨ ਹੋਰ ਚੱਲੇਗੀ ? ਉਸ ਦੇ ਦੋਵੇਂ ਉਪ ਮੁੱਖ ਮੰਤਰੀ ਅੱਜਕੱਲ੍ਹ ਸ਼ਾਇਦ ਹੀ ਕਦੇ ਕੈਬਨਿਟ ਦੀਆਂ ਮੀਟਿੰਗਾਂ 'ਚ ਭਾਗ ਲੈਂਦੇ ਹੋਣ। ਉਹ ਮੋਟੇ ਤੌਰ 'ਤੇ ਦਿੱਲੀ 'ਚ ਬੈਠੇ ਰਹਿੰਦੇ ਹਨ ਅਤੇ ਉਨ੍ਹਾਂ ਦਾ ਕੰਮ ਸਿਰਫ਼ ਹਾਈਕਮਾਨ ਕੋਲ ਸ਼ਿਕਾਇਤਾਂ ਲਗਾਉਣਾ ਰਹਿ ਗਿਆ ਹੈ। ਹਾਥਰਸ ਦੇ ਭਾਜੜ ਕਾਂਡ ਬਾਰੇ ਇੱਕ ਉਪ ਮੁੱਖ ਮੰਤਰੀ ਨੇ ਰਿਪੋਰਟ ਮੁੱਖ ਮੰਤਰੀ ਨੂੰ ਦੇਣ ਦੀ ਬਜਾਏ ਕੇਂਦਰ ਦੇ ਪ੍ਰਤੀਨਿਧੀ ਬੀ.ਐਲ. ਸੰਤੋਸ਼ ਨੂੰ ਦਿੱਤੀ। ਨੌਕਰਸ਼ਾਹੀ ਨੂੰ ਸੰਕੇਤ ਮਿਲ ਗਿਆ ਹੈ ਕਿ ਸਰਕਾਰ ਦੀ ਜ਼ਮੀਨ ਕਮਜ਼ੋਰ ਹੋ ਗਈ ਹੈ। ਇਸ ਲਈ ਉਸ ਨੇ ਕੰਮਕਾਜ ਲਗਭਗ ਠੱਪ ਕਰ ਦਿੱਤਾ ਹੈ। ਹਾਲਾਂਕਿ ਮੁੱਖ ਮੰਤਰੀ 'ਤੇ ਕੋਈ ਦੋਸ਼ ਨਹੀਂ ਹੈ, ਪਰ ਪ੍ਰਸ਼ਾਸਨ 'ਚ ਹੇਠਲੇ-ਮੱਧਉੱਚ ਭਾਵ ਤਿੰਨਾਂ ਪੱਧਰਾਂ 'ਤੇ ਜੰਮ ਕੇ ਭ੍ਰਿਸ਼ਟਾਚਾਰ ਫੈਲਿਆ ਹੋਇਆ ਹੈ। ਪ੍ਰਦੇਸ਼ ਪ੍ਰਧਾਨ ਦੀ ਅਗਵਾਈ 'ਚ ਕੀਤੀ ਗਈ ਹਾਰ ਦੀ ਸਮੀਖਿਆ ਦੇ ਨਤੀਜੇ ਕੁਝ ਇਸ ਤਰ੍ਹਾਂ ਦੇ ਹਨ ਕਿ ਉਸ ਨੂੰ ਪਹਿਲੀ ਨਜ਼ਰ 'ਚ ਮੁੱਖ ਮੰਤਰੀ ਦੇ ਦਰਵਾਜ਼ੇ 'ਤੇ ਠੀਕਰਾ ਭੰਨ੍ਹਣ ਵਾਲਾ ਕੰਮ ਮੰਨਿਆ ਜਾ ਸਕਦਾ ਹੈ।



ਹਾਲੇ ਹਫ਼ਤਾ ਕੁ ਪਹਿਲਾਂ ਅਯੁੱਧਿਆ ਤੋਂ ਪਰਤੇ ਇੱਕ ਸੀਨੀਅਰ ਪੱਤਰਕਾਰ ਨੇ ਕੌਮੀ ਟੀ.ਵੀ. ਚੈਨਲ 'ਤੇ ਦੱਸਿਆ ਕਿ ਰਾਮਲੱਲਾ ਦੇ ਮੰਦਰ 'ਚ ਦਰਸ਼ਨਾਰਥੀਆਂ ਦੀ ਆਮਦ (ਫੁਟਫ਼ਾਲ) ਪਹਿਲਾਂ ਦੇ ਮੁਕਾਬਲੇ ਬਹੁਤ ਘਟ ਗਈ ਹੈ। ਕਾਸ਼ੀ-ਮਥੁਰਾ ਦੀ ਤਾਂ ਇਸ ਸਮੇਂ ਕੋਈ ਚਰਚਾ ਹੀ ਨਹੀਂ ਕਰ ਰਿਹਾ। ਲੋਕ ਸਭਾ ਚੋਣਾਂ ਤੋਂ ਪਹਿਲਾਂ ਆਯੁੱਧਿਆ 'ਚ ਹੋਈਆਂ ਦੋ ਜ਼ਿਮਨੀ ਚੋਣਾਂ 'ਚ ਹੋਈ ਹਾਰ ਵੱਲ ਧਿਆਨ ਨਾ ਦੇਣ ਦੀ ਯਾਦ ਹੁਣ ਸਾਰਿਆਂ ਨੂੰ ਆ ਰਹੀ ਹੈ। ਮਹੀਨੇ-ਡੇਢ ਮਹੀਨੇ 'ਚ ਵਿਧਾਨ ਸਭਾ ਦੀਆਂ 10 ਸੀਟਾਂ 'ਤੇ ਜ਼ਿਮਨੀ ਚੋਣਾਂ ਹੋਣੀਆਂ ਹਨ। ਆਮ ਤੌਰ 'ਤੇ ਜ਼ਿਮਨੀ ਚੋਣਾਂ ਸੱਤਾਧਾਰੀ ਪਾਰਟੀ ਹੀ ਜਿੱਤਦੀ ਹੈ, ਪਰ ਉੱਤਰ ਪ੍ਰਦੇਸ਼ ਭਾਜਪਾ 'ਚ ਇਸ ਸਮੇਂ ਇਸ ਦੀ ਗਾਰੰਟੀ ਲੈਣ ਦਾ ਜ਼ੋਖ਼ਮ ਉਠਾਉਣ ਲਈ ਕੋਈ ਤਿਆਰ ਨਹੀਂ ਹੈ। ਕਿਹਾ ਜਾ ਰਿਹਾ ਹੈ ਕਿ ਇਨ੍ਹਾਂ 10 ਸੀਟਾਂ ਦੀਆਂ ਚੋਣਾਂ 'ਚ ਮੁੱਖ ਮੰਤਰੀ ਨੂੰ ਖੁੱਲ੍ਹਾ ਹੱਥ ਦਿੱਤਾ ਜਾਵੇਗਾ, ਤਾਂ ਕਿ ਜੇਕਰ ਨਤੀਜੇ ਖਰਾਬ ਆਉਣ (ਜਿਸ ਦਾ ਅੰਦੇਸ਼ਾ ਵੀ ਹੈ) ਤਾਂ ਮੁੱਖ ਮੰਤਰੀ ਨੂੰ ਹਟਾਉਣ ਦੀ ਦਲੀਲ ਹੋਰ ਮਜ਼ਬੂਤ ਬਣਾਈ ਜਾ ਸਕੇ। ਸ਼ਾਇਦ ਇਨ੍ਹਾਂ ਹੀ ਹਾਲਤਾਂ ਦਾ ਇਹ ਸਿੱਟਾ ਹੈ ਕਿ ਆਮ ਤੌਰ 'ਤੇ ਹਮਲਾਵਰ ਰੌਂਅ 'ਚ ਰਹਿਣ ਵਾਲੇ ਮੁੱਖ ਮੰਤਰੀ ਚਿਹਰੇ ਤੋਂ ਗੁਆਚੇ-ਗੁਆਚੇ ਜਿਹੇ ਲੱਗਣ ਲੱਗੇ ਹਨ। ਸਵਾਲ ਇਹ ਹੈ ਕਿ, ਕੀ ਇਹ ਲੋਕ ਸਭਾ ਚੋਣਾਂ 'ਚ ਹੋਈ ਹਾਰ ਦਾ ਹੀ ਨਤੀਜਾ ਹੈ ਜਾਂ ਇਸ ਦੀ ਭੂਮਿਕਾ ਪਹਿਲਾਂ ਤੋਂ ਬਣ ਰਹੀ ਸੀ ?

ਇਹ ਸਹੀ ਹੈ ਕਿ ਆਦਿੱਤਿਆਨਾਥ ਭਾਰਤ ਭਰ 'ਚ ਪ੍ਰਧਾਨ ਮੰਤਰੀ ਮੋਦੀ ਤੋਂ ਬਾਅਦ ਭਾਜਪਾ ਦੇ 'ਸਟਾਰ ਪ੍ਰਚਾਰਕ' ਬਣ ਕੇ ਉੱਭਰੇ ਹਨ ਅਤੇ ਉਨ੍ਹਾਂ ਦੇ ਸਮਰਥਕਾਂ ਨੇ ਪਿਛਲੇ 4-5 ਸਾਲਾਂ 'ਚ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਦਾ ਦਾਅਵੇਦਾਰ ਦੱਸਣ 'ਚ ਵੀ ਕੋਈ ਕਸਰ ਨਹੀਂ ਛੱਡੀ। ਪਰ ਹਕੀਕਤ ਇਹ ਹੈ ਕਿ ਉੱਤਰ ਪ੍ਰਦੇਸ਼ ਦੀ ਸੱਤਾ ਦੀ ਵਾਗਡੋਰ ਪੂਰੀ ਦ੍ਰਿੜ੍ਹਤਾ ਨਾਲ ਕਦੇ ਉਨ੍ਹਾਂ ਦੇ ਹੱਥ 'ਚ ਨਹੀਂ ਰਹੀ। 2017 'ਚ ਮੁੱਖ ਮੰਤਰੀ ਬਣੇ ਗੋਰਖਪੀਠ ਦੇ ਇਸ ਮਹੰਤ ਨੂੰ ਆਪਣੀ ਪਸੰਦ ਦੇ ਅਫ਼ਸਰ ਨਿਯੁਕਤ ਕਰਨ ਅਤੇ ਆਪਣੀ ਮਰਜ਼ੀ ਨਾਲ ਟਿਕਟਾਂ ਵੰਡਣ ਦੀ ਛੋਟ ਸ਼ਾਇਦ ਹੀ ਕਦੇ ਮਿਲੀ ਹੋਵੇ। ਜ਼ਿਆਦਾਤਰ ਸਮੇਂ 'ਚ ਪ੍ਰਦੇਸ਼ ਦਾ ਮੁੱਖ ਸਕੱਤਰ ਅਤੇ ਡਾਇਰੈਕਟਰ ਜਨਰਲ ਪੁਲਿਸ ਉਨ੍ਹਾਂ ਤੋਂ ਪੁੱਛ ਕੇ ਕਦੇ ਨਹੀਂ ਰੱਖਿਆ ਗਿਆ। ਲਗਾਤਾਰ ਦੋ ਉਪ ਮੁੱਖ ਮੰਤਰੀ ਸੱਤਾ ਦਾ ਦੂਜਾ ਕੇਂਦਰ ਬਣੇ ਰਹੇ। ਉਨ੍ਹਾਂ ਦੀ ਸਿੱਧੀ ਡੋਰ ਹਾਈਕਮਾਨ 'ਚ ਬੈਠੇ ਹੋਏ 'ਚਾਣਕਿਆ' ਨਾਲ ਜੁੜੀ ਰਹੀ। ਸੱਤਾ ਦਾ ਤੀਜਾ ਕੇਂਦਰ ਸੰਘ ਵਲੋਂ ਨਿਯੁਕਤ ਕਰਵਾਏ ਗਏ ਕਾਰਕੁੰਨਾਂ ਕੋਲ ਰਿਹਾ। ਤਬਾਦਲੇ ਅਤੇ ਠੇਕਾ-ਕੰਟਰੈਕਟ ਵਗੈਰਾ ਦੇ ਫ਼ੈਸਲੇ ਉਨ੍ਹਾਂ ਵਲੋਂ ਕੀਤੇ ਜਾਂਦੇ ਰਹੇ। ਸੱਤਾ ਦਾ ਚੌਥਾ ਕੇਂਦਰ ਪੀ.ਐਮ.ਓ. 'ਚ ਰਿਹਾ। ਭਾਵ, ਉੱਤਰ ਪ੍ਰਦੇਸ਼ 'ਚ ਸੱਤਾ ਸ਼ੁਰੂ ਤੋਂ ਬਹੁਕੇਂਦਰੀ ਰਹੀ। ਮੁੱਖ ਮੰਤਰੀ ਦੀ ਸੱਤਾ ਨੂੰ ਅਸਥਿਰ ਕਰਨ-ਕਰਵਾਉਣ ਦੀਆਂ ਸਾਜ਼ਿਸ਼ਾਂ ਦਾ ਆਲਮ ਇਹ ਰਿਹਾ ਹੈ ਕਿ ਉਨ੍ਹਾਂ ਦੇ ਪਹਿਲੇ ਕਾਰਜਕਾਲ 'ਚ ਡੇਢ ਸੌ ਤੋਂ ਦੋ ਸੌ ਵਿਧਾਇਕਾਂ ਨੇ ਉਨ੍ਹਾਂ ਦੇ ਖ਼ਿਲਾਫ਼ ਆਪਣੀਆਂ ਮੰਗਾਂ ਦੇ ਨਾਂਅ 'ਤੇ ਲਖਨਊ ਤੋਂ ਲੈ ਕੇ ਹੋਰ ਥਾਵਾਂ 'ਤੇ ਧਰਨੇ ਦਿੱਤੇ।

(ਬਾਕੀ ਸਫ਼ਾ 31 'ਤੇ)

# ਮਸਲਾ ਅਕਾਲ ਤਖ਼ਤ ਸਾਹਿਬ ਉੱਪਰ ਪੇਸ਼ ਹੋਣ ਦਾ ਨਹੀਂ, ਅਕਾਲੀ ਦਲ ਦੇ ਵਜੂਦ ਨੂੰ ਬਚਾਉਣ ਦਾ ਹੈ



ਪ੍ਰੋਫੈਸਰ ਬਲਵਿੰਦਰ ਪਾਲ ਸਿੰਘ
9815700916

## ਅਕਾਲੀ ਲੀਡਰਸ਼ਿਪ ਸੰਕਟ ਵਿੱਚ ਹੈ, ਅਕਾਲ ਤਖ਼ਤ ਸਾਹਿਬ ਤੋਂ ਫ਼ੈਸਲਾ ਕੀ ਹੋਵੇ ?

ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਸੰਕਟ ਵਿੱਚ ਹੈ, ਕਿਉਂਕਿ ਅਜੋਕੀ ਲੀਡਰਸ਼ਿਪ ਵਿੱਚ ਸੰਵਾਦ ਹੁਣ ਸੰਭਵ ਨਹੀਂ ਰਿਹਾ। ਸਿੱਖ ਪੰਥ ਆਪਣੇ ਪੁਰਖਿਆਂ ਦੇ ਇਤਿਹਾਸ ਨੂੰ ਪੂਰੀ ਤਰ੍ਹਾਂ ਸਮਰਪਿਤ ਹੋ ਚੁੱਕਾ ਹੈ, ਉਸ ਨੂੰ ਹੁਣ ਅਜੋਕੀ ਲੀਡਰਸ਼ਿਪ ਵਿਚੋਂ ਆਪਣੇ ਪੁਰਖਿਆਂ ਵਰਗਾ ਅਕਸ ਨਹੀਂ ਦਿਖਾਈ ਦੇ ਰਿਹਾ ,ਜਿਸ ਨੇ ਇਤਿਹਾਸ ਸਿਰਜਿਆ ਸੀ ਮਨੁੱਖਤਾ ਦੇ ਕਲਿਆਣ ਲਈ ਰਾਜ ਸਿਰਜਿਆ ਸੀ।

ਪੰਥਕ ਹਲਕਿਆਂ ਵਿੱਚ ਸੁਪਨਾ ਪੰਥਕ ਏਕਤਾ ਤੇ ਯੋਗ ਲੀਡਰਸ਼ਿਪ ਦਾ ਹੈ ਜੋ ਅਜੋਕੀ ਅਕਾਲੀ ਲੀਡਰਸ਼ਿਪ ਦਾ ਨੈਰਟਿਵ ਨਹੀਂ ਹੈ। ਵੰਡੀਆਂ ਹੋਈਆਂ ਕੌਮਾਂ ,ਲੀਡਰਸ਼ਿਪ - ਕਦੇ ਇਤਿਹਾਸ ਨਹੀਂ ਸਿਰਜ ਸਕਦੀ।

ਸਿੱਖ ਪੰਥ ਦੇ ਸਾਹਮਣੇ ਆਉਣ ਵਾਲੇ ਸਭ ਤੋਂ ਔਖੇ ਸੰਕਟ ਭਰਪੂਰ ਮਸਲੇ ਤਾਨਾਸ਼ਾਹੀ ਤਰੀਕਿਆਂ ਨਾਲ ਕੰਮ ਕਰਨ ਵਾਲੀ ਕੁਲੀਨ ਵਰਗ, ਦੀ ਲੀਡਰਸ਼ਿਪ ਹਲ਼ ਨਹੀਂ ਕਰ ਸਕਦੀ, ਜਿਸ ਦਾ ਨਿਸ਼ਾਨਾ ਸਿਰਫ਼ ਸੱਤਾ ਹੈ ਜਾਂ ਆਪਣੇ ਪਰਿਵਾਰ ਨੂੰ ਸਿਆਸਤ ਵਿੱਚ ਚਮਕਾਉਣਾ ਹੈ। ਨਿਜੀ-ਹਿੱਤ ਨੂੰ ਆਧਾਰ ਬਣਾਉਣਾ ਹੈ। ਸਿੱਖ ਲੀਡਰਸ਼ਿਪ ਦਾ ਉਦੇਸ਼ ਇਕੱਠੇ ਹੋ ਕੇ, ਇੱਕ-ਦੂਜੇ ਨੂੰ ਸੁਣ ਕੇ ਅਤੇ ਵਿਚਾਰ ਕਰਨਾ, ਉਨ੍ਹਾਂ ਦੇ ਅਸਹਿਮਤੀ ਦੀ ਪੜਚੋਲ ਕਰਨਾ, ਇਕੱਠੇ ਕੰਮ ਕਰਨਾ, ਸਹਿਮਤੀ ’ਤੇ ਪਹੁੰਚਣਾ, ਜਮਹੂਰੀ ਢੰਗ ਨਾਲ ਸਾਂਝੇ ਫੈਸਲੇ ਨੂੰ ਲਾਗੂ ਕਰਨ ਦਾ ਉਦੇਸ਼ ਹੋਣਾ ਚਾਹੀਦਾ ਹੈ। ਸਮੁੱਚੇ ਪੰਥਕ ਹਿੱਤ ਵਿੱਚ ਮਿਲ ਕੇ ਕੰਮ ਕਰਨ ਦੇ ਨਾਲ ਹੀ ਆਪਸੀ ਮਤਭੇਦਾਂ ਨੂੰ ਦੂਰ ਕਰਨ ਦੀ ਲੋੜ ਹੈ। ਜਦੋਂ ਲੀਡਰਸ਼ਿਪ ਵਿਅਕਤੀਗਤ ਤੌਰ ’ਤੇ ਜਾਂ ਇਕਪਾਸੜ ਤੌਰ ’ਤੇ ਅਤੇ ਆਪਣੇ ਖੁਦ ਦੇ ਨਿਵੇਕਲੇ ਸਵੈ-ਹਿੱਤ ਵਿੱਚ ਕੰਮ ਕਰੇਗੀ ਤਾਂ ਆਪਸੀ ਵਿਰੋਧਤਾ ਹੋਣੀ ਲਾਜ਼ਮੀ ਹੈ। ਵਿਰੋਧਤਾ ਹੋਵੇਗੀ ਤਾਂ ਫੁਟ ਪਵੇਗੀ, ਖਿੰਡਾਅ ਆਵੇਗਾ। ਮਿਸ਼ਨ ਸਫਲ ਨਹੀਂ ਹੋਵੇਗਾ।

ਸਾਨੂੰ ਸੰਚਾਰ ਤੇ ਸੰਵਾਦ ਦੀ ਲੋੜ ਹੈ ਕਿਉਂਕਿ ਇਸ ਤੋਂ ਬਿਨਾਂ ਅਸੀਂ ਇਕ ਦੂਜੇ ਤੋਂ ਵੱਖ ਹੋ ਜਾਂਦੇ ਹਾਂ, ਸਾਡੇ ਮਤਭੇਦ ਅਸਹਿ ਹੋ ਜਾਂਦੇ ਹਨ, ਸਾਡਾ ਇਕ ਦੂਸਰੇ ਉਪਰ ਵਿਸ਼ਵਾਸ ਨਹੀਂ ਬਣ ਸਕਦਾ। ਸਾਨੂੰ ਮਿਸ਼ਨ ਲਈ ਏਕਤਾ ਤੇ ਸੰਵਾਦ ਦੀ ਲੋੜ ਹੈ। ਸਾਨੂੰ ਯਾਦ ਰੱਖਣ ਦੀ ਲੋੜ ਹੈ ਅਕਾਲੀ ਦਲ ਸਾਡਾ ਪਰਿਵਾਰ ਹੈ,ਪਰਿਵਾਰ ਤੋੜਿਆ ਨਹੀਂ ਜਾ ਸਕਦਾ।



ਮੁਸ਼ਕਿਲ ਇਹ ਨਹੀਂ ਹੈ ਕਿ ਸਿਆਸੀ ਮੁੱਦਿਆਂ ’ਤੇ ਗੱਲਬਾਤ ਕੀਤੀ ਜਾਵੇ ਜਾਂ ਨਾ , ਪਰ ਅਜਿਹਾ ਕਿਵੇਂ ਕਰਨਾ ਹੈ, ਖਾਸ ਤੌਰ ’ਤੇ ਜਿੱਥੇ ਮੁੱਦੇ ਗੁੰਝਲਦਾਰ ਅਤੇ ਵਿਵਾਦਪੂਰਨ ਹਨ ।ਅਤੇ ਜਿੱਥੇ ਅਕਾਲੀ ਲੀਡਰਸ਼ਿਪ ਦੀ ਹਰੇਕ ਧਿਰ ਪੰਥਕ ਦਰਦ,ਅਕਾਲੀ ਸੰਕਟ ਤੇ ਨੁਕਸਾਨ ਦੀ ਜ਼ਿੰਮੇਵਾਰ ਹੋਵੇ।

ਫਿਰ ਮਾਨਤਾ, ਸਵੀਕ੍ਰਿਤੀ ਅਤੇ ਸੁਧਾਰ ਕਿਵੇਂ ਸ਼ੁਰੂ ਹੋਵੇ ਜਦੋਂ ਦੋਵੇਂ ਧਿਰਾਂ ਮਹਿਸੂਸ ਕਰਨ ਕਿ ਉਨ੍ਹਾਂ ਦੀ ਪੰਥ ਵਿੱਚ ਸੁਣਵਾਈ ਨਹੀਂ ਹੈ ਤੇ ਵਿਸ਼ਵਾਸ ਪੈਦਾ ਨਹੀਂ ਹੋ ਰਿਹਾ ? ਇਥੇ ਸੰਚਾਰ ਕਰਨ ਦੀ ਅਤਿਅੰਤ ਲੋੜ ਹੈ ਕਿ ਪੰਥਕ ਮਸਲੇ ,ਅਕਾਲੀ ਸੰਕਟ ਦਾ ਹੱਲ ਕੀ ਹੋਵੇ ? ਚੰਗੀ ਗਲ ਹੈ ਕਿ ਦੋਵੇਂ ਧਿਰਾਂ ਅਕਾਲੀ ਦਲ ਦੀ ਮਜ਼ਬੂਤੀ ਲਈ ਪੰਜ ਮੈਂਬਰੀ ਯੋਗ ਲੀਡਰਸ਼ਿਪ ਭਾਲਣ ਤੇ ਆਪ ਬਿਨਾਂ ਅਹੁਦਿਆਂ ਤੋਂ ਅਕਾਲੀ ਦਲ ਨੂੰ ਮਜ਼ਬੂਤ ਕਰਨ। ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਵੀ ਚਾਹੀਦਾ ਹੈ ਕਿ ਉਹ ਇਸ ਬਾਰੇ ਦੋਵੇਂ ਧਿਰਾਂ ਨੂੰ ਅਪੀਲ ਕਰਨ ਕਿ ਉਹ ਆਪਸ ਵਿੱਚ ਮਿਲ ਬੈਠ ਕੇ ਪੰਜ ਪੰਥ ਪ੍ਰਵਾਨਿਤ ਸਿੱਖ ਸ਼ਖਸੀਅਤਾਂ ਲੱਭਣ ਤੇ ਅਕਾਲੀ ਦਲ ਦੀ ਮਜ਼ਬੂਤੀ ਲਈ ਖਰੜਾ ਪੇਸ਼ ਕਰਨ ਤਾਂ ਜੋ ਅਕਾਲ ਤਖ਼ਤ ਪੰਥਕ ਨੁਮਾਇੰਦਿਆਂ ਦਾ ਇਕੱਠ ਬੁਲਾ ਕੇ ਯੋਗ ਨਤੀਜੇ ਉਪਰ ਪਹੁੰਚ ਸਕੇ ਤੇ ਅਕਾਲੀ ਦਲ ਦੀ ਹੋਂਦ ਨੂੰ ਬਚਾਅ ਸਕੇ।

ਇਥੇ ਇਹ ਵੀ ਯਾਦ ਕਰਾ ਦੇਣਾ ਲਾਜ਼ਮੀ ਹੈ ਕਿ ਅਕਾਲੀ ਦਲ ਦੀ ਸੁਤੰਤਰ ਹੋਂਦ ਬਹੁਤ ਜ਼ਰੂਰੀ ਹੈ। ਅਕਾਲੀ ਦਲ ਦੇ ਸੰਵਿਧਾਨ ਵਿਚ ਲਿਖਿਆ ਹੈ ਕਿ ਸ਼੍ਰੋਮਣੀ ਅਕਾਲੀ ਦਲ ਖ਼ਾਲਸਾ ਪੰਥ ਦੀ ਰਾਜਨੀਤਿਕ ਤਰਜਮਾਨੀ ਕਰਨ ਵਾਲੀ ਇਕੋ ਇੱਕ ਸੰਸਥਾ ਹੈ। ਸ਼੍ਰੋਮਣੀ ਅਕਾਲੀ ਦਲ ਦੀ ਪਝੱਤਰਵੀਂ ਵਰ੍ਹੇ ਗੰਡ ਮਨਾਉਣ ਮੌਕੇ ਫਰਵਰੀ 1996 ਵਿੱਚ ਹੋਈ ਮੋਗਾ ਕਾਨਫਰੰਸ ਤੱਕ ਪਾਰਟੀ ਦੀ ਇਹੀ ਪਛਾਣ ਰਹੀ, ਜੋ ਇਸ ਤੋਂ ਬਾਅਦ ਪੰਥਕ ਤੋਂ ਪੰਜਾਬੀ ਪਛਾਣ ਵੱਲ ਮੁੜ ਗਈ। ਇਥੋਂ ਹੀ ਅਕਾਲੀ ਦਲ ਦਾ ਰਾਜਨੀਤਕ ਤੇ ਸਿਧਾਂਤਕ ਸੰਕਟ ਪੈਦਾ ਹੋਇਆ।

ਦਸੰਬਰ 1998 ਦੇ ਆਖਰੀ ਹਫਤੇ ਫਤਿਹਗੜ੍ਹ ਸਾਹਿਬ ਵਿੱਚ ਬੋਲਦਿਆਂ ਪ੍ਰਕਾਸ਼ ਸਿੰਘ ਬਾਦਲ ਨੇ ਇਹ ਦਾਅਵਾ ਕੀਤਾ ਸੀ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ਼੍ਰੋਮਣੀ ਅਕਾਲੀ ਦਲ ਦਾ ਹੀ ਇਕ ਹਿੱਸਾ ਹੈ। ਉਨ੍ਹਾਂ ਦਾ ਇਹ ਬਿਆਨ ਇਤਿਹਾਸਕ ਅਤੇ ਸਿਧਾਂਤਕ ਪੱਖੋਂ ਗੁਮਰਾਹਕੁੰਨ ਸੀ। ਇਸ ਤੋਂ ਸਾਫ ਜ਼ਾਹਿਰ ਹੈ ਕਿ ਉਸ ਸਮੇਂ ਸ਼੍ਰੋਮਣੀ ਅਕਾਲੀ ਦਲ ਉੱਪਰ ਬਾਦਲ ਪਰਿਵਾਰ ਦਾ ਪੂਰਨ ਕੰਟਰੋਲ ਹੋ ਗਿਆ ਸੀ ਅਤੇ ਉਹ ਸ਼੍ਰੋਮਣੀ ਕਮੇਟੀ ਅਤੇ ਅਕਾਲ ਤਖਤ ਉੱਪਰ ਕੰਟਰੋਲ ਕਰ ਰਿਹਾ ਸੀ। ਸ਼੍ਰੋਮਣੀ ਅਕਾਲੀ ਦਲ ਗੁਰਦੁਆਰਾ ਸੁਧਾਰ ਅੰਦੋਲਨ ਦੀ ਉਪਜ ਸੀ ਅਤੇ ਇਸ ਦੀ ਸਥਾਪਨਾ 1920 ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੰਮਕਾਰ ਨੂੰ ਦੇਖਣ ਲਈ ਹੋਈ ਸੀ। ਸਮੇਂ ਦੇ ਨਾਲ-ਨਾਲ ਇਸ ਨੇ ਸਰਗਰਮ ਰਾਜਨੀਤੀ ਵਿੱਚ ਕਦਮ ਰੱਖਿਆ।

ਅਕਾਲੀ ਦਲ ਹਮੇਸ਼ਾ ਹੀ ਸਿੱਖ ਰਾਜਨੀਤਿਕ ਪ੍ਰਵਚਨ, ਖ਼ਾਲਸਾ ਪੰਥ ਦੇ ਬੋਲ ਬਾਲੇ ਦਾ ਅਟੁੱਟ ਅੰਗ ਰਿਹਾ ਹੈ। 1954 ਵਿੱਚ ਜਦੋਂ ਕਾਂਗਰਸ ਪਾਰਟੀ ਅਕਾਲੀ ਦਲ ਦੁਆਰਾ ਦੋਇਮ ਰੋਲ ਅਦਾ ਕਰਨਾ ਚਾਹ ਰਹੀ ਸੀ, ਉਦੋਂ ਵੀ ਅਕਾਲੀ ਲੀਡਰਸ਼ਿਪ ਨੇ ਆਪਣੀਆਂ ਸ਼ਰਤਾਂ ’ਤੇ ਰਾਜਨੀਤੀ ਕੀਤੀ। ਮੁਲਕ ਦੀ ਵੰਡ ਸਮੇਂ ਹੋਈਆਂ ਬਹਿਸਾਂ ਵਿੱਚ ਅਕਾਲੀ ਦਲ ਦੇ ਲੀਡਰਾਂ ਨੇ ਸਿੱਖ ਪੰਥ ਦੀ ਪ੍ਰਤੀਨਿਧਤਾ ਕੀਤੀ। ਸ਼੍ਰੋਮਣੀ ਅਕਾਲੀ ਦਲ ਅਤੇ ਸਿੱਖ ਪੰਥ ਨੂੰ ਬੀਤੇ ਵਿੱਚ ਵੱਡੇ ਸੰਕਟਾਂ ਤੇ ਚੈਲਿੰਜਾਂ ਦਾ ਸਾਹਮਣਾ ਕਰਨਾ ਪਿਆ ਸੀ, ਪਰ ਉਨ੍ਹਾਂ ਨੇ ਸਿੱਖ ਪੰਥ ਦੇ ਭਰੋਸੇ ਤੇ ਵਿਸ਼ਵਾਸ ਸਦਕਾ ਇਹਨਾਂ ਦਾ ਸਾਹਮਣਾ ਕੀਤਾ ਅਤੇ ਸਰ ਕੀਤਾ ਪਰ ਮੌਜੂਦਾ ਸਥਿਤੀ ਤੇ ਸਿੱਖ ਪੰਥ ਦੇ ਅਵਿਸ਼ਵਾਸ ਨੇ ਅਕਾਲੀ ਦਲ ਅਤੇ ਇਸ ਦੀ ਲੀਡਰਸ਼ਿਪ ਦੇ ਭਵਿੱਖ ਉੱਪਰ ਸੁਆਲ ਖੜ੍ਹਾ ਕਰ ਦਿੱਤਾ ਹੈ। ਅਕਾਲੀ ਲੀਡਰਸ਼ਿਪ ਹੀ ਇਸ ਸੰਕਟ ਲਈ ਜ਼ਿੰਮੇਵਾਰ ਹੈ।

ਅਕਾਲੀ ਦਲ ਇਸ ਸਮੇਂ ਆਪਣੀ ਵਜੂਦ ਦੇ ਸੰਕਟ ਨਾਲ ਜੂਝ ਰਿਹਾ ਹੈ ,ਕਿਉਂਕਿ ਬਰਗਾੜੀ ਕੇਸ ਅਤੇ ਬਹਿਬਲ ਕਲਾਂ ਪੁਲਿਸ ਗੋਲੀ ਕਾਂਡ ਤੋਂ ਬਾਅਦ ਅਤੇ ਪਾਰਟੀ ਉੱਪਰ ਬਾਦਲ ਪਰਿਵਾਰ ਦੇ ਪੂਰਨ ਕੰਟਰੋਲ ਕਰਕੇ ਸਿੱਖ ਪੰਥ ਬਾਦਲ ਅਕਾਲੀ ਲੀਡਰਸ਼ਿਪ ਦਾ ਵਿਰੋਧੀ ਹੋ ਗਿਆ ਹੈ। ਪੰਜਾਬ ਦੀ ਖੇਤਰੀ ਪਾਰਟੀ ਅਕਾਲੀ ਦਲ ਨੂੰ ਵਿਧਾਨ ਸਭਾ ਵਿਚ ਮਹਿਜ਼ ਤਿੰਨ ਸੀਟਾਂ ਮਿਲਣਾ, ਲੋਕ ਸਭਾ ਵਿੱਚ ਇੱਕ ਸੀਟ ਮਿਲਣਾ ਪਾਰਟੀ ਦੇ ਵਜੂਦ ਦੇ ਗਹਿਰੇ ਸੰਕਟ ਨੂੰ ਦਿਖਾਉਂਦਾ ਹੈ। ਅਕਾਲੀ ਦਲ ਨੂੰ ਨਵੇਂ ਸਿਰੇ ਤੋਂ ਸੋਚਣ ਅਤੇ ਸ਼ੁਰੂਆਤ ਕਰਨ ਦੀ ਲੋੜ ਹੈ।

ਉੱਤਮ ਸੰਚਾਰ, ਪੰਥਕ ਮੁੱਦਿਆਂ ਆਪਸੀ ਏਕਤਾ ਉਪਰ ਸਹਿਮਤੀ ਬਣਾਉਣਾ ਅਤਿਅੰਤ ਜਰੂਰੀ ਹੈ। ਕਿਸੇ ਖਾਸ ਸ਼ਖਸੀਅਤ ਦਾ ਸੰਗਠਨ ਉੱਪਰ ਹਾਵੀ ਹੋਣ ਦਾ ਅਰਥ ਅਕਾਲੀ ਦਲ ਨੂੰ ਬਰਬਾਦੀ ਦੇ ਰਾਹੇ ਪਾਉਣਾ ਹੈ। ਸੰਵਾਦ ਦੋ ਧੜਿਆਂ ਵਿਚਕਾਰ ਸਿਰਫ਼ ਇੱਕ ਸਧਾਰਨ ਗੱਲਬਾਤ ਨਹੀਂ ਹੈ, ਸਗੋਂ ਨਵੇਂ, ਰਚਨਾਤਮਕ, ਸੰਪੂਰਨ ਵਿਚਾਰਾਂ ਨੂੰ ਸਾਹਮਣੇ ਲਿਆਉਣ ਦਾ ਮੁੱਖ ਤਰੀਕਾ ਹੈ ਜਿਸ ਉੱਪਰ ਸਿੱਖ ਪੰਥ ਦੀ ਸਹਿਮਤੀ ਹੋ ਸਕੇ। ਇਸ ਲਈ ਇਹ ਨਾ ਸਿਰਫ਼ ਪੰਥਕ ਸਮੱਸਿਆ ਤੇ ਅਕਾਲੀ ਸੰਕਟ ਦੇ ਹੱਲ ਵਿੱਚ ਉਪਯੋਗੀ ਹੈ, ਸਗੋਂ ਸਿੱਖ ਰਾਜਨੀਤਿਕ ਸਿਧਾਂਤ ਕਾਰੀ ਅਤੇ ਮਨੁੱਖੀ ਬੁੱਧੀ ਦੇ ਇੱਕ ਨਵੇਂ ਅਤੇ ਉੱਚੇ ਰੂਪ ਦਾ ਗੁਰਮਤਿ ਆਧਾਰ ਵੀ ਹੈ।

ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ ॥ ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ ॥

ਮਸਲਾ ਅਕਾਲ ਤਖਤ ਸਾਹਿਬ ਉੱਪਰ ਪੇਸ਼ ਹੋਣ ਦਾ ਨਹੀਂ ਅਕਾਲੀ ਦਲ ਨੂੰ ਬਚਾਉਣ ਦਾ ਹੈ।

# ਅਕਾਲੀ ਦਲ ਕਿਉਂ ਤਬਾਹ ਹੋਇਆ ?

## ਪੰਥਕ ਵਿਦਵਾਨ ਸ. ਗੁਰਤੇਜ ਸਿੰਘ ਆਈ.ਏ.ਐਸ. ਦਾ ਅਹਿਮ ਸਿਆਸੀ ਪ੍ਰਵਚਨ

ਸ. ਗੁਰਤੇਜ ਸਿੰਘ ਸਿੱਖ ਪੰਥ ਦੇ ਅਹਿਮ ਰਾਜਨੀਤਕ , ਸਿਧਾਂਤਕ ਵਿਦਵਾਨ ਹਨ, ਜਿਹਨਾਂ ਨੇ ਆਪਣੇ ਪ੍ਰਵਚਨਾਂ ਰਾਹੀਂ ਇਤਿਹਾਸ ਤੇ ਸਿੱਖ ਫਲਸਫੇ ਨੂੰ ਆਧਾਰ ਬਣਾਕੇ ਸਿੱਖ ਸੱਭਿਆਚਾਰ,ਸਿਧਾਂਤ, ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਸਿਆਸੀ ਤੇ ਕਲਚਰਲ ਵਿਚਾਰਧਾਰਕ ਯੁੱਧ ਵਿੱਚ ਬੋਧਿਕ ਸਖਸ਼ੀਅਤ ਵਜੋਂ ਅਹਿਮ ਭੂਮਿਕਾ ਨਿਭਾਈ ਹੈ। ਦੁਖਾਂਤ ਇਸ ਗਲ ਦਾ ਹੈ ਕਿ ਸਿੱਖ ਪੰਥ ਦੇ ਸਿਧਾਂਤ ਢੇਰੀ ਕਰਨ ਵਾਲੇ ਪ੍ਰਕਾਸ਼ ਸਿੰਘ ਬਾਦਲ ਵਰਗੇ ਅਕਾਲ ਤਖਤ ਤੋਂ ਫਖਰੇ ਕੌਮ ਵਜੋਂ ਨਿਵਾਜੇ ਜਾਂਦੇ ਹਨ ,ਪਰ ਸਿਰਦਾਰ ਗੁਰਤੇਜ ਸਿੰਘ ਵਰਗੀਆਂ ਇਤਿਹਾਸਕ ਸਖਸ਼ੀਅਤਾਂ ਨੂੰ ਅਖੋਂ ਪਰੋਖੇ ਕੀਤਾ ਜਾਂਦਾ ਹੈ।

ਸੋ ਸਿੱਖ ਪੰਥ ਵਿੱਚ ਸਿਧਾਂਤ ਦੀ ਰਾਖੀ ਕਰਨ ਵਾਲੇ ਸਿੱਖ ਚਿੰਤਕਾਂ ਦੀ ਸਪੇਸ ਨਹੀਂ, ਜਿਸ ਕਰਕੇ ਸਿੱਖ ਪੰਥ ਖੁਆਰ ਹੋਇਆ ਹੈ। ਅਕਾਲੀ ਦਲ ਦਾ ਸਰਵਨਾਸ਼ ਹੋਇਆ ਹੈ ਤੇ ਬਿਪਰਨੀ ਖਾਰੇ ਸਮੁੰਦਰ ਵਿੱਚ ਜਾ ਡੁਬਿਆ ਹੈ।

ਹੁਣੇ ਜਿਹੇ ਸ਼ੋਸ਼ਲ ਮੀਡੀਆ ਉੱਪਰ ਅਕਾਲੀ ਦਲ ਤੇ ਸਿੱਖ ਪੰਥ ਦੇ ਉਜਾੜੇ ਦੀ ਸਾਖੀ ਲਿਖੀ ਹੈ। ਸਿਰਦਾਰ ਗੁਰਤੇਜ ਸਿੰਘ ਲਿਖਦੇ ਹਨ ਕਿ ਹਾਲ ਹੀ ਦੇ ਦਹਾਕਿਆਂ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਦੀ ਸਭ ਤੋਂ ਵੱਡੀ ਨਾਕਾਮੀ ਇਹ ਹੈ ਕਿ ਉਹ 1920 ਵਿੱਚ ਸਥਾਪਤ ਸਿਆਸੀ ਪਾਰਟੀ ਦੇ ਅਸਲੀ ਸਿਆਸੀ ਕਿਰਦਾਰ ਨੂੰ ਕਾਇਮ ਰੱਖਣ ਵਿੱਚ ਅਸਮਰੱਥ ਰਹੀ ਹੈ। ਇਸ ਦਾ ਉਦੇਸ਼ ਸਿੱਖਾਂ ਲਈ ਆਪਣੀ ਰਾਜਨੀਤਿਕ ਇੱਛਾ ਪ੍ਰਗਟ ਕਰਨ ਦਾ ਸੀ। ਉਸ ਸਮੇਂ ਦੇਸ਼ ਉੱਤੇ ਬਸਤੀਵਾਦੀ ਸ਼ਕਤੀ ਬ੍ਰਿਟ੍ਰਿਸ਼ ਸਰਕਾਰ ਦਾ ਰਾਜ ਸੀ। ਮੂਲ ਸਿਧਾਂਤ ਜਿਸ ’ਤੇ ਪਾਰਟੀ ਦੀ ਸਥਾਪਨਾ ਕੀਤੀ ਗਈ ਸੀ, ਉਹ ਇਹ ਸੀ ਕਿ ਬਸਤੀਵਾਦੀ ਸ਼ਕਤੀ ਦੁਆਰਾ ਸਮਰਥਿਤ ਖ਼ਾਨਦਾਨੀ ਮਹੰਤਾਂ ਦੇ ਚੁੰਗਲ ਤੋਂ ਆਜ਼ਾਦ ਕਰਵਾਏ ਗੁਰਦੁਆਰਿਆਂ ਦੀ ਆਜ਼ਾਦੀ ਨੂੰ ਕਾਇਮ ਰੱਖਣਾ ਸੀ ਤੇ ਦੇਸ਼ ਦੀ ਆਜ਼ਾਦੀ ਲੜਨਾ ਸੀ। ਸਿਰਦਾਰ ਗੁਰਤੇਜ ਸਿੰਘ ਦਾ ਕਹਿਣਾ ਹੈ ਕਿ ਸ੍ਰੋਮਣੀ ਅਕਾਲੀ ਦਲ ਨੇ ਦੋਵਾਂ ਉਦੇਸ਼ਾਂ ਨੂੰ ਸਫਲਤਾ ਨਾਲ ਪੂਰਾ ਕੀਤਾ।



ਉਨ੍ਹਾਂ ਦਾ ਕਹਿਣਾ ਹੈ ਕਿ 1947 ਤੋਂ ਬਾਅਦ ਵੀ ਸ਼੍ਰੋਮਣੀ ਅਕਾਲੀ ਦਲ ਸਿੱਖ ਭਾਵਨਾ ਦਾ ਪ੍ਰਗਟਾਵਾ ਕਰਦਾ ਰਿਹਾ ਅਤੇ ਇਸਦੀ ਇੱਕ ਪ੍ਰਾਪਤੀ ਪੰਜਾਬੀ ਭਾਸ਼ਾਈ ਸੂਬਾ ਬਣਾਉਣ ਲਈ ਪੰਜਾਬ ਦੇ ਪੁਨਰਗਠਨ ਲਈ ਸਫਲ ਅਤੇ ਸ਼ਾਂਤਮਈ ਸੰਘਰਸ਼ ਸੀ। ਇਸ ਨੇ ਫਿਰਕੂ ਵਿਰੋਧ ਦੇ ਬਾਵਜੂਦ ਇੱਕ ਸਖ਼ਤ ਅਤੇ ਸ਼ਾਂਤਮਈ ਸੰਘਰਸ਼ ਛੇੜਿਆ, ਅਤੇ ਇਸਦੇ ਆਗੂਆਂ ਤੇ ਵਰਕਰਾਂ ਨੇ ਮੋਰਚੇ ਦੀ ਸਫਲਤਾ ਲਈ ਜਾਨਾਂ ਦੀ ਪਰਵਾਹ ਨਹੀਂ ਕੀਤੀ ਤੇ ਹਰੇਕ ਪਖੋਂ ਸਿੱਖ ਪੰਥ ਤੇ ਪੰਜਾਬ ਲਈ ਕੁਰਬਾਨ ਹੋਏ, ਸ਼ਹਾਦਤਾਂ ਦਿਤੀਆਂ। ਉਨ੍ਹਾਂ ਦਾ ਕਹਿਣਾ ਹੈ ਕਿ ਪੰਜਾਬੀ ਬੋਲਦਾ ਸੂਬਾ ਅਜੇ ਵੀ ਅਕਾਲੀਆਂ ਦੇ ਯਤਨਾਂ ਦੀ ਘਾਟ ਕਾਰਨ ਨਹੀਂ, ਸਗੋਂ ਸਿੱਖਾਂ ਅਤੇ ਪੰਜਾਬੀ ਭਾਸ਼ਾ ਪ੍ਰਤੀ ਨਫ਼ਰਤ ਤੋਂ ਪ੍ਰੇਰਿਤ ਬਹੁਗਿਣਤੀ ਸੱਭਿਆਚਾਰ ਨਾਲ ਲੈਸ ਸਿਆਸੀ ਤਾਕਤ ਦੀ ਕੁਨੀਤੀ ਕਾਰਨ ਅਧੂਰਾ ਰਿਹਾ ਹੈ।

ਸਿਰਦਾਰ ਗੁਰਤੇਜ ਸਿੰਘ ਦਾ ਕਹਿਣਾ ਹੈ ਕਿ ਅਕਾਲੀ ਦਲ 1966 ਵਿੱਚ ਆਪਣੇ ਬਜ਼ੁਰਗ ਆਗੂ ਮਾਸਟਰ ਤਾਰਾ ਸਿੰਘ ਦੀ ਮੌਤ ਤੱਕ ਆਪਣੇ ਸੰਸਥਾਪਕਾਂ ਦੇ ਇਰਾਦਿਆਂ ਪ੍ਰਤੀ ਵਫ਼ਾਦਾਰ ਰਿਹਾ ਸੀ। ਉਸ ਤੋਂ ਬਾਅਦ ਦੇਸ਼ ਦੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ, ਰਾਜਸਥਾਨ ਅਤੇ ਪੰਜਾਬ ਦੇ ਮੁੱਖ ਮੰਤਰੀਆਂ ਕ੍ਰਮਵਾਰ ਮੋਹਨ ਲਾਲ ਸੁਖੀਆ ਅਤੇ ਪ੍ਰਤਾਪ ਸਿੰਘ ਕੈਰੋਂ ਵੱਲੋਂ ਸੰਤ ਫਤਹਿ ਸਿੰਘ ਵਰਗੀਆਂ ਸਿਆਸੀ ਹਸਤੀਆਂ ਨੂੰ ਸ਼੍ਰੋਮਣੀ ਅਕਾਲੀ ਦਲ ਵਿੱਚ ਲੀਡਰਸ਼ਿਪ ਦੇ ਅਹੁਦਿਆਂ ’ਤੇ ਬਿਠਾਉਣ ਦੀ ਕੋਝੀ ਸਾਜ਼ਿਸ਼ ਰਚੀ ਗਈ। ਇਹ ਉਹ ਸਮਾਂ ਸੀ ਜਦੋਂ ਬੁਨਿਆਦੀ ਸਿਧਾਂਤ ਕਮਜ਼ੋਰ ਹੋਣੇ ਸ਼ੁਰੂ ਹੋ ਗਏ ਸਨ। ਇਸ ਨੂੰ ਆਮ ਤੌਰ ’ਤੇ ਚੇਤੰਨ ਦਿਮਾਗਾਂ ਦੁਆਰਾ ਇੱਕ ਸਪੱਸ਼ਟ ਵਿਗਾੜ ਮੰਨਿਆ ਜਾਂਦਾ ਸੀ, ਹਾਲਾਂਕਿ ਇਸਨੂੰ ਬਹੁਗਿਣਤੀ ਸਿਆਸੀ ਸ਼ਕਤੀ ਤੇ ਇਸ ਦੇ ਨਿਯੰਤਰਿਤ ਮੀਡੀਆ ਦੁਆਰਾ ਚਲਾਕੀ ਨਾਲ ਛੁਪਾਇਆ ਗਿਆ ਸੀ।

ਅਕਾਲੀ ਸਿਧਾਂਤ ਨੂੰ ਢਹਿਢੇਰੀ ਕਰਨ ਵਾਲੇ ਖਲਨਾਇਕਾਂ ਦਾ ਜ਼ਿਕਰ ਕਰਦੇ ਸਿਰਦਾਰ ਗੁਰਤੇਜ ਸਿੰਘ ਲਿਖਦੇ ਹਨ ਕਿ ਸੰਤ ਫਤਹਿ ਸਿੰਘ ਦੇ ਸਿਆਸੀ ਵੰਸ਼ਜਾਂ ਨੇ ਅਕਾਲੀ ਸਿਧਾਂਤ ਢਹਿ ਢੇਰੀ ਕਰ ਦਿੱਤੇ ਸਨ । ਇਨ੍ਹਾਂ ਵਿੱਚ ਪ੍ਰਕਾਸ਼ ਸਿੰਘ ਬਾਦਲ ਪ੍ਰਮੁੱਖ ਸਨ। ਸਰਕਾਰੀ ਨੀਤੀ ਤਹਿਤ ਬਾਦਲ ਨੇ ਸਿੱਖ ਸਭਿਆਚਾਰ ,ਨੀਤੀ ,ਸਿਧਾਂਤ ਨੂੰ ਤਬਾਹ ਕਰਨ ਵਿਚ ਅਹਿਮ ਭੂਮਿਕਾ ਨਿਭਾਈ। ਬਦਲੇ ਵਿੱਚ, ਬਾਦਲ ਤੇ ਉਨ੍ਹਾਂ ਦੇ ਨਜ਼ਦੀਕੀ ਪਰਿਵਾਰ ਦੇ ਰਾਜਨੀਤਿਕ ਪ੍ਰਭਾਵ ਨੂੰ ਵਧਾਉਣ ਅਤੇ ਅੰਤ ਵਿੱਚ ਵੱਡੀ ਮਾਤਰਾ ਵਿੱਚ ਮਾਇਆ ਇਕੱਠਾ ਕਰਨ ਲਈ ਵਾਅਦਾ ਕੀਤਾ ਗਿਆ ਸੀ। ਬਹੁਗਿਣਤੀ ਸੱਤਾ ਧਿਰ ਨੇ ਲਗਾਤਾਰ ਬਾਦਲ ਨੂੰ ਸੌਂਪੇ ਗਏ ਕੰਮ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕੀਤੀ ਅਤੇ ਆਪਣੇ ਚੁਣੇ ਹੋਏ ਰਿਸ਼ਤੇਦਾਰਾਂ ਅਤੇ ਧਕੜਸ਼ਾਹਾਂ ਨਾਲ ਖਾਲੀ ਥਾਂ ਨੂੰ ਭਰਦੇ ਹੋਏ ਪ੍ਰਕਾਸ਼ ਸਿੰਘ ਬਾਦਲ ਨੇ ਲਗਾਤਾਰ ਵਿਰੋਧੀ ਲੀਡਰਸ਼ਿਪ ਨੂੰ ਖਤਮ ਕੀਤਾ।

ਉਨ੍ਹਾਂ ਦਾ ਕਹਿਣਾ ਹੈ ਕਿ ਇਸ ਕਾਰਨ ਅਕਾਲੀ ਦਲ ਦੇ ਜਮਹੂਰੀ ਸੰਵਿਧਾਨ ਦੀ ਇਹ ਪ੍ਰਤੱਖ ਕਮਜ਼ੋਰੀ ਲੰਮੇ ਸਮੇਂ ਤੱਕ ਜਾਰੀ ਰਹੀ। ਨਵੀਂ ਲੀਡਰਸ਼ਿਪ ਨੂੰ ਉਭਰਨ ਤੋਂ ਰੋਕਣ ਲਈ ਬਾਦਲ ਨੇ ਪ੍ਰਮੁਖਤਾ ਨਾਲ ਭੂਮਿਕਾ ਨਿਭਾਈ। ਫਿਰ, 1996 ਵਿੱਚ, ਅਕਾਲੀ ਦਲ ਦੇ ਸਥਾਪਨਾ ਦੀ 75ਵੀਂ ਵਰ੍ਹੇਗੰਢ ਮਨਾਉਣ ਦੇ ਬਹਾਨੇ, ਬਾਦਲ ਨੇ ਮੋਗਾ ਵਿੱਚ ਅਕਾਲੀਆਂ ਦੇ ਇਕੱਠ ਕੀਤਾ। ਉਦੋਂ ਤੱਕ ਉਸਨੇ ਪਾਰਟੀ ਦੇ ਸੰਵਿਧਾਨ ਨੂੰ ਪੂਰੀ ਤਰ੍ਹਾਂ ਉਲਟਾ ਦਿੱਤਾ ਸੀ ਅਤੇ ਇਹ ਯਕੀਨੀ ਬਣਾਇਆ ਸੀ ਕਿ ਉਸਦਾ ਸ਼ਾਸਨ ਬਿਨਾਂ ਕਿਸੇ ਰੁਕਾਵਟ ਦੇ ਜਾਰੀ ਰਹੇ। ਉੱਥੇ, ਸੰਗਠਨ ਨੂੰ ਵਿਸ਼ਾਲ ਕਰਨ ਦੇ ਬਹਾਨੇ, ਉਸਨੇ ਅਸਲੀ ਨਾਮ ਤਾਂ ਬਰਕਰਾਰ ਰੱਖਿਆ ਪਰ ਇਸਨੂੰ ਇੱਕ ਨਿੱਜੀ ਸਿਆਸੀ ਸੰਗਠਨ ਵਿੱਚ ਬਦਲ ਦਿੱਤਾ। ਇੱਕ ਪਰਿਵਾਰਕ ਜਾਇਦਾਦ ਵਜੋਂ। ਇਸ ਤਰ੍ਹਾਂ ਸਿੱਖ ਕੌਮ ਨੂੰ ਆਵਾਜ਼ ਰਹਿਤ ਬਣਾ ਦਿੱਤਾ ਗਿਆ। ਸਰਦਾਰ ਗੁਰਤੇਜ ਸਿੰਘ ਪ੍ਰਕਾਸ਼ ਸਿੰਘ ਬਾਦਲ ਦਾ ਕਾਲਾ ਚਿੱਠਾ ਸਿੱਖ ਪੰਥ ਦੇ ਧਿਆਨ ਵਿੱਚ ਲਿਆਉਂਦੇ ਹੋਏ ਲਿਖਦੇ ਹਨ ਕਿ 1920 ਤੋਂ ਬਾਅਦ ਇਸ ਪਖੰਡੀ ਅਕਾਲੀ ਆਗੂ ਵੱਲੋਂ ਸਿੱਖ ਕੌਮ ਨਾਲ ਇਹ ਸਭ ਤੋਂ ਵੱਡਾ ਧੋਖਾ ਸੀ। ਦੇਸ਼ ਦੇ ਸੰਵਿਧਾਨ ਵਿੱਚ ਦਰਜ ਧਰਮ ਨਿਰਪੱਖ ਜਮਹੂਰੀ ਭਾਰਤ ਦੇ ਆਦਰਸ਼ਾਂ ਨੂੰ ਪਹਿਲ ਦਿੰਦੇ ਹੋਏ ਹਿੰਦੂਤਵ ਅਤੇ ਹਿੰਦੂ ਰਾਸ਼ਟਰ ਦੇ ਸੰਕਲਪ ਨੂੰ ਅੱਗੇ ਵਧਾਉਣ ਵਾਲੀ ਪਾਰਟੀ ਦੀ ਸਿੱਧੀ ਸਰਪ੍ਰਸਤੀ ਹੇਠ ਅਜਿਹਾ ਕੀਤਾ ਗਿਆ। ਦੂਜੀ ਪ੍ਰਭਾਵਸ਼ਾਲੀ ਪਾਰਟੀ, ਇੰਡੀਅਨ ਨੈਸ਼ਨਲ ਕਾਂਗਰਸ, ਜੋ ‘ਨਰਮ ਹਿੰਦੂਤਵ’ ਦਾ ਅਭਿਆਸ ਕਰਦੀ ਸੀ, 1947 ਤੋਂ ਬਾਅਦ ਭਾਰਤ ਵਿੱਚ ਸਿੱਖਾਂ ਦੇ ਜ਼ਬਰਦਸਤ ਰਾਜਨੀਤਿਕ ਅਤੇ ਸਮਾਜਿਕ ਪ੍ਰਭਾਵ ਨੂੰ ਨਸ਼ਟ ਕਰਨ ਵਿੱਚ ਹਮੇਸ਼ਾਂ ਦਿਲਚਸਪੀ ਰੱਖਦੀ ਸੀ।

(ਬਾਕੀ ਸਫ਼ਾ 31 ’ਤੇ)



# ਸਾਡੇ ਪਿੰਡ 'ਚ ਵਸਦਾ 'ਰੱਬ' ਨੀ...

## ਪੰਜਾਬ ਦੇ ਪੁਰਾਤਨ ਰੂਪ, ਵਿਰਾਸਤੀ ਦਿੱਖ ਅਤੇ ਸੱਭਿਆਚਾਰ ਨੂੰ ਜਿਉਂਦਾ ਰੱਖਿਆ ਹੋਇਐ ਪਿੰਡਾਂ ਨੇ








ਹਰ ਪਾਸੇ ਖੇਤਾਂ 'ਚ ਲਹਿਲਹਾਉਂਦੀਆਂ ਫ਼ਸਲਾਂ, ਬਨਸਪਤੀ 'ਤੇ ਪੈਲਾਂ ਪਾਉਂਦੀ ਕੁਦਰਤ, ਰੁੱਖਾਂ ਦੀਆਂ ਡਾਲੀਆਂ ਨਾਲ ਖਹਿ ਕੇ ਰੁਮਕਦੀ ਠੰਢੀ ਤੇ ਤਾਜ਼ੀ ਹਵਾ, ਕੋਇਲ ਦੀ ਕੂ ਹੂ ਕੂ, ਟਿਊਬਵੈਲਾਂ 'ਚੋਂ ਛਣ ਛਣ ਕਰ ਕੇ ਨਿਕਲਦਾ ਪਾਣੀ, ਸੱਥਾਂ 'ਚ ਲੱਗੀਆਂ ਰੌਣਕਾਂ, ਦੂਰ ਅਸਮਾਨ 'ਚ ਚੜ੍ਹਦੇ ਸੂਰਜ ਦੀ ਫੈਲੀ ਹੋਈ ਲਾਲੀ ਕੁਦਰਤ ਨਾਲ ਇਕਮਿਕ ਹੋਏ ਪਿੰਡਾਂ 'ਚ ਵਸਦੇ ਅਸਲੀ ਪੰਜਾਬ ਦੀ ਤਸਵੀਰ ਪੇਸ਼ ਕਰਦੇ ਹਨ।

ਸ਼ਹਿਰੀਕਰਨ ਦਾ ਦੈਂਤ ਭਾਵੇਂ ਪਿੰਡਾਂ ਦੀ ਅਨਮੋਲ ਵਿਰਾਸਤ ਨੂੰ ਖਾ ਰਿਹਾ ਹੈ, ਪਰ ਇਸ ਦੇ ਬਾਵਜੂਦ ਪੰਜਾਬ 'ਚ ਅਜਿਹੇ ਪਿੰਡ ਵੀ ਹਨ, ਜਿੰਨਾਂ ਨੇ ਆਪਣਾ ਪੁਰਾਤਨ ਰੂਪ, ਵਿਰਾਸਤੀ ਦਿੱਖ ਅਤੇ ਸੱਭਿਆਚਾਰ ਨੂੰ ਜਿਉਂਦਾ ਰੱਖਿਆ ਹੋਇਆ ਹੈ। ਇਹ ਵੀ ਅਸਲੀਅਤ ਹੈ ਕਿ ਪੰਜਾਬ ਦੇ ਅਨੇਕਾਂ ਪਿੰਡ ਹੁਣ ਸ਼ਹਿਰਾਂ ਦੀ ਇੱਕ ਕਾਲੋਨੀ ਬਣ ਚੁੱਕੇ ਹਨ, ਜਿਸ ਕਾਰਨ ਇਹਨਾਂ ਪਿੰਡਾਂ ਦਾ ਆਪਣਾ ਵਜੂਦ ਖ਼ਤਮ ਹੋ ਚੁੱਕਿਆ ਹੈ, ਦੂਜੇ ਪਾਸੇ ਪੰਜਾਬ 'ਚ ਵੱਡੀ ਗਿਣਤੀ ਪਿੰਡ ਅਜਿਹੇ ਵੀ ਹਨ, ਜਿੰਨਾਂ ਦੇ ਦਿਲਾਂ 'ਚ ਅਸਲੀ ਪੰਜਾਬ ਧੜਕਦਾ ਹੈ। ਵੱਖ-ਵੱਖ ਪਿੰਡਾਂ 'ਚ ਇਸ ਸਮੇਂ ਕਰੀਬ ਸਾਰੇ ਘਰ ਪੱਕੇ ਹੁੰਦੇ ਹਨ। ਇਸ ਤੋਂ ਇਲਾਵਾ ਪਿੰਡਾਂ 'ਚ ਵੱਖ-ਵੱਖ ਡਿਜ਼ਾਇਨਾਂ ਵਾਲੀਆਂ ਆਲੀਸ਼ਾਨ ਕੋਠੀਆਂ ਵੀ ਦਿਖਾਈ ਦਿੰਦੀਆਂ ਹਨ ਪਰ ਇਸ ਦੇ ਬਾਵਜੂਦ ਇਹਨਾਂ 'ਚੋਂ ਪਿੰਡਾਂ ਦੀ ਵਿਰਾਸਤ ਅਤੇ ਪਿਆਰ ਡੁੱਲ ਡੁੱਲ ਪੈਂਦਾ ਹੈ। ਪੰਜਾਬ ਦੇ ਵੱਡੀ ਗਿਣਤੀ ਪਿੰਡਾਂ ਦੇ ਵਸਨੀਕ ਅਜੇ ਵੀ ਦੁੱਧ, ਲੱਸੀ, ਮੱਖਣ, ਦਹੀਂ ਆਦਿ ਹੀ ਮੁੱਖ ਤੌਰ 'ਤੇ ਖਾਂਦੇ ਤੇ ਪੀਂਦੇ ਹਨ। ਇਸ ਤੋਂ ਇਲਾਵਾ ਪਿੰਡਾਂ ਦੇ ਲੋਕ ਆਪਣੇ ਘਰ ਖੁਦ ਮੱਕੀ ਦੀ ਰੋਟੀ ਤੇ ਸਾਗ ਬਣਾਉਂਦੇ ਅਤੇ ਖਾਂਦੇ ਹਨ। ਸ਼ਹਿਰਾਂ ਦੇ ਵੱਡੀ ਗਿਣਤੀ ਵਸਨੀਕਾਂ ਵਾਂਗ ਉਹਨਾਂ ਨੂੰ ਮੱਕੀ ਦੀ ਰੋਟੀ ਅਤੇ ਸਾਗ ਢਾਬਿਆਂ ਤੋਂ ਨਹੀਂ ਮੰਗਾਉਣੇ ਪੈਂਦੇ। ਭਾਵੇਂ ਕਿ ਪਿੰਡਾਂ ਦੇ ਨੌਜਵਾਨ ਸ਼ਹਿਰਾਂ 'ਚ ਆ ਕੇ ਫਾਸਟ ਫੂਡ ਵੀ ਖਾਂਦੇ ਵੇਖੇ ਜਾਂਦੇ ਹਨ ਪਰ ਪਿੰਡਾਂ ਵਿਚਲੇ ਆਪਣੇ ਘਰਾਂ 'ਚ ਅਕਸਰ ਨੌਜਵਾਨ ਵੀ ਘਰ ਦਾ ਬਣਿਆ ਦਾਲ- ਫੁਲਕਾ ਖਾਂਦੇ ਹਨ। ਇਸ ਤੋਂ ਇਲਾਵਾ ਪਿੰਡਾਂ ਦੇ ਵੱਡੀ ਗਿਣਤੀ ਵਸਨੀਕਾਂ ਦਾ



ਪਹਿਰਾਵਾ ਚਿੱਟਾ ਕੁੜਤਾ ਪਜਾਮਾ ਜਾਂ ਕੁੜਤੇ ਨਾਲ ਚਾਦਰਾ ਹੀ ਹੁੰਦਾ ਹੈ। ਪਿੰਡਾਂ ਦੀਆਂ ਮਹਿਲਾਵਾਂ ਨੇ ਅਜੇ ਵੀ ਚੁੰਨੀ ਲੈਣ ਦੀ ਰਵਾਇਤ ਨੂੰ ਸੰਭਾਲਿਆ ਹੋਇਆ ਹੈ। ਇਸ ਤੋਂ ਇਲਾਵਾ ਪੰਜਾਬ ਦੇ ਵੱਡੀ ਗਿਣਤੀ ਪਿੰਡਾਂ 'ਚ ਅਜੇ ਵੀ ਭਾਈਚਾਰਕ ਸਾਂਝ ਮੌਜੂਦ ਹੈ। ਪਿੰਡਾਂ ਦੇ ਲੋਕ ਅਜੇ ਵੀ ਇੱਕ ਦੂਜੇ ਦੇ ਦੁੱਖ ਸੁੱਖ ਵਿੱਚ ਸ਼ਾਮਲ ਹੁੰਦੇ ਹਨ।

ਵੱਡੀ ਗਿਣਤੀ ਪੰਜਾਬੀ ਨੌਜਵਾਨਾਂ ਦੇ ਵਿਦੇਸ਼ ਚਲੇ ਜਾਣ ਕਾਰਨ ਪੰਜਾਬ ਦੇ ਅਨੇਕਾਂ ਘਰਾਂ ਵਿੱਚ ਸਿਰਫ਼ ਬਜ਼ੁਰਗ ਹੀ ਰਹਿ ਰਹੇ ਹਨ, ਜਿਸ ਕਰਕੇ ਇਹਨਾਂ ਬਜ਼ੁਰਗਾਂ ਦੇ ਦੁੱਖ ਸੁੱਖ ਵਿੱਚ ਇਹਨਾਂ ਦੇ ਆਂਢ ਗੁਆਂਢ ਵਾਲੇ ਤੇ ਪਿੰਡ ਵਾਸੀ ਹੀ ਖੜ੍ਹਦੇ ਹਨ। ਇਹ ਵੀ ਅਸਲੀਅਤ ਹੈ ਕਿ ਪਿੰਡਾਂ 'ਚ ਅਜੇ ਵੀ ਈਰਖ਼ਾਬਾਜੀ, ਸ਼ਰੀਕੇਬਾਜ਼ੀ ਅਤੇ ਸਾੜਾਪਨ ਪਹਿਲਾਂ ਵਾਂਗ ਮੌਜੂਦ ਹੈ, ਪਰ ਇਹ ਸਾਰਾ ਕੁਝ ਪਿੰਡਾਂ ਦੇ ਵਸਨੀਕਾਂ ਦੀਆਂ ਹੋਰਨਾਂ ਚੰਗਿਆਈਆਂ ਅੱਗੇ ਫਿੱਕਾ ਪੈ ਜਾਂਦਾ ਹੈ। ਮਹਾਂ ਨਗਰਾਂ 'ਚ ਜਦੋਂ ਕਿਸੇ ਪਰਿਵਾਰ 'ਚ ਕਿਸੇ ਵਿਅਕਤੀ ਦੀ ਮੌਤ ਹੋ ਜਾਂਦੀ ਹੈ ਤਾਂ ਮ੍ਰਿਤਕ ਦੇਹ ਸ਼ਮਸ਼ਾਨਘਾਟ ਲਿਜਾਉਣ ਲਈ ਵੀ ਸ਼ਮਸ਼ਾਨ ਘਾਟ ਦੀ ਮ੍ਰਿਤਕ ਦੇਹਾਂ ਲੈ ਕੇ ਜਾਣ ਵਾਲੀ ਗੱਡੀ ਬੁਲਾਉਣੀ ਪੈਂਦੀ ਹੈ ਅਤੇ ਮ੍ਰਿਤਕ ਦੇਹ ਨਾਲ ਬਹੁਤ ਘੱਟ ਵਿਅਕਤੀ ਨਾਲ ਜਾਂਦੇ ਹਨ ਪਰ ਪਿੰਡਾਂ 'ਚ ਅਜੇ ਵੀ ਭਾਈਚਾਰਕ ਸਾਂਝ ਮੌਜੂਦ ਹੋਣ ਕਾਰਨ ਪਿੰਡ ਦੇ ਕਿਸੇ ਵੀ ਵਸਨੀਕ ਦੀ ਮੌਤ ਹੋ ਜਾਣ 'ਤੇ ਪਿੰਡ ਦੇ ਵੱਡੀ ਗਿਣਤੀ ਵਸਨੀਕ ਆਪਣੇ ਆਪ ਸੋਗਮਈ ਪਰਿਵਾਰ ਦੇ ਘਰ ਪਹੁੰਚ ਜਾਂਦੇ ਹਨ ਅਤੇ ਮ੍ਰਿਤਕ ਦੇਹ ਨੂੰ ਸ਼ਮਸ਼ਾਨ ਘਾਟ ਲੈ ਕੇ ਜਾਣ ਤਕ ਅਤੇ ਮ੍ਰਿਤਕ ਦੀਆਂ ਅੰਤਮ ਰਸਮਾਂ ਕਰਨ ਸਮੇਂ ਵੀ ਦੁਖੀ ਪਰਿਵਾਰ ਨਾਲ ਮੋਢੇ ਨਾਲ ਮੋਢਾ ਲਾ ਕੇ ਖੜਦੇ ਹਨ ਅਤੇ ਸੋਗਮਈ ਪਰਿਵਾਰ ਦੇ ਦੁੱਖ ਵਿੱਚ ਸ਼ਰੀਕ ਹੁੰਦੇ ਹਨ। ਇਸ ਤੋਂ ਇਲਾਵਾ ਪਿੰਡ ਦੇ ਕਿਸੇ ਵਸਨੀਕ ਦੀ ਧੀ ਦੇ ਵਿਆਹ ਮੌਕੇ ਵੀ ਅਕਸਰ ਪਿੰਡ ਵਾਸੀ ਮੂਹਰੇ ਹੋ ਕੇ ਸਾਰੇ ਕੰਮ ਧੰਦੇ ਕਰਦੇ ਹਨ, ਭਾਵੇਂ ਕਿ ਹੁਣ ਮੈਰਿਜ ਪੈਲਿਸਾਂ 'ਚ ਵਿਆਹ ਹੋਣ ਕਾਰਨ ਵਿਆਹ ਦਾ ਸਾਰਾ ਕਾਰਜ ਤਿੰਨ ਚਾਰ





ਘੰਟੇ ਵਿੱਚ ਸੰਪੂਰਨ ਹੋ ਜਾਂਦਾ ਹੈ ਪਰ ਪਿੰਡਾਂ 'ਚ ਅਜੇ ਵੀ ਵਿਆਹ ਵਾਲੇ ਘਰ ਦਾ ਮਾਹੌਲ ਵੱਖਰਾ ਹੁੰਦਾ ਹੈ, ਜਿਥੇ ਸ਼ਗਨਾਂ ਦੇ ਗੀਤ ਗਾਏ ਜਾਂਦੇ ਹਨ। ਮੁੰਡੇ ਦੇ ਵਿਆਹ ਮੌਕੇ 'ਘੋੜੀਆਂ' ਗਾਈਆਂ ਜਾਂਦੀਆਂ ਹਨ ਅਤੇ ਕੁੜੀ ਦੇ ਵਿਆਹ ਮੌਕੇ 'ਸੁਹਾਗ' ਦੇ ਗੀਤ ਗਾਏ ਜਾਂਦੇ ਹਨ। ਸ਼ਹਿਰਾਂ 'ਚ ਵਸਨੀਕਾਂ ਦੇ ਘਰਾਂ ਦੇ ਆਲ਼ੇ ਦੁਆਲ਼ੇ ਉੱਸਰੀਆਂ ਉੱਚੀਆਂ ਇਮਾਰਤਾਂ ਕਾਰਨ ਸਵੇਰ ਵੇਲੇ ਚੜ੍ਹਦਾ ਸੂਰਜ ਦਿਖਾਈ ਨਹੀਂ ਦਿੰਦਾ ਅਤੇ ਸੂਰਜ ਉਸ ਸਮੇਂ ਦਿਖਾਈ ਦਿੰਦਾ ਹੈ, ਜਦੋਂ ਉਹ ਇੱਕ ਦਮ ਸਿਰਾਂ 'ਤੇ ਆ ਜਾਂਦਾ ਹੈ। ਇਸ ਤੋਂ ਇਲਾਵਾ ਸ਼ਹਿਰਾਂ 'ਚ ਸ਼ਾਮ ਸਮੇਂ ਸੂਰਜ ਇੱਕ ਦਮ ਉੱਚੀਆਂ ਇਮਾਰਤਾਂ ਉਹਲੇ ਹੋ ਜਾਂਦਾ ਹੈ। ਜਦੋਂ ਕਿ ਪਿੰਡਾਂ 'ਚ ਜਿਥੇ ਸੂਰਜ ਅੰਮ੍ਰਿਤ ਵੇਲੇ ਲਾਲੀ ਬਿਖ਼ੇਰਦਾ ਹੋਇਆ ਹੋਲੀ ਹੋਲੀ ਚੜ੍ਹਦਾ ਹੈ, ਉਥੇ ਹੀ ਉਹ ਸ਼ਾਮ ਨੂੰ ਛਿਪਣ ਵੇਲੇ ਵੀ ਲਾਲੀ ਬਿਖ਼ੇਰਦਾ ਹੈ ਅਤੇ ਫ਼ਸਲਾਂ ਦੇ ਉਪਰ ਦੂਰ ਕਿਤੇ ਦਿਖਾਈ ਦਿੰਦਾ ਹੋਇਆ ਹੋਲੀ ਹੋਲੀ ਅਲੋਪ ਹੁੰਦਾ ਹੈ। ਮੀਂਹ ਪੈਣ 'ਤੇ ਪਿੰਡਾਂ ਦੀ ਮਿੱਟੀ 'ਚੋਂ ਹੀ ਖੁਸ਼ਬੂ ਉੱਠਦੀ ਹੈ, ਇਹ ਖੁਸ਼ਬੂ ਸ਼ਹਿਰਾਂ ਦੀਆਂ ਪੱਕੀਆਂ ਸੜਕਾਂ 'ਤੇ ਮੀਂਹ ਪੈਣ ਨਾਲ ਨਹੀਂ ਉੱਠਦੀ। ਪਿੰਡਾਂ 'ਚ ਅਜੇ ਵੀ ਪੇਂਡੂ ਖੇਡ ਮੇਲੇ ਕਰਵਾਏ ਜਾਂਦੇ ਹਨ, ਜਿਥੇ ਕਿ ਪਿੰਡ ਵਾਸੀ ਆਪਣੇ ਆਪ ਖਿਡਾਰੀਆਂ ਦੀ ਟਹਿਲ ਸੇਵਾ ਕਰਨ ਲਈ ਪੁੱਜ ਜਾਂਦੇ ਹਨ। ਇਸ ਤੋਂ ਇਲਾਵਾ ਕਈ ਪਿੰਡਾਂ 'ਚ ਅਜੇ ਵੀ ਸੱਥਾਂ ਮੌਜੂਦ ਹਨ, ਜਿਥੇ ਕਿ ਪਿੰਡਾਂ ਦੇ ਬਜ਼ੁਰਗ ਅਕਸਰ ਆਪਣੇ ਦੁਖ ਸੁੱਖ ਇਕ ਦੂਜੇ ਨੂੰ ਦੱਸਦੇ ਹਨ ਅਤੇ ਇਹਨਾਂ ਸੱਥਾਂ 'ਚ ਬੈਠੇ ਲੋਕਾਂ ਕੋਲ ਪਿੰਡ ਦੀ ਪੂਰੀ ਖ਼ਬਰ ਹੁੰਦੀ ਹੈ। ਵੱਡੀ ਗਿਣਤੀ ਪਿੰਡਾਂ ਦੇ ਵਸਨੀਕ ਅਜੇ ਵੀ ਆਪਸ ਵਿੱਚ ਰਲ ਮਿਲ ਕੇ ਰਹਿੰਦੇ ਹਨ ਭਾਵੇਂ ਕਿ ਸ਼ਹਿਰੀਕਰਨ ਦੀ ਹਵਾ ਪਿੰਡਾਂ 'ਚ ਵੀ ਚਲੀ ਗਈ ਹੈ, ਇਸ ਕਰਕੇ ਅਨੇਕਾਂ ਪਿੰਡਾਂ ਦੇ ਵੱਡੀ ਗਿਣਤੀ ਲੋਕ ਸੱਥਾਂ 'ਚ ਬੈਠਣ ਦੀ ਥਾਂ ਆਪਣੇ ਘਰਾਂ ਦੇ ਅੰਦਰ ਰਹਿਣ ਨੂੰ ਹੀ ਤਰਜੀਹ ਦੇਣ ਲੱਗੇ ਹਨ ਪਰ ਫਿਰ ਵੀ ਪਿੰਡਾਂ ਦੇ ਵਸਨੀਕ ਦੁੱਖ ਸੁੱਖ ਸਮੇਂ ਇੱਕ ਦੂਜੇ ਦੇ ਨਾਲ ਜ਼ਰੂਰ ਖੜ੍ਹਦੇ ਹਨ। ਪਿੰਡਾਂ ਦੇ ਲੋਕਾਂ ਨੂੰ ਮਿਲਣ ਸਮੇਂ ਅਪਣੱਤ ਮਹਿਸਸ ਹੁੰਦੀ ਹੈ, ਜਦੋਂ ਕਿ ਸ਼ਹਿਰਾਂ ਦੇ ਲੋਕਾਂ ਨੂੰ ਮਿਲਣ ਸਮੇਂ ਉਪਰਾਪਣ ਮਹਿਸੂਸ ਹੁੰਦਾ ਹੈ। ਇਸ ਕਰਕੇ ਹੀ ਕਿਹਾ ਜਾਂਦਾ ਹੈ ਕਿ ਪਿੰਡਾਂ 'ਚ ਹੀ ਅਸਲੀ ਪੰਜਾਬ ਵਸਦਾ ਹੈ।



# ਨਵੇਂ ਅਪਰਾਧਿਕ ਕਾਨੂੰਨ ਮਨੁੱਖੀ ਅਧਿਕਾਰਾਂ ਲਈ ਕਿੰਨੇ ਖ਼ਤਰਨਾਕ ?



ਬਘੇਲ ਸਿੰਘ ਧਾਲੀਵਾਲ
99142-58142

## ਨਿਸ਼ਾਨੇ ਉੱਪਰ ਹੋਣਗੇ ਸਿੱਖ ਅਤੇ ਮੁਸਲਮਾਨ




ਕੇਂਦਰ ਦੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਨੇ ਲੋਕ ਸਭਾ ਚੋਣਾਂ 2024 ਤੋ ਕੁੱਝ ਸਮਾਂ ਪਹਿਲਾਂ ਕੁੱਝ ਬਹੁਤ ਹੀ ਅਹਿਮ ਫੈਸਲੇ ਲਏ ਹਨ। ਫੈਸਲੇ ਹੀ ਨਹੀਂ ਬਲਕਿ ਬਹੁਤ ਮਹੱਤਵਪੂਰਨ ਕਾਰਜ ਕੀਤੇ ਹਨ, ਜਿਸ ਨਾਲ ਮੌਜੂਦਾ ਕੇਂਦਰ ਸਰਕਾਰ ਪਿਛਲੀਆਂ ਸਰਕਾਰਾਂ ਤੋਂ ਇੱਕ ਕਦਮ ਅੱਗੇ ਨਿਕਲ ਗਈ ਹੈ। ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਕੁੱਝ ਪੁਰਾਣੇ ਕਾਨੂੰਨਾਂ ਨੂੰ ਰੱਦ ਕਰਕੇ ਨਵੇਂ ਕਾਨੂੰਨ ਬਣਾਏ ਗਏ ਹਨ। ਹਕੂਮਤ ਪੱਖੀ ਲੋਕਾਂ ਦੇ ਸਬਦਾਂ ਵਿੱਚ ਭਾਰਤ ਦੀ ਅਪਰਾਧਿਕ ਨਿਆਂ ਪ੍ਰਣਾਲੀ ਨੂੰ ਮਹੱਤਵਪੂਰਨ ਰੂਪ ਵਿੱਚ ਬਦਲਦੇ ਹੋਏ ਇਹ ਕਨੂੰਨ ਬਸਤੀਵਾਦੀ ਯੁੱਗ ਦੇ ਕਾਨੂੰਨਾਂ ਦੀ ਥਾਂ ਲੈਣਗੇ ।

ਇਹ ਨਵੇਂ ਕਾਨੂੰਨ 20 ਦਸੰਬਰ 2023 ਨੂੰ ਦੇਸ ਦੀ ਸਰਕਾਰ ਵੱਲੋਂ 150 ਦੇ ਕਰੀਬ ਵਿਰੋਧੀ ਮੈਂਬਰਾਂ ਨੂੰ ਮੁਅੱਤਲ ਕਰਕੇ ਬਗੈਰ ਕਿਸੇ ਬਹਿਸ, ਬਗੈਰ ਕਿਸੇ ਰੌਲੇ ਰੱਪੇ ਦੇ ਅਰਥਾਤ ਪੂਰਨ ਸਰਬ ਸੰਮਤੀ ਨਾਲ ਪਾਸ ਕੀਤੇ ਗਏ ਸਨ, ਜਿਹੜੇ ਇੱਕ ਜੁਲਾਈ 2024 ਤੋਂ ਲਾਗੂ ਵੀ ਹੋ ਗਏ ਹਨ। ਨਵੇਂ ਕਾਨੂੰਨ ਇੰਡੀਅਨ ਜੁਡੀਸ਼ੀਅਲ ਕੋਡ, ਇੰਡੀਅਨ ਸਿਵਲ ਡਿਫੈਂਸ ਕੋਡ ਅਤੇ ਇੰਡੀਅਨ ਐਵੀਡੈਂਸ ਐਕਟ ਕ੍ਰਮਵਾਰ ਬ੍ਰਿਟਿਸ਼ ਯੁੱਗ ਦੇ ਇੰਡੀਅਨ ਪੀਨਲ ਕੋਡ, ਕੋਡ ਆਫ ਕ੍ਰਿਮੀਨਲ ਪ੍ਰੋਸੀਜ਼ਰ ਅਤੇ ਇੰਡੀਅਨ ਐਵੀਡੈਂਸ ਐਕਟ ਦਾ ਬਦਲ ਹੋਣਗੇ, ਹੁਣ ਆਈ ਪੀ.ਸੀ. (ਇੰਡੀਅਨ ਪੀਨਲ ਕੋਡ)1860' ਦੀ ਥਾਂ 'ਭਾਰਤੀਆ ਨਿਆਂ ਸੰਹਿਤਾ' ਲਵੇਗੀ ਇਸੇ ਤਰ੍ਹਾਂ ਸੀ.ਆਰ.ਪੀ.ਸੀ. (ਕ੍ਰਿਮੀਨਲ ਪ੍ਰੋਸੀਜਰ ਕੋਡ 1898) 1973' ਦੀ ਥਾਂ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਲਵੇਗੀ ਤੇ 'ਇੰਡੀਅਨ ਐਵੀਡੈਂਸ ਐਕਟ 1872' ਦੀ ਥਾਂ 'ਭਾਰਤੀ ਸਾਕਸ਼ਿਆ ਅਧਿਨਿਯਮ' ਲਵੇਗਾ। ਇਹ ਤਿੰਨੋ ਕਨੂੰਨ ਪੂਰੀ ਅਪਰਾਧਿਕ ਪ੍ਰਕਿਰਿਆ ਨੂੰ ਮੁਢ ਤੋਂ ਮੁਕੰਮਲ ਕਰਨ ਤੱਕ ਕਾਰਜ ਕਰਦੇ ਹਨ। ਭਾਵੇਂ ਇਹ ਕਨੂੰਨ ਪਿਛਲੇ ਕਾਨੂੰਨਾਂ ਦਾ ਹੀ ਸੋਧਿਆ ਹੋਇਆ ਰੂਪ ਹਨ,ਪਰ ਜੋ ਇਹਨਾਂ ਵਿੱਚ ਬਦਲਾਅ ਕੀਤੇ ਗਏ ਹਨ,ਉਹ ਆਮ ਨਾਗਰਿਕ ਲਈ ਖਤਰਨਾਕ ਸਾਬਤ ਹੋਣਗੇ।

ਇਸ ਕਾਰਜ ਦੇ ਸਬੰਧ ਵਿੱਚ ਵਿਰੋਧੀਆਂ ਵੱਲੋਂ ਕਿਹਾ ਇਹ ਜਾ ਰਿਹਾ ਹੈ ਕਿ ਨਰਿੰਦਰ ਮੋਦੀ ਸਰਕਾਰ ਨੇ ਲੋਕ ਸਭਾ ਚੋਣਾਂ ਦੇ ਰੌਲੇ ਰੱਪੇ ਵਿੱਚ ਪੁਰਾਣੇ ਕਾਨੂੰਨ ਰੱਦ ਕਰਕੇ ਨਵੇਂ ਤਿੰਨ ਕਨੂੰਨ ਬਣਾ ਦਿੱਤੇ ਹਨ,ਪਰ ਨਹੀਂ ਅਜਿਹਾ ਕੁੱਝ ਵੀ ਨਹੀਂ ਹੈ,ਇਹਨੂੰ ਵਿਰੋਧੀਆਂ ਦੀ ਬੇਬਸੀ ਵਿਚੋਂ ਪੈਦਾ ਹੋਈ ਬੌਖਲਾਹਟ ਕਿਹਾ ਜਾ ਸਕਦਾ ਹੈ। ਭਾਜਪਾ ਸਰਕਾਰ ਇਸ ਤੋਂ ਪਹਿਲਾਂ ਜੋ ਕਹਿੰਦੀ ਰਹੀ ਹੈ,ਉਹ ਡੰਕੇ ਦੀ ਚੋਟ 'ਤੇ ਕਰਦੀ ਰਹੀ ਹੈ ਅਤੇ ਹੁਣ ਭਵਿੱਖ ਵਿੱਚ ਵੀ ਉਹਦੀ ਕੋਸ਼ਿਸ਼ ਇਹ ਹੀ ਰਹੇਗੀ, ਕਿ ਆਪਣੇ ਕਾਰਜਾਂ ਨੂੰ ਨੇਪਰੇ ਚੜ੍ਹਾਉਣ ਲਈ ਉਹ ਪੂਰੀ ਤਰ੍ਹਾਂ ਸਮਰੱਥ ਹੋ ਸਕੇ। ਭਾਜਪਾ ਆਪਣੇ ਏਜੰਡੇ ਪ੍ਰਤੀ ਬੇਹੱਦ ਗੰਭੀਰ ਵੀ ਹੈ। ਆਪਣੇ ਏਜੰਡੇ ਨੂੰ ਲਾਗੂ ਕਰਨ ਲਈ ਉਨ੍ਹਾਂ ਨੂੰ ਜੋ ਕੁੱਝ ਵੀ ਕਰਨਾ ਪਿਆ ਉਹ ਕਰ ਰਹੇ ਹਨ ਅਤੇ ਕਰਨਗੇ। ਕਾਨੂੰਨ ਬਦਲਣਾ ਤਾਂ ਬਹੁਤ ਛੋਟੀ ਗੱਲ ਹੈ। ਉਨ੍ਹਾਂ ਦਾ ਏਜੰਡਾ ਵੀ ਕਿਸੇ ਤੋਂ ਲੁਕਿਆ ਛੁਪਿਆ ਨਹੀ ਹੈ। ਉਨ੍ਹਾਂ ਦਾ ਨਿਸ਼ਾਨਾ ਦੇਸ਼ ਨੂੰ ਹਿੰਦੂ ਰਾਸ਼ਟਰ ਬਨਾਉਣਾ ਹੈ ਅਤੇ ਉਹਦੇ ਲਈ ਉਹ ਬੜੇ ਲੰਮੇ ਸਮੇ ਤੋਂ ਕੰਮ ਕਰ ਰਹੇ ਹਨ। ਉਨ੍ਹਾਂ ਦਾ ਦਹਾਕਿਆਂ ਤੱਕ ਰਾਜ ਕਰਨ ਦਾ ਦ੍ਰਿੜ ਸੰਕਲਪ ਵੀ ਹੈ,ਜਿਸਨੂੰ ਪੂਰਾ ਕਰਨ ਲਈ ਅਜਿਹੇ ਕਨੂੰਨੀ ਬਦਲਾਅ ਉਨ੍ਹਾਂ ਦੀ ਨੀਤੀ ਦਾ ਹਿੱਸਾ ਹੋ ਸਕਦੇ ਹਨ। ਇੱਕ ਹੋਰ ਮਹੱਤਵਪੂਰਨ ਨੁਕਤਾ ਇਹ ਵੀ ਹੈ ਕਿ ਅਜਿਹਾ ਕਰਨ ਦੇ ਪਿੱਛੇ ਭਾਜਪਾ ਦੀ ਲੰਮਾ ਸਮਾਂ ਰਾਜ ਕਰਨ ਦੀ ਲਾਲਸਾ ਹੋ ਸਕਦੀ ਹੈ,ਪਰ ਹਿੰਦੂ ਰਾਸ਼ਟਰ ਬਣਾਉਣ ਦੇ ਪਿੱਛੇ ਬਾਕਾਇਦਾ ਇੱਕ ਸੁਹਿਰਦ ਸੋਚ ਕੰਮ ਕਰਦੀ ਹੈ,ਜਿਹੜੀ ਆਪਣੇ ਕੌਮੀ ਜਜ਼ਬੇ ਨਾਲ ਲਬਰੇਜ ਹੈ। ਉਹ ਸੋਚ ਨੂੰ ਸੁਚਾਰੂ ਢੰਗ ਨਾਲ ਚਲਾ ਰਹੀ ਸੰਸਥਾ ਬੇਹੱਦ ਅਨੁਸ਼ਾਸਿਤ ਅਤੇ ਤਾਕਤਵਰ ਹੈ। ਉਨ੍ਹਾਂ ਕੋਲ ਬੌਧਿਕਤਾ ਦਾ ਵਿਸ਼ਾਲ ਭੰਡਾਰ ਹੈ, ਜਿਸ ਦੇ ਸਦਕਾ ਉਹ ਆਪਣੇ ਸੰਕਲਪ ਨੂੰ ਪੂਰਾ ਕਰਨ ਦੇ ਆਸਵੰਦ ਹਨ। ਉਨ੍ਹਾਂ ਦੇ ਬੁੱਧੀਜੀਵੀ ਭਾਰਤ ਅੰਦਰਲੇ ਗੈਰ ਹਿੰਦੂ ਮਤਾਂ ਦਾ ਗਹਿਰਾਈ ਨਾਲ ਅਧਿਐਨ ਕਰਦੇ ਹਨ, ਉਨ੍ਹਾਂ ਨੂੰ ਆਪਣੇ ਅੰਦਰ ਕਿਸਤਰ੍ਹਾਂ ਜਜ਼ਬ ਕਰਨਾ ਹੈ,ਉਹ ਬਹੁਤ ਚੰਗੀ ਤਰ੍ਹਾਂ ਜਾਣਦੇ ਹਨ। ਉਨ੍ਹਾਂ ਦੇ ਬੌਧਿਕ ਭੰਡਾਰ ਵਿੱਚ ਮਹਿਜ਼ ਕਿਤਾਬੀ ਕੀੜੇ ਹੀ ਨਹੀ,ਬਲਕਿ ਹਰ ਖੇਤਰ ਵਿੱਚ ਭਾਵੇਂ ਉਹ ਅਫਸਰਸ਼ਾਹੀ ਹੋਵੇ,ਗਾਇਕ ਗੀਤਕਾਰ,ਸੰਗੀਤਕਾਰ ਅਤੇ ਫਿਲਮੀ ਕਲਾਕਾਰ ਹੋਣ ਹਰ ਪਾਸੇ ਉਨ੍ਹਾਂ ਦਾ ਬੋਲਬਾਲਾ ਹੈ। ਇਤਿਹਾਸ ਨੂੰ ਦੁਬਾਰਾ ਨਵੇਂ ਰੂਪ ਵਿਚ ਲਿਖਣ ਤੋਂ ਲੈ ਕੇ ਪ੍ਰਚਾਰਨ ਤੱਕ ਸਭ ਕੁੱਝ ਨੀਤੀਬੱਧ ਹੈ। ਜਿਸ ਤਰ੍ਹਾਂ ਜੈਨ ਮੱਤ ਅਤੇ ਬੁੱਧ ਮੱਤ ਨੂੰ ਪਹਿਲਾਂ ਹੀ ਹਿੰਦੂ ਧਰਮ ਦਾ ਹਿੱਸਾ ਬਣਾ ਲਿਆ ਗਿਆ ਹੈ,ਇਸੇ ਤਰ੍ਹਾਂ ਹੀ ਸਿੱਖ ਮੱਤ ਨੂੰ ਵੀ ਮੁੜ ਤੋਂ ਹਿੰਦੂ ਧਰਮ ਵਿੱਚ ਰਲ਼ ਗਡ ਕਰਨ ਦੀਆਂ ਕੋਸ਼ਿਸ਼ਾਂ ਬੜੀ ਸੁਹਿਰਦਤਾ ਅਤੇ ਸੂਖਮ ਤਰੀਕੇ ਦੇ ਨਾਲ ਕੀਤੀਆਂ ਜਾ ਰਹੀਆਂ ਹਨ।

ਮੁਸਲਮਾਨਾਂ ਨਾਲ ਕਿਵੇਂ ਨਜਿੱਠਣਾ ਹੈ ਅਤੇ ਈਸਾਈਆਂ ਨੂੰ ਕਿਸ ਰੂਪ ਵਿਚ ਪਰਚਾਰ ਕਰਨ ਦੀ ਆਗਿਆ ਦੇਣੀ ਹੈ,ਇਹ ਉਨ੍ਹਾਂ ਦੇ ਵਿਸ਼ਾਲ ਬੌਧਿਕ ਵਰਗ ਨੇ ਤੈਅ ਕਰਨਾ ਹੈ। ਕੇਂਦਰ ਵਿੱਚ ਕਿਹੜੀ ਸਰਕਾਰ ਹੈ,ਇਹਦੇ ਨਾਲ ਉਨ੍ਹਾਂ ਨੂੰ ਕੋਈ ਫਰਕ ਨਹੀ ਪੈਂਦਾ,ਬਲਕਿ ਉਹ ਆਪਣੇ ਨਿਸ਼ਾਨੇ ਨੂੰ ਮਿਥੇ ਸਮੇਂ ਅਨੁਸਾਰ ਪੂਰਾ ਕਰਨ ਲਈ ਵਚਨਬਧ ਹਨ। ਪਹਿਲਾਂ ਕਾਂਗਰਸ ਨੇ ਅਜਿਹੇ ਖਤਰਨਾਕ ਕਨੂੰਨ ਪਾਸ ਕੀਤੇ,ਜਿੰਨ੍ਹਾਂ ਵਿੱਚ ਯੂਏਪੀਏ, ਟਾਡਾ, ਪੋਟਾ,ਐਨਐਸਏ ਅਤੇ ਅਫਸਫ਼ਾ ਵਰਗੇ ਕਾਲ਼ੇ ਕਨੂੰਨ ਸਾਮਲ ਹਨ,ਜਿਹੜੇ ਪੁਲਿਸ ਨੂੰ ਬੇਤਹਾਸਾ ਤਾਕਤਾਂ ਦਿੰਦੇ ਹਨ।

ਹੁਣ ਉਹੀ ਪ੍ਰਕਿਰਿਆ ਨੂੰ ਹੋਰ ਵਿਕਰਾਲ ਰੂਪ ਵਿੱਚ ਭਾਜਪਾ ਸਰਕਾਰ ਲੈ ਕੇ ਆਈ ਹੈ। ਆਪਣੇ ਨਿਸ਼ਾਨੇ ਦੀ ਪੂਰਤੀ ਲਈ ਜੇਕਰ ਤਿੰਨ ਅਪਰਾਧਿਕ ਕਨੂੰਨ ਬਦਲ ਕੇ ਦੇਸ਼ ਦੀ ਪੁਲਿਸ ਨੂੰ ਤਾਕਤਵਰ ਬਨਾਉਣ ਵੱਲ ਕਦਮ ਪੁੱਟਿਆ ਗਿਆ ਹੈ,ਤਾਂ ਇਹਦੇ ਵਿੱਚ ਕੋਈ ਹੈਰਾਨ ਹੋਣ ਵਾਲੀ ਗੱਲ ਨਹੀਂ ਹੈ,ਬਲਕਿ ਭਾਜਪਾ ਨੇ ਇਹ ਟੀਚਾ ਪੂਰਾ ਕਰਕੇ ਆਪਣੀ ਕੌਮ ਦੇ ਗੌਰਵ ਨੂੰ ਦੁਨੀਆਂ ਸਾਹਮਣੇ ਉੱਚਾ ਰਖਣਾ ਪਰ ਇੱਥੇ ਸੋਚਣ ਵਾਲੀ ਗੱਲ ਇਹ ਹੈ ਕਿ ਇਹ ਨਵੇਂ ਕਨੂੰਨ ਆਮ ਲੋਕਾਂ ਲਈ ਕੀ ਮਾਅਨੇ ਰੱਖਦੇ ਹਨ। ਖਾਸ ਕਰਕੇ ਇਨਸਾਫ ਪਸੰਦ,ਜਮਹੂਰੀਅਤ ਪਸੰਦ ਅਤੇ ਘੱਟ ਗਿਣਤੀਆਂ ਨੂੰ ਇਹ ਕਨੂੰਨ ਕਿਸ ਕਦਰ ਪ੍ਰਭਾਵਿਤ ਕਰਨਗੇ,ਇਹ ਮਹੱਤਵਪੂਰਨ ਅਤੇ ਫਿਕਰਮੰਦੀ ਵਾਲੀ ਗੱਲ ਹੈ। ਸੂਬਿਆਂ ਦੀਆਂ ਸਰਕਾਰਾਂ ਇਸ ਸਮੱਸਿਆ ਤੋਂ ਕਿਵੇਂ ਨਿਜਾਤ ਪਾਉਂਦੀਆਂ ਹਨ ਕਿਉਂਕਿ ਜਿੱਥੇ ਉਪਰੋਕਤ ਨਵੇਂ ਕਨੂੰਨ ਪੁਲਿਸ ਨੂੰ ਬੇਹੱਦ ਤਾਕਤਵਰ ਬਣਾ ਕੇ ਆਮ ਲੋਕਾਂ ਦੇ ਘਾਣ ਕਰਨ ਦਾ ਰਾਹ ਪੱਧਰਾ ਕਰਨਗੇ,ਉਥੇ ਪੁਲਿਸ ਜੋ ਕਿ ਪਹਿਲਾਂ ਹੀ ਮਿਲੇ ਅਧਿਕਾਰਾਂ ਦੀ ਦੁਰਵਰਤੋਂ ਕਰਨ ਲਈ ਅਕਸਰ ਹੀ ਜਾਣੀ ਜਾਂਦੀ ਹੈ,ਉਹ ਵਾਧੂ ਮਿਲੀ ਤਾਕਤ ਦੇ ਜੋਰ ਨਾਲ ਲੋਕਾਂ ਦਾ ਕੀ ਹਾਲ ਕਰੇਗੀ,ਇਹ ਕਹਿਣ ਦੀ ਗੱਲ ਨਹੀ ਹੈ। 70 ਅਤੇ 90 ਦੇ ਦਹਾਕੇ ਵਿੱਚ ਜਿਸਤਰ੍ਹਾਂ ਪੰਜਾਬ ਪੁਲਿਸ ਨੇ ਨਕਸਲੀ ਅਤੇ ਸਿੱਖ ਜਵਾਨੀ ਦਾ ਘਾਣ ਕੀਤਾ ਉਹ ਸਦੀਆਂ ਤੱਕ ਭੁੱਲਣਯੋਗ ਨਹੀਂ ਹੈ। ਇਹ ਕਾਨੂੰਨ ਪੁਲਿਸ ਅਤੇ ਜਨਤਾ ਦਰਮਿਆਨ ਹੋਰ ਖਿੱਚੋਤਾਣ ਪੈਦਾ ਕਰਨਗੇ, ਲਿਹਾਜ਼ਾ ਦੇਸ ਅੰਦਰ ਖਾਨਾਜੰਗੀ ਵਰਗੇ ਹਾਲਾਤ ਬਨਣ ਦੀ ਸੰਭਾਵਨਾ ਵਧ ਜਾਵੇਗੀ। ਜੇਕਰ ਪੁਰਾਣੇ ਕਾਨੂੰਨਾਂ ਦੇ ਪਰਿਪੇਖ ਵਿੱਚ ਨਵੇਂ ਕਨੂੰਨਾਂ ਦੀ ਸੰਖੇਪ ਵਿੱਚ ਗੱਲ ਕੀਤੀ ਜਾਵੇ, ਪਹਿਲਾਂ ਯੂ ਏ ਪੀ ਏ ਵਰਗੇ ਕਾਨੂੰਨ ਤਹਿਤ ਕਾਰਵਾਈ ਲਈ ਐਸ ਪੀ ਰੈਂਕ ਦਾ ਅਧਿਕਾਰੀ ਜਾਂਚ ਪੜਤਾਲ ਕਰਦਾ ਸੀ, ਅਤੇ ਮਾਹਿਰਾਂ ਦੀ ਇੱਕ ਕਮੇਟੀ ਬਣਾਈ ਜਾਂਦੀ ਸੀ,ਪਰ ਹੁਣ ਇਹ ਸ਼ਰਤਾਂ ਖਤਮ ਕਰ ਦਿੱਤੀਆਂ ਗਈਆਂ ਹਨ। ਹੁਣ ਇੱਕ ਥਾਣੇਦਾਰ ਕੇਸ ਦਰਜ ਕਰ ਸਕੇਗਾ।

(ਬਾਕੀ ਸਫ਼ਾ 31 'ਤੇ)

# ਸਭ ਜੀਵਾਂ ਲਈ ਬੇਹੱਦ ਅਹਿਮ ਹਨ ਮਹਾਂਸਾਗਰ

ਅਸ਼ਵਨੀ ਚਤਰਥ



ਪੁਲਾੜ ਤੋਂ ਵੇਖਣ 'ਤੇ ਧਰਤੀ ਨੀਲੇ ਰੰਗ ਦੇ ਗੋਲੇ ਦੀ ਤਰ੍ਹਾਂ ਨਜ਼ਰ ਆਉਂਦੀ ਹੈ ਜਿਸ ਉੱਤੇ ਭੂਰੇ, ਚਿੱਟੇ, ਹਰੇ ਅਤੇ ਪੀਲੇ ਰੰਗ ਦੇ ਧੱਬੇ ਬਣੇ ਹੋਏ ਨਜ਼ਰ ਆਉਂਦੇ ਹਨ। ਹਰਾ ਰੰਗ ਜੰਗਲਾਂ, ਚਿੱਟਾ ਰੰਗ ਬਰਫ਼ ਦੀਆਂ ਚੱਟਾਨਾਂ, ਪੀਲਾ ਤੇ ਭੂਰਾ ਰੰਗ ਜ਼ਮੀਨ ਤੇ ਪਹਾੜਾਂ ਅਤੇ ਨੀਲਾ ਰੰਗ ਧਰਤੀ ਦੇ ਵੱਖ-ਵੱਖ ਮਹਾਸਾਗਰਾਂ ਕਰਕੇ ਨਜ਼ਰ ਆਉਂਦਾ ਹੈ। ਧਰਤੀ ਦੇ ਕੁੱਲ ਰਕਬੇ ਦੇ ਦੋ ਤਿਹਾਈ (71 ਫ਼ੀਸਦੀ) ਹਿੱਸੇ ਉੱਤੇ ਮਹਾਸਾਗਰ ਹੀ ਹਨ। ਧਰਤੀ ਦੇ ਕੁੱਲ ਪਾਣੀ ਦਾ 97 ਫ਼ੀਸਦੀ ਹਿੱਸਾ ਮਹਾਸਾਗਰਾਂ ਵਿੱਚ ਹੀ ਹੈ। ਖਣਿਜ ਪਦਾਰਥ ਘੁਲੇ ਹੋਣ ਕਰਕੇ ਇਹ ਪਾਣੀ ਖਾਰਾ ਭਾਵ ਲੂਣਾ ਹੈ ਅਤੇ ਮਨੁੱਖੀ ਆਬਾਦੀ ਦੇ ਪੀਣ ਯੋਗ ਨਹੀਂ ਹੈ। ਮਹਾਸਾਗਰਾਂ ਦੀ ਹੇਠਲੀ ਤਹਿ ਉੱਤੇ ਪਏ ਰੇਤ, ਚਿੱਕੜ ਅਤੇ ਪਥਰੀਲੇ ਕਣ ਧਰਤੀ ਦੀਆਂ ਵੱਖ ਵੱਖ ਕੁਦਰਤੀ ਗਤੀਵਿਧੀਆਂ ਜਿਵੇਂ ਜਵਾਲਾਮੁਖੀਆਂ ਦੇ ਫਟਣ, ਭੋਇੰ-ਖੋਰ ਅਤੇ ਪਹਾੜਾਂ ਦੇ ਟੁੱਟਣ ਕਾਰਨ ਪੈਦਾ ਹੋਏ ਕਣਾਂ ਦੇ ਦਰਿਆਈ ਪਾਣੀਆਂ ਨਾਲ ਵਹਿ ਕੇ ਸਮੁੰਦਰਾਂ ਵਿੱਚ ਆ ਕੇ ਮਿਲਣ ਨਾਲ ਬਣਦੇ ਹਨ। ਮਹਾਸਾਗਰਾਂ ਦਾ ਕੁੱਲ ਖੇਤਰਫਲ 36 ਕਰੋੜ ਵਰਗ ਕਿਲੋਮੀਟਰ ਦੇ ਕਰੀਬ ਹੈ ਜੋ ਆਪਣੇ ਅੰਦਰ 1.35 ਅਰਬ ਘਣ ਕਿਲੋਮੀਟਰ ਆਇਤਨ ਦੇ ਬਰਾਬਰ ਪਾਣੀ ਨੂੰ ਸਮੋਈ ਬੈਠੇ ਹਨ। ਮਹਾਸਾਗਰਾਂ ਦੀ ਔਸਤ ਗਹਿਰਾਈ 3688 ਮੀਟਰ ਹੈ ਜਦੋਂਕਿ ਮਾਰੀਆਨਾ ਟਾਪੂ ਨੇੜੇ ਮਾਰੀਆਨਾ ਖੱਡ ਸਮੁੰਦਰ ਦੀ ਸਭ ਤੋਂ ਡੂੰਘੀ ਜਗ੍ਹਾ ਹੈ ਜਿਸ ਦੀ ਡੂੰਘਾਈ 10,994 ਮੀਟਰ ਹੈ। ਮਹਾਸਾਗਰਾਂ ਨੂੰ ਪੰਜ ਹਿੱਸਿਆਂ ਵਿੱਚ ਵੰਡਿਆ ਗਿਆ ਹੈ ਜੋ ਕਿ ਖੇਤਰਫਲ ਦੀ ਘਟਦੀ ਤਰਤੀਬ ਵਿੱਚ ਇੰਝ ਹਨ: ਪ੍ਰਸ਼ਾਂਤ ਮਹਾਸਾਗਰ, ਅਟਲਾਂਟਿਕ, ਹਿੰਦ ਮਹਾਸਾਗਰ, ਅੰਟਾਰਕਟਿਕ (ਦੱਖਣੀ)ਅਤੇ ਆਰਕਟਿਕ ਮਹਾਸਾਗਰ। ਵਿਗਿਆਨੀਆਂ ਦਾ ਖ਼ਿਆਲ ਹੈ ਕਿ ਮਹਾਸਾਗਰਾਂ ਵਿੱਚ ਬਨਸਪਤੀ ਅਤੇ ਜੀਵ-ਜੰਤੂਆਂ ਦੀਆਂ ਤਕਰੀਬਨ ਦਸ ਲੱਖ ਪ੍ਰਜਾਤੀਆਂ ਮੌਜੂਦ ਹਨ। ਸਮੁੰਦਰ ਇਨ੍ਹਾਂ ਜੀਵ-ਜੰਤੂਆਂ ਦਾ ਕੁਦਰਤੀ ਘਰ ਹੈ ਜਿੱਥੇ ਇਹ ਜੀਵ ਆਪਣੇ ਜੀਵਨ ਦੀਆਂ ਸਾਰੀਆਂ ਕੁਦਰਤੀ ਗਤੀਵਿਧੀਆਂ ਨੂੰ ਨੇਪਰੇ ਚਾੜ੍ਹਦੇ ਹਨ। ਵਿਗਿਆਨੀ ਇਹ ਵੀ ਦੱਸਦੇ ਹਨ ਕਿ ਉਹ ਹੁਣ ਤੱਕ ਇਸ ਸਮੁੰਦਰੀ ਖ਼ਜ਼ਾਨੇ ਦਾ ਸਿਰਫ਼ ਪੰਜਵਾਂ ਹਿੱਸਾ ਹੀ ਲੱਭ ਸਕੇ ਹਨ। ਸਮੁੰਦਰਾਂ ਵਿੱਚ ਮਿਲਦੀ ਬਨਸਪਤੀ ਵਿੱਚ ਅਨੇਕਾਂ ਤਰ੍ਹਾਂ ਦੀਆਂ ਕਾਈਆਂ ਜਿਵੇਂ ਲਾਲ, ਭੂਰੀ, ਪੀਲੀ ਅਤੇ ਹਰੀ ਕਾਈਆਂ ਤੋਂ ਇਲਾਵਾ ਸਮੁੰਦਰੀ ਉੱਲੀ, ਸਮੁੰਦਰੀ ਘਾਹ ਅਤੇ ਨੀਲੇ ਹਰੇ ਰੰਗ ਦੇ ਸਾਈਨੋ ਬੈਕਟੀਰੀਆ ਆਦਿ ਮੌਜੂਦ ਹਨ। ਇਹ ਸਾਰੀ ਬਨਸਪਤੀਆਂ ਸਮੁੰਦਰ ਦੇ ਉੱਪਰਲੇ ਤਲ ਤੋਂ ਸਿਰਫ਼ 200 ਮੀਟਰ ਦੀ ਡੂੰਘਾਈ ਤੱਕ ਹੀ ਮਿਲਦੀਆਂ ਹਨ। ਇਨ੍ਹਾਂ ਬਨਸਪਤੀਆਂ ਦੁਆਰਾ ਤਿਆਰ ਕੀਤਾ ਗਿਆ ਭੋਜਨ ਹੀ ਸਮੁੱਚੇ ਸਮੁੰਦਰਾਂ ਦੇ ਸਾਰੇ ਜੀਵਾਂ ਲਈ ਖ਼ੁਰਾਕ ਦਾ ਕੰਮ ਕਰਦਾ ਹੈ। ਮਹਾਸਾਗਰਾਂ ਵਿੱਚ ਮਿਲਦੇ ਜੰਤੂਆਂ ਵਿੱਚ ਡਾਲਫਿਨ, ਵੇਲ ਮੱਛੀ, ਸ਼ਾਰਕ, ਜੈਲੀ ਫਿਸ਼, ਸਮੁੰਦਰੀ ਸ਼ੇਰ, ਕੈੱਲਪ, ਕੱਛੂਕੁੰਮੇ, ਮੂੰਗੇ, ਧਰੂਵੀ ਰਿੱਛ, ਨੀਲੀ ਵੇਲ ਆਦਿ ਸ਼ਾਮਿਲ ਹਨ। ਅਣਗਿਣਤ ਬਨਸਪਤੀਆਂ ਅਤੇ ਜੰਤੂਆਂ ਨੂੰ ਆਪਣੇ ਅੰਦਰ ਧਾਰਨ ਕਰੀ ਬੈਠੇ ਸਮੁੰਦਰ ਧਰਤੀ ਉੱਪਰ ਵੱਸਦੇ ਜੀਵਾਂ ਲਈ ਫੇਫੜਿਆਂ ਦੀ ਨਿਆਈਂ ਹਨ ਕਿਉਂਕਿ ਵਾਯੂਮੰਡਲ ਵਿਚਲੀ ਕੁੱਲ ਆਕਸੀਜਨ ਦਾ ਤਕਰੀਬਨ ਅੱਧਾ ਹਿੱਸਾ ਸਮੁੰਦਰਾਂ ਤੋਂ ਹੀ ਆਉਂਦਾ ਹੈ। ਇਸ ਆਕਸੀਜਨ ਸਦਕਾ ਹੀ ਅਸੀਂ ਸਾਰੇ ਸਾਹ ਲੈਂਦੇ ਹਾਂ। ਇਸ ਲਈ ਸਮੂਹ ਜੀਵਾਂ ਦੀਆਂ ਸਾਹ ਕਿਰਿਆਵਾਂ ਜਾਰੀ ਰੱਖਣ ਲਈ ਸਮੁੰਦਰਾਂ ਨੂੰ ਸੁਰੱਖਿਅਤ ਰੱਖਣਾ ਬੇਹੱਦ ਲਾਜ਼ਮੀ ਹੈ। ਇਸ ਤੋਂ ਇਲਾਵਾ ਮਨੁੱਖ ਦੁਆਰਾ ਵੱਖ-ਵੱਖ ਕਿਰਿਆਵਾਂ ਰਾਹੀਂ ਛੱਡੀ ਗਈ ਕਾਰਬਨ ਡਾਇਆਕਸਾਈਡ ਦਾ ਤੀਜਾ ਹਿੱਸਾ ਸਮੁੰਦਰ ਹੀ ਸੋਖ ਲੈਂਦੇ ਹਨ। ਅਜਿਹਾ ਕਰਦਿਆਂ ਸਮੁੰਦਰ ਹਵਾ ਨੂੰ ਸ਼ੁੱਧ ਵੀ ਕਰਦੇ ਹਨ ਅਤੇ ਹਵਾ ਵਿਚਲੀ ਆਕਸੀਜਨ ਤੇ ਕਾਰਬਨ ਡਾਇਆਕਸਾਈਡ ਦੀ ਮਾਤਰਾ ਦਾ ਸੰਤੁਲਨ ਬਣਾਈ ਰੱਖਦੇ ਹਨ। ਮਹਾਸਾਗਰਾਂ ਦਾ ਪਾਣੀ ਸੂਰਜ ਦੀ ਗਰਮੀ ਆਪਣੇ ਅੰਦਰ ਸੋਖ ਕੇ ਆਲਮੀ ਤਪਸ਼ ਦੇ ਪ੍ਰਭਾਵ ਨੂੰ ਘੱਟ ਕਰਦਾ ਹੈ। ਸਮੁੰਦਰ ਗਰਮੀਆਂ ਵਿੱਚ ਧਰਤੀ ਦੀ ਗਰਮੀ ਸੋਖ ਕੇ ਠੰਢਕ ਪੈਦਾ ਕਰਦੇ ਹਨ ਅਤੇ ਸਰਦੀਆਂ ਵਿੱਚ ਧਰਤੀ ਨੂੰ ਗਰਮਾਹਟ ਦੇ ਕੇ ਵਾਤਾਵਰਨ ਨੂੰ ਨਿੱਘਾ ਕਰਦੇ ਹਨ। ਇਉਂ ਇਹ ਗਰਮੀਆਂ ਵਿੱਚ ਕੂਲਰ ਅਤੇ ਸਰਦੀਆਂ ਵਿੱਚ ਹੀਟਰ ਦਾ ਕੰਮ ਕਰਦੇ ਹਨ। ਮਹਾਸਾਗਰਾਂ ਤੋਂ ਚੱਲਦੀਆਂ ਪਾਣੀ ਨਾਲ ਭਰੀਆਂ ਹਵਾਵਾਂ ਵਿਸ਼ਵ ਦੇ ਜ਼ਿਆਦਾਤਰ ਇਲਾਕਿਆਂ ਵਿੱਚ ਮੀਂਹ ਵਰ੍ਹਾਉਣ ਦਾ ਕੰਮ ਕਰਦੀਆਂ ਹਨ ਜਿਸ ਨਾਲ ਫ਼ਸਲਾਂ ਦੀ ਸਿੰਜਾਈ ਕਰਨ ਦੇ ਨਾਲ-ਨਾਲ ਧਰਤੀ ਹੇਠਲੇ ਬੇਸ਼ਕੀਮਤੀ ਪਾਣੀ ਦੇ ਪੱਧਰ ਨੂੰ ਕਾਇਮ ਰੱਖਣ ਵਿੱਚ ਮਦਦ ਮਿਲਦੀ ਹੈ। ਇਹ ਪਾਣੀ ਧਰਤੀ ਦੇ ਜੀਵਾਂ ਲਈ ਪੀਣ ਦੇ ਕੰਮ ਆਉਂਦਾ ਹੈ ਅਤੇ ਪ੍ਰਿਥਵੀ ਉੱਤੇ ਜੀਵਨ ਦਾ ਆਧਾਰ ਹੈ। ਮੌਨਸੂਨ ਪੌਣਾਂ ਭਾਰਤ ਸਮੇਤ ਏਸ਼ੀਆ ਦੇ ਵੱਡੇ ਖਿੱਤੇ ਵਿੱਚ ਮੀਂਹ ਵਰ੍ਹਾ ਕੇ ਇਨ੍ਹਾਂ ਇਲਾਕਿਆਂ ਵਿੱਚ ਖੇਤੀ ਪ੍ਰਫੁੱਲਿਤ ਕਰਦੀਆਂ ਹਨ ਜਿਸ ਨਾਲ ਇਨ੍ਹਾਂ ਮੁਲਕਾਂ ਦੀ ਭੋਜਨ ਦੀ ਸਮੱਸਿਆ ਹੱਲ ਹੁੰਦੀ ਹੈ ਅਤੇ ਅਰਥਚਾਰੇ ਨੂੰ ਬਲ ਮਿਲਦਾ ਹੈ। ਇਹ ਪੌਣਾਂ ਏਸ਼ਿਆਈ ਖਿੱਤੇ 'ਚ ਰਹਿੰਦੇ ਲੋਕਾਂ ਲਈ ਬਹੁਪੱਖੀ ਢੰਗ ਨਾਲ ਫ਼ਾਇਦੇਮੰਦ ਹਨ। ਸਮੁੰਦਰ ਕੰਢੇ ਵੱਸਦੇ ਲੋਕਾਂ ਦੇ ਤਕਰੀਬਨ ਤੀਜੇ ਹਿੱਸਾ ਦਾ ਜੀਵਨ ਨਿਰਬਾਹ ਇਨ੍ਹਾਂ ਉੱਤੇ ਹੀ ਨਿਰਭਰ ਕਰਦਾ ਹੈ। ਇਨ੍ਹਾਂ ਲੋਕਾਂ ਲਈ ਸਮੁੰਦਰ ਭੋਜਨ ਪਦਾਰਥਾਂ ਦਾ ਸਰੋਤ ਹਨ ਅਤੇ ਨਮਕ, ਖਣਿਜ, ਰੇਤ, ਬਜਰੀ, ਮੱਛੀ, ਮੋਤੀ, ਮੂੰਗੇ, ਦਵਾਈਆਂ ਅਤੇ ਸਮੁੰਦਰੀ ਘਾਹ ਆਦਿ ਵਸਤਾਂ ਉਨ੍ਹਾਂ ਲਈ ਰੁਜ਼ਗਾਰ ਦਾ ਸਾਧਨ ਵੀ ਬਣਦੀਆਂ ਹਨ। ਉਕਤ ਤੋਂ ਇਲਾਵਾ ਸੈਰ ਸਪਾਟਾ ਅਤੇ ਊਰਜਾ ਦੇ ਸਾਧਨ ਪ੍ਰਾਪਤ ਕਰਕੇ ਇਨ੍ਹਾਂ ਲੋਕਾਂ ਦੁਆਰਾ ਹਰ ਸਾਲ ਤੀਹ ਖਰਬ ਡਾਲਰ ਦੇ ਕਰੀਬ ਆਮਦਨ ਵੀ ਕਮਾਈ ਜਾਂਦੀ ਹੈ। ਮਹਾਸਾਗਰਾਂ ਸਬੰਧੀ ਕੁਝ ਦਿਲਚਸਪ ਗੱਲਾਂ ਜਾਣਨਾ ਜ਼ਰੂਰੀ ਹੈ ਜਿਵੇਂ ਧਰਤੀ ਦੇ 90 ਫ਼ੀਸਦੀ ਜਵਾਲਾਮੁਖੀ ਸਮੁੰਦਰ ਵਿੱਚ ਹੀ ਆਉਂਦੇਹਨ। ਸਮੁੰਦਰ ਵਿੱਚ ਉੱਪਰੀ ਤਲ ਤੋਂ 330 ਫੁੱਟ ਡੂੰਘੇ ਪਾਣੀ ਤੱਕ ਹੀ ਰੌਸ਼ਨੀ ਹੈ ਅਤੇ ਇਸ ਤੋਂ ਥੱਲੇ ਹਨੇਰਾ ਹੀ ਹੈ। ਸਮੁੰਦਰ ਵਿੱਚ ਤਕਰੀਬਨ 2 ਕਰੋੜ ਟਨ ਸੋਨਾ ਪਾਣੀ ਵਿੱਚ ਘੁਲਿਆ ਹੋਇਆ ਹੈ। ਅਮਰੀਕਾ ਦੀ ਇੱਕ ਖੋਜ ਏਜੰਸੀ ਅਨੁਸਾਰ ਧਰਤੀ ਗ੍ਰਹਿ ਦੇ ਜੀਵਾਂ ਦੀ ਕੁੱਲ ਆਬਾਦੀ ਦਾ 94 ਫ਼ੀਸਦੀ ਹਿੱਸਾ ਮਹਾਸਾਗਰਾਂ ਵਿੱਚ ਹੀ ਹੈ। ਵਿਗਿਆਨੀਆਂ ਵੱਲੋਂ 2002 ਦੀ ਇੱਕ ਖੋਜ ਵਿੱਚ ਪਤਾ ਲੱਗਾ ਹੈ ਕਿ ਕੈਲੀਫੋਰਨੀਆ ਨੇੜੇ ਪ੍ਰਸ਼ਾਂਤ ਮਹਾਸਾਗਰ ਵਿੱਚ ਵ੍ਹਾਈਟ ਸ਼ਾਰਕ ਕੈਫੇ ਨਾਂ ਦੀ ਜਗ੍ਹਾ ਉੱਤੇ ਚਿੱਟੇ ਰੰਗ ਦੀਆਂ ਸ਼ਾਰਕਾਂ ਸਰਦ ਰੁੱਤ ਦੀਆਂ ਛੁੱਟੀਆਂ ਮਨਾਉਣ ਚਲੀਆਂ ਜਾਂਦੀਆਂ ਹਨ। ਸਮੁੰਦਰ ਵਿੱਚ ਮਿੱਡ ਓਸ਼ਨਿਕ ਰਿਜ ਨਾਂ ਦੀ ਪਹਾੜੀ ਦੀ ਲੰਬਾਈ 40390 ਮੀਲ ਹੈ ਜੋ ਕਿ ਧਰਤੀ ਦੀ ਸਭ ਤੋਂ ਵੱਡੀ ਪਹਾੜੀ ਤੋਂ ਕਿਤੇ ਜ਼ਿਆਦਾ ਲੰਮੀ ਹੈ।

(ਬਾਕੀ ਸਫ਼ਾ 31 'ਤੇ)

# ਤਬਾਹੀ ਮਚਾ ਰਹੀ ਹੈ ਆਲਮੀ ਤਪਸ਼





ਸੁਰਜੀਤ ਸਿੰਘ ਫਲੋਰਾ

ਜਰਨਲ ਆਫ਼ ਗਲੋਬਲ ਹੈਲਥ ਵਿੱਚ ਪ੍ਰਕਾਸ਼ਿਤ ਪੇਪਰਾਂ ਦੇ ਇੱਕ ਨਵੇਂ ਸੰਗ੍ਰਹਿ ਅਨੁਸਾਰ, ਗਰਭਵਤੀ ਔਰਤਾਂ, ਨਵਜੰਮੇ ਬੱਚੇ, ਬੱਚੇ, ਕਿਸ਼ੋਰ ਅਤੇ ਬਜ਼ੁਰਗ ਲੋਕ ਜਲਵਾਯੂ ਪਰਿਵਰਤਨ ਕਾਰਨ ਗੰਭੀਰ ਸਿਹਤ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਹਨ ਅਤੇ ਫਿਰ ਵੀ ਇਨ੍ਹਾਂ ਸਮੂਹਾਂ ਦੀਆਂ ਵਿਸ਼ੇਸ਼ ਲੋੜਾਂ ਨੂੰ ਵੱਡੇ ਪੱਧਰ 'ਤੇ ਨਜ਼ਰਅੰਦਾਜ਼ ਕੀਤਾ ਗਿਆ ਹੈ। ਇਸ 'ਚ ਛਪੇ ਲੇਖ ਜੀਵਨ ਵਿੱਚ ਮੁੱਖ ਪੜਾਵਾਂ 'ਤੇ ਵੱਖ-ਵੱਖ ਜਲਵਾਯੂ ਖ਼ਤਰਿਆਂ ਦਾ ਸਿਹਤ 'ਤੇ ਪਏ ਅਸਰਾਂ ਅਤੇ ਉਪਲੱਬਧ ਵਿਗਿਆਨਕ ਸਬੂਤਾਂ ਦਾ ਦਸਤਾਵੇਜ਼ੀਕਰਨ ਕਰਦੇ ਹਨ।

ਇਨ੍ਹਾਂ ਲੇਖਾਂ 'ਚ ਗਰਮੀ ਦੀਆਂ ਲਹਿਰਾਂ ਤੋਂ ਲੈ ਕੇ ਹਵਾ ਪ੍ਰਦੂਸ਼ਣ ਅਤੇ ਜੰਗਲੀ ਅੱਗ ਅਤੇ ਹੜ੍ਹ ਵਰਗੀਆਂ ਕੁਦਰਤੀ ਆਫ਼ਤਾਂ ਤੱਕ ਦਾ ਵਰਨਣ ਹੈ ਪਰ ਛੋਟੇ ਅਤੇ ਬਜ਼ੁਰਗ ਲੋਕਾਂ ਲਈ ਅਤੇ ਗਰਭ ਅਵਸਥਾ ਦੌਰਾਨ, ਗੰਭੀਰ, ਅਕਸਰ ਜਾਨਲੇਵਾ ਪ੍ਰਭਾਵਾਂ ਦੇ ਨਾਲ, ਜਲਵਾਯੂ ਸਬੰਧੀ ਸਿਹਤ ਜੋਖ਼ਮਾਂ ਨੂੰ ਮਹੱਤਵਪੂਰਨ ਤੌਰ 'ਤੇ ਘੱਟ ਸਮਝਿਆ ਗਿਆ ਹੈ। ਜਿਸ ਲਈ ਲੋਕਾਂ ਨੂੰ ਭਾਰੀ ਕੀਮਤ ਦਾ ਭੁਗਤਾਨ ਬਹੁਤ ਜ਼ਿਆਦਾ ਗਰਮੀ ਦਾ ਸਾਹਮਣਾ ਕਰ ਕੇ ਕਰਨਾ ਪੈ ਰਿਹਾ ਹੈ। ਉਦਾਹਰਨ ਵਜੋਂ ਲੈਂਦੇ ਹੋਏ, ਲੇਖ ਵਿੱਚ ਦਰਸਾਇਆ ਗਿਆ ਹੈ ਕਿ ਸਮੇਂ ਤੋਂ ਪਹਿਲਾਂ ਜਨਮ, ਬਚਪਨ 'ਚ ਹੁੰਦੀਆਂ ਮੌਤਾਂ ਦਾ ਮੁੱਖ ਕਾਰਨ ਗਰਮੀ ਦੀਆਂ ਲਹਿਰਾਂ ਦਾ ਵਧਣਾ ਹੈ, ਜਦੋਂ ਕਿ ਬਜ਼ੁਰਗ ਲੋਕਾਂ ਨੂੰ ਦਿਲ ਦੇ ਦੌਰੇ ਜਾਂ ਸਾਹ ਲੈਣ ਵਿੱਚ ਤਕਲੀਫ਼ ਹੋਣ ਦੀ ਜ਼ਿਆਦਾ ਸੰਭਾਵਨਾ ਹੁੰਦੀ ਹੈ।23.9 ਡਿਗਰੀ ਸੈਲਸੀਅਸ ਤੋਂ ਵੱਧ ਰੋਜ਼ਾਨਾ ਘੱਟੋ-ਘੱਟ ਤਾਪਮਾਨ ਵਿੱਚ ਹਰੇਕ ਵਾਧੂ ਇੱਕ ਡਿਗਰੀ ਸੈਲਸੀਅਸ (1 ਡਿਗਰੀ ਸੈਲਸੀਅਸ) ਬਾਲ ਮੌਤ ਦੇ ਜੋਖ਼ਮ ਨੂੰ 22.4 ਪ੍ਰਤੀਸ਼ਤ ਤੱਕ ਵਧਾਉਂਦਾ ਦਿਖਾਇਆ ਗਿਆ ਹੈ। ਇਹ ਅਧਿਐਨ ਸਪੱਸ਼ਟ ਤੌਰ 'ਤੇ ਦਰਸਾਉਂਦੇ ਹਨ ਕਿ ਜਲਵਾਯੂ ਪਰਿਵਰਤਨ ਬਹੁਤ ਵੱਡੀ ਵੱਡੀ ਪੱਧਰ 'ਤੇ ਸਿਹਤ ਲਈ ਖ਼ਤਰਾ ਪੈਦਾ ਕਰ ਰਹੇ ਹਨ ਅਤੇ ਇਹ ਕਿ ਕੁਝ ਆਬਾਦੀ ਪਹਿਲਾਂ ਹੀ ਭਾਰੀ ਕੀਮਤ ਅਦਾ ਕਰ ਰਹੀ ਹੈ।

ਸਰੀਰਕ ਤੇ ਮਾਨਸਿਕ ਸਿਹਤ 'ਤੇ ਪ੍ਰਭਾਵ

ਡਾ ਅੰਸ਼ੂ ਬੈਨਰਜੀ ਵਿਸ਼ਵ ਸਿਹਤ ਸੰਗਠਨ ਦੇ ਨਿਰਦੇਸ਼ਕ ਨੇ ਕਿਹਾ ਹੈ ਕਿ ਜਦੋਂ ਜਲਵਾਯੂ ਪਰਿਵਰਤਨ ਬਾਰੇ ਜਾਗਰੂਕਤਾ ਵਧੀ ਹੈ, ਸਭ ਤੋਂ ਵੱਧ ਜੋਖ਼ਮ ਵਾਲੇ ਲੋਕਾਂ ਦੇ ਜੀਵਨ ਨੂੰ ਸੁਰੱਖਿਅਤ ਕਰਨ ਲਈ ਕਾਰਵਾਈਆਂ ਨੇ ਮੁਸ਼ਕਿਲ ਨਾਲ ਉਸ ਚੀਜ਼ ਦੀ ਸਤ੍ਹਾ ਨੂੰ ਖੁਰਚਿਆ ਹੈ ਜਿਸ ਦੀ ਲੋੜ ਹੈ। ਉਸਨੇ ਅੱਗੇ ਕਿਹਾ ਜਲਵਾਯੂ ਨਿਆਂ ਦੀ ਪ੍ਰਾਪਤੀ ਲਈ, ਇਸ ਦਾ ਤੁਰੰਤ ਨਿਪਟਾਰਾ ਕੀਤਾ ਜਾਣਾ ਚਾਹੀਦਾ ਹੈ। ਡਬਲਿਊ ਐੱਸ ਓ ਦੇ ਮਾਹਿਰਾਂ ਅਤੇ ਦੁਨੀਆ ਭਰ ਦੇ ਅਕਾਦਮਿਕਾਂ ਦੁਆਰਾ ਲਿਖੇ ਗਏ, ਕਲਾਈਮੇਟ ਚੇਂਜ ਐਕਰੋਸ ਦਿ ਲਾਈਫ ਕੋਰਸ ਸਿਰਲੇਖ ਵਾਲਾ ਸੰਗ੍ਰਹਿ, ਵੱਖ-ਵੱਖ ਜਲਵਾਯੂ ਖ਼ਤਰਿਆਂ ਕਾਰਨ ਪੈਦਾ ਹੋਣ ਵਾਲੇ ਖ਼ਾਸ ਸਰੀਰਕ ਅਤੇ ਮਾਨਸਿਕ ਸਿਹਤ ਪ੍ਰਭਾਵਾਂ ਦੀ ਰਿਪੋਰਟ ਕਰਦਾ ਹੈ।



### ਉੱਚ ਤਾਪਮਾਨ ਦਿੰਦਾ ਜਾਨਲੇਵਾ ਰੋਗਾਂ ਨੂੰ ਸੱਦਾ

ਉੱਚ ਤਾਪਮਾਨ ਦੇ ਮਾੜੇ ਨਤੀਜਿਆਂ 'ਚ ਅਚਨਚੇਤੀ ਜਨਮ ਅਤੇ ਮਰੇ ਹੋਏ ਬੱਚੇ ਦਾ ਜਨਮ, ਨਾਲ ਹੀ ਗਰਭ ਅਵਸਥਾ ਵਿੱਚ ਹਾਈਪਰਟੈਨਸ਼ਨ ਅਤੇ ਗਰਭਕਾਲੀ ਸ਼ੂਗਰ ਸ਼ਾਮਲ ਹਨ। ਗਰਮੀ ਦੀਆਂ ਲਹਿਰਾਂ ਬੋਧਾਤਮਕ ਕਾਰਜਾਂ ਨੂੰ ਪ੍ਰਭਾਵਤ ਕਰਦੀਆਂ ਹਨ ਅਤੇ, ਇਸ ਲਈ, ਬੱਚਿਆਂ ਅਤੇ ਕਿਸ਼ੋਰਾਂ ਲਈ ਸਿੱਖਣ ਨੂੰ ਪ੍ਰਭਾਵਿਤ ਕਰਦੀਆਂ ਹਨ, ਜਦੋਂ ਕਿ ਬਜ਼ੁਰਗ ਲੋਕਾਂ ਵਿੱਚ ਦਿਲ ਦੇ ਦੌਰੇ ਅਤੇ ਸਾਹ ਦੀਆਂ ਜਟਿਲਤਾਵਾਂ ਵਧਦੀਆਂ ਹਨ। ਨਾਲ ਹੀ, ਵਾਤਾਵਰਣ ਦਾ ਪ੍ਰਦੂਸ਼ਣ ਗਰਭ ਅਵਸਥਾ ਦੌਰਾਨ ਹਾਈ ਬਲੱਡ ਪ੍ਰੈਸ਼ਰ, ਘੱਟ ਜਨਮ ਵਜ਼ਨ, ਸਮੇਂ ਤੋਂ ਪਹਿਲਾਂ ਜਨਮ, ਅਤੇ ਭਰੂਣ ਦੇ ਦਿਮਾਗ ਅਤੇ ਫੇਫੜਿਆਂ ਦੇ ਵਿਕਾਸ ਤੇ ਨਾਂਹ-ਪੱਖੀ ਪ੍ਰਭਾਵਾਂ ਦੀ ਸੰਭਾਵਨਾ ਨੂੰ ਵਧਾਉਂਦਾ ਹੈ। ਇਹ ਬੱਚਿਆਂ ਅਤੇ ਬਜ਼ੁਰਗ ਲੋਕਾਂ ਵਿੱਚ ਸਾਹ ਦੀ ਬਿਮਾਰੀ ਦੇ ਜੋਖ਼ਮ ਨੂੰ ਵਧਾਉਂਦਾ ਹੈ, ਜਿਨ੍ਹਾਂ ਨੂੰ ਕੈਂਸਰ, ਕਾਰਡੀਓਵੈਸਕੁਲਰ ਬਿਮਾਰੀ, ਅਤੇ ਨਮੂਨੀਆ ਦੇ ਵਧੇਰੇ ਜੋਖ਼ਮ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਤੋਂ ਇਲਾਵਾ, ਜਲਵਾਯੂ-ਸਬੰਧਤ ਕੁਦਰਤੀ ਆਫ਼ਤਾਂ ਦਾ ਮਾਨਸਿਕ ਅਤੇ ਸਰੀਰਕ ਸਿਹਤ 'ਤੇ ਅਹਿਮ ਪ੍ਰਭਾਵ ਪੈਂਦਾ ਹੈ। ਹੜ੍ਹ ਅਤੇ ਸੋਕਾ ਸੁਰੱਖਿਅਤ ਪਾਣੀ ਅਤੇ ਭੋਜਨ ਸਪਲਾਈ ਤੱਕ ਪਹੁੰਚ ਨੂੰ ਘਟਾਉਂਦਾ ਹੈ। ਦਸਤ ਦੀਆਂ ਬਿਮਾਰੀਆਂ ਅਤੇ ਕੁਪੋਸ਼ਣ ਨੂੰ ਵਧਾਉਂਦਾ ਹੈ। ਜੰਗਲ ਦੀ ਅੱਗ ਬਜ਼ੁਰਗ ਲੋਕਾਂ ਲਈ ਸਾਹ ਦੀਆਂ ਬਿਮਾਰੀਆਂ ਅਤੇ ਕਾਰਡੀਓਵੈਸਕੁਲਰ ਮੌਤ ਦਰ ਨੂੰ ਵਧਾਉਣ ਲਈ ਦਿਖਾਈ ਗਈ ਹੈ। ਹਾਲਾਂਕਿ ਜਲਵਾਯੂ ਪਰਿਵਰਤਨ ਹਰ ਕਿਸੇ ਨੂੰ ਪ੍ਰਭਾਵਿਤ ਕਰਦਾ ਹੈ, ਜਲਵਾਯੂ-ਸਬੰਧਤ ਵਿਸਥਾਪਨ ਅਤੇ ਵਿਘਨ ਉਨ੍ਹਾਂ ਲੋਕਾਂ ਲਈ ਗੰਭੀਰ ਨਤੀਜੇ ਹਨ ਜਿਨ੍ਹਾਂ ਨੂੰ ਸਿਹਤ ਸੇਵਾਵਾਂ ਅਤੇ ਸਮਾਜਿਕ ਸਹਾਇਤਾ ਤੱਕ ਨਿਯਮਤ ਪਹੁੰਚ ਦੀ ਲੋੜ ਹੁੰਦੀ ਹੈ। ਨਵਜੰਮੇ ਬੱਚਿਆਂ ਅਤੇ ਬਜ਼ੁਰਗਾਂ ਦੇ ਨਾਲ-ਨਾਲ ਗਰਭਵਤੀ ਔਰਤਾਂ ਵਿੱਚ ਖ਼ਾਸ ਸਰੀਰਕ ਜੋਖ਼ਮ ਦੇ ਕਾਰਕ ਹੋ ਸਕਦੇ ਹਨ, ਜਿਵੇਂ ਕਿ ਤਾਪਮਾਨ ਨਿਯਮ ਵਿੱਚ ਮੁਸ਼ਕਲ, ਡੀਹਾਈਡਰੇਸ਼ਨ ਦੀ ਕਮਜ਼ੋਰੀ, ਅਤੇ/ਜਾਂ ਕਮਜ਼ੋਰ ਇਮਿਊਨ ਸਿਸਟਮ। ਉਨ੍ਹਾਂ ਨੂੰ ਜਲਵਾਯੂ ਪਰਿਵਰਤਨ ਅਤੇ ਸਬੰਧਿਤ ਆਫ਼ਤਾਂ ਦੇ ਅਸਿੱਧੇ ਪ੍ਰਭਾਵਾਂ, ਜਿਵੇਂ ਕਿ ਭੋਜਨ ਅਤੇ ਪਾਣੀ ਦੀ ਕਮੀ ਅਤੇ ਵੈਕਟਰ ਅਤੇ ਪਾਣੀ ਤੋਂ ਪੈਦਾ ਹੋਣ ਵਾਲੀਆਂ ਬਿਮਾਰੀਆਂ ਵਿੱਚ ਵਾਧਾ ਦੇ ਅਸਿੱਧੇ ਪ੍ਰਭਾਵਾਂ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ।

### ਗਰੀਨ ਹਾਊਸ ਗੈਸਾਂ ਦੇ ਨਿਕਾਸ ਦਾ ਅਸਰ

ਇੱਕ ਸਿਹਤਮੰਦ ਵਾਤਾਵਰਣ ਜੀਵਨ ਭਰ ਦੀ ਸਿਹਤ ਨੂੰ ਦਰਸਾਉਂਦਾ ਹੈ। ਬਚਪਨ ਅਤੇ ਜਵਾਨੀ ਵਿੱਚ ਸਿਹਤਮੰਦ ਵਿਕਾਸ ਅਤੇ ਸਿਹਤਮੰਦ ਗਰਭ-ਅਵਸਥਾ ਅਤੇ ਸਿਹਤਮੰਦ ਬੁਢਾਪੇ ਨੂੰ ਸਮਰੱਥ ਬਣਾਉਂਦਾ ਹੈ। ਅਨਾਇਦਾ ਪੋਰਟੇਲਾ ਦੇ ਵਿਗਿਆਨੀ ਨੇ ਕਿਹਾ ਹੈ ਕਿ ਗਰੀਨ ਹਾਊਸ ਗੈਸਾਂ ਦੇ ਨਿਕਾਸ ਨੂੰ ਘਟਾ ਕੇ ਅਤੇ ਜਲਵਾਯੂ ਲਚਕੀਲਾਪਣ ਬਣਾਉਣ ਲਈ ਜਲਵਾਯੂ ਤਬਦੀਲੀ ਨੂੰ ਘਟਾਉਣ ਦੀ ਤੁਰੰਤ ਲੋੜ ਹੈ। ਜੀਵਨ ਦੇ ਇਨ੍ਹਾਂ ਵੱਖ-ਵੱਖ ਪੜਾਵਾਂ 'ਤੇ ਸਿਹਤ ਦੀ ਰੱਖਿਆ ਕਰਨ ਵਾਲੀਆਂ ਖ਼ਾਸ ਕਾਰਵਾਈਆਂ ਕਰਨ ਲਈ, ਅਤੇ ਮੌਸਮੀ ਆਫ਼ਤਾਂ ਦੇ ਵਾਪਰਨ ਵੇਲੇ ਸਭ ਤੋਂ ਵੱਧ ਜੋਖ਼ਮ ਵਾਲੇ ਲੋਕਾਂ ਲਈ ਸਿਹਤ ਸੇਵਾਵਾਂ ਦੀ ਨਿਰੰਤਰਤਾ ਨੂੰ ਯਕੀਨੀ ਬਣਾਉਣ ਲਈ ਕਦਮ ਪੁੱਟਣ ਦੀ ਲੋੜ ਹੈ।

### ਜੋਖ਼ਮ ਘੱਟ ਕਰਨ ਲਈ ਯੋਜਨਾਵਾਂ ਉਲੀਕਣੀਆਂ

ਬੋਧਾਤਮਕ ਰੁਕਾਵਟਾਂ ਖ਼ਾਸ ਕਰਕੇ ਆਬਾਦੀ ਲਈ ਵੱਖ-ਵੱਖ ਜਲਵਾਯੂ ਖ਼ਤਰਿਆਂ ਦੇ ਸਿਹਤ ਪ੍ਰਭਾਵਾਂ ਦਾ ਦਸਤਾਵੇਜ਼ੀਕਰਨ ਕਰ ਕੇ, ਖੋਜਕਰਤਾਵਾਂ ਦਾ ਉਦੇਸ਼ ਸਰਕਾਰਾਂ ਅਤੇ ਪ੍ਰੋਗਰਾਮਾਂ ਨੂੰ ਜੋਖ਼ਮਾਂ ਨੂੰ ਹੱਲ ਕਰਨ ਅਤੇ ਕਾਰਵਾਈ ਕਰਨ ਦੀ ਯੋਜਨਾ ਬਣਾਉਣ ਵਿੱਚ ਮਦਦ ਕਰਨਾ ਹੈ।

ਵਰਤਮਾਨ ਵਿੱਚ, ਕੁਝ ਜਲਵਾਯੂ ਅਨੁਕੂਲਨ ਉਪਾਅ ਔਰਤਾਂ, ਨਿਆਣਿਆਂ, ਬੱਚਿਆਂ ਅਤੇ ਕਿਸ਼ੋਰਾਂ ਦੀਆਂ ਖ਼ਾਸ ਲੋੜਾਂ ਲਈ ਤਿਆਰ ਕੀਤੇ ਗਏ ਹਨ। ਉਪਾਵਾਂ ਵਿੱਚ ਅਤਿਅੰਤ ਮੌਸਮੀ ਘਟਨਾਵਾਂ ਅਤੇ ਵੱਧਦੇ ਤਾਪਮਾਨਾਂ ਲਈ ਬੱਚਿਆਂ ਦੀ ਦੇਖਭਾਲ, ਸਮਾਜਿਕ ਦੇਖਭਾਲ ਅਤੇ ਵਿਦਿਅਕ ਪ੍ਰਣਾਲੀਆਂ ਨੂੰ ਤਿਆਰ ਕਰਨਾ ਸ਼ਾਮਲ ਹੋਣਾ ਚਾਹੀਦਾ ਹੈ। ਇਸ ਦੇ ਨਾਲ ਹੀ ਹਰ ਉਮਰ ਦੇ ਲੋਕਾਂ ਨੂੰ ਜਲਵਾਯੂ ਕਾਰਵਾਈ, ਸੰਵਾਦ ਅਤੇ ਯੋਜਨਾਬੰਦੀ ਵਿੱਚ ਸ਼ਾਮਲ ਕਰਨਾ ਹੋਣਾ ਚਾਹੀਦਾ ਹੈ। ਸਾਲ 2023, 170 ਤੋਂ ਵੱਧ ਸਾਲਾਂ ਵਿੱਚ ਰਿਕਾਰਡ ਤੇ ਸਭ ਤੋਂ ਗਰਮ ਸਾਲ ਸੀ, ਅਤੇ ਜੰਗਲੀ ਅੱਗ ਤੋਂ ਲੈ ਕੇ ਚੱਕਰਵਾਤ, ਹੜ੍ਹਾਂ, ਅਤੇ ਬਹੁਤ ਜ਼ਿਆਦਾ ਗਰਮੀ ਤੱਕ ਕਈ ਮੌਸਮੀ ਸੰਕਟ ਕਾਲ ਸਨ।

### ਦਮਨਕਾਰੀ ਗਰਮੀ ਨੇ ਲਈਆਂ ਕਈ ਜਾਨਾਂ

ਜਿਵੇਂ ਕਿ 7 ਮਈ ਨੂੰ ਭਾਰਤ ਵਿੱਚ ਤਾਪਮਾਨ 110 ਡਿਗਰੀ ਫਾਰਨਹੀਟ (43.3 ਸੈਲਸੀਅਸ) ਤੋਂ ਵੱਧ ਦੇ ਨਾਲ, ਅਪ੍ਰੈਲ ਅਤੇ ਮਈ 2024 ਵਿੱਚ ਏਸ਼ੀਆ ਦੇ ਵੱਡੇ ਖੇਤਰਾਂ ਵਿੱਚ ਇੱਕ ਘਾਤਕ ਹੀਟਵੇਵ ਨੇ ਹਫ਼ਤਿਆਂ ਲਈ ਆਪਣੀ ਲਪੇਟ ਵਿੱਚ ਲਿਆ। ਦਮਨਕਾਰੀ ਗਰਮੀ ਨੇ ਸਿਆਸਤਦਾਨਾਂ, ਸਥਾਨਕ ਖ਼ਬਰਾਂ ਦੇ ਘੋਸ਼ਣਾਕਰਤਾਵਾਂ ਅਤੇ ਵੋਟਰਾਂ ਨੂੰ ਬੇਹੋਸ਼ ਕਰ ਦਿੱਤਾ। ਜਾਪਾਨ ਤੋਂ ਲੈ ਕੇ ਫਿਲੀਪੀਨਜ਼ ਤੱਕ, ਲਗਾਤਾਰ ਗਰਮੀ ਨੇ ਰੋਜ਼ਾਨਾ ਜੀਵਨ ਨੂੰ ਵਿਗਾੜ ਦਿੱਤਾ। ਕੰਬੋਡੀਆ ਵਿੱਚ, ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਘਰ ਭੇਜ ਦਿੱਤਾ ਗਿਆ ਕਿਉਂਕਿ ਹੱਥ ਵਿੱਚ ਫੜੇ ਹੋਏ ਪੱਖੇ ਮਾੜੇ ਹਵਾਦਾਰ ਕਲਾਸਰੂਮਾਂ ਵਿੱਚ ਥੋੜ੍ਹੀ ਰਾਹਤ ਪ੍ਰਦਾਨ ਕਰਦੇ ਹਨ। ਕਿਸਾਨਾਂ ਨੇ ਫ਼ਸਲਾਂ ਨੂੰ ਸੁੱਕਦੇ ਹੋਏ ਅਤੇ ਪਸ਼ੂਆਂ ਦੀਆਂ ਸੂਰਜ ਦੀ ਗਰਮੀ ਨਾ ਸਹਿੰਦੇ ਹੋਰੇ ਸੈਂਕੜੇ ਮੌਤਾਂ ਹੁੰਦੀਆਂ ਦੇਖੀਆਂ।

### ਸੰਕਟ ਦੇ ਹੋਰ ਜਾਨਲੇਵਾ ਹੋਣ ਦੀ ਸੰਭਾਵਨਾ

ਦੁਨੀਆਂ ਨੂੰ ਹਾਲ ਹੀ ਦੇ ਸਾਲਾਂ ਵਿੱਚ ਬਹੁਤ ਜ਼ਿਆਦਾ ਗਰਮੀ ਦਾ ਸਾਹਮਣਾ ਕਰਨਾ ਪਿਆ ਹੈ। 2023 'ਚ ਦੱਖਣ-ਪੱਛਮੀ ਸੰਯੁਕਤ ਰਾਜ ਵਿੱਚ ਇੱਕ ਹਫ਼ਤਾ ਲੰਬੀ ਗਰਮੀ ਦੀ ਲਹਿਰ ਨੂੰ 31 ਦਿਨਾਂ ਲਈ ਸਹਿਣ ਕੀਤਾ ਗਿਆ। ਯੂਰਪ ਨੂੰ ਬੇਮਿਸਾਲ ਤਾਪਮਾਨ ਦਾ ਸਾਹਮਣਾ ਕਰਨਾ ਪਿਆ ਜਿਸ ਨੇ ਸੈਂਕੜੇ ਲੋਕਾਂ ਨੂੰ ਮਾਰਿਆ। ਗ੍ਰੀਸ ਅਤੇ ਕੈਨੇਡਾ ਵਿੱਚ ਜੰਗਲੀ ਅੱਗ ਦਾ ਸਾਹਮਣਾ ਕੀਤਾ। ਬੁੱਢੇ ਤੇ ਬਾਲਗ ਖ਼ਾਸ ਤੌਰ 'ਤੇ ਬਹੁਤ ਜ਼ਿਆਦਾ ਗਰਮੀ ਦਾ ਸ਼ਿਕਾਰ ਹੁੰਦੇ ਹਨ, ਅਤੇ ਇਹ ਸੰਕਟ ਹੋਰ ਵਿਗੜਨ ਦੀ ਉਮੀਦ ਹੈ।

### ਉਮਰਦਰਾਜ ਲੋਕਾਂ ਦੀ ਵੱਧ ਰਹੀ ਹੈ ਗਿਣਤੀ

ਜਲਵਾਯੂ ਪਰਿਵਰਤਨ ਅਤੇ ਆਬਾਦੀ ਦੀ ਉਮਰ ਵਧਣ ਤੇ ਸਾਡੀ ਖੋਜ ਪਰੇਸ਼ਾਨ ਕਰਨ ਵਾਲੇ ਦੋ ਰੁਝਾਨਾਂ ਨੂੰ ਪ੍ਰਗਟ ਕਰਦੀ ਹੈ। ਪਹਿਲਾ, ਵਿਸ਼ਵ ਦਾ ਤਾਪਮਾਨ ਪਹਿਲਾਂ ਨਾਲੋਂ ਜ਼ਿਆਦਾ ਗਰਮ ਹੈ, 2015-2023 ਰਿਕਾਰਡ ਤੇ ਸਭ ਤੋਂ ਗਰਮ ਸਮਾਂ ਰਿਹਾ ਹੈ। ਦੂਜਾ, ਵਿਸ਼ਵਵਿਆਪੀ ਆਬਾਦੀ ਉਮਰਦਰਾਜ ਹੋ ਰਹੀ ਹੈ, 60 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਦੀ ਸੰਖਿਆ 2050 ਤੱਕ ਦੁੱਗਣੀ ਹੋ ਕੇ 2.1 ਬਿਲੀਅਨ ਹੋ ਜਾਣ ਦੀ ਉਮੀਦ ਹੈ, ਜੋ ਆਬਾਦੀ ਦਾ 21 ਪ੍ਰਤੀਸ਼ਤ ਬਣਦਾ ਹੈ।

### ਬਜ਼ੁਰਗਾਂ ਨੂੰ ਬਚਾਉਣ ਲਈ ਰਣਨੀਤੀ ਦੀ ਲੋੜ

ਨੀਤੀ ਨਿਰਮਾਤਾਵਾਂ, ਭਾਈਚਾਰਿਆਂ ਅਤੇ ਪਰਿਵਾਰਾਂ ਨੂੰ ਇਨ੍ਹਾਂ ਜੋਖਮਾਂ ਨੂੰ ਸਮਝਣਾ ਅਤੇ ਉਨ੍ਹਾਂ ਲਈ ਤਿਆਰ ਹੋਣਾ ਚਾਹੀਦਾ ਹੈ। ਵਧ ਰਿਹਾ ਤਾਪਮਾਨ ਬਜ਼ੁਰਗ ਬਾਲਗਾਂ ਲਈ ਘਾਤਕ ਹੋ ਸਕਦਾ ਹੈ ਜੋ ਸਿਹਤ ਦੀਆਂ ਸਥਿਤੀਆਂ ਨੂੰ ਵਿਗਾੜਦਾ ਹੈ ਅਤੇ ਡੀਹਾਈਡਰੇਸ਼ਨ ਅਤੇ ਖਰਾਬ ਹਵਾ ਦੀ ਗੁਣਵੱਤਾ ਲਈ ਕਮਜ਼ੋਰੀ ਵਧਾਉਂਦਾ ਹੈ। ਬੁਢਾਪੇ ਦੀ ਆਬਾਦੀ ਨੂੰ ਵਧਦੇ ਗਰਮੀ ਦੇ ਜੋਖ਼ਮਾਂ ਤੋਂ

(ਬਾਕੀ ਸਫ਼ਾ 31 'ਤੇ)

# ਪਹਿਚਾਣ ਅਧਾਰਿਤ ਰਾਜਨੀਤੀ ਤੋਂ ਤੋੜ ਵਿਛੋੜਾ ਕੌਮ ਲਈ ਖ਼ਤਰਨਾਕ

ਅਵਤਾਰ ਸਿੰਘ
ਜਸਵੀਰ ਸਿੰਘ

## ਉੱਤਰ-ਬਸਤੀਵਾਦੀ ਪਹੁੰਚ ਦੇ ਮਨਸੂਬਿਆਂ ਨੂੰ ਸਮਝੋ

ਪਹਿਲੀ ਕਿਸ਼ਤ

ਪਿਛਲੇ ਦੋ ਹਫਤਿਆਂ ਦੌਰਾਨ ਸਿੱਖ ਰਾਜਨੀਤੀ ਦੇ ਭਵਿੱਖ ਸਬੰਧੀ ਦੋ ਮੁਲਾਕਾਤਾਂ ਸੁਣਨ ਨੂੰ ਮਿਲੀਆਂ। ਬੇਸ਼ੱਕ ਇਨ੍ਹਾਂ ਮੁਲਾਕਾਤਾਂ ਵਿੱਚ ਸ਼ਾਮਲ ਸੱਜਣ ਬਿਲਕੁਲ ਵਿਰੋਧੀ ਵਿਚਾਰਾਂ ਵਾਲੇ ਸਮੂਹ ਨਾਲ ਸਬੰਧ ਰੱਖਦੇ ਸਨ ਪਰ ਪਹਿਲੀ ਵਾਰ ਇਹ ਦੇਖਣ ਨੂੰ ਮਿਲਿਆ ਕਿ ਸਿੱਖ ਰਾਜਨੀਤੀ ਬਾਰੇ ਦੋ ਵਿਰੋਧੀ ਵਿਚਾਰਾਂ ਵਾਲੇ ਸੱਜਣਾਂ ਦੇ ਬੋਲ ਇੱਕੋ ਵੇਵਲੈਂਥ ਵਿੱਚੋਂ ਪ੍ਰਗਟ ਹੋ ਰਹੇ ਹਨ। ਸਿੱਖ ਰਾਜਨੀਤੀ ਦੇ ਵਿਦਿਆਰਥੀਆਂ ਲਈ ਇਹ ਕਾਫ਼ੀ ਹੈਰਾਨ ਕਰਨ ਵਾਲੀ ਗੱਲ ਹੈ।

ਪਹਿਲੀ ਮੁਲਾਕਾਤ, ਅਕਾਲੀ ਦਲ ਦੇ ਕਥਿਤ ਮੀਡੀਆ ਸਲਾਹਕਾਰ ਦੀ ਹੈ। ਉਸ ਮੀਡੀਆ ਸਲਾਹਕਾਰ ਦੀ, ਜਿਸ ਨੇ ਪਿਛਲੇ 40 ਸਾਲਾਂ ਤੋਂ ਅਕਾਲੀ ਦਲ ਨੂੰ ਸਿਧਾਂਤਕ ਕੁਰਾਹੇ ’ਤੇ ਪਾਕੇ ਇਸ ਦੇ ਵਰਤਮਾਨ ਸਮੇਂ ਤੱਕ ਦਾ ਮਰਸੀਆ ਪੜ੍ਹਨ ਵਿੱਚ ਭਰਪੂਰ ਅਤੇ ਸੁਚੇਤ ਭੂਮਿਕਾ ਨਿਭਾਈ ਹੈ। ਹਰਚਰਨ ਬੈਂਸ ਨਾਂਅ ਦੇ ਇਸ ਸ਼ਖਸ ਦੀ ਕਾਬਲੀਅਤ ਅਤੇ ਮਿਹਨਤ ਦਾ ਹੀ ਇਹ ਸਿੱਟਾ ਹੈ ਕਿ ਅੱਜ ਪੰਥ ਦਾ ਹਰਿਆਵਲ ਦਸਤਾ, ਅਕਾਲੀ ਦਲ, ਪੰਜਾਬ ਦੇ ਵਿਹੜੇ ਵਿੱਚ ਚੌਫਾਲ ਡਿੱਗਿਆ ਪਿਆ ਹੈ। ਜਿਹੜਾ ਅਕਾਲੀ ਦਲ ਕਦੇ ਇੰਦਰਾ ਗਾਂਧੀ ਅਤੇ ਮੋਰਾਰਜੀ ਦੇਸਾਈ ਵਰਗੇ ਕੱਟੜ ਲੀਡਰਾਂ ਨੂੰ ਕੰਬਣੀ ਛੇੜ ਦਿੰਦਾ ਸੀ ਉਸ ਨੂੰ ਹਰਚਰਨ ਬੈਂਸ ਦੀ ਵੱਡੀ ਘਾਲ ਕਮਾਈ ਅਤੇ ਇਮਾਨਦਾਰ ਕੋਸ਼ਿਸ਼ ਨੇ ਕੇਜਰੀਵਾਲ ਵਰਗੇ ਮੁਹੱਲਾ ਛਾਪ ਲੀਡਰਾਂ ਦੀਆਂ ਨਜ਼ਰਾਂ ਵਿੱਚ ਵੀ ਘੱਟੇ ਕੌਡੀਆਂ ਰੋਲ ਦਿੱਤਾ ਹੈ। ਹਰਚਰਨ ਬੈਂਸ ਅਤੇ ਬਰਜਿੰਦਰ ਸਿੰਘ ਹਮਦਰਦ ਪਿਛਲੇ 40 ਸਾਲ ਤੋਂ ਅਕਾਲੀ ਦਲ ਦਾ ਪੰਥਕ ਖਾਸਾ ਤਬਾਹ ਕਰਨ ਲਈ ਲੱਗੇ ਹੋਏ ਸਨ। ਬਰਜਿੰਦਰ ਸਿੰਘ ਹਮਦਰਦ ਦੀ ਅਗਵਾਈ ਹੇਠ ਛਪਦੇ ਇੱਕ ਅਖ਼ਬਾਰ ਨੇ ਪਿਛਲੇ 40 ਸਾਲਾਂ ਦੌਰਾਨ ਹਰ ਉਸ ਸ਼ਖਸ ਅਤੇ ਹਰ ਉਸ ਵਿਚਾਰ ਨੂੰ ਸੁਚੇਤ ਰੂਪ ਵਿੱਚ ਅੱਗੇ ਵਧਾਇਆ ਜੋ ਸਿੱਖ ਕੌਮ ਦੇ ਅੰਦਰੂਨੀ ਖੋਰੇ ਲਈ ਸਹਾਇਕ ਹੋ ਸਕਦਾ ਸੀ। ਖੈਰ ਕੌਮ ਨੂੰ ਅੱਜ ਇਸ ਗੱਲ ਦੀ ਅਥਾਹ ਖੁਸ਼ੀ ਹੈ ਕਿ ਇਨ੍ਹਾਂ ਦੋਵਾਂ, ਦਾਨਿਸ਼ਵਰ ਸੱਜਣਾਂ ਦੀ 40 ਸਾਲਾਂ ਦੀ ਮਿਹਨਤ ਮਿੱਟੀ ਵਿੱਚ ਮਿਲ ਗਈ ਹੈ ਅਤੇ ਸਿੱਖ ਕੌਮ ਮੁੜ ਤੋਂ ਆਪਣੇ ਧਰਮ, ਆਪਣੀਆਂ ਇਤਿਹਾਸਕ ਰਵਾਇਤਾਂ ਅਤੇ ਆਪਣੇ ਸ਼ਹੀਦਾਂ ਦੀ ਸੋਚ ਵਿੱਚੋਂ ਆਪਣਾ ਰਾਜਨੀਤਿਕ ਭਵਿੱਖ ਲੱਭਣ ਦੇ ਰਾਹ ਪੈ ਗਈ ਹੈ।

ਦੂਸਰੀ ਮੁਲਾਕਾਤ ਸਾਡੇ ਬਹੁਤ ਹੀ ਸਤਿਕਾਰਯੋਗ ਵੀਰ ਭਾਈ ਮਨਧੀਰ ਸਿੰਘ ਦੀ ਹੈ। ਇਹ ਇੱਕ ਅਜਿਹੀ ਸੁੱਚੀ ਧਿਰ ਮੰਨੀ ਜਾਂਦੀ ਹੈ ਜਿਸ ਨੂੰ ਖਾੜਕੂ ਲਹਿਰ ਦੇ ਅਸਲ ਵਾਰਸ ਹੋਣ ਦਾ ਮਾਣ ਪ੍ਰਾਪਤ ਹੈ। ਪਰ ਭਾਈ ਮਨਧੀਰ ਸਿੰਘ ਵੀ ਉਸ ਮੁਲਾਕਾਤ ਵਿੱਚ ਉਹ ਹੀ ਗੱਲਾਂ ਕਰ ਰਹੇ ਹਨ ਜੋ ਹਰਚਰਨ ਬੈਂਸ ਕਰ ਰਹੇ ਹਨ। ਹਰਚਰਨ ਬੈਂਸ ਗੁਰਬਾਣੀ ਦੇ ਹਵਾਲਿਆਂ ਨੂੰ ਆਪਣੀ ਰਾਜਨੀਤਿਕ ਇੱਛਾ ਅਨੁਸਾਰ ਵਖਿਆ ਕੇ ਇਹ ਦੱਸਣ ਦਾ ਜੋਰ ਲਾ ਰਹੇ ਹਨ ਕਿ ਸਿੱਖਾਂ ਨੂੰ ਨਾ ਤਾਂ ਸੰਸਥਾਈ ਧਰਮ ਦੀ ਲੋੜ ਹੈ ਅਤੇ ਨਾ ਹੀ ਪਹਿਚਾਣ ਅਧਾਰਿਤ ਰਾਜਨੀਤੀ ਦੀ। ਹਰਚਰਨ ਬੈਂਸ ਨੇ ਪਿਛਲੇ 40 ਸਾਲਾਂ ਤੋਂ ਇਨ੍ਹਾਂ ਦੋਵਾਂ ਵਿਸ਼ਿਆਂ ’ਤੇ ਨਿੱਠ ਕੇ ਸਰਗਰਮੀ ਕੀਤੀ ਹੈ। ਅਕਾਲੀ ਦਲ ਨੂੰ ਪਹਿਚਾਣ ਅਧਾਰਿਤ ਰਾਜਨੀਤੀ ਦੀ ਕਥਿਤ ਚੁੰਗਲ ਵਿੱਚੋਂ ਕੱਢ ਕੇ ਇਸ ਨੂੰ, ਬਿਜ਼ਨਸ ਮਾਡਲ ’ਤੇ ਅਧਾਰਿਤ ਕਾਰਪੋਰੇਸ਼ਨ ਬਣਾਉਣ ਦੀ ਉਨ੍ਹਾਂ ਭਰਪੂਰ ਕੋਸ਼ਿਸ਼ ਕੀਤੀ ਜੋ ਅੱਜ ਅਸਫਲ ਹੋ ਗਈ ਹੈ। ਪਰ ਭਾਈ ਮਨਧੀਰ ਸਿੰਘ ਦੀ ਮੁਲਾਕਾਤ ਵਿੱਚੋਂ ਵੀ ਇਹੋ ਸੰਕੇਤ ਨਿਕਲਦੇ ਨਜ਼ਰ ਆ ਰਹੇ ਹਨ। ਜਿਹੜੀ ਸਰਗਰਮੀ ਕਰਕੇ ਅਕਾਲੀ ਦਲ ਦੇ ਮੀਡੀਆ ਸਲਾਹਕਾਰਾਂ ਨੇ ਅਕਾਲੀ ਦਲ ਤਬਾਹ ਕਰ ਦਿੱਤਾ ਹੈ ਭਾਈ ਮਨਧੀਰ ਸਿੰਘ ਉਸੇ ਪਹਿਚਾਣ ਅਧਾਰਿਤ ਰਾਜਨੀਤੀ ਨੂੰ ਛੱਡ ਦੇਣ ਦੀ ਗੱਲ ਕਰ ਰਹੇ ਹਨ। ਪਹਿਚਾਣ ਅਧਾਰਿਤ ਰਾਜਨੀਤੀ ਨੂੰ ਛੱਡਣ ਦਾ ਹੋਕਾ ਦੇਣ ਵੇਲੇ ਹਰਚਰਨ ਬੈਂਸ ਦੀ ਸਿਧਾਂਤਿਕ ਪੁਜ਼ੀਸ਼ਨ ਤਾਂ ਸਮਝ ਆਉਂਦੀ ਹੈ ਪਰ ਭਾਈ ਮਨਧੀਰ ਸਿੰਘ ਦੀ ਸਿਧਾਂਤਿਕ ਪੁਜ਼ੀਸ਼ਨ ਇਸ ਸਬੰਧੀ ਸਮਝ ਨਹੀਂ ਆ ਰਹੀ। ਭਾਈ ਮਨਧੀਰ ਸਿੰਘ ਨੂੰ ਖਾੜਕੂ ਲਹਿਰ ਦੀ ਵਾਰਸ ਧਿਰ ਦਾ ਹਿੱਸਾ ਮੰਨਿਆ ਜਾਂਦਾ ਹੈ। ਉਹ ਪੜ੍ਹੇ ਲਿਖੇ ਅਤੇ ਜਜ਼ਬੇ ਵਾਲੇ ਪ੍ਰਪੱਕ ਨੌਜਵਾਨ ਆਗੂ ਹਨ। ਖਾੜਕੂ ਸਿੱਖ ਲਹਿਰ, ਪਹਿਚਾਣ ਅਧਾਰਿਤ ਰਾਜਨੀਤੀ ਦਾ ਸਿਖਰ ਹੈ ਅਤੇ ਇਹ ਉਸ ਰਾਜਨੀਤੀ ਦੀਆਂ ਆਗੂ ਸਫ਼ਾਂ ਵਿੱਚ ਵਿਚਰਦੇ ਰਹੇ ਹਨ। ਜੇ ਭਾਈ ਮਨਧੀਰ ਸਿੰਘ ਇਹ ਵਿਚਾਰ ਪ੍ਰਗਟ ਕਰ ਰਹੇ ਹਨ ਕਿ ਸਿੱਖਾਂ ਨੂੰ ਪਹਿਚਾਣ ਅਧਾਰਿਤ ਰਾਜਨੀਤੀ ਛੱਡ ਦੇਣੀ ਚਾਹੀਦੀ ਹੈ ਤਾਂ ਇਸ ਦਾ ਸਪਸ਼ਟ ਮਤਲਬ ਹੈ ਕਿ ਕੌਮ ਆਪਣੀ ਉਸ ਜਾਂਬਾਜ ਵਿਰਾਸਤ ਨੂੰ ਤਿਲਾਂਜਲੀ ਦੇ ਦੇਵੇ ਜੋ ਉਸ ਦੇ ਵੱਡ-ਵਡੇਰਿਆਂ ਨੇ ਆਪਣੇ ਲਹੂ ਨਾਲ ਰੰਗੀ ਹੈ। ਜਿਨ੍ਹਾਂ 40 ਸਾਲ ਪਹਿਲਾਂ ਕੌਮ ਦੀ ਇਸ ਇਤਿਹਾਸਿਕ ਧਰਤੀ ਦਾ ਮਾਣ ਰੱਖਣ ਲਈ ਕੌਮੀ ਪਰਿਵਾਰ ਦੇ ਅਣਖੀਲੇ ਸੂਰਮਿਆਂ ਵੱਜੋਂ ਸ਼ਹਾਦਤ ਦਿੱਤੀ, ਅਸੀਂ ਉਨ੍ਹਾਂ ਨੂੰ ਭੁੱਲ ਜਾਈਏ। ਅਸੀਂ ਪਹਿਲਾਂ ਵੀ ਆਖਿਆ ਹੈ ਕਿ ਖਾੜਕੂ ਸਿੱਖ ਲਹਿਰ, ਪਹਿਚਾਣ ਅਧਾਰਿਤ ਰਾਜਨੀਤੀ ਦਾ ਸਿਖਰ ਸੀ। ਅਕਾਲੀ ਦਲ ਜਿਹੜੀ ਪਹਿਚਾਣ ਅਧਾਰਿਤ ਰਾਜਨੀਤੀ ਕਰ ਰਿਹਾ ਹੈ ਉਹ ਵੀ ਕੌਮ ਲਈ ਮਾਣਮੱਤੀ ਗੱਲ ਹੈ। ਘੱਟੋ-ਘੱਟ ਇਹ ਕੌਮ ਵਿੱਚ ਨਿਆਰੀ ਕੌਮ ਹੋਣ ਦਾ ਮਾਣ ਤਾਂ ਭਰ ਹੀ ਰਹੀ ਹੈ। ਜੇ ਕੌਮ ਨੇ ਪਹਿਚਾਣ ਅਧਾਰਿਤ ਰਾਜਨੀਤੀ ਨੂੰ ਤਿਲਾਂਜਲੀ ਦੇ ਦਿੱਤੀ ਤਾਂ ਖਾੜਕੂ ਲਹਿਰ ਦੇ ਸਾਰੇ ਸ਼ਹੀਦ, ਅੱਤਵਾਦੀ ਐਲਾਨਣੇ ਪੈਣਗੇ।

ਕਿਸੇ ਵੱਡੀ ਕੌਮ ਦੀ ਅਧੀਨਗੀ ਹੇਠ ਰਹਿ ਰਹੀਆਂ ਕੌਮਾਂ ਕਿਵੇਂ ਆਪਣੀ ਹੋਂਦ ਬਰਕਰਾਰ ਰੱਖਦੀਆਂ ਹਨ ਇਸ ਨੂੰ ਅਸੀਂ ਮਹਾਨ ਯਹੂਦੀ ਵਿਦਵਾਨ ਅਤੇ ਸ਼ਹੀਦ, ਸਾਈਮਨ ਡੁਬਨਾਓ ਦੇ ਸ਼ਬਦਾਂ ਵਿੱਚੋਂ ਦੇਖ ਸਕਦੇ ਹਾਂ। ਉਹ ਆਖਦੇ ਹਨ-

ਕਿਸੇ ਕੌਮ ਦੀ ਕੌਮੀ ਚੇਤਨਤਾ ਦਾ ਅਸਲ ਇਮਤਿਹਾਨ ਉਦੋਂ ਆਉਂਦਾ ਹੈ ਜਦੋਂ ਕੌਮ ਸਿਆਸੀ ਤੌਰ ’ਤੇ ਗੁਲਾਮ ਹੋ ਜਾਂਦੀ ਹੈ ਕਿਉਂਕਿ ਰਾਜਨੀਤੀ ਸ਼ਾਸਤਰ ਵਿੱਚ ਇਹ ਗੱਲ ਸਿੱਧ ਕੀਤੀ ਗਈ ਹੈ ਕਿ ਕੌਮੀ ਹੋਂਦ ਦੀ ਸੁਰੱਖਿਆ ਲਈ ਰਾਜਸੀ ਆਜ਼ਾਦੀ ਬਹੁਤ ਜਰੂਰੀ ਹੈ। ਉਹ ਲੋਕ ਜਿਨ੍ਹਾਂ ਨੂੰ ਰਾਜਸੀ ਮੁਕਤੀ ਤੋਂ ਵਿਰਵਾ ਕਰ ਦਿੱਤਾ ਗਿਆ ਹੈ, ਬਾਵਜੂਦ ਇਸ ਦੇ ਕਿ ਉਹ ਆਪਣੀ ਹੀ ਧਰਤੀ ’ਤੇ ਵਸ ਰਹੇ ਹਨ ਅਤੇ ਉਨ੍ਹਾਂ ’ਤੇ ਰਾਜ ਕਰਨ ਵਾਲੇ ਬੇਗਾਨੇ ਲੋਕ ਹਨ। ਇਸ ਸਥਿਤੀ ਵਿੱਚ ਕੌਮ ਦੀਆਂ ਰੂਹਾਨੀ ਸ਼ਕਤੀਆਂ ਦੀ ਪਰਖ ਹੁੰਦੀ ਹੈ। ਜੇ ਕੌਮ ਇਸ ਅਧੀਨਗੀ ਵਾਲੀ ਸਥਿਤੀ ਵਿੱਚ ਆਪਣੀਆਂ ਨਿਆਰੀਆਂ ਰਵਾਇਤਾਂ ਅਤੇ ਰੂਹਾਨੀ ਸ਼ਕਤੀਆਂ ਦੇ ਸਹਾਰੇ ਜੀਵੰਤ ਰਹਿ ਜਾਂਦੀ ਹੈ ਤਾਂ ਉਹ ਕਿਸੇ ਨਾ ਕਿਸੇ ਦਿਨ ਅਜ਼ਾਦ ਵੀ ਹੋ ਜਾਵੇਗੀ। ਕੌਮ ਦੀਆਂ ਰਵਾਇਤਾਂ ਦੀ ਸ਼ਕਤੀ ਉਸ ਨੂੰ ਅਜ਼ਾਦੀ ਦੀ ਰੀਝ ਨਾਲ ਭਰਪੂਰ ਰੱਖਦੀ ਹੋਣੀ ਚਾਹੀਦੀ ਹੈ। ਇਤਿਹਾਸ ਵਿੱਚ ਅਜਿਹੀਆਂ ਬਹੁਤ ਸਾਰੀਆਂ ਕੌਮਾਂ ਦਾ ਜ਼ਿਕਰ ਹੈ ਜਿਹੜੀਆਂ ਆਪਣੀ ਹੀ ਧਰਤੀ ’ਤੇ ਕਿਸੇ ਬੇਗਾਨੇ ਸ਼ਾਸਨ ਅਧੀਨ ਗੁਲਾਮ ਹੋ ਗਈਆਂ ਪਰ ਉਨ੍ਹਾਂ ਆਪਣੀ ਕੌਮੀ ਚੇਤਨਤਾ ਦੀ ਸ਼ਕਤੀ ਅਤੇ ਕੌਮੀ-ਸੁਰੱਖਿਆ ਦੀ ਕੁਦਰਤੀ ਅੰਤਰਪ੍ਰੇਰਨਾ ਨੂੰ ਖੁਰਨ ਨਹੀਂ ਦਿੱਤਾ। ਰੋਮਨ ਵਿਸਥਾਰ ਦੌਰਾਨ ਜੂਡਿਆ, ਗਰੀਸ ਅਤੇ ਫਿਰ ਆਇਰਲੈਂਡ ਅਤੇ ਪੋਲੈਂਡ ਇਸਦੀਆਂ ਪ੍ਰਤੱਖ ਉਦਾਹਰਨਾਂ ਹਨ।

ਕੌਮਾਂ ਦੀ ਪ੍ਰੋੜ੍ਹਤਾ ਦਾ ਇੱਕ ਹੋਰ ਕਠੋਰ ਇਮਤਿਹਾਨ ਹੁੰਦਾ ਹੈ ਜਦੋਂ ਕੌਮ ਨਾ ਕੇਵਲ ਆਪਣੀ ਸਿਆਸੀ ਅਜ਼ਾਦੀ ਗਵਾ ਬਹਿੰਦੀ ਹੈ ਬਲਕਿ ਆਪਣੀ ਧਰਤੀ ਤੋਂ ਵੀ ਵਿਰਵੀ ਹੋ ਜਾਂਦੀ ਹੈ। ਜਦੋਂ ਇਤਿਹਾਸ ਦਾ ਝੱਖੜ ਉਸ ਦੀਆਂ ਜੜ੍ਹਾਂ ਉਖਾੜ ਦਿੰਦਾ ਹੈ ਅਤੇ ਕੌਮ ਨੂੰ ਆਪਣੇ ਕੁਦਰਤੀ ਹੋਮ ਲੈਂਡ ਤੋਂ ਉਜਾੜ ਦਿੰਦਾ ਹੈ। ਕੌਮ ਬੇਗਾਨੀਆਂ ਧਰਤੀਆਂ ਤੇ ਖਿੱਲਰੀ ਹੋਈ, ਜੀਵਨ ਬਸਰ ਕਰਨ ਲਈ ਮਜਬੂਰ ਹੋ ਜਾਂਦੀ ਹੈ। ਉਸ ਦੀ ਕੌਮੀ ਭਾਸ਼ਾ ਵੀ ਖਤਮ ਹੋ ਜਾਂਦੀ ਹੈ। ਇਸ ਦੇ ਬਾਵਜੂਦ ਕਿ ਕੌਮ ਦੇ ਬਾਹਰੀ ਕੌਮੀ ਬੰਧਨ ਤਬਾਹ ਹੋ



ਗਏ ਹਨ, ਇਸ ਸਥਿਤੀ ਵਿੱਚ ਵੀ ਕੌਮਾਂ ਆਪਣੀ ਹੋਂਦ ਨੂੰ ਸੁਰੱਖਿਅਤ ਰੱਖਣ ਵਿੱਚ ਕਾਮਯਾਬ ਹੋ ਜਾਂਦੀਆਂ ਹਨ। ਜਿਹੜੀਆਂ ਕੌਮਾਂ ਇਸ ਤਬਾਹਕੁੰਨ ਸਥਿਤੀ ਵਿੱਚ ਵੀ ਆਪਣੀ ਹੋਂਦ ਸੁਰੱਖਿਅਤ ਰੱਖਣ ਵਿੱਚ ਕਾਮਯਾਬ ਹੋ ਜਾਂਦੀਆਂ ਹਨ ਉਨ੍ਹਾਂ ਬਾਰੇ ਆਖਿਆ ਜਾ ਸਕਦਾ ਹੈ ਕਿ ਉਨ੍ਹਾਂ ਦੇ ਰੂਹਾਨੀ ਸਰੋਤ ਬਹੁਤ ਮਜ਼ਬੂਤ ਹਨ। ਅਜਿਹੀਆਂ ਕੌਮਾਂ ਬੇਗਾਨੀਆਂ ਧਰਤੀਆਂ ’ਤੇ ਵੀ ਆਪਣੀ ਅਜ਼ਾਦ ਹਸਤੀ ਨੂੰ ਬਰਕਰਾਰ ਰੱਖਣ ਵਿੱਚ ਸਫਲ ਹੋ ਜਾਂਦੀਆਂ ਹਨ। ਅਜਿਹੇ ਲੋਕਾਂ ਬਾਰੇ ਆਖਿਆ ਜਾਂਦਾ ਹੈ ਕਿ ਉਨ੍ਹਾਂ ਨੇ ਇਤਿਹਾਸਿਕ-ਸੱਭਿਆਚਾਰਕ ਵਿਅਕਤਿਕਤਾ ਦੇ ਬਹੁਤ ਉੱਚੇ ਮਿਆਰ ਸਥਾਪਿਤ ਕਰ ਲਏ ਹਨ। ਅਜਿਹੀਆਂ ਕੌਮਾਂ ਜੇ ਆਪਣੇ ਇਤਿਹਾਸਿਕ ਸਰੋਤਾਂ ਨਾਲ ਜੁੜੀਆਂ ਰਹਿਣ ਤਾਂ ਇਨ੍ਹਾਂ ਨੂੰ ਤਬਾਹ ਨਹੀਂ ਕੀਤਾ ਜਾ ਸਕਦਾ। ਅਜਿਹੀਆਂ ਕੌਮਾਂ ਅਮਰ ਹੁੰਦੀਆਂ ਹਨ। ਯਹੂਦੀ ਕੌਮ ਨੂੰ ਅਜਿਹੀਆਂ ਕੌਮਾਂ ਦੇ ਸਮੂਹ ਵਿੱਚ ਰੱਖਿਆ ਜਾ ਸਕਦਾ ਹੈ।

ਯਹੂਦੀ ਕੌਮ ਦਾ ਵਿਕਾਸ ਵੀ ਹੋਰਨਾਂ ਕੌਮਾਂ ਵਾਂਗ ਹੀ ਹੋਇਆ ਹੈ। ਆਪਣੀ ਨਿਆਰੀ ਇਤਿਹਾਸਿਕ ਤਕਦੀਰ ਕਾਰਨ ਜਿਹੜੇ ਤੱਤਾਂ ਨੇ ਕੌਮੀ ਚਰਿੱਤਰ ਦਾ ਨਿਰਮਾਣ ਕਰਨਾ ਸੀ ਉਹ ਬਹੁਤ ਉੱਚ-ਮਿਆਰੀ ਸਨ। ਇਨ੍ਹਾਂ ਉੱਚ-ਮਿਆਰੀ ਕੌਮੀ ਚੇਤਨਤਾ ਦੇ ਤੱਤਾਂ ਨੇ ਜਿਹੜੀ ਕੌਮੀ ਇੱਕਮੁੱਠਤਾ ਦੀ ਉਸਾਰੀ ਕੀਤੀ ਉਹ ਨਿਆਰੇ ਇਖਲਾਕ ਵਾਲੇ ਸਨ। ਇਜ਼ਰਾਈਲੀ ਕੌਮ ਦੀ ਰੂਹਾਨੀ ਸ਼ਕਤੀ ਨੇ ਸਾਰੇ ਪਦਾਰਥਵਾਦੀ ਤੱਤਾਂ ਨੂੰ ਫੈਸਲਾਕੁੰਨ ਢੰਗ ਨਾਲ ਨਕਾਰ ਦਿੱਤਾ। ਸਾਰੇ ਰਾਜਸੀ ਅਤੇ ਪਦਾਰਥਵਾਦੀ ਤੱਤ ਇਸ ਕੌਮੀ ਇੱਕਜੁੱਟਤਾ ਵਿੱਚ ਦੋਮ ਦਰਜੇ ਉੱਤੇ ਚਲੇ ਗਏ। ਇਸੇ ਕਾਰਨ ਹੀ ਅਨੇਕਾਂ ਧਰਤੀਆਂ ਤੇ ਖਿੰਡੀ ਹੋਈ ਕੌਮ ਤਬਾਹ ਨਾ ਹੋ ਸਕੀ।

ਇਤਿਹਾਸ ਨੇ ਯਹੂਦੀ ਕੌਮ ਦੀ ਪੁਖ਼ਤਗੀ ਨੂੰ ਬਹੁਤ ਕਠੋਰ ਇਮਤਿਹਾਨ ਵਿੱਚ ਪਾਇਆ। ਉਨ੍ਹਾਂ ਦੀ ਆਪਣੀ ਧਰਤੀ ਦੁਨੀਆਂ ਦੇ ਨਕਸ਼ੇ ਦਾ ਮਹਿਜ਼ ਇੱਕ ਬਿੰਦੂ ਬਣ ਕੇ ਰਹਿ ਗਈ ਜਿੱਥੋਂ ਯਹੂਦੀ ਕੌਮ ਨੂੰ ਉਜਾੜੇ ਦਾ ਸਾਹਮਣਾ ਕਰਨਾ ਪਿਆ। ਆਪਣੀ ਸਟੇਟ ਤੋਂ ਬਿਨਾ ਰਹਿ ਰਹੀ ਕੌਮ ਹੁਣ ਆਪਣੀ ਧਰਤੀ ਤੋਂ ਵੀ ਵਿਰਵੀ ਹੋ ਗਈ। ਪਰਵਾਸ ਦਾ ਉਹ ਘਿਣਾਉਣਾ ਸਮਾਂ, ਪੂਰਬ ਵਿੱਚ ਇਸਲਾਮ ਦੀ ਰਾਜਸੀ ਜਿੱਤ, ਪੱਛਮ ਵਿੱਚ ਈਸਾਈਅਤ ਦੇ ਝੰਡੇ। ਇਸ ਸਭ ਕੁਝ ਨੇ ਇਜ਼ਰਾਈਲੀ ਪਰਵਾਸੀ ਕੌਮ ਨੂੰ ਕਮਜ਼ੋਰ ਕਰ ਦਿੱਤਾ। ਕੀ ਏਨਾ ਕਮਜ਼ੋਰ ਅਤੇ ਖਿੰਡਿਆ ਹੋਇਆ ਕੌਮੀ ਜਜ਼ਬਾ ਲੰਬੇ ਸਮੇਂ ਤੱਕ ਜਿੰਦਾ ਰਹਿ ਸਕਦਾ ਹੈ ? ਯਹੂਦੀ ਕੌਮ ਨੇ ਇਸ ਭਿਆਨਕ ਦੁਖਾਂਤ ਦਾ ਜਿੰਦਾ ਦਿਲੀ ਨਾਲ ਸਾਹਮਣਾ ਕੀਤਾ। ਜਿਨ੍ਹਾਂ ਮੁਲਕਾਂ ਵਿੱਚ ਯਹੂਦੀ ਵੱਡੀ ਗਿਣਤੀ ਵਿੱਚ ਵਸ ਰਹੇ ਸਨ ਉਨ੍ਹਾਂ ਮੁਲਕਾਂ ਵਿੱਚ ਫਿਰ ਕੌਮੀ-ਅਧਿਆਤਮਿਕ ਸ਼ਕਤੀ ਦੇ ਕੇਂਦਰ ਕਾਇਮ ਕੀਤੇ ਗਏ। ਇਹ ਨਿਆਰੀਆਂ ਰਵਾਇਤਾਂ ਅਤੇ ਸੱਭਿਆਚਾਰਕ ਵਿਲੱਖਣਤਾ ਦੇ ਉਹ ਭੰਡਾਰ ਸਨ ਜਿਨ੍ਹਾਂ ਵੱਲ ਯਹੂਦੀ ਕੌਮ ਲੀਡਰਸ਼ਿਪ ਲਈ ਦੇਖਦੀ ਸੀ। ਇਨ੍ਹਾਂ ਨੈਤਿਕ ਸ਼ਕਤੀ ਦੇ ਕੇਂਦਰਾਂ ਨੇ ਜਿੱਥੇ ਯਹੂਦੀ ਕੌਮ ਨੂੰ ਮੁੜ ਤੋਂ ਇੱਕਮੁੱਠ ਕੀਤਾ ਉੱਥੇ ਹੀ ਭਵਿੱਖ ਦੀ ਲੀਡਰਸ਼ਿਪ ਪ੍ਰਗਟ ਕਰਨ ਵਿੱਚ ਵੀ ਇਹ ਸਹਾਈ ਹੋਏ। ਅਸੀਂ ਸਮਝਦੇ ਹਾਂ ਕਿ ਯਹੂਦੀ ਕੌਮ ਦੇ ਇਤਿਹਾਸਕਾਰ ਅਤੇ ਸ਼ਹੀਦ ਦੀਆਂ ਉਪਰੋਕਤ ਟਿੱਪਣੀਆਂ, ਪਹਿਚਾਣ ਅਧਾਰਿਤ ਰਾਜਨੀਤੀ ਦੀ ਜਰੂਰਤ ਦੇ ਸਿਧਾਂਤਿਕ ਪੱਖਾਂ ਨੂੰ ਸਮਝਣ ਲਈ ਕਾਫ਼ੀ ਹਨ। ਇਸ ਦਾ ਵਿਸਥਾਰ ਵਿੱਚ ਅਧਿਐਨ ਕਰਨ ਲਈ, ਸਾਈਮਨ ਡੁਬਨਾਓ ਦੀ ਕਿਤਾਬ ਪੜ੍ਹੀ ਜਾ ਸਕਦੀ ਹੈ।

ਇਸ ਤਰ੍ਹਾਂ ਇਹ ਗੱਲ ਸਮਝੀ ਜਾ ਸਕਦੀ ਹੈ ਕਿ ਕੌਮਾਂ ਦੀ ਹੋਂਦ ਦੀ ਸਲਾਮਤੀ ਲਈ ਸੰਸਥਾਪਕ ਧਰਮ ਅਤੇ ਉਸ ਦੀਆਂ ਰਵਾਇਤਾਂ ਕਿੰਨੀਆਂ ਮਹੱਤਵਪੂਰਨ ਹੁੰਦੀਆਂ ਹਨ। ਜਿਹੜੀ ਸਥਿਤੀ ਵਿੱਚ ਯਹੂਦੀ ਕੌਮ ਸੌ ਸਾਲ ਪਹਿਲਾਂ ਸੀ, ਸਿੱਖ ਕੌਮ ਉਸ ਸਥਿਤੀ ਵਿੱਚ ਅੱਜ ਹੈ। ਕੌਮ ਦੀ ਧਰਤੀ ’ਤੇ ਬੇਗਾਨਿਆਂ ਦਾ ਰਾਜ ਹੈ ਅਤੇ ਅੱਧੀ ਕੌਮ ਨੂੰ ਰਾਜਨੀਤਿਕ ਅਤੇ ਆਰਥਿਕ ਕਾਰਨਾਂ ਕਰਕੇ ਜਲਾਵਤਨੀ ਭੋਗਣੀ ਪੈ ਰਹੀ ਹੈ। ਇਸ ਸਥਿਤੀ ਵਿੱਚ ਕੌਮ ਦੇ ਦਾਨਿਸ਼ਵਰਾਂ ਦਾ ਪਹਿਲਾ ਫਿਕਰ ਕੌਮ ਦੀ ਹੋਂਦ ਦੀ ਸਲਾਮਤੀ ਦਾ ਹੋਣਾ ਚਾਹੀਦਾ ਹੈ। ਸੰਸਥਾਗਤ ਧਰਮ ਇਸ ਦੀ ਹੋਂਦ ਦਾ ਜਾਮਨ ਹੈ। ਜਿਹੜੀਆਂ ਕੌਮਾਂ ਆਪਣੀ ਰਾਜ ਸੱਤਾ ਦੀ ਲਾਲਸਾ ਵਿੱਚ ਸੰਸਥਾਗਤ ਧਰਮ ਤੋਂ ਬੇਮੁਖ ਹੋ ਗਈਆਂ ਉਨ੍ਹਾਂ ਦਾ ਰਾਜ ਤਾਂ ਗਿਆ ਹੀ ਨਾਲ ਦੀ ਨਾਲ ਉਨ੍ਹਾਂ ਦੀ ਹੋਂਦ ਵੀ ਮਿਟ ਗਈ। ਅਸੀਰੀਅਨ ਕੌਮ ਇਸ ਦੀ ਸਭ ਤੋਂ ਵੱਡੀ ਉਦਾਹਰਨ ਹੈ। ਉਸ ਕੌਮ ਦਾ ਕਿਸੇ ਵੇਲੇ ਸਾਮਰਾਜ ਸੀ ਅਤੇ ਸਿੱਕਾ ਚਲਦਾ ਸੀ। ਜਿਉਂ ਹੀ ਸਾਮਰਾਜੀਆਂ ਨੇ ਧਰਮ ਦਾ ਪੱਲਾ ਛੱਡਿਆ, ਵੈਰੀਆਂ ਨੇ ਉਸ ਸਾਮਰਾਜ ਨੂੰ ਘੇਰ ਲਿਆ ਅਤੇ ਉਸ ਸਾਮਰਾਜ ਲਈ ਲੜਨ ਵਾਲਾ ਕੋਈ ਨਾ ਰਿਹਾ। ਜਿਹੜੇ ਧਰਮ ਨਾਲ ਜੁੜੇ ਹੋਏ ਸਨ ਉਹ ਸੱਤਾ ਦੇ ਨਸ਼ੇ ਵਿੱਚ ਖਦੇੜ ਦਿੱਤੇ ਗਏ, ਭਾੜੇ ਦੇ ਫੌਜੀ ਘਰਾਂ ਨੂੰ ਭੱਜ ਗਏ। ਆਪਣੀ ਸਰਕਾਰ ਅਤੇ ਰਾਜ ਨਾਲ ਉਨ੍ਹਾਂ ਦਾ ਉਹ ਰੂਹਾਨੀ ਬੰਧਨ ਨਾ ਰਿਹਾ ਜਿਸ ਨੇ ਕੌਮ ਨੂੰ ਲੜਨ ਲਈ ਪ੍ਰੇਰਨਾ ਸੀ। ਦੇਖਦਿਆਂ ਹੀ ਦੇਖਦਿਆਂ ਸਾਮਰਾਜ ਤਾਂ ਗਿਆ ਹੀ ਨਾਲ ਹੀ ਕੌਮ ਦੀ ਹੋਂਦ ਵੀ ਮਿਟ ਗਈ।

ਦੂਜੀ ਉਦਾਹਰਨ ਡਰੂਜ਼ ਕੌਮ ਦੀ ਹੈ। ਜਿਸ ਨੂੰ ਬਿਲਕੁਲ ਯਹੂਦੀ ਅਤੇ ਅਰਮੀਨੀਅਨ ਕੌਮ ਵਰਗੇ ਸਿਧਾਂਤਿਕ ਹਮਲੇ ਦਾ ਸ਼ਿਕਾਰ ਹੋਣਾ ਪਿਆ। ਕੌਮ ਦੇ ਧਾਰਮਿਕ ਰਹਿਬਰਾਂ ਅਤੇ ਵਿਦਵਾਨਾਂ ਨੇ ਆਪਣੇ ਧਰਮ ਦੀਆਂ ਨਿਆਰੀਆਂ ਮਾਨਤਾਵਾਂ ਦਾ ਸਹਾਰਾ ਲੈ ਕੇ ਕੌਮ ਦੀ ਹੋਂਦ ਬਚਾ ਲਈ। ਉਹ ਕੌਮ ਦੇ ਕੇਂਦਰੀ ਹਿੱਸੇ ਨੂੰ ਲੈ ਕੇ ਪਹਾੜਾਂ ਵਿੱਚ ਜਾ ਵਸੇ। ਕਿਸੇ ਵੀ ਗੈਰ-ਧਰਮ ਵਾਲੇ ਨੂੰ ਉਨ੍ਹਾਂ ਦਹਾਕਿਆਂ ਤੱਕ ਆਪਣੇ ਧਰਮ ਦੇ ਘੇਰੇ ਵਿੱਚ ਦਾਖਲ ਨਾ ਹੋਣ ਦਿੱਤਾ। ਧਰਮ ਵਿੱਚ ਦਾਖ਼ਲੇ ਦੀ ਮਰਯਾਦਾ ਕਠੋਰ ਕਰ ਦਿੱਤੀ ਗਈ। ਕੋਈ ਬੇਗਾਨਾ ਜਾਂ ਦੁਸ਼ਮਣ ਧਰਮ ਦੇ ਘੇਰੇ ਵਿੱਚ ਦਾਖਲ ਨਾ ਹੋਣ ਦਿੱਤਾ ਗਿਆ। ਇਸ ਤਰ੍ਹਾਂ ਸੰਸਥਾਈ ਧਰਮ ਦੀ ਮਰਯਾਦਾ ਦੇ ਅਨੁਸ਼ਾਸਿਤ ਬੰਧਨਾਂ ਰਾਹੀਂ ਡਰੂਜ਼ ਕੌਮ ਆਪਣੀ ਹੋਂਦ ਬਚਾ ਗਈ।

ਇਸ ਲਈ ਜਿਹੜੇ ਧਾਰਮਿਕ ਸਮੂਹ ਜਿਨ੍ਹਾਂ ਨੂੰ ਸਿੱਖਾਂ ਦੇ ਅੰਗ ਦੱਸਿਆ ਜਾ ਰਿਹਾ ਹੈ ਉਨ੍ਹਾਂ ਦੇ ਧਰਮ ਵਿੱਚ ਦਾਖ਼ਲੇ ਦੇ ਕੁਝ ਨਿਯਮ ਹਨ। ਉਹ ਧਾਰਮਿਕ ਰਹਿਤ ਵਿੱਚ ਪ੍ਰਪੱਕ ਹੋਣ ’ਤੇ ਹੀ ਧਰਮ ਦੀ ਮੁੱਖ ਧਾਰਾ ਵਿੱਚ ਦਾਖਲ ਹੋ ਸਕਦੇ ਹਨ। ਉਨ੍ਹਾਂ ਨੂੰ ਧਰਮ ਦਾ ਹਿੱਸਾ ਬਣਾਉਣ ਲਈ ਕੌਮ ਕੋਈ ਰਿਆਇਤਾਂ ਨਹੀਂ ਦੇ ਸਕਦੀ। ਬਹੁਤੇ ਸਮੂਹ ਬਿਪਰ ਸੰਸਕਾਰ ਦੇ ਜਿਆਦਾ ਨੇੜੇ ਹਨ, ਖ਼ਾਲਸਾ ਪੰਥ ਦੇ ਨਹੀਂ। ਉਹ ਸੁਲਫ਼ੇ ਵੀ ਪੀਂਦੇ ਹਨ ਅਤੇ ਸਿਗਰਟਾਂ ਵੀ ਅਜਿਹੇ ਲੋਕਾਂ ਦੀ ਕੌਮ ਵਿੱਚ ਵਾਪਸੀ ਧਰਮ ਦੀ ਮਰਯਾਦਾ ਪਾਲਣ ’ਤੇ ਹੀ ਹੋ ਸਕਦੀ ਹੈ। ਨਹੀਂ ਤਾਂ ਉਵੇਂ ਹੋਵੇਗਾ ਜਿਵੇਂ ਪੰਜਾਬ ਵਿੱਚ ਗੈਰ-ਪੰਜਾਬੀਆਂ ਦੀ ਅੰਨ੍ਹੇਵਾਹ ਆਮਦ ਨੇ ਸਾਡੇ ਅਬਾਦੀ ਦੇ ਸੰਤੁਲਨ ਨੂੰ ਵਿਗਾੜਨਾ ਅਰੰਭ ਕਰ ਦਿੱਤਾ ਹੈ। ਜੇ ਧਾਰਮਿਕ ਸਮੂਹਾਂ ਦਾ ਬਿਨਾ ਕਿਸੇ ਮਰਯਾਦਾ ਦੇ ਦਾਖਲਾ ਅਰੰਭ ਹੋ ਗਿਆ ਤਾਂ ਇੱਕ ਦਿਨ ਗਿਣਤੀ ਦੇ ਪਰਿਪੇਖ ਤੋਂ ਇਹ ਸਿੱਖਾਂ ਦੀਆਂ ਸਿਰਮੌਰ ਸੰਸਥਾਵਾਂ ’ਤੇ ਕਾਬਜ਼ ਹੋ ਜਾਣਗੇ।

ਸਿੱਖੀ ਵਿੱਚ ਸ਼ਾਮਲ ਹੋਣ ਦੇ ਗੁਰੂ ਸਾਹਿਬ ਨੇ ਸਿਧਾਂਤਿਕ ਨਿਯਮ ਦਰਸਾਏ ਹਨ-

ਸੋ ਪੰਡਿਤੁ ਜੋ ਮਨੁ ਪਰਬੋਧੈ ਰਾਮ ਨਾਮੁ ਆਤਮ ਮਹਿ ਸੋਧੈ

ਰਾਮ ਨਾਮ ਸਾਰੁ ਰਸੁ ਪੀਵੈ ਉਸੁ ਪੰਡਿਤ ਕੇ ਉਪਦੇਸ ਜਗੁ ਜੀਵੈ।

ਗੁਰੂ ਸਾਹਿਬ ਇੱਕ ਹੋਰ ਜਗ੍ਹਾ ਫੁਰਮਾਉਂਦੇ ਹਨ-

ਚਰਨ ਸਰਨ ਗੁਰ ਏਕ ਪੈਂਡਾ ਜਾਇ ਚਲ ਸਤਿਗੁਰ ਕੋਟ ਪੈਂਡਾ ਆਗੇ ਹੋਇ ਲੇਤ ਹੈ।

ਸੰਸਥਾਈ ਧਰਮ ਦੀ ਸਭ ਤੋਂ ਮਹੱਤਵਪੂਰਨ ਜਰੂਰਤ ਇੱਕ ਸਾਂਝੀ ਮਰਯਾਦਾ ਹੁੰਦੀ ਹੈ। ਸਿੱਖ ਰਹਿਤ ਮਰਯਾਦਾ ਇਸ ਦਾ ਸੁੰਦਰ ਨਮੂਨਾ ਹੈ। ਪ੍ਰੋਫੈਸਰ ਹਰਿੰਦਰ ਸਿੰਘ ਮਹਿਬੂਬ ਨੇ ਇਸ ਦੀ ਵਿਆਖਿਆ ਕਰਦੇ ਹੋਏ ਆਖਿਆ ਹੈ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਗਵਾਈ ਵਿੱਚ ਸਿੱਖ ਜਮਹੂਰੀਅਤ ਦੀ ਪਾਵਨ ਅੰਤਰ-ਦ੍ਰਿਸ਼ਟੀ ਅਨੁਸਾਰ ਰੂਪ ਧਾਰਦੀ ਸਿੱਖ ਰਹਿਤ ਮਰਯਾਦਾ ਖ਼ਾਲਸਾ ਇਤਿਹਾਸ ਦੇ ਉਨ੍ਹਾਂ ਪੜਾਵਾਂ ਵਿੱਚੋਂ ਇੱਕ ਹੈ, ਜਦੋਂ ਉਸਨੇ ਪੰਜ ਪਿਆਰਿਆਂ ਦੀ ਲਿਵ ਵਰਗਾ ਗੁਰੂ ਰੂਪ ਹੋਕੇ ਮਹਾਨ ਫੈਸਲੇ ਲਏ। ਜੇ ਸ਼ਰਧਾ ਅਤੇ ਪਰਖ ਦੀ ਕੁਠਾਲੀ ਵਿੱਚੋਂ ਨਿਕਲੇ ਸੰਤਾਂ, ਗੁਰਮੁਖਾਂ, ਵਿਵੇਕੀਆਂ, ਚੂੜਾਮਣੀ ਕਵੀਆਂ ਅਤੇ ਮਹਾਨ ਸਿੱਖ ਸੰਸਥਾਵਾਂ ਰਾਹੀਂ ਪਰਵਾਣਿਤ ਹੋਈ ਸਿੱਖ ਰਹਿਤ ਮਰਯਾਦਾ ਦੀ ਹੋਂਦ ਦਾ ਸੰਤੁਲਿਤ ਤਰਕ ਨਾਲ ਅਧਿਐਨ ਕੀਤਾ ਜਾਵੇ, ਤਾਂ ਪਤਾ ਲੱਗੇਗਾ ਕਿ ਇਸ ਇਤਿਹਾਸਿਕ ਦਸਤਾਵੇਜ਼ ਦੇ ਪਿਛੋਕੜ ਵਿੱਚ ਗੁਰੂ ਗ੍ਰੰਥ ਸਾਹਿਬ ਜੀ, ਅਠਾਰਵੀਂ ਸਦੀ ਦੇ ਅਜਿੱਤ ਸਿੱਖ ਸੰਘਰਸ਼, ਗੁਰਦੁਆਰਾ ਸੁਤੰਤਰਤਾ ਲਹਿਰ, ਸਰਬੱਤ ਖਾਲਸਾ ਸਮਾਗਮ ਅਤੇ ਗੁਰਮਤਿਆਂ ਦੀ ਸੁਘੜ ਦ੍ਰਿਸ਼ਟੀ ਕੰਮ ਕਰ ਰਹੀ ਹੈ। ਭਾਰੀ ਇਤਿਹਾਸਿਕ ਸੰਕਟਾਂ ਅਤੇ ਤਰਾਸ਼ਦੀਆਂ ਪਿੱਛੋਂ ਪੰਥ ਦੀ ਸਮੂਹਿਕ ਸੋਚ, ਗਿਆਨ ਇਕਾਗਰਤਾ ਅਤੇ ਤਪੱਸਿਆ ਵਿੱਚੋਂ ਸਿੱਖ ਰਹਿਤ ਮਰਯਾਦਾ ਦਾ ਕੇਂਦਰੀ ਰੂਪ ਸਾਹਮਣੇ ਆਇਆ ਹੈ। ਰਹਿਤ ਮਰਯਾਦਾ ਦੇ ਮੂਲ ਢਾਂਚੇ ਵਿੱਚ ਸੁਆਰਥੀ ਮਨਮਤੀਆਂ ਰਾਹੀਂ ਤ੍ਰੇੜਾਂ ਲਿਆਉਣ ਦਾ ਮਤਲਬ ਸਿੱਖ ਧਰਮ ਨੂੰ ਇਸ ਦੇ ਮੌਲਿਕ ਅਤੇ ਨਿਆਰੇ ਰੂਪ ਤੋਂ ਤੋੜਨਾ ਵਿਛੋੜਨਾ ਹੈ।

(ਚਲਦਾ)

# ਕਿਸਾਨਾਂ ਦੀਆਂ ਉਪਜਾਂ ਦੀ ਵਿਕਰੀ ਲਈ ਸਰਕਾਰ ਜਾਇਜ਼ ਕੀਮਤਾਂ ਦੇਣ ਵਿੱਚ ਮਦਦ ਕਰੇ



ਡਾ. ਸ. ਸ. ਛੀਨਾ

ਦੁਨੀਆਂ ਦਾ ਕੋਈ ਵੀ ਦੇਸ਼ ਭਾਵੇਂ ਉਹ ਅਮਰੀਕਾ, ਕੈਨੇਡਾ, ਇਥੋਪੀਆ ਜਾਂ ਬੰਗਲਾਦੇਸ਼ ਆਦਿ ਹੋਵੇ, ਖੇਤੀ ਖੇਤਰ ਨੂੰ ਅਣਗੌਲਿਆ ਨਹੀਂ ਕਰਦਾ। ਵਿਕਸਤ ਦੇਸ਼ਾਂ ਵਿੱਚ 5 ਫ਼ੀਸਦੀ ਤੋਂ ਘੱਟ ਵਸੋਂ ਹੀ ਖੇਤੀ ਦਾ ਕੰਮ ਕਰਦੀ ਹੈ ਜਦਕਿ ਪੱਛੜੇ ਦੇਸ਼ਾਂ ਵਿੱਚ 60 ਫ਼ੀਸਦੀ ਤੱਕ ਵਸੋਂ ਖੇਤੀ ਵਿਚ ਲੱਗੀ ਹੋਈ ਹੈ।

ਭਾਰਤ ਵਿੱਚ ਸਰਕਾਰ ਵੱਲੋਂ ਖੇਤੀ ਦੀ ਸਰਪ੍ਰਸਤੀ ਕਰਨ ਦੇ ਕੁਝ ਵਿਸ਼ੇਸ਼ ਕਾਰਨ ਹਨ। ਭਾਰਤ ਵਸੋਂ ਦੇ ਹਿਸਾਬ ਨਾਲ ਦੁਨੀਆ ਦਾ ਸਭ ਤੋਂ ਵੱਡਾ ਦੇਸ਼ ਹੈ ਜਿੱਥੇ ਦੁਨੀਆਂ ਦੀ ਕੁੱਲ ਵਸੋਂ ਦੀ 17.6 ਫ਼ੀਸਦੀ ਵਸੋਂ ਰਹਿੰਦੀ ਹੈ ਪਰ ਉਸ ਦਾ ਖੇਤਰ ਸਿਰਫ਼ 2.4 ਫ਼ੀਸਦੀ ਹੈ। ਫਿਰ ਪਾਣੀ ਜੋ ਖੇਤੀ ਉਪਜ ਦੀ ਸਭ ਤੋਂ ਵੱਡੀ ਲੋੜ ਹੈ, ਉਸ ਦੇ ਸਾਧਨ ਵੀ ਦੁਨੀਆਂ ਦੇ ਕੁੱਲ ਪਾਣੀ ਦਾ 4 ਫ਼ੀਸਦੀ ਹੀ ਹਨ। ਭਾਰਤ ਵਿੱਚ ਭਾਵੇਂ 60 ਫ਼ੀਸਦੀ ਵਸੋਂ ਖੇਤੀ ਵਿਚ ਲੱਗੀ ਹੋਈ ਹੈ ਪਰ ਦੇਸ਼ ਦੀ ਕੁੱਲ ਰਾਸ਼ਟਰੀ ਆਮਦਨ ਵਿੱਚ ਇੰਨੀ ਵੱਡੀ ਵਸੋਂ ਦਾ ਹਿੱਸਾ ਸਿਰਫ਼ 14 ਫ਼ੀਸਦੀ ਹੈ ਜਦਕਿ ਗ਼ੈਰ ਖੇਤੀ ਖੇਤਰ ਦਾ 86 ਫ਼ੀਸਦੀ ਹੈ ਜੋ ਖੇਤੀ ਖੇਤਰ ਦੀ ਆਮਦਨ ਤੋਂ ਛੇ ਗੁਣਾ ਜ਼ਿਆਦਾ ਹੈ। ਇਹੋ ਵਜ੍ਹਾ ਹੈ ਕਿ 2017 ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 2022 ਤੱਕ ਖੇਤੀ ਆਮਦਨ ਨੂੰ ਦੁੱਗਣੀ ਕਰਨ ਦਾ ਸੰਕਲਪ ਲਿਆ ਸੀ।

ਸੰਨ 1950 ਵਿੱਚ ਜਦੋਂ ਭਾਰਤ ਨੇ ਪੰਜ ਸਾਲਾ ਯੋਜਨਾਵਾਂ ਨਾਲ ਦੇਸ਼ ਦਾ ਵਿਕਾਸ ਸ਼ੁਰੂ ਕੀਤਾ ਤਾਂ ਖੇਤੀਬਾੜੀ ਨੂੰ ਪਹਿਲੀ ਤਰਜੀਹ ਦਿੱਤੀ ਗਈ ਜਿਸ ਦੀ ਵਜ੍ਹਾ ਇਹ ਸੀ ਕਿ ਉਸ ਵਕਤ ਦੇਸ਼ ਅੰਨ ਸਮੱਸਿਆ ਨਾਲ ਜੂਝ ਰਿਹਾ ਸੀ ਅਤੇ ਉਦਯੋਗਿਕ ਵਿਕਾਸ ਲਈ ਕੱਚਾ ਮਾਲ ਵੀ ਖੇਤੀ ਤੋਂ ਹੀ ਆਉਣਾ ਸੀ। ਫਿਰ ਖੇਤੀ ਵਾਲੀ ਵਸੋਂ ਦੀ ਖ਼ਰੀਦ ਸ਼ਕਤੀ ਬਹੁਤ ਘੱਟ ਸੀ। ਉਦਯੋਗਿਕ ਵਸਤਾਂ ਤਾਂ ਹੀ ਵਿਕ ਸਕਦੀਆਂ ਸਨ ਜੇ ਇਸ ਵੱਡੀ ਵਸੋਂ ਦੀ ਖ਼ਰੀਦ ਸ਼ਕਤੀ ਵਧਦੀ। ਇਸ ਲਈ ਖੇਤੀ ਖੇਤਰ ਵਿੱਚ ਵੱਧ ਤੋਂ ਵੱਧ ਪੈਸਾ ਖ਼ਰਚਿਆ ਗਿਆ ਜਿਸ ਦੇ ਚੰਗੇ ਸਿੱਟੇ ਵੀ ਮਿਲੇ।

1968 ਤੱਕ ਭਾਰਤ ਅਨਾਜ ਸਮੱਸਿਆ ਦਾ ਹੱਲ ਨਾ ਕਰ ਸਕਿਆ ਜਿਸ ਲਈ ਭਾਰਤ ਸਰਕਾਰ ਦੀ ਸਰਪ੍ਰਸਤੀ ਅਧੀਨ ਕਣਕ ਅਤੇ ਝੋਨੇ ਦੇ ਨਵੇਂ ਬੀਜਾਂ ਦੀ ਖੋਜ ਕੀਤੀ ਗਈ। ਰਸਾਇਣਾਂ ਦੀ ਵਰਤੋਂ ਵਧਾਈ ਗਈ। ਬਿਜਲੀ ਦੀ ਪੂਰਤੀ ਵਿੱਚ ਵੱਡਾ ਵਾਧਾ ਕਰ ਕੇ ਟਿਊਬਵੈੱਲ ਲਾਉਣੇ ਆਸਾਨ ਕੀਤੇ ਗਏ ਬੈਂਕਾਂ ਵੱਲੋਂ ਕਰਜ਼ੇ ਦੇਣ ਦੀ ਵਿਵਸਥਾ ਕੀਤੀ ਗਈ। ਮੰਡੀਕਰਨ ਸੁਧਾਰ ਕੀਤੇ ਗਏ। ਸੜਕਾਂ ਨੂੰ ਮੰਡੀ ਨਾਲ ਜੋੜਿਆ ਗਿਆ ਪਰ ਸਭ ਤੋਂ ਉੱਪਰ ਘੱਟੋ-ਘੱਟ ਸਮਰਥਨ ਮੁੱ ਦੀ ਘੋਸ਼ਣਾ ਕਰ ਕੇ ਕਣਕ ਅਤੇ ਝੋਨੇ ਨੂੰ ਸਰਕਾਰੀ ਤੌਰ ’ਤੇ ਖ਼ਰੀਦਿਆ ਜਾਣ ਲੱਗਾ ਜਿਸ ਨਾਲ ਕਿਸਾਨਾਂ ਨੂੰ ਕਟਾਈ ਦੇ ਸਮੇਂ ਜਾਇਜ਼ ਕੀਮਤਾਂ ਦਿੱਤੀਆਂ ਗਈਆਂ। ਦੂਸਰੀ ਤਰਫ਼ ਖ਼ਰੀਦਦਾਰਾਂ ਨੂੰ ਸਰਦੀਆਂ ਵਿੱਚ ਸਸਤਾ ਅਨਾਜ ਉਪਲਬਧ ਕਰਵਾਇਆ ਗਿਆ।

ਪੰਜਾਬ ਨੇ ਹਰੀ ਕ੍ਰਾਂਤੀ ਦਾ ਮੁੱਢ ਬੰਨ੍ਹ ਕੇ ਦੇਸ਼ ਵਾਸੀਆਂ ਨੂੰ ਭੁੱਖਮਰੀ ਤੋਂ ਨਿਜਾਤ ਦਿਵਾਈ। ਆਜ਼ਾਦੀ ਮਿਲਣ ਉਪਰੰਤ ਭਾਰਤ ਅੰਨ ਬਾਹਰਲੇ ਮੁਲਕਾਂ ਤੋਂ ਦਰਾਮਦ ਕਰਦਾ ਸੀ। ਖੇਤੀਬਾੜੀ ਨੂੰ ਤਰਜੀਹ ਮਿਲਣ ਤੋਂ ਬਾਅਦ ਹਾਲਾਤ ਬਦਲ ਗਏ।

ਭਾਰਤ ਤਿੰਨ ਸਾਲਾਂ ਵਿੱਚ ਹੀ ਅਨਾਜ ਦਰਮਾਦ ਕਰਨ ਵਾਲੇ ਦੇਸ਼ ਤੋਂ ਬਦਲ ਕੇ ਅਨਾਜ ਬਰਾਮਦ ਕਰਨ ਵਾਲਾ ਦੇਸ਼ ਬਣ ਗਿਆ। ਜੇ ਦੁਨੀਆ ਦੇ ਵੱਖ-ਵੱਖ ਵਿਕਸਤ ਦੇਸ਼ਾਂ ਦੇ ਹੋਏ ਵਿਕਾਸ ’ਤੇ ਨਜ਼ਰ ਮਾਰੀਏ ਤਾਂ ਇਕ ਗੱਲ ਸਾਹਮਣੇ ਆਉਂਦੀ ਹੈ ਕਿ ਉਨ੍ਹਾਂ ਸਾਰੇ ਦੇਸ਼ਾਂ ਵਿੱਚ ਪਹਿਲਾਂ ਜ਼ਿਆਦਾ ਵਸੋਂ ਖੇਤੀ ਹੀ ਕਰਦੀ ਸੀ ਪਰ ਜਿਉਂ-ਜਿਉਂ ਵਿਕਾਸ ਹੁੰਦਾ ਗਿਆ, ਖੇਤੀ ਵਾਲੀ ਵਸੋਂ ਖੇਤੀ ਤੋਂ ਬਦਲ ਕੇ ਉਦਯੋਗਾਂ ਵਿਚ ਲੱਗਦੀ ਗਈ ਅਤੇ ਅੱਜ-ਕੱਲ੍ਹ ਹਰ ਵਿਕਸਤ ਦੇਸ਼ ਵਿਚ ਖੇਤੀ ਵਾਲੀ ਵਸੋਂ 5 ਫ਼ੀਸਦੀ ਤੋਂ ਵੀ ਘੱਟ ਹੈ ਪਰ ਭਾਰਤ ਵਿੱਚ ਇਸ ਤਰ੍ਹਾਂ ਨਾ ਹੋ ਸਕਿਆ। ਭਾਰਤ ਵਿੱਚ ਖੇਤੀ ਦਾ ਵਿਕਾਸ ਤਾਂ ਬਹੁਤ ਹੋਇਆ ਪਰ ਵਸੋਂ ਦਾ ਤੇਜ਼ ਵਾਧਾ ਹੋਣ ਕਰ ਕੇ ਗ਼ੈਰ-ਖੇਤੀ ਖੇਤਰ ਵਿੱਚ ਓਨਾ



ਰੁਜ਼ਗਾਰ ਨਾ ਵਧਿਆ। ਇਸ ਲਈ ਭਾਵੇਂ ਖੇਤੀ ਵਿੱਚ ਵਸੋਂ ਦਾ ਅਨੁਪਾਤ ਤਾਂ 75 ਤੋਂ ਘਟ ਕੇ 60 ਫ਼ੀਸਦੀ ਤੱਕ ਆ ਗਿਆ ਹੈ ਪਰ ਕੁੱਲ ਵਸੋਂ ਜਿਹੜੀ ਖੇਤੀ ’ਤੇ ਨਿਰਭਰ ਕਰਦੀ ਹੈ, ਪਹਿਲਾਂ ਨਾਲੋਂ ਵੀ ਜ਼ਿਆਦਾ ਹੋ ਗਈ ਹੈ ਜਿਸ ਕਰ ਕੇ ਖੇਤੀ ਜੋਤਾਂ ਦਾ ਆਕਾਰ ਦਿਨ-ਬ-ਦਿਨ ਘਟਦਾ ਗਿਆ। ਇਸ ਵਕਤ 74 ਫ਼ੀਸਦੀ ਕਿਸਾਨਾਂ ਜੋ 2.5 ਏਕੜ ਤੋਂ ਘੱਟ ਜੋਤ ਵਾਲੇ ਹਨ, ਉਨ੍ਹਾਂ ਦੇ ਘਰੇਲੂ ਖ਼ਰਚੇ ਪੂਰੇ ਨਹੀਂ ਹੋ ਸਕਦੇ। ਇਕਾਨਵੇਂ ਫ਼ੀਸਦੀ ਕੋਲ 15 ਏਕੜ ਤੋਂ ਵੱਧ ਜੋਤਾਂ ਹਨ। ਆਰਥਿਕ ਮਾਹਿਰਾਂ ਅਨੁਸਾਰ ਜਿਹੜੀ ਜੋਤ 15 ਏਕੜ ਤੋਂ ਘੱਟ ਹੈ, ਉਹ ਕਿਫ਼ਾਇਤੀ ਨਹੀਂ ਹੋ ਸਕਦੀ। ਖੇਤੀ ਖੇਤਰ ਨੂੰ ਲਗਾਤਾਰ ਸਰਕਾਰ ਦੀ ਸਰਪ੍ਰਸਤੀ ਦਾ ਇਕ ਹੋਰ ਵੱਡਾ ਠੋਸ ਕਾਰਨ ਇਹ ਹੈ ਕਿ ਖੇਤੀ ਖੇਤਰ ਦੀ ਜ਼ਿਆਦਾਤਰ ਵਸੋਂ ਜਾਂ ਤਾਂ ਅਰਧ-ਬੇਰੁਜ਼ਗਾਰ ਹੈ ਜਾਂ ਛੁਪੀ-ਬੇਰੁਜ਼ਗਾਰੀ ਦਾ ਸਾਹਮਣਾ ਕਰ ਰਹੀ ਹੈ। ਜਿਹੜੀ ਕਿਰਤ ਅੱਜ ਨਹੀਂ ਕੀਤੀ ਗਈ, ਉਹ ਜਮਾ ਤਾਂ ਰਹਿ ਨਹੀਂ ਸਕਦੀ, ਉਹ ਫ਼ਜ਼ੂਲ ਜਾਂਦੀ ਹੈ। ਇਸ ਵੱਡੀ ਵਸੋਂ ਦੇ ਰਹਿੰਦੇ ਮਨੁੱਖੀ ਸਾਧਨਾਂ ਦਾ ਬਹੁਤ ਵੱਡਾ ਨੁਕਸਾਨ ਹੈ। ਉਨ੍ਹਾਂ ਸਾਧਨਾਂ ਨੂੰ ਖੇਤੀ ਆਧਾਰਤ ਹੋਰ ਕੰਮਾਂ ਵਿੱਚ ਲਾਉਣਾ ਬਹੁਤ ਜ਼ਰੂਰੀ ਹੈ। ਇਹੋ ਵਜ੍ਹਾ ਹੈ ਕਿ ਸਰਕਾਰ ਵੱਲੋਂ ਡੇਅਰੀ, ਪਸ਼ੂ-ਪਾਲਣ, ਖੁੰਬਾਂ ਦੀ ਖੇਤੀ, ਫੁੱਲਾਂ ਦੀ ਖੇਤੀ, ਮਧੂ ਮੱਖੀ ਪਾਲਣ ਆਦਿ ਵਰਗੀਆਂ ਹੋਰ ਕਾਰਵਾਈਆਂ ਸਬੰਧੀ ਸਿਖਲਾਈ, ਕਰਜ਼ਾ, ਸਬਸਿਡੀ ਅਤੇ ਮੰਡੀਕਰਨ ਵਰਗੀਆਂ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ ਜਿਹੜੀਆਂ ਕਿਸਾਨੀ ਅਤੇ ਦੇਸ਼ ਹਿਤ ਵਿੱਚ ਹਨ।

ਹੋਰ ਵਸਤਾਂ ਦੀਆਂ ਕੀਮਤਾਂ ਦੇ ਉਲਟ ਖੇਤੀ ਵਸਤਾਂ ਦੀਆਂ ਕੀਮਤਾਂ ਕਟਾਈ ਦੇ ਸਮੇਂ ਬਹੁਤ ਘੱਟ ਹੁੰਦੀਆਂ ਹਨ ਜਦਕਿ ਬਾਅਦ ਵਿੱਚ ਬਹੁਤ ਉੱਚੀਆਂ ਕੀਮਤਾਂ ’ਤੇ ਵਿਕਦੀਆਂ ਹਨ ਪਰ ਇਸ ਦਾ ਲਾਭ ਕਿਸਾਨਾਂ ਨੂੰ ਨਹੀਂ ਸਗੋਂ ਵਪਾਰੀਆਂ ਨੂੰ ਹੁੰਦਾ ਹੈ। ਖੇਤੀ ਵਸਤਾਂ ਦੇ ਵਪਾਰੀ ਹਮੇਸ਼ਾ ਲਾਭ ਕਮਾਉਂਦੇ ਹਨ ਭਾਵੇਂ ਕਿਸੇ ਸਾਲ ਹੜ੍ਹ ਆਉਣ ਜਾਂ ਸੋਕਾ ਪਵੇ। ਇਹ ਵਸਤਾਂ ਮੌਸਮੀ ਹੁੰਦੀਆਂ ਹਨ, ਇਸ ਦਾ ਵੀ ਕਿਸਾਨ ਨੂੰ ਨਹੀਂ ਸਗੋਂ ਵਪਾਰੀਆਂ ਨੂੰ ਲਾਭ ਹੁੰਦਾ ਹੈ।

ਥੋਕ ਅਤੇ ਪ੍ਰਚੂਨ ਕੀਮਤਾਂ ਵਿੱਚ ਬਹੁਤ ਵੱਡਾ ਫ਼ਰਕ ਹੁੰਦਾ ਹੈ ਖ਼ਾਸ ਕਰਕੇ ਸਬਜ਼ੀਆਂ ਅਤੇ ਫਲਾਂ ਦੀਆਂ ਕੀਮਤਾਂ ਵਿੱਚ। ਇੱਥੋਂ ਤੱਕ ਕਿ ਸਬਜ਼ੀ ਮੰਡੀ ਅਤੇ ਰੇਹੜੀ ਵਾਲਿਆਂ ਦੀਆਂ ਕੀਮਤਾਂ ਵਿੱਚ ਤਾਂ ਕਈ ਵਾਰ ਤਿੰਨ, ਚਾਰ ਗੁਣਾ ਦਾ ਫ਼ਰਕ ਹੁੰਦਾ ਹੈ। ਡੇਅਰੀ ਸਹਿਕਾਰਤਾ ਨਾਲ ਕਿਸਾਨ ਦਾ ਦੁੱਧ ਅਤੇ ਉਸ ਤੋਂ ਬਣੀਆਂ ਵਸਤਾਂ ਵਿੱਚ ਵੀ ਹਿੱਸਾ ਬਣਾਇਆ ਗਿਆ ਹੈ। ਸਰਕਾਰ ਦੀ ਸਰਪ੍ਰਸਤੀ ਨਾਲ ਇਸੇ ਤਰ੍ਹਾਂ ਹੋਰ ਫ਼ਸਲਾਂ ਵਿੱਚ ਵੀ ਕਿਸਾਨ ਦਾ ਹਿੱਸਾ ਬਣਾਇਆ ਜਾ ਸਕਦਾ ਹੈ।

ਖੇਤੀਬਾੜੀ ਕੁਦਰਤ ’ਤੇ ਨਿਰਭਰ ਕਰਦੀ ਹੈ। ਅੱਜ-ਕੱਲ੍ਹ ਰਸਾਇਣਾਂ ਦੀ ਵਰਤੋਂ ਖੇਤੀ ਵਿੱਚ ਬਹੁਤ ਵਧ ਗਈ ਹੈ। ਉਹ ਰਸਾਇਣ ਪਹਿਲਾਂ ਹਵਾ, ਪਾਣੀ ਅਤੇ ਧਰਤੀ ਵਿੱਚ ਮਿਲ ਕੇ ਵਸਤਾਂ ਵਿਚ ਸ਼ਾਮਲ ਹੋ ਜਾਂਦੇ ਹਨ ਅਤੇ ਉਹ ਬਹੁਤ ਹਾਨੀਕਾਰਕ ਹੁੰਦੇ ਹਨ। ਕੁਦਰਤੀ ਵਾਤਾਵਰਨ ਵਿੱਚ ਇਨ੍ਹਾਂ ਰਸਾਇਣਾਂ ਕਾਰਨ ਵਿਗਾੜ ਪੈਦਾ ਹੋ ਜਾਂਦਾ ਹੈ।

ਇਹੋ ਵਜ੍ਹਾ ਹੈ ਕਿ ਅੱਜ-ਕੱਲ੍ਹ ਕਈ ਪੰਛੀ ਅਤੇ ਕਈ ਸੂਖਮ ਜੀਵ ਜਿਹੜੇ ਫ਼ਸਲਾਂ ਦੀ ਉਪਜ ਵਧਾਉਣ ਲਈ ਮਦਦਗਾਰ ਸਨ, ਉਹ ਨਹੀਂ ਮਿਲਦੇ। ਸਰਕਾਰ ਵੱਲੋਂ ਨਿਗਰਾਨੀ ਨਾਲ ਹੀ ਰਸਾਇਣਾਂ ਆਧਾਰਤ ਫ਼ਸਲਾਂ ਦੀ ਜਗ੍ਹਾ ਰਸਾਇਣ ਮੁਕਤ ਫ਼ਸਲਾਂ ਦੀ ਕਾਸ਼ਤ ਸੰਭਵ ਬਣਾਈ ਜਾ ਸਕਦੀ ਹੈ।

ਖੇਤੀ ਵਿੱਚ ਉਤਪਾਦਕ ਬਹੁਤ ਜ਼ਿਆਦਾ ਹਨ ਜਦਕਿ ਮੰਡੀ ਵਿੱਚ ਖ਼ਰੀਦਣ ਵਾਲੇ ਬਹੁਤ ਘੱਟ ਅਤੇ ਉਹ ਵੀ ਸੰਗਠਿਤ ਹੁੰਦੇ ਹਨ। ਉਸ ਵਕਤ ਕਿਸਾਨਾਂ ਦੀਆਂ ਉਪਜਾਂ ਦੀ ਵਿਕਰੀ ਲਈ ਸਰਕਾਰ ਦੀ ਸਰਪ੍ਰਸਤੀ ਹੀ ਉਨ੍ਹਾਂ ਨੂੰ ਜਾਇਜ਼ ਕੀਮਤਾਂ ਦੇਣ ਵਿੱਚ ਮਦਦ ਕਰ ਸਕਦੀ ਹੈ। ਦੇਸ਼ ਦੀ ਬੈਂਕ ਪ੍ਰਣਾਲੀ, ਅੰਤਰ-ਰਾਸ਼ਟਰੀ ਵਪਾਰ, ਸਰਕਾਰ ਦੀਆਂ ਨੀਤੀਆਂ ਅਤੇ ਕਾਨੂੰਨ ਸਭ ਖੇਤੀ ਉਪਜਾਂ ਨੂੰ ਪ੍ਰਭਾਵਿਤ ਕਰਦੇ ਹਨ।

ਇਸ ਵਕਤ ਭਾਰਤ ਡੇਢ ਲੱਖ ਕਰੋੜ ਰੁਪਏ ਦੀਆਂ ਦਾਲਾਂ ਅਤੇ ਲਗਪਗ 1 ਲੱਖ ਕਰੋੜ ਦੇ ਖਾਣ ਵਾਲੇ ਤੇਲਾਂ ਨੂੰ ਵਿਦੇਸ਼ ਤੋਂ ਆਯਾਤ ਕਰ ਰਿਹਾ ਹੈ। ਜੇ ਸਰਕਾਰ ਇਨ੍ਹਾਂ ਫ਼ਸਲਾਂ ਦੀ ਉਪਜ ਵਧਾਉਣ ਅਤੇ ਇਨ੍ਹਾਂ ਅਧੀਨ ਰਕਬਾ ਵਧਾਉਣ ਲਈ ਯੋਗ ਨੀਤੀ ਅਪਣਾ ਲਏ ਤਾਂ ਇਹ ਵਸਤਾਂ ਖ਼ਰੀਦਦਾਰਾਂ ਨੂੰ ਘੱਟ ਕੀਮਤਾਂ ’ਤੇ ਮਿਲ ਸਕਦੀਆਂ ਹਨ ਜਦਕਿ ਕਿਸਾਨਾਂ ਦੀ ਆਮਦਨ ਵਿਚ ਵਾਧਾ ਕਰ ਸਕਦੀਆਂ ਹਨ। ਪਰ ਇਹ ਸਭ ਕੁਝ ਸਰਕਾਰ ਦੀ ਛਤਰ-ਛਾਇਆ ਤਹਿਤ ਹੀ ਹੋ ਸਕਦਾ ਹੈ ਜਿਸ ਦੀ ਭਾਰਤ ਦੀ ਖੇਤੀ ਲਈ ਖ਼ਾਸ ਮਹੱਤਤਾ ਹੈ।





ਦਵਿੰਦਰ ਕੌਰ ਖੁਸ਼ ਧਾਲੀਵਾਲ

# ਜੋਸ਼ ਦਾ ਪ੍ਰਤੀਕ ਹੈ ਪੰਜਾਬੀ ਸੱਭਿਆਚਾਰ





ਪੰਜਾਬੀ ਸੱਭਿਆਚਾਰ ਭਾਸ਼ਾ, ਸੰਗੀਤ, ਨਾਚ, ਧਾਰਮਿਕ ਵਿਭਿੰਨਤਾ ਅਤੇ ਤਿਉਹਾਰਾਂ ਦੇ ਜਸ਼ਨਾਂ ਦਾ ਜੀਵੰਤ ਸੁਮੇਲ ਹੈ। ਇਹ ਲਚਕੀਲੇਪਨ, ਨਿੱਘ ਤੇ ਜੀਵਨ ਲਈ ਜੋਸ਼ ਨੂੰ ਦਰਸਾਉਂਦਾ ਹੈ। ਪੰਜਾਬ, ਭਾਰਤੀ ਉਪ-ਮਹਾਂਦੀਪ ਦੇ ਉੱਤਰ-ਪੱਛਮੀ ਹਿੱਸੇ ਵਿੱਚ ਸਥਿਤ, ਇਤਿਹਾਸ, ਵਿਭਿੰਨਤਾ ਅਤੇ ਜੀਵੰਤ ਸੱਭਿਆਚਾਰ ਨਾਲ ਭਰਪੂਰ ਇੱਕ ਖੇਤਰ ਹੈ। ਇੱਕ ਲੰਮੇ ਅਤੀਤ ਦੇ ਨਾਲ, ਪੰਜਾਬ ਦਾ ਸੱਭਿਆਚਾਰ ਇੱਕ ਰੰਗੀਨ ਟੇਪਸਟਰੀ ਹੈ ਜੋ ਪੁਰਾਤਨ ਸੱਭਿਅਤਾਵਾਂ, ਹਮਲਿਆਂ ਅਤੇ ਇਸ ਦੇ ਲੋਕਾਂ ਦੇ ਲਚਕੀਲੇਪਣ ਦੇ ਪ੍ਰਭਾਵਾਂ ਨਾਲ ਬੁਣਿਆ ਗਿਆ ਹੈ।

### ਬਿਆਸ, ਚਨਾਬ, ਜਿਹਲਮ, ਰਾਵੀ ਅਤੇ ਸਤਲੁਜ ਦੀ ਧਰਤੀ

ਪੰਜਾਬ ਦਾ ਨਾਂ ਫ਼ਾਰਸੀ ਸ਼ਬਦਾਂ ਪੰਜ ਤੋਂ ਲਿਆ ਗਿਆ ਹੈ ਜਿਸਦਾ ਅਰਥ ਹੈ ਪੰਜ ਤੇ ਆਬ ਦਾ ਅਰਥ ਹੈ ਪਾਣੀ, ਜੋ ਇਸ ਖੇਤਰ ਵਿੱਚੋਂ ਵੱਗਦੇ ਪੰਜ ਦਰਿਆਵਾਂ-ਬਿਆਸ, ਚਨਾਬ, ਜਿਹਲਮ, ਰਾਵੀ ਅਤੇ ਸਤਲੁਜ ਦਾ ਹਵਾਲਾ ਦਿੰਦੇ ਹਨ। ਇਨ੍ਹਾਂ ਦਰਿਆਵਾਂ ਨੇ ਪੰਜਾਬ ਦੇ ਸੱਭਿਆਚਾਰਕ, ਖੇਤੀਬਾੜੀ ਤੇ ਸਮਾਜਿਕ ਤਾਣੇ-ਬਾਣੇ ਨੂੰ ਢਾਲਣ ਵਿਚ ਅਹਿਮ ਭੂਮਿਕਾ ਨਿਭਾਈ ਹੈ।

ਪੰਜਾਬੀਅਤ ਦੀ ਅੱਡਰੀ ਪਛਾਣ

ਪੰਜਾਬੀ ਸੱਭਿਆਚਾਰ ਪੰਜ ਦਰਿਆਵਾਂ ਦੀ ਧਰਤੀ ਪੰਜਾਬ ਦੇ ਲੋਕਾਂ ਦੀ ਪਛਾਣ ਦਾ ਪ੍ਰਤੀਕ ਹੈ, ਉਨ੍ਹਾਂ ਦੇ ਜੋਸ਼ ਦਾ ਪ੍ਰਤੀਕ ਹੈ। ਇਹ ਬਸਤੀਆਂ ਵਿਚੋਂ ਪੈਦਾ ਹੋਇਆ ਜੋ ਪ੍ਰਾਚੀਨ ਸਮੇਂ ਵਿੱਚ ਨੇੜਲੇ ਪੂਰਬ ਲਈ ਮਹੱਤਵਪੂਰਨ ਮਾਰਗ ਵਜੋਂ ਕੰਮ ਕਰਦਾ ਸੀ। ਸਿੰਧੂ ਘਾਟੀ ਦੀ ਸੱਭਿਅਤਾ, 3000 ਈਸਵੀ ਪੂਰਵ ਦੀ ਹੈ। ਖੇਤੀ ਪੰਜਾਬ ਦੀ ਮੁੱਖ ਆਰਥਿਕ ਵਿਸ਼ੇਸ਼ਤਾ ਰਹੀ ਹੈ ਤੇ ਇਸ ਨੇ ਪੰਜਾਬੀ ਸੱਭਿਆਚਾਰ ਦੀ ਨੀਂਹ ਬਣਾਈ ਹੈ, ਜਿਸ ਦੀ ਸਮਾਜਿਕ ਸਥਿਤੀ ਜ਼ਮੀਨ ਦੀ ਮਾਲਕੀ ਰਾਹੀਂ ਨਿਰਧਾਰਤ ਕੀਤੀ ਜਾਂਦੀ ਹੈ।

### ਬੜਾ ਮਹੱਤਵਪੂਰਨ ਖੇਤੀਬਾੜੀ ਖਿੱਤਾ

ਪੰਜਾਬ ਇੱਕ ਮਹੱਤਵਪੂਰਨ ਖੇਤੀਬਾੜੀ ਖੇਤਰ ਵਜੋਂ ਉਭਰਿਆ, ਖ਼ਾਸ ਤੌਰ 'ਤੇ 1960 ਦੇ ਦਹਾਕੇ ਦੇ ਮੱਧ ਤੋਂ 1970 ਦੇ ਦਹਾਕੇ ਦੇ ਮੱਧ ਤੱਕ ਹਰੀ ਕ੍ਰਾਂਤੀ ਤੋਂ ਬਾਅਦ, ਅਤੇ ਇਸ ਨੂੰ ਭਾਰਤ ਅਤੇ ਪਾਕਿਸਤਾਨ ਦੋਵਾਂ ਦੀ ਰੋਟੀ ਦੀ ਟੋਕਰੀ ਵਜੋਂ ਦਰਸਾਇਆ ਗਿਆ ਹੈ। ਖੇਤੀਬਾੜੀ ਅਤੇ ਵਪਾਰ ਲਈ ਜਾਣੇ ਜਾਣ ਤੋਂ ਇਲਾਵਾ, ਪੰਜਾਬ ਇੱਕ ਅਜਿਹਾ ਖੇਤਰ ਵੀ ਹੈ ਜਿਸ ਨੇ ਸਦੀਆਂ ਤੋਂ ਕਈ ਵਿਦੇਸ਼ੀ ਹਮਲਿਆਂ ਦਾ ਅਨੁਭਵ ਕੀਤਾ ਹੈ ਅਤੇ ਨਤੀਜੇ ਵਜੋਂ ਯੁੱਧ ਦਾ ਇੱਕ ਲੰਮਾ ਇਤਿਹਾਸ ਹੈ, ਕਿਉਂਕਿ ਪੰਜਾਬ ਉੱਤਰ-ਪੱਛਮੀ ਸਰਹੱਦ ਰਾਹੀਂ ਹਮਲਿਆਂ ਦੇ ਮੁੱਖ ਮਾਰਗ 'ਤੇ ਸਥਿਤ ਹੈ।

ਭਾਰਤੀ ਉਪ-ਮਹਾਂਦੀਪ, ਜਿਸ ਨੇ ਇੱਕ ਜੀਵਨ ਸ਼ੈਲੀ ਨੂੰ ਅਪਣਾਉਣ ਲਈ ਉਤਸ਼ਾਹਿਤ ਕੀਤਾ ਜਿਸ ਵਿਚ ਜ਼ਮੀਨ ਦੀ ਰੱਖਿਆ ਲਈ ਯੁੱਧ ਵਿੱਚ ਸ਼ਾਮਿਲ ਹੋਣਾ ਸ਼ਾਮਿਲ ਸੀ। ਯੋਧਾ ਸੱਭਿਆਚਾਰ ਆਮ ਤੌਰ 'ਤੇ ਭਾਈਚਾਰੇ ਦੇ ਸਨਮਾਨ (ਇੱਜ਼ਤ) ਦੇ ਮੁੱਲ ਨੂੰ ਉੱਚਾ ਚੁੱਕਦਾ ਹੈ, ਜਿਸਦਾ ਪੰਜਾਬੀਆਂ ਦੁਆਰਾ ਬਹੁਤ ਸਤਿਕਾਰ ਕੀਤਾ ਜਾਂਦਾ ਹੈ।

### ਪੰਜਾਬੀ ਭਾਸ਼ਾ

ਪੰਜਾਬੀ ਇੰਡੋ-ਯੂਰਪੀਅਨ ਭਾਸ਼ਾ



ਪਰਿਵਾਰ ਨਾਲ ਸਬੰਧਿਤ ਹੈ ਤੇ ਹੋਰ ਬਹੁਤ ਸਾਰੀਆਂ ਇੰਡੋ-ਆਰੀਅਨ ਭਾਸ਼ਾਵਾਂ ਵਾਂਗ ਸੰਸਕ੍ਰਿਤ ਤੋਂ ਲਿਆ ਗਿਆ ਹੈ। ਇਹ ਖਿੱਤੇ ਦੀਆਂ ਹੋਰ ਭਾਸ਼ਾਵਾਂ ਜਿਵੇਂ ਕਿ ਹਿੰਦੀ ਅਤੇ ਉਰਦੂ ਨਾਲ ਸਮਾਨਤਾਵਾਂ ਸਾਂਝੀਆਂ ਕਰਦਾ ਹੈ ਪਰ ਇਸ ਦੇ ਵੱਖੋ-ਵੱਖਰੇ ਧੁਨੀ ਵਿਗਿਆਨ, ਸ਼ਬਦਾਵਲੀ ਅਤੇ ਲਿਪੀ ਹੈ। ਪੰਜਾਬੀ ਭਾਸ਼ਾ ਸਦੀਆਂ ਪੁਰਾਣੀ ਆਪਣੀ ਅਮੀਰ ਸਾਹਿਤਕ ਪਰੰਪਰਾ ਲਈ ਜਾਣੀ ਜਾਂਦੀ ਹੈ। ਇਸ ਦੀ ਲੋਕ ਸਾਹਿਤ, ਕਵਿਤਾ ਤੇ ਧਾਰਮਿਕ ਗ੍ਰੰਥਾਂ ਦੇ ਭੰਡਾਰ ਨਾਲ ਇੱਕ ਮਜ਼ਬੂਤ ਮੌਖਿਕ ਅਤੇ ਲਿਖਤੀ ਪਰੰਪਰਾ ਹੈ। ਬਾਬਾ ਫ਼ਰੀਦ, ਬੁੱਲ੍ਹੇ ਸ਼ਾਹ, ਵਾਰਿਸ ਸ਼ਾਹ ਅਤੇ ਅੰਮ੍ਰਿਤਾ ਪ੍ਰੀਤਮ ਵਰਗੇ ਪ੍ਰਸਿੱਧ ਪੰਜਾਬੀ ਕਵੀਆਂ ਦੀਆਂ ਰਚਨਾਵਾਂ ਨੇ ਪੰਜਾਬੀ ਸਾਹਿਤ ਉਤੇ ਅਮਿੱਟ ਛਾਪ ਛੱਡੀ ਹੈ।

### ਪੰਜਾਬੀ ਲਿਪੀ

ਪੰਜਾਬੀ ਲਿਪੀ ਸਮੇਂ ਦੇ ਨਾਲ ਵਿਕਸਿਤ ਹੋਈ ਹੈ। ਇਤਿਹਾਸਕ ਤੌਰ 'ਤੇ ਪੰਜਾਬੀ ਗੁਰਮੁਖੀ ਲਿਪੀ ਦੀ ਵਰਤੋਂ ਕਰਕੇ ਲਿਖੀ ਗਈ ਸੀ, ਜੋ ਕਿ 16ਵੀਂ ਸਦੀ ਵਿੱਚ ਸਿੱਖ ਗੁਰੂਆਂ ਦੁਆਰਾ ਵਿਕਸਤ ਕੀਤੀ ਗਈ ਸੀ। ਗੁਰਮੁਖੀ ਖੱਬੇ ਤੋਂ ਸੱਜੇ ਲਿਖੀ ਜਾਂਦੀ ਹੈ ਅਤੇ ਵਿਅੰਜਨ ਅਤੇ ਸਵਰਾਂ ਨੂੰ ਦਰਸਾਉਣ ਵਾਲੇ 35 ਵੱਖ-ਵੱਖ ਅੱਖਰਾਂ ਦੀ ਬਣੀ ਹੋਈ ਹੈ। ਇਹ ਅੱਜ ਵੀ ਵਿਆਪਕ ਤੌਰ 'ਤੇ ਵਰਤਿਆ ਜਾਂਦਾ ਹੈ, ਖ਼ਾਸ ਕਰਕੇ ਭਾਰਤ ਵਿਚ ਜਿੱਥੇ ਬਹੁਗਿਣਤੀ ਪੰਜਾਬੀ ਬੋਲਦੇ ਹਨ।

### ਪੰਜਾਬੀ ਬੋਲੀ

ਪੰਜਾਬੀ ਬੋਲੀ ਇੱਕ ਵੱਡੀ ਗਿਣਤੀ ਵਿੱਚ ਬੋਲੀ ਜਾਣ ਵਾਲੀ ਇੱਕ ਖੇਤਰੀ ਭਾਸ਼ਾ ਹੋਣ ਦੇ ਨਾਤੇ, ਵੱਖ-ਵੱਖ ਉਪ-ਭਾਸ਼ਾਵਾਂ ਅਤੇ ਵੰਨਗੀਆਂ ਹਨ। ਪ੍ਰਮੁੱਖ ਉਪ-ਭਾਸ਼ਾਵਾਂ ਵਿੱਚ ਮਾਝੀ (ਲਾਹੌਰ ਅਤੇ ਅੰਮ੍ਰਿਤਸਰ ਸਮੇਤ ਮੱਧ ਪੰਜਾਬ ਵਿੱਚ ਬੋਲੀ ਜਾਂਦੀ ਹੈ),ਦੁਆਬੀ (ਬਿਆਸ ਅਤੇ ਸਤਲੁਜ ਦਰਿਆਵਾਂ ਦੇ ਵਿਚਕਾਰ ਦੁਆਬਾ ਖੇਤਰ ਵਿੱਚ ਬੋਲੀ ਜਾਂਦੀ ਹੈ), ਮਲਵਈ (ਪੰਜਾਬ ਦੇ ਮਾਲਵਾ ਖੇਤਰ ਵਿੱਚ ਬੋਲੀ ਜਾਂਦੀ ਹੈ) ਅਤੇ ਪੋਠੋਹਾਰੀ (ਪੋਠੋਹਾਰ ਵਿੱਚ ਬੋਲੀ ਜਾਂਦੀ ਹੈ) ਸ਼ਾਮਿਲ ਹਨ। ਹਰੇਕ ਉਪ-ਭਾਸ਼ਾ ਦਾ ਆਪਣਾ ਵਿਲੱਖਣ ਉਚਾਰਨ, ਸ਼ਬਦਾਵਲੀ ਅਤੇ ਭਾਸ਼ਾਈ ਸੂਖ਼ਮਤਾ ਹੁੰਦੀ ਹੈ। ਹਾਲ ਹੀ ਦੇ ਸਾਲਾਂ ਵਿੱਚ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਸੁਚੇਤ ਯਤਨ ਕੀਤੇ ਗਏ ਹਨ। ਸਿੱਖਿਆ, ਮੀਡੀਆ ਅਤੇ ਸੱਭਿਆਚਾਰਕ ਪਹਿਲਕਦਮੀਆਂ ਰਾਹੀਂ ਪੰਜਾਬੀ ਨੂੰ ਸੰਭਾਲਣ ਅਤੇ ਸੁਰਜੀਤ ਕਰਨ ਦੇ ਯਤਨ ਕੀਤੇ ਗਏ ਹਨ। ਪੰਜਾਬ ਵਿੱਚ ਸਕੂਲਾਂ ਅਤੇ ਯੂਨੀਵਰਸਿਟੀਆਂ ਵਿੱਚ ਪੰਜਾਬੀ ਪੜ੍ਹਾਈ ਜਾਂਦੀ ਹੈ ਅਤੇ ਇੱਥੇ ਪੰਜਾਬੀ ਭਾਸ਼ਾ ਦੇ ਅਖ਼ਬਾਰ, ਰਸਾਲੇ ਅਤੇ ਟੈਲੀਵਿਜ਼ਨ ਚੈਨਲ ਹਨ ਜੋ ਪੰਜਾਬੀ ਭਾਸ਼ਾ ਬੋਲਣ ਵਾਲੇ ਦਰਸ਼ਕਾਂ ਨੂੰ ਪੂਰਾ ਕਰਦੇ ਹਨ।

### ਲੋਕ ਨਾਚ

ਪੰਜਾਬ ਆਪਣੇ ਜੀਵੰਤ ਲੋਕ ਨਾਚਾਂ ਲਈ ਮਸ਼ਹੂਰ ਹੈ। ਭੰਗੜਾ, ਇੱਕ ਉੱਚ-ਊਰਜਾ ਵਾਲਾ ਨਾਚ ਰੂਪ ਜੋ ਜ਼ੋਰਦਾਰ ਹਰਕਤਾਂ ਅਤੇ ਤਾਲਬੱਧ ਫੁਟਵਰਕ ਦੁਆਰਾ ਦਰਸਾਇਆ ਗਿਆ ਹੈ ,ਨੇ ਅੰਤਰਰਾਸ਼ਟਰੀ ਮਾਨਤਾ ਪ੍ਰਾਪਤ ਕੀਤੀ ਹੈ। ਪੰਜਾਬੀਆਂ ਇੱਕ ਹੋਰ ਪ੍ਰਸਿੱਧ ਨਾਚ ਗਿੱਧਾ ਹੈ, ਜੋ ਔਰਤਾਂ ਦੁਆਰਾ ਪੇਸ਼ ਕੀਤਾ ਜਾਂਦਾ ਹੈ, ਜੋ ਉਤਸ਼ਾਹ ਅਤੇ ਸੁੰਦਰਤਾ ਨੂੰ ਦਰਸਾਉਂਦਾ ਹੈ।

### ਭੰਗੜਾ

ਭੰਗੜਾ ਸਭ ਤੋਂ ਮਸ਼ਹੂਰ ਅਤੇ ਵਿਆਪਕ ਤੌਰ 'ਤੇ ਮਾਨਤਾ ਪ੍ਰਾਪਤ ਪੰਜਾਬੀ ਸੱਭਿਆਚਾਰ ਨਾਚ ਰੂਪ ਹੈ। ਇਹ ਇੱਕ ਵਾਢੀ ਦੇ ਨਾਚ ਵਜੋਂ ਉਤਪੰਨ ਹੋਇਆ ਹੈ ਅਤੇ ਇੱਕ ਪ੍ਰਸਿੱਧ ਸੱਭਿਆਚਾਰਕ ਨਾਚ ਵਿੱਚ ਵਿਕਸਤ ਹੋਇਆ ਹੈ। ਭੰਗੜੇ ਦੀ ਵਿਸ਼ੇਸ਼ਤਾ ਜ਼ੋਰਦਾਰ ਹਰਕਤਾਂ, ਊਰਜਾਵਾਨ ਛਾਲ, ਅਤੇ ਸਮਕਾਲੀ ਫੁੱਟਵਰਕ ਦੁਆਰਾ ਕੀਤੀ ਜਾਂਦੀ ਹੈ। ਇਹ ਆਮ ਤੌਰ 'ਤੇ ਢੋਲ ਦੀਆਂ ਬੀਟਾਂ 'ਤੇ ਪੇਸ਼ ਕੀਤਾ ਜਾਂਦਾ ਹੈ, ਇੱਕ ਰਵਾਇਤੀ ਪੰਜਾਬੀ ਢੋਲ। ਮਰਦ ਆਮ ਤੌਰ 'ਤੇ ਰੰਗੀਨ ਦਸਤਾਰਾਂ, ਅਤੇ ਕੁੜ੍ਹਤਾ-ਪਜਾਮਾ (ਰਵਾਇਤੀ ਪਹਿਰਾਵਾ) ਪਹਿਨਦੇ ਹਨ ਅਤੇ ਆਪਣੀ ਤਾਕਤ ਅਤੇ ਜੀਵਨ ਸ਼ਕਤੀ ਨੂੰ ਦਰਸਾਉਂਦੇ ਹੋਏ ਸ਼ਕਤੀਸ਼ਾਲੀ ਚਾਲ ਚਲਾਉਂਦੇ ਹਨ। ਇਸ ਤਰ੍ਹਾਂ ਇਹ ਲੋਕ ਨਾਚ ਪੰਜਾਬੀ ਸੱਭਿਆਚਾਰ ਦੀ ਪਛਾਣ ਕਰਵਾਉਂਦਾ ਹੈ। ਇਹ ਲੋਕ-ਨਾਚ ਜਿਥੇ ਪੰਜਾਬੀਆਂ ਵਿਚ ਇੱਕ ਨਵਾਂ ਜੋਸ਼ ਤੇ ਊਰਜਾ ਭਰ ਦਿੰਦਾ ਹੈ ਉਥੇ ਇਹ ਪੰਜਾਬੀ ਲੋਕਾਂ ਦੀਂ ਵਸ਼ਵ ਭਰਂ ਵਚ ਵੱਖਰੀ ਪਛਾਣ ਦਾ ਵੀ ਪ੍ਰਤੀਕ ਬਣ ਕੇ ਵੀ ਉਭਰਦਾ ਹੈ।

### ਗਿੱਧਾ

ਗਿੱਧਾ ਪੰਜਾਬੀ ਸੱਭਿਆਚਾਰ ਰਵਾਇਤੀ ਨਾਚ ਹੈ ਜੋ ਵਿਸ਼ੇਸ਼ ਤੌਰ 'ਤੇ ਔਰਤਾਂ ਦੁਆਰਾ ਪੇਸ਼ ਕੀਤਾ ਜਾਂਦਾ ਹੈ। ਇਹ ਆਪਣੀਆਂ ਸ਼ਾਨਦਾਰ ਅਤੇ ਸ਼ਾਨਦਾਰ ਹਰਕਤਾਂ ਲਈ ਜਾਣਿਆ ਜਾਂਦਾ ਹੈ। ਗਿੱਧਾ ਅਕਸਰ ਲੋਹੜੀ ਅਤੇ ਤੀਜ ਵਰਗੇ ਤਿਉਹਾਰਾਂ ਦੌਰਾਨ ਕੀਤਾ ਜਾਂਦਾ ਹੈ। ਨੱਚਣ ਵਾਲੇ ਇੱਕ ਚੱਕਰ ਬਣਾਉਂਦੇਹਨ ਅਤੇ ਇਸ਼ਾਰਿਆਂ ਅਤੇ ਚਿਹਰੇ ਦੇ ਹਾਵ-ਭਾਵਾਂ ਦੁਆਰਾ ਭਾਵਨਾਵਾਂ ਨੂੰ ਪ੍ਰਗਟ ਕਰਦੇ ਹੋਏ ਜੀਵੰਤ ਅਤੇ ਤਾਲਬੱਧ ਤਾੜੀਆਂ ਵਿਚ ਸ਼ਾਮਿਲ ਹੁੰਦੇ ਹਨ। ਨਾਚ ਲੋਕ ਗੀਤਾਂ ਦੇ ਨਾਲ ਹੁੰਦਾ ਹੈ ਅਤੇ ਔਰਤਾਂ ਰੰਗੀਨ ਰਵਾਇਤੀ ਪਹਿਰਾਵਾ ਪਹਿਨਦੀਆਂ ਹਨ, ਜਿਸ ਵਿਚ ਜੀਵੰਤ ਸਲਵਾਰ ਕਮੀਜ਼ ਅਤੇ ਦੁਪੱਟੇ ਸ਼ਾਮਿਲ ਹਨ। ਸਾਉਣ ਦੇ ਮਹੀਨੇ ਵਿੱਚ ਪਹਿਲਾਂ ਕੁੜੀਆਂ ਬੜੇ ਚਾਵਾਂ ਅਤੇ ਉਤਸ਼ਾਹ ਨਾਲ ਗਿੱਧਾ ਪਾਉਂਦੀਆਂ ਸਨ ਅਤੇ ਘਰਾਂ ਵਿੱਚ ਪੂੜੇ ਤਿਆਰ ਕੀਤੇ ਜਾਂਦੇ ਅਤੇ ਖੀਰਾਂ ਖਾਧੀਆਂ ਜਾਂਦੀਆਂ ਸਨ।

### ਸੰਮੀ

ਸੰਮੀ ਇੱਕ ਰਵਾਇਤੀ ਪੰਜਾਬੀ ਨਾਚ ਹੈ ਜੋ ਔਰਤਾਂ ਦੁਆਰਾ ਵਿਆਹਾਂ ਅਤੇ ਹੋਰ ਜਸ਼ਨ ਸਮਾਗਮਾਂ ਦੌਰਾਨ ਕੀਤਾ ਜਾਂਦਾ ਹੈ। ਇਸ ਦਾ ਨਾਂ ਇਸੇ ਨਾਂ ਦੇ ਲੋਕ ਗੀਤ ਦੇ ਨਾਂ 'ਤੇ ਰੱਖਿਆ ਗਿਆ ਹੈ। ਸੰਮੀ ਇੱਕ ਸੋਲੋ ਡਾਂਸ ਹੈ ਜਿਸ ਵਿੱਚ ਡਾਂਸਰ ਆਪਣੀਆਂ ਖ਼ੂਬਸੂਰਤ ਹਰਕਤਾਂ ਅਤੇ ਭਾਵਪੂਰਤ ਇਸ਼ਾਰਿਆਂ ਰਾਹੀਂ ਕਹਾਣੀ ਸੁਣਾਉਂਦੀ ਹੈ। ਡਾਂਸ ਸ਼ੈਲੀ ਵਿੱਚ ਨਾਜ਼ੁਕ ਹੱਥਾਂ ਦੀਆਂ ਹਰਕਤਾਂ, ਪੈਰਾਂ ਦਾ ਕੰਮ ਅਤੇ ਕਤਾਈ ਸ਼ਾਮਿਲ ਹੈ। ਕਲਾਕਾਰ ਰੰਗੀਨ ਪਰੰਪਰਾਗਤ ਪਹਿਰਾਵਾ ਪਹਿਨਦੇ ਹਨ, ਜਿਸ ਵਿੱਚ ਇੱਕ ਲੰਬੀ ਕਮੀਜ਼ ਜਿਸ ਨੂੰ ਕਮੀਜ਼ ਕਿਹਾ ਜਾਂਦਾ ਹੈ ਤੇ ਘੱਗਰਾ ਗੁੰਝਲਦਾਰ ਕਢਾਈ ਦੇ ਨਾਲ ਸ਼ਾਮਿਲ ਹੈ। ਇਹ ਪੰਜਾਬੀ ਸੱਭਿਆਚਾਰ ਦੀ ਪਛਾਣ ਹੈ।





# ਨੁਕਸਦਾਰ ਵਿੱਦਿਅਕ ਢਾਂਚਾ ਸੁਧਾਰਨ ਦੀ ਲੋੜ

ਸਿਮਰਨਦੀਪ ਕੌਰ ਬੇਦੀ



ਅਸੀਂ ਅਕਸਰ ਦੇਸ਼ 'ਚ ਬਦਲਾਅ ਤੇ ਵਿਕਾਸ ਦੀ ਮੰਗ ਕਰਦੇ ਹਾਂ ਪਰ ਵਿਕਾਸ ਤਾਂ ਹੀ ਸੰਭਵ ਹੈ ਜੇ ਵਿੱਦਿਅਕ ਢਾਂਚੇ 'ਚ ਬਦਲਾਅ ਲਿਆਂਦਾ ਜਾਵੇਗਾ। ਬੇਸ਼ੱਕ ਭਾਰਤ ਨੇ ਹੁਣ ਕਾਫ਼ੀ ਤਰੱਕੀ ਕਰ ਲਈ ਹੈ ਅਤੇ ਚੰਦ 'ਤੇ ਵੀ ਆਪਣੇ ਕਦਮ ਜਮਾ ਲਏ ਹਨ ਪਰ ਤ੍ਰਾਸਦੀ ਦੀ ਗੱਲ ਇਹ ਹੈ ਕਿ ਤਕਨਾਲੋਜੀ ਦੇ ਯੁੱਗ ਦੌਰਾਨ ਵੀ ਭਾਰਤੀ ਵਿਦਿਆਰਥੀ ਕੇਵਲ ਪੰਨੇ ਕਾਲ਼ੇ ਕਰਨ ਤੇ ਤੋਤੇ ਵਾਂਗ ਰਟਣ ਲੱਗੇ ਹੋਏ ਹਨ। ਉਹ ਲੋੜ ਨਾਲੋਂ ਵਧੇਰੇ ਭਾਰੀ ਬਸਤਿਆਂ ਦਾ ਵਜ਼ਨ ਚੁੱਕ ਰਹੇ ਹਨ ਅਤੇ ਨਕਲ ਦਾ ਸਹਾਰਾ ਲੈ ਕੇ ਵਧੇਰੇ ਅੰਕ ਹਾਸਲ ਕਰਨ ਤੱਕ ਸੀਮਤ ਹਨ। ਸਕੂਲਾਂ, ਕਾਲਜਾਂ ਤੇ ਯੂਨੀਵਰਸਿਟਆਂ ਦਾ ਬੇਲੋੜਾ ਸਿਲੇਬਸ ਬੱਚੇ ਦੇ ਮਾਨਸਿਕ ਵਿਕਾਸ ਨੂੰ ਪ੍ਰਭਾਵਿਤ ਕਰਦਾ ਹੈ। ਵਿੱਦਿਅਕ ਅਦਾਰਿਆਂ ਵੱਲੋਂ ਵਿਦਿਆਰਥੀ ਦੇ ਦਿਲੋ-ਦਿਮਾਗ 'ਚ ਵਧੇਰੇ ਅੰਕ ਹਾਸਲ ਕਰਨ ਅਤੇ ਪਹਿਲੇ ਦਰਜੇ 'ਤੇ ਆਉਣ ਦੀ ਗੱਲ ਬਿਠਾ ਦਿੱਤੀ ਜਾਂਦੀ ਹੈ। ਇਸ ਕਾਰਨ ਵਧੇਰੇ ਅੰਕ ਹਾਸਲ ਕਰਨ ਦੀ ਦੌੜ 'ਚ ਬੱਚਾ ਸਕੂਲ ਤੋਂ ਪਰਤ ਕੇ ਘਰ ਆ ਕੇ ਵੀ ਕੇਵਲ ਕਿਤਾਬਾਂ ਖੋਲ੍ਹ ਕੇ ਬੈਠਾ ਰਹਿੰਦਾ ਹੈ ਅਤੇ ਸਮਾਜ ਨਾਲੋਂ ਟੁੱਟ ਕੇ ਕਿਤਾਬੀ ਕੀੜਾ ਬਣ ਜਾਂਦਾ ਹੈ। ਵਿੱਦਿਅਕ ਅਦਾਰਿਆਂ ਅਤੇ ਮਾਪਿਆਂ ਦਾ ਫ਼ਰਜ਼ ਬਣਦਾ ਹੈ ਕਿ ਬੱਚੇ ਨੂੰ ਸਮਝਾਇਆ ਜਾਵੇ ਕਿ ਪੜ੍ਹਾਈ ਦਾ ਮਤਲਬ ਕੇਵਲ ਪੰਨੇ ਕਾਲੇ ਕਰਨਾ ਅਤੇ ਵਧੇਰੇ ਅੰਕ ਹਾਸਲ ਕਰ ਕੇ ਮੈਰਿਟ ਸੂਚੀ 'ਚ ਆਉਣਾ ਨਹੀਂ ਹੈ ਬਲਕਿ ਅਸਲ ਪੜ੍ਹਾਈ ਉਹ ਹੈ ਜੋ ਤੁਹਾਨੂੰ ਦੁਨੀਆਦਾਰੀ ਤੋਂ ਵਾਕਫ਼ ਕਰਵਾ ਕੇ ਸਮਾਜ ਵਿਚ ਵਿਚਰਨਾ ਸਿਖਾਵੇ। ਅਜੋਕੇ ਅਧਿਆਪਕ ਵਿਦਿਆਰਥੀਆਂ ਨੂੰ ਕਿਤਾਬੀ ਪਾਠ ਤਾਂ ਪੜ੍ਹਾ ਦਿੰਦੇ ਹਨ ਪਰ ਸਮਾਜ ਵਿਚ ਵਿਚਰਨ ਦਾ ਪਾਠ ਸਿਖਾਉਣਾ ਭੁੱਲ ਜਾਂਦੇ ਹਨ। ਇਸ ਕਾਰਨ ਬੇਸ਼ੱਕ ਵਿਦਿਆਰਥੀ ਉੱਚ ਡਿਗਰੀਆਂ ਤਾਂ ਹਾਸਲ ਕਰ ਲੈਂਦੇ ਹਨ ਪਰ ਭਵਿੱਖ 'ਚ ਆਤਮ-ਵਿਸ਼ਵਾਸਸ ਦੀ ਘਾਟ ਕਾਰਨ ਹੋਰਾਂ ਨਾਲ ਗੱਲਬਾਤ ਕਰਨ ਤੋਂ ਝਿਜਕਦੇ ਹਨ ਤੇ ਸਮਾਜ 'ਚ ਸਹੀ ਤਰੀਕੇ ਨਾਲ ਵਿਚਰਨ ਤੋਂ ਅਸਮਰੱਥ ਰਹਿੰਦੇ ਹਨ।

ਅਜਿਹੇ ਵਿੱਦਿਅਕ ਢਾਂਚੇ ਦੀ ਲੋੜ ਹੈ ਜੋ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ 'ਤੇ ਜ਼ੋਰ ਦੇਵੇ। ਕਿਤਾਬੀ ਪੜ੍ਹਾਈ ਤੋਂ ਇਲਾਵਾ ਖੇਡਾਂ, ਆਰਟ ਐਂਡ ਕ੍ਰਾਫਟ, ਗੀਤ-ਸੰਗੀਤ, ਨਾਚ, ਆਪਸੀ ਵਿਚਾਰ-ਵਟਾਂਦਰਾ, ਭਖਦੇ ਮੁੱਦਿਆਂ 'ਤੇ ਬਹਿਸ ਵਿੱਚ ਵੀ ਵਿਦਿਆਰਥੀਆਂ ਨੂੰ ਸ਼ਾਮਲ ਕੀਤਾ ਜਾਵੇ ਤੇ ਇਨ੍ਹਾਂ ਵਿਸ਼ਿਆਂ ਦੇ ਅੰਕ ਵੀ ਸਾਲਾਨਾ ਇਮਤਿਹਾਨ ਦੇ ਨਤੀਜੇ ਵਿੱਚ ਜੋੜੇ ਜਾਣ ਤਾਂ ਜੋ ਵਿਦਿਆਰਥੀ ਇਨ੍ਹਾਂ ਸਰਗਰਮੀਆਂ 'ਚ ਵਧ-ਚੜ੍ਹ ਕੇ ਹਿੱਸਾ ਲੈਣ ਅਤੇ ਉਨ੍ਹਾਂ ਨੂੰ ਆਪਣਾ ਲੁਕਿਆ ਹੋਇਆ ਹੁਨਰ ਦਿਖਾਉਣ ਦਾ ਮੌਕਾ ਮਿਲ ਸਕੇ। ਇਸ ਤੋਂ ਇਲਾਵਾ ਵੇਦਾਂ-ਗ੍ਰੰਥਾਂ ਅਤੇ ਗੁਰਬਾਣੀ ਦਾ ਗਿਆਨ ਵੀ ਉਨ੍ਹਾਂ ਨੂੰ ਮੁਹੱਈਆ ਕਰਵਾਇਆ ਜਾਵੇ ਤਾਂ ਜੋ ਬਚਪਨ ਤੋਂ ਹੀ ਬੱਚਾ ਧਰਮ ਨੂੰ ਸਮਝਣ ਵਿੱਚ ਸਮਰੱਥ ਹੋ ਸਕੇ ਅਤੇ ਧਰਮ ਨਾਲ ਜੁੜ ਸਕੇ। ਵਿੱਦਿਅਕ ਅਦਾਰਿਆਂ ਨੂੰ ਵਿਦਿਆਰਥੀ ਦੇ ਲੁਕੇ ਹੋਏ ਹੁਨਰ ਨੂੰ ਅੱਗੇ ਲਿਆਉਣ ਦਾ ਮੰਦਰ ਸਮਝਿਆ ਜਾਂਦਾ ਹੈ। ਇਸ ਲਈ ਅਜਿਹੀ ਵਿੱਦਿਆ ਨੀਤੀ ਤਿਆਰ ਕੀਤੀ ਜਾਵੇ ਜਿਸ ਵਿੱਚ ਬੱਚੇ ਨੂੰ ਪ੍ਰਾਇਮਰੀ ਜਮਾਤ ਪਾਸ ਕਰਨ ਉਪਰੰਤ ਹੀ ਉਸ ਦੀ ਰੁਚੀ ਅਤੇ ਉਸ ਦੀ ਜ਼ਿੰਦਗੀ ਦਾ ਟੀਚਾ ਪੁੱਛ ਲਿਆ ਜਾਵੇ ਅਤੇ ਉਸ ਨੂੰ ਉਸ ਦੀ ਰੁਚੀ ਅਤੇ ਟੀਚੇ ਮੁਤਾਬਕ ਹੀ ਵਿੱਦਿਆ ਮੁਹੱਈਆ ਕਰਵਾਈ ਜਾਵੇ। ਤ੍ਰਾਸਦੀ ਦੀ ਗੱਲ ਇਹ ਹੈ ਕਿ ਅਕਸਰ ਦੇਖਣ ਵਿੱਚ ਆਉਂਦਾ ਹੈ ਕਿ ਵੱਡੇ-ਵੱਡੇ ਨਾਮਵਰ ਵਿੱਦਿਅਕ ਅਦਾਰਿਆਂ ਤੋਂ ਬਾਹਰ ਨਿਕਲ ਕੇ ਵੀ ਵਿਦਿਆਰਥੀਆਂ ਨੂੰ ਆਪਣੀ ਜ਼ਿੰਦਗੀ ਦਾ ਟੀਚਾ ਪਤਾ ਨਹੀਂ ਲੱਗਦਾ ਜਿਸ ਕਾਰਨ ਉਨ੍ਹਾਂ ਨੂੰ ਬੇਰੁਜ਼ਗਾਰੀ ਦਾ ਸਾਹਮਣਾ ਕਰਨਾ ਪੈਂਦਾ ਹੈ ਤੇ ਜਦ ਜ਼ਿੰਦਗੀ 'ਚ ਕੁਝ ਹੱਥ-ਪੱਲ੍ਹੇ ਨਹੀਂ ਲੱਗਦਾ ਤਾਂ ਫਿਰ ਹਾਰ ਕੇ ਵਿਦੇਸ਼ ਜਾਣ ਦਾ ਰਸਤਾ ਚੁਣਦੇ ਹਨ।

ਸੋ, ਬਦਲਦੇ ਸਮੇਂ ਦੀ ਰਫ਼ਤਾਰ ਨੂੰ ਦੇਖਦਿਆਂ ਵਿੱਦਿਅਕ ਪ੍ਰਣਾਲੀ 'ਚ ਬਦਲਾਅ ਲਿਆ ਕੇ ਪ੍ਰੈਕਟੀਕਲ ਵਿਧੀ ਦੀ ਮਦਦ ਨਾਲ ਵਿਦਿਆਰਥੀਆਂ ਨੂੰ ਵਿੱਦਿਆ ਮੁਹੱਈਆ ਕਰਵਾਈ ਜਾਵੇ ਤਾਂ ਜੋ ਬੇਲੋੜੇ ਸਿਲੇਬਸ ਦੇ ਬੋਝ ਕਾਰਨ ਵਿਦਿਆਰਥੀ ਪੜ੍ਹਾਈ ਤੋਂ ਦੂਰ ਨਾ ਨੱਸਣ। ਦੂਜੇ ਪਾਸੇ ਬੱਚੇ ਨੂੰ ਆਪਣੀ ਮਾਤ-ਭਾਸ਼ਾ 'ਚ ਨਿਪੁੰਨ ਬਣਾਉਣ ਲਈ ਉਸ ਨੂੰ ਪ੍ਰਾਇਮਰੀ ਪੱਧਰ ਤੱਕ ਉਸ ਦੀ ਮਾਤ-ਭਾਸ਼ਾ 'ਚ ਹੀ ਵਿੱਦਿਆ ਮੁਹੱਈਆ ਕਰਵਾਉਣੀ ਚਾਹੀਦੀ ਹੈ ਤੇ ਪ੍ਰਾਇਮਰੀ ਪੱਧਰ ਤੋਂ ਉਪਰੰਤ ਅੰਗਰੇਜ਼ੀ ਸਿਖਾਉਣ 'ਤੇ ਜ਼ੋਰ ਦੇਣਾ ਚਾਹੀਦਾ ਹੈ। ਬੱਚਾ ਆਪਣੀ ਮਾਂ-ਬੋਲੀ 'ਚ ਪੜ੍ਹ-ਲਿਖ ਕੇ ਤੇਜ਼ੀ ਨਾਲ ਗਿਆਨ ਹਾਸਲ ਕਰ ਸਕਦਾ ਹੈ। ਵਿਦੇਸ਼ੀ ਭਾਸ਼ਾ ਸਿੱਖਣ ਦੀ ਆੜ ਹੇਠ ਬੱਚਾ ਆਪਣੀ ਖ਼ੁਦ ਦੀ ਬੋਲੀ ਸਿੱਖਣ 'ਚ ਵੀ ਅਸਮਰੱਥ ਰਹਿੰਦਾ ਹੈ ਜਿਸ ਕਾਰਨ ਉਹ ਆਪਣੀ ਮਾਤ-ਭਾਸ਼ਾ 'ਚ ਮੁਹਾਰਤ ਹਾਸਲ ਨਹੀਂ ਕਰ ਪਾਉਂਦਾ। ਸਰਕਾਰ ਨੂੰ ਅਪੀਲ ਹੈ ਕਿ ਭਾਰਤੀ ਵਿੱਦਿਅਕ ਪ੍ਰਣਾਲੀ ਦੇ ਡਿੱਗ ਰਹੇ ਮਿਆਰ ਨੂੰ ਉੱਚਾ ਚੁੱਕਣ ਲਈ ਲੋੜੀਂਦੇ ਬਦਲਾਅ ਕੀਤੇ ਜਾਣ। ਜੇ ਵਿੱਦਿਅਕ ਪ੍ਰਣਾਲੀ 'ਚ ਬਦਲਾਅ ਲਿਆਂਦਾ ਜਾਵੇਗਾ ਤਾਂ ਹੀ ਦੇਸ਼ ਦੇ ਬਾਕੀ ਖੇਤਰਾਂ 'ਚ ਬਦਲਾਅ ਤੇ ਵਿਕਾਸ ਦੀ ਕਿਰਨ ਦਿਖਾਈ ਦੇਵੇਗੀ।





# ਅਲੀ ਹੈਦਰ ਮੁਲਤਾਨੀ



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

ਪੰਜਾਬੀ ਕਵਿਤਾ ਦੀ ਗੱਲ ਸੂਫ਼ੀ ਕਵਿਤਾ ਤੋਂ ਬਿਨਾਂ ਅਧੂਰੀ ਹੈ। ਸੂਫ਼ੀ ਕਵਿਤਾ ਵਿੱਚ ਤੌਬਾ, ਪ੍ਰਹੇਜ਼, ਬ੍ਰਿਹਾ, ਤਿਆਗ, ਗਰੀਬੀ, ਰੱਬ ਵਿੱਚ ਭਰੋਸਾ, ਸਤੁੰਸ਼ਟੀ ਉਪਰੰਤ ਅਧਿਆਤਮਕ ਵਿਸ਼ੇ ਹਨ। ਪ੍ਰੀਤਮ ਇੱਕ ਆਦਮੀ ਅਤੇ ਪ੍ਰੇਮੀ ਹੈ। ਮਨੁੱਖ ਔਰਤ ਉਸ ਨੂੰ ਭਾਲਦੀ ਹੈ। ਹੀਰ ਉਹ ਰੂਹ ਹੈ ਜੋ ਬ੍ਰਹਮ ਪਿਆਰੇ ਨੂੰ ਭਾਲਦੀ ਹੈ।

ਅਲੀ ਹੈਦਰ ਮੁਲਤਾਨੀ ਪੰਜਾਬੀ ਅਤੇ ਸਹਿਰੀਕੀ ਦਾ ਮਸ਼ਹੂਰ ਸੂਫ਼ੀ ਕਵੀ ਹੈ। ਉਸ ਨੇ ਆਪਣੀ ਜ਼ਿੰਦਗੀ ਦਾ ਵਧੇਰੇ ਸਮਾਂ ਆਪਣੇ ਪਿੰਡ ਚੌਂਤਰਾਂ ਤਹਿਸੀਲ ਪੀਰ ਮਹਿਲਾ ਜ਼ਿਲ੍ਹਾ ਟੋਬਾ ਟੇਕ ਸਿੰਘ ਪਾਕਿਸਤਾਨ ਵਿੱਚ ਗੁਜ਼ਾਰਿਆ। ਉਸ ਦਾ ਜਨਮ 10 ਮਈ 1690 ਨੂੰ ਹੋਇਆ। ਪਿਤਾ ਦਾ ਨਾਉਂ ਸ਼ੇਖ਼ ਮੁਹੰਮਦ ਅਮੀਨ ਸੀ। ਅਲੀ ਗਿਲਾਨੀ ਸਯਦ ਸੀ। ਉਹ ਅਰਬੀ ਅਤੇ ਫ਼ਾਰਸੀ ਦਾ ਵਿਦਵਾਨ ਸੀ। ਮੁਗ਼ਲ ਬਾਦਸ਼ਾਹ ਔਰੰਗਜ਼ੇਬ ਦੀ ਮੌਤ ਤੋਂ ਬਾਅਦ ਰਾਜਨੀਤਿਕ ਉਥਲ ਪੁਥਲ ਦੇ ਸਮੇਂ ਉਸ ਨੇ ਸੂਫ਼ੀ ਕਾਵਿ ਤੇ ਦਿਲ ਖੋਲ ਕੇ ਰਚਨਾ ਕੀਤੀ। ਉਸ ਨੂੰ ਅਰਬੀ ਫ਼ਾਰਸੀ ਵਿੱਚ ਖ਼ਾਸ ਮੁਹਾਰਤ ਪ੍ਰਾਪਤ ਸੀ। ਲੁਤਫ਼ ਅਲੀ ਬਹਾਵਲਪੁਰੀ ਉਸਦਾ ਸ਼ਾਗਿਰਦ ਸੀ।

ਰਾਹੀ ਰਾਹ ਜਾਂਦੇ ਫਕੀਰ ਗਲੀਆਂ ਵਿੱਚ ਉਸਦਾ ਕਲਾਮ ਗਾਉਂਦੇ ਜਾਂਦੇ ਸਨ। ਲੋਕਾਂ ਨੇ ਇਸ ਵੱਲ ਕੋਈ ਧਿਆਨ ਨਾ ਦਿੱਤਾ ਕਿ ਫਕੀਰ ਕੀ ਗਾਉਂਦੇ ਹਨ ? ਹੈਦਰ ਇੱਕ ਕਵੀ ਦੇ ਰੂਪ ਵਿੱਚ ਆਮ ਲੋਕਾਂ ਲਈ ਅਣਜਾਣ ਸੀ। ਸੰਨ 1898 ਵਿੱਚ ਲਾਹੌਰ ਦੇ ਮਲਿਕ ਫਜਲਦੀਨ ਨੇ ਜਦ ਉਸ ਦਾ ਕਲਾਮ ਧਿਆਨ ਨਾਲ ਸੁਣਿਆ ਤਾਂ ਬਹੁਤ ਪ੍ਰਭਾਵਿਤ ਹੋਇਆ। ਉਸ ਨੇ ਹੈਦਰ ਦੀਆਂ ਰਚਨਾਵਾਂ ਨੂੰ ਇਕੱਠਾ ਕਰਕੇ ਮੁਕੰਮਲ ਮਜਮੂਆਂ ਅਬਜਾਤ ਅਲੀ ਹੈਦਰ ਛਪਵਾਇਆ। ਉਸਦੇ ਜੀਵਨ ਬਾਰੇ ਬਹੁਤੀ ਜਾਣਕਾਰੀ ਨਹੀਂ ਮਿਲਦੀ। ਲੋਕਾਂ ਨੂੰ ਅਤੇ ਉਸ ਦੇ ਵੰਸ਼ਜਾਂ ਨੂੰ ਉਸ ਦੇ ਜੀਵਨ ਅਤੇ ਸਾਹਿਤ ਬਾਰੇ ਪਤਾ ਨਹੀਂ ਹੈ। ਉਸ ਦੀ ਰਚਨਾ ਦੇ ਹਵਾਲੇ ਨਾਲ ਉਸ ਬਾਰੇ ਪਤਾ ਲੱਗਦਾ ਹੈ ਜਿਵੇਂ ਉਹ ਕਹਿੰਦਾ ਹੈ ਕਿ ਮੈਂ ਸਯਦ ਨਹੀਂ ਅਤੇ ਨਾ ਹੀ ਵਿਦੇਸ਼ੀ ਹੈ। ਆਪਣੇ ਪੀਰ ਮੁਰਸ਼ਦ ਬਾਰੇ ਲਿਖਦਾ ਹੈ:

ਮੈਂ ਕੁੱਤਾ ਬਣ ਆਲ ਰਸੂਲ ਨਜੀਬ ਦਾ,
ਪਾਹਰਾਂ ਹਾਂ ਘਰ ਬਾਰ ਉੱਤੇ
ਉਪਰ ਅੱਗੋਂ ਉਹ ਅੰਧੇਰੀ,
ਮੈਂ ਹੋਂਦੀਆਂ ਏਸ ਦਰਬਾਰ ਉੱਤੇ
ਪਰ ਅਹਲੇ ਉਲਮਾ ਦੀ ਇੱਜਤ ਰੱਖਣ
ਵਾਜਿਬ ਹੈ ਸੰਸਾਰ ਉਤੈ
ਹੈਦਰ ਉਲਮਾਂ ਵਾਰਸੇ ਅੰਬੀਆਂ
ਕੌਣ ਹੋਵੇ ਇਨਕਾਰ ਉੱਤੇ।

ਮੈਂ ਉੱਚੇ ਨਬੀ ਆਲ ਰਸੂਲ ਦਾ ਇੱਕ ਕੁੱਤਾ ਹਾਂ। ਉਸਦੇ ਘਰ ਬਾਹਰ ਤੇ ਪਹਿਰਾ ਦਿੰਦਾ ਹਾਂ। ਨਜ਼ਰ ਰੱਖਦਾ ਹਾਂ। ਉਹਨਾਂ ਦੇ ਦਰਬਾਰ ਉਤੋਂ ਮੈਂ ਤੂਫ਼ਾਨ ਬਣ ਕੇ ਲੰਘਦਾ ਹਾਂ। ਉਹਨਾਂ ਦੇ ਨਾਉਂ ਦਾ ਵੀ ਮੈਂ ਗੁਲਾਮ ਹਾਂ। ਇਹਨਾਂ ਸੱਜਣਾਂ ਦੀ ਦਿਆਲਤਾ ਦਾ ਵੀ ਭਾਵ ਸਯਦਾਂ ਦਾ ਸਤਿਕਾਰ ਬਰਕਰਾਰ ਰੱਖਣਾ ਸੰਸਾਰ ਵਿੱਚ ਸਹੀ ਨਹੀਂ ਹੈ। ਹੋਰ ਸਪਸ਼ਟ ਕਰਦਾ ਹੈ ਕਿ ਜੇਕਰ ਅਲੀ ਹੈਦਰ ਸਯਦ ਵਿਦਵਾਨ ਹੁੰਦਾ, ਉਹ ਆਪਣੇ ਆਪ ਨੂੰ ਕੁੱਤਾ ਨਾ ਆਖਦਾ। ਸਗੋਂ ਸਯਦਾਂ ਦੇ ਦਰਵਾਜੇ ਉਸਦਾ ਸਨਮਾਨ ਹੁੰਦਾ। ਇਹ ਸਿੱਧ ਕਰਦਾ ਹੈ ਕਿ ਹੈਦਰ ਇੱਕ ਭਾਰਤੀ ਸੀ ਨਾ ਕਿ ਵਿਦੇਸ਼ੀ ਸਯਦਾਂ ਵਿਚੋਂ ਸੀ। ਹੈਦਰ ਸਯਦਾਂ ਕੋਲੋਂ ਡਰਦਾ ਹੈ। ਆਪਣੇ ਆਪ ਨੂੰ ਨੀਂਵਾਂ ਸਮਝਦਾ ਹੈ। ਉਹਨਾਂ ਦਾ ਸਤਾਇਆ ਹੋਇਆ ਹੈ ਪਰ ਸਿੱਖਿਅਤ ਵਿਦਵਾਨਾਂ ਦਾ ਸਤਿਕਾਰ ਕਰਦਾ ਹੈ। ਉਹ ਇੱਕ ਮੰਨੇ ਹੋਏ ਕਾਦਰੀ ਫਿਰਕੇ ਦੇ ਮੋਢੀ ਸ਼ਾਹ ਮੁਹਈਉਦੀਨ ਦਾ ਜ਼ਿਕਰ ਆਪਣੇ ਕਾਵਿ ਵਿੱਚ ਕਰਦੇ ਹਨ ਕਿ

-ਕਾਫ਼ ਕਿਹਾ ਗਮ ਖੌਫ ਅਸਾਂ ਨੂੰ ਜੇ ਸ਼ਾਹ ਮੁਇਉਦੀਨ ਅਸਾਡੜਾ ਏ
ਸ਼ਾਹ ਅਬਦੁਲ ਕਾਦਿਰ ਜਿੰਨਾਂ ਦਾ ਜੇ, ਲੁਤਫ ਅਮੀਨ ਅਸਾਡੜਾ ਏ।
ਅਲੀ ਹੈਦਰ ਕਿਆ ਪ੍ਰਵਾਹ ਕਿਸੇ ਦੀ,
ਜੇ ਸ਼ਾਹ ਮੁਹਈਦੀਨ ਅਸਾਡੜਾ ਏ।

ਭਾਵ ਅਲੀ ਐਦਰ ਸਾਨੂੰ ਕਿਸੇ ਹੋਰ ਦੀ ਕੀ ਪ੍ਰਵਾਹ ਜੇ ਸ਼ਾਹ ਮੁਹਈਉਦੀਨ ਅਸਾਡੜਾ ਏ।

ਉਸ ਦੀ ਰਚਨਾ ਦੀ ਅਮੀਰੀ ਦਾ ਨਮੂਨਾ ਹੈ ਕਿ

ਸ਼ੀਨ ਸ਼ਰਾਬ ਦੇ ਮਸਤ ਰਹਣ ਕੇਹੇ,
ਲੈਣ ਤੈਂਡੜੇ ਮਤਵਾਲੜੇ ਨੇ।
ਸ਼ਰਥ ਸਫ਼ੈਦ ਸਿਆਹ ਦੁੰਬਾਲੜੇ
ਬਾਝ ਕੱਜਲ ਦੇ ਐਂਵੇ ਕਾਲੜੇ ਨੇ
ਨਾਲ ਨਿਗਾਹ ਦੇ ਮਸਤ ਕਰਨ
ਕੇਹੇ ਚੀਨੀ ਰੰਗ ਪਿਆਲੜੇ ਨੇ
ਹੈਦਰ ਛਿਕ ਛਿਕ ਤੀਰ ਚਲੈਂਦੇ
ਕੇਹੇ ਜਾਲਮ ਮਾਰਨ ਵਾਲੜੇ ਨੇ।

ਹੈਦਰ ਨੇ ਕਿੱਸਾ ਹੀਰ ਰਾਂਝਾ ਪੰਜਾਬੀ ਕਵਿਤਾ ਦਾ ਇਕ ਨਿਵੇਕਲਾ ਰੰਗ ਭਰਿਆ ਹੈ

ਜਾਨ ਬਚਾ ਕੇ ਬਾਹਜੋ ਚਾਕੇ,
ਰਖੇ ਕਿਉਂ ਕਰ ਹੋਈ ਮਾਂ
ਯਹਰਕ ਮਾਸਵਾ ਆਲ ਮਹਬੂਬ
ਰਿਹਿਆ ਗੈਰ ਨਾ ਕੋਈ ਮਾਂ
ਦਿਲ ਵਿੱਚ ਆਖੇਂ ਵੇਖ ਤਮਾਸ਼ੇ ਹੈ ਹੋ ਉਥੇ ਢੋਈ ਮਾਂ
ਮਨ ਹੋ ਮਿਕਨਾਤੀਸ ਹੈਦਰ
ਉਸੇ ਦੀ ਖਿੱਚ ਰਖੀਓ ਈ ਮਾਂ।

ਹੈਦਰ ਨੇ ਕੌਮੀ ਜਾਗ੍ਰਿਤੀ ਦੀ ਗੱਲ ਕੀਤੀ ਹੈ। ਉਹ ਨਾਦਰ ਸ਼ਾਹ ਦੇ ਹਮਲੇ ਅਤੇ ਹਿੰਦੁਸਤਾਨੀਆਂ ਦੀ ਆਪਸੀ ਫੁੱਟ, ਨਾਇਤਫਾਕੀ , ਖੁਦਗਰਜੀ ਅਤੇ ਕਾਇਰਤਾ ਨੂੰ ਖ਼ੂਬ ਭੰਡਦਾ ਹੈ। ਨਾਦਰਸ਼ਾਹ ਦਾ ਦਿੱਲੀ ਦੇ ਬਾਦਸ਼ਾਹ ਮੁਹੰਮਦ ਸ਼ਾਹ ਰੰਗੀਲੇ ’ਤੇ 1739 ਈਸਵੀ ਦਾ ਹਮਲਾ ਅਤੇ ਉਸ ਹਮਲੇ ਦੀ ਤਬਾਹੀ ਅਤੇ ਬਰਬਾਦੀ ਨੂੰ ਦੇਖ ਕੇ ਉਸਦਾ ਮਨ ਦੁਖੀ ਹੋਇਆ। ਇਹ ਹਮਲਾ ਵੀ ਨਿਜਾਮ ਉਲ ਮਲਕ ਦੇ ਇਸ਼ਾਰੇ ’ਤੇ ਕੀਤਾ ਗਿਆ ਸੀ।, ਜੋ ਗਦਾਰ ਸੀ। ਹੈਦਰ ਗਦਾਰਾਂ ਨੂੰ ਲਾਹਨਤਾਂ ਪਾਉਂਦਾ ਹੈ :

ਬੇ ਬਿਖ ਜਹਿਰ ਨਹੀਂ ਜੋ ਖਾਹ ਮਰਨ, ਕੁਝ ਸ਼ਰਮ ਨਹੀਂ ਹਿੰਦੁਸਤਾਨੀਆਂ ਨੂੰ
ਕਿਆ ਹਯਾ ਇਹਨਾਂ ਰਾਜਿਆਂ ਨੂੰ ਕੁਝ ਲਜ ਨਹੀਂ ਤੁਰਾਨੀਆਂ ਨੂੰ
ਭੈੜੇ ਭਰ ਭਰ ਦੇਵਣ ਖਜਾਨੇ ਫਾਰਸੀਆਂ ਖੁਰਾਸਾਨੀਆਂ ਨੂੰ
ਛੂਣੀਆਂ ਪਾਣੀਆਂ ਨੱਕ ਡੋਬਣ ਜੋ ਲਹਿਵਨ ਨਾ ਵੱਡਿਆ ਪਾਣੀਆਂ ਨੂੰ

ਹੈਦਰ ਇੱਕ ਚੇਤਨ ਤੇ ਜਾਗਰੂਕ ਕਵੀ ਵਾਂਗ ਦੇਸ਼ ਅਤੇ ਦੇਸ਼ ਵਾਸੀਆਂ ਦੀ ਖੁਸ਼ਹਾਲੀ ਦੀ ਕਾਮਨਾ ਕਰਦਾ ਹੈ। ਦੇਸ਼ ਦੇ ਆਸ਼ਕਾਂ ਸਦਕਾ ਪ੍ਰਤੀ ਉਸਦੇ ਮਨ ਵਿੱਚ ਖਾਸ ਸਤਿਕਾਰ ਹੈ:

ਖੇ ਖੁਸ਼ੀ ਵਸੇ ਇਹ ਦੇਸ਼ ਰਾਵੀ, ਜਿੱਥੇ ਵਸਦੀਆਂ ਕੁਲ ਕਵਾਰੀਆਂ ਨੇ
ਘੜਾ ਘਿੰਨ ਕੇ ਢਾਕਾਂ ਤੋਂ ਚਾੜਨ , ਉਹ ਤਾਂ ਦੋ ਨੈਣਾਂ ਦੀਆਂ ਮਾਰੀਆਂ ਨੇ।
ਵੰਜ ਵੇਜ਼ ਨੀਗਰਾ ਛੇੜ ਨਾਹੀ, ਮਤਾਂ ਆਵਣ ਅਸਾਡੀਆਂ ਵਾਰੀਆਂ ਨੇ।
ਓੜਕ ਇਸ਼ਕ ਕੁੰਨੋ ਅਲੀ ਹੈਦਰ ਕੀ ਹਾਸਿਲ ਜੇ ਜਿੱਤੀਆਂ ਬਾਜੀਆਂ ਹਾਰੀਆਂ ਨੇ।

ਵਹਦਤੁਲ ਵਜੂਦ ਦੇ ਹਵਾਲੇ ਵਿੱਚ ਉਸਦੀ ਕਾਵਿ ਰਚਨਾ ਵਿਚਾਰਨ ਯੋਗ ਹੈ।

ਕਾਫ਼ ਕੂੜਾ ਘੋੜਾ, ਕੂੜਾ ਜੋੜਾ, ਕੂੜਾ ਸ਼ਾਹ ਅਸਵਾਰ,
ਕੂੜੇ ਬਾਸ਼ੇ, ਕੂੜੇ ਸ਼ਿਕਰ , ਕੂੜੇ ਮੀਰ ਸ਼ਿਕਾਰ,
ਕੂੜੇ ਹਾਥੀਂ, ਕੂੜੇ ਲਸ਼ਕਰ, ਕੂੜੇ ਫ਼ੌਜ ਕਟਾਰ,
ਕੂੜੇ ਸੂਹੇ, ਕੂੜੇ ਸਾਲੂ,ਕੂੜੇ ਸੋਹਣੇ ਯਾਰ
ਕੂੜੈ ਜੋੜੇ ਕੂੜੇ ਬੀੜੇ, ਕੂੜੇ ਹਾਰ ਸ਼ਿੰਗਾਰ,
ਕੂੜੇ ਕੋਠੇ ਕੂੜੇ ਮੰਮਟ, ਕੂੜਾ ਇਹ ਸੰਸਾਰ,

**ਅਲੀ ਹੈਦਰ ਮੁਲਤਾਨੀ ਪੰਜਾਬੀ ਅਤੇ ਸਹਿਰੀਕੀ ਦਾ ਮਸ਼ਹੂਰ ਸੂਫ਼ੀ ਕਵੀ ਹੈ। ਉਸ ਨੇ ਆਪਣੀ ਜ਼ਿੰਦਗੀ ਦਾ ਵਧੇਰੇ ਸਮਾਂ ਆਪਣੇ ਪਿੰਡ ਚੌਂਤਰਾਂ ਤਹਿਸੀਲ ਪੀਰ ਮਹਿਲਾ ਜ਼ਿਲ੍ਹਾ ਟੋਬਾ ਟੇਕ ਸਿੰਘ ਪਾਕਿਸਤਾਨ ਵਿੱਚ ਗੁਜ਼ਾਰਿਆ। ਉਸ ਦਾ ਜਨਮ 10 ਮਈ 1690 ਨੂੰ ਹੋਇਆ। ਪਿਤਾ ਦਾ ਨਾਉਂ ਸ਼ੇਖ਼ ਮੁਹੰਮਦ ਅਮੀਨ ਸੀ। ਅਲੀ ਗਿਲਾਨੀ ਸਯਦ ਸੀ। ਉਹ ਅਰਬੀ ਅਤੇ ਫ਼ਾਰਸੀ ਦਾ ਵਿਦਵਾਨ ਸੀ। ਮੁਗ਼ਲ ਬਾਦਸ਼ਾਹ ਔਰੰਗਜ਼ੇਬ ਦੀ ਮੌਤ ਤੋਂ ਬਾਅਦ ਰਾਜਨੀਤਿਕ ਉਥਲ ਪੁਥਲ ਦੇ ਸਮੇਂ ਉਸ ਨੇ ਸੂਫ਼ੀ ਕਾਵਿ ਤੇ ਦਿਲ ਖੋਲ ਕੇ ਰਚਨਾ ਕੀਤੀ। ਉਸ ਨੂੰ ਅਰਬੀ ਫ਼ਾਰਸੀ ਵਿੱਚ ਖ਼ਾਸ ਮੁਹਾਰਤ ਪ੍ਰਾਪਤ ਸੀ। ਲੁਤਫ਼ ਅਲੀ ਬਹਾਵਲਪੁਰੀ ਉਸਦਾ ਸ਼ਾਗਿਰਦ ਸੀ।**

ਹੈਦਰ ਆਖੇ ਸਭ ਕੁਝ ਕੂੜਾ ਸੱਚਾ ਹਿੱਕ ਕਰਤਾਰ
ਦੂਜਾ ਨਬੀ ਮੁਹੰਮਦ ਸੱਚਾ, ਸੱਚੇ ਉਸਦੇ ਯਾਰ।

ਝੂਠਾ ਹੈ ਘੌੜਾ, ਝੂਠੀ ਹੈ ਪੁਸ਼ਾਕ ਅਤੇ ਝੂਠਾ ਹੈ ਰਾਜਾ ।ਸਵਾਰ ਝੂਠੇ ਹਨ। ਬਾਜ ਝੂਠੇ ਹਨ ਅਤੇ ਝੂਠੇ ਹਨ ਸ਼ਿਕਾਰ ਦੇ ਆਗੂ। ਝੂਠੇ ਹਾਥੀ, ਝੂਠੀਆਂ ਫ਼ੌਜਾਂ ਅਤੇ ਝੂਠੇ ਹਨ ਤਲਵਾਰ ਵਾਲੇ ਫ਼ੌਜੀ। ਝੂਠੇ ਲਾਲ ਰੰਗੇ ਸਾਲੂ ਅਤੇ ਦੋਸਤ ਝੂਠੇ ਹਨ। ਝੂਠੀਆਂ ਇਹ ਵਰਦੀਆਂ, ਝੂਠੀਆਂ ਕਿਸਤੀਆਂ, ਝੂਠੇ ਪੈਖਾਨੇ, ਝੂਠੇ ਘਰ,ਝੂਠੇ ਸੁੱਖ ਅਤੇ ਝੂਠਾ ਇਹ ਸੰਸਾਰ। ਹੈਦਰ ਕਹਿੰਦਾ ਹੈ ਕਿ ਸਭ ਕੁਝ ਝੂਠ ਹੈ। ਕਰਤਾਰ ਇਕੱਲਾ ਸੱਚਾ ਹੈ। ਦੂਜਾ ਸੱਚਾ ਪੈਗੰਬਰ ਮੁਹੰਮਦ ਅਤੇ ਸੱਚੇ ਉਸ ਦੇ ਦੋਸਤ ਹਨ।

ਹੈਦਰ ਨੇ ਇੱਕ ਰੱਬ ਵਿੱਚ ਵਿਸ਼ਵਾਸ ਚੰਗੀ ਤਰਾਂ ਦਰਸਾਇਆ ਹੈ:

ਆਲਿਫ਼ ਏਥੇ ਉਥੇ ਆਸ ਅਸਾਂ ਤੈਂਡੀ ਤੇ ਆਸਰਾ ਤੈਂਡੜੇ ਜੋਰ ਦਾ ਈ
ਮਹੀ ਸਭ ਹਵਾਲੜੇ ਤੈਂਡੜੇ ਨੇ ਅਸਾਂ ਖੌਫ਼ ਨਾ ਗੁੰਡੜੇ ਚੋਰ ਦਾ ਈ।
ਤੂੰ ਹੀ ਜਾਣ ਸਵਾਲ ਜਵਾਬ ਸਭੇ, ਸਨੂੰ ਹੋਲ ਨਾ ਔਖੜੀ ਗੋਰ ਦਾ ਈ
ਅਲੀ ਹੈਦਰ ਨੂੰ ਸਿੱਕ ਤੈਂਡੜੀ ਏ, ਬੈਠੇ ਬਾਝ ਨਾ ਸਾਇਲ ਹੋਰ ਦਾ ਈ।

ਇਥੇ ਉਥੇ ਸਾਨੂੰ ਆਸ ਤੇਰੀ ਏ,ਤੇਰੇ ਆਸਰੇ ਦਾ ਜੋਰ ਏ, ਸਭ ਕੁਝ ਤੇਰੇ ਹਵਾਲੇ ਹੈ। ਸਾਰੇ ਵੱਗ ਦਾ ਤੂੰ ਹੀ ਚਰਵਾਹਾ ਏ। ਇਸ ਲਈ ਮੈਂ ਕਿਸੇ ਭੈੜੇ ਚੋਰ ਗੁੰਡੇ ਤੋਂ ਨਹੀਂ ਡਰਦਾ। ਤੂੰਹ ਹੀ ਸਾਰੀਆਂ ਅਰਦਾਸਾਂ ਨੂੰ ਜਾਣਦਾ ਏ। ਉਹਨਾਂ ਦੇ ਜਵਾਬ ਵੀ ਜਾਣਦਾ ਏ। ਮੈਨੂੰ ਔਖੀ ਕਬਰ ਦਾ ਕੋਈ ਡਰ ਨਹੀਂ। ਅਲੀ ਹੈਦਰ ਨੂੰ ਤੇਰੀ ਭਾਲ ਹੈ। ਤੇਰੇ ਬਗੈਰ ਮੇਰਾ ਬਚਾਓ ਨਹੀਂ ।ਉਹ ਕਿਸੇ ਹੋਰ ਦੀ ਭਾਲ ਨਹੀਂ ਕਰਦਾ।

ਸਰੀਰਕ ਪਿਆਰ ਅਧਿਆਤਮਕ ਪਿਆਰ ਲਈ ਉਸਦਾ ਆਦਰਸ਼ ਸੀ। ਇਹ ਦਰਸਾਉਣ ਲਈ ਉਸਦਾ ਕਾਵਿ ਹੈ :

ਸ਼ੀਨ ਸ਼ਕਰੰਜੀ ਯਾਰ ਦੀ ਮੈਨੂੰ ਤਲਬ ਕੀਤਾ ਸਭ ਸ਼ੀਰ ਸ਼ਕਰ,
ਜੰਗ ਸ਼ਕਰ ਦੇ ਸ਼ਕਰ ਵੰਡਾ ਜੇ ਐਂਵੇ ਕਰੇ ਰੱਬ ਸ਼ੀਰ ਸ਼ਕਰ
ਰਾਂਝਣ ਖਰੀ ਤੇ ਹੀਰ ਸ਼ਕਰ ਰੱਬ ਫੇਰ ਕਰੇ ਸ਼ੀਰ ਸ਼ਕਰ
ਹੈਦਰ ਗੁੱਸਾ ਪੀਣੇ ਤਾਂ ਆਖੇ ਪੀਓ ਮਿੱਠਾ ਲਬ ਸ਼ੀਰ ਸ਼ਕਰ।

ਮੇਰੇ ਦੋਸਤ ਦਾ ਗੁੱਸਾ ਮੇਰੇ ਲਈ ਕੋੜਾ ਹੈ। ਇਸ ਨੇ ਸਾਡੀ ਦੋਸਤੀ ਨੂੰ ਕੋੜਾ ਬਣਾ ਦਿੱਤਾ। ਮੈਂ ਗੰਜ ਸ਼ਕਰ ਦੀ ਖੰਡ ਵੰਡਾਂਗਾ। ਬਾਸ਼ਰਤੇ ਰੱਬ ਸ਼ਾਂਤੀ ਬਖਸ਼ੇ। ਰਾਝਾਂ ਚੌਲ ਤੇ ਹੀਰ ਖੰਡ ਹੈ। ਪਰਮਾਤਮਾ ਜਲਦੀ ਇਹਨਾਂ ਦਾ ਮਿਲਾਪ ਕਰਾਵੇ। ਜਿਸ ਚੀਜ਼ ਦੀ ਅਸੀਂ ਖੋਜ ਕਰਦੇ ਹਾਂ ਉਹ ਹਰੇਕ ਬਲ ਤੇ ਮੌਜੂਦ ਹੈ। ਭਾਵ ਪਰਮਾਤਮਾ ਦਾ ਨਾਉਂ। ਉਸਦੀ ਮਿੱਤਰਤਾ ਦਾ ਪਿਆਲਾ ਪੀਓ। ਹੈਦਰ ਜੇ ਉਹ ਆਪਣੇ ਗੁੱਸੇ ਤੇ ਕਾਬੂ ਰੱਖੇ ਤਾਂ ਕਹੇਗਾ ਕਿ ਬੁੱਲਾਂ ਦੀ ਮਿੱਠੀ ਖੰਡ ਨਾਲ ਦੋਸਤੀ ਪੀ। ਉਸ ਦੀ ਇੱਕ ਸੰਗੀਤਕ ਟੁਕੜੀ ਵੇਖੋ ਕਿ ਪਾਠਕ ਪੜਦਾ ਪੜਦਾ ਹੀ ਗਾ ਉਠਦਾ ਹੈ, ਲੈਅ ਵਿੱਚ :

ਤੇ ਤਾਰੀਆਂ ਲਾਰਿਆਂ ਤੈਂਡਿਆਂ ਨੇ, ਮੈਨੂੰ ਲਾਰਿਆਂ ਕਾਰੀਆਂ ਮਾਰੀਆਂ ਨੈ
ਹੀਰ ਜੇਹੀਆ ਸੈ ਗੋਲੀਆਂ ਘਲੀਆਂ ਨੇ, ਸਦਕੇ ਕੀਤੀਆਂ ਤੇ ਤੈਥੋਂ ਵਾਰੀਆਂ ਨੇ
ਚੋਪਾੜ ਮਾਰ ਤੋੜ ਨਾ ਪਾਸੜੇ ਨੂੰ ਪਾਸੇ ਦਿੱਤੀਆਂ ਹੱਡੀਆਂ ਸਾਰੀਆਂ ਨੇ
ਅਲੀ ਹੈਦਰ ਘੋਲੜੀ ਤੈਂਡੜੇ ਤੋਂ, ਅਸਾਂ ਜਿੱਤੀਆਂ ਬਾਜ਼ੀਆਂ ਹਾਰੀਆਂ ਨੇ।

ਅਲੀ ਆਪਣੇ ਬਾਰੇ ਕਹਿੰਦਾ ਹੈ ਕਿ

ਖੇ-ਖਲਕ ਖੁਦਾ ਦੀ ਇਲਮ ਪੜਦੀ ਸਾਨੂੰ ਇੱਕਾ ਮਤਾਲੇ ਯਾਰ ਦਾ ਏ
ਜਿੰਨਾ ਖੋਲ ਕੇ ਇਸ਼ਕ ਕਿਤਾਬ ਡਿੱਠੀ, ਸੀਗੇ ਸਰਫ ਦੇ ਸਭ ਵਿਸਾਰ ਦਾ ਏ
ਜਿੰਨਾ ਯਾਰ ਦਾ ਨਾਮ ਦਾ ਸਬਕ ਪੜਿਆ, ਇਥੇ ਜਾਏ ਨਾ ਸਬਰ ਕਰਾਰ ਦਾ ਏ।

ਹੈਦਰ ਮੁੱਲਾਂ ਨੂੰ ਫ਼ਿਕਰ ਨਿਮਾਜ ਦਾ ਏ, ਇਹਨਾਂ ਆਸ਼ਿਕਾਂ ਤਲਬ ਦੀਦਾਰ ਦਾ ਏ। ਪਰਮਾਤਮਾ ਦੇ ਜੀਵ ਗਿਆਨ ਅਧਿਐਨ ਕਰਦੇ ਹਨ ਪਰ ਸਾਡੇ ਕੋਲ ਕੇਵਲ ਉਹ ਹੈ ਪ੍ਰੀਤਮ ਦਾ ਅਧਿਐਨ ਜੋ ਕਿਤਾਬ ਖੋਲਿਆ ਅਤੇ ਦੇਖਿਆ ਹੈ ਜੋ ਕਿ ਉਹ ਪਿਆਰ ਵਿੱਚ ਸਭ ਖਰਚਾ ਕਰਨ ਲਈ ਤਿਆਰ ਹੈ। ਜਿਸ ਨੇ ਪ੍ਰੀਤਮ ਦਾ ਪਾਠ ਪੜਿਆ ਹੈ। ਸ਼ਾਂਤੀ ਹੈ, ਸੰਤੋਖ ਹੈ। ਹੈਦਰ ਪੁਜਾਰੀ ਨੂੰ ਪ੍ਰਾਥਨਾ ਬਾਰੇ ਸੋਚਣਾਂ ਪੈਂਦਾ ਹੈ ਪਰ ਇਹ ਪ੍ਰੇਮੀ ਸਿਰਫ਼ ਇੱਛਾ ਰੱਖਦੇ ਹਨ ਪਿਆਰ ਪ੍ਰਗਟ ਕਰਨ ਦੀ।

ਹੋਰ ਅੱਗੇ ਵੇਰਵਾ ਹੈ :

ਬੇ ਬੇਦੀ ਬੈ ਨ ਵੱਸ ਮੁੱਲਾ ਉਹੋ ਆਲਿਫ਼ ਸਿੱਧਾ ਖਮ ਘੱਤ ਆਇਆ
ਉਹ ਯਾਰ ਗਲਵੱਕੜੀ ਰਾਤ ਵਾਲਾ, ਹੁਣ ਭੇਸ ਵਟਾ ਕੇ ਵਤ ਆਇਆ।
ਸੋਹਣਾ ਮੀਮ ਦੀ ਚਾਦਰ ਪਹਣ ਕੀ ਜੀ ਕੇਹਾ ਜੁਲਫ਼ਾਂ ਦਾ ਘੁੰਘਟ ਘਤ ਆਇਟਾ
ਅਲੀ ਹੈਦਰ ਉਹ ਯਾਰ ਪਿਆਰਾ ਹੁਣ ਅਹਿਮਦ ਬਣਕੇ ਵਤ ਆਇਆ।

ਹੇ ਪੁਜਾਰੀ ਮੈਨੂੰ ਮੋੜਵੀਂ ਕ੍ਰਿਪਾਨ ਨਾ ਦਿਖਾ, ਕਿਉਂਕਿ ਇਹ ਸਿੱਧੀ ਆਲਿਫ਼ ਹੈ। ਜੋ ਵਾਪਿਸ ਮੁੜ ਆਈ ਏ। ਦੋਸਤੋ ਬੀਤੀ ਰਾਤ ਆਪਣਾ ਪਹਿਰਾਵਾ ਬਦਲਣ ਵਾਲਾ ਫਿਰ ਆ ਗਿਆ ਹੈ। ਮੀਮ ਦੀ ਸ਼ਾਲ ਪਹਿਨਣ ਵਾਲਾ ਸੁੰਦਰ ਦੋਸਤ ਆਪਣੇ ਘੁੰਘਟ ਵਿੱਚ ਵਾਪਿਸ ਆਿ ਗਆ ਹੈ। ਅਲੀ ਹੈਦਰ ਉਹ ਦੋਸਤ ਪਿਆਰਾ ਹੁਣ ਅਹਿਮਦ ਬਣ ਕੇ ਆਇਆ ਹੈ।

ਫਿਰ ਆਖਦਾ ਹੈ :

ਲਾਮ ਲੋਕ ਨਸੀਹਤਾਂ ਦੇ ਥੱਕੇ, ਸੋਹਣੇ ਯਾਰ ਤੋਂ ਮੁੱਖ ਨਾ ਮੋੜ ਸਾਂ ਮੈਂ
ਤੌੜੇ ਮੋੜੇ ਫੋੜੇ ਕੱਢ ਛੱਡਣ ਜਾਨੀ ਯਾਰ ਪਿੱਛੇ ਘਰ ਛੋੜਸਾਂ ਮੈਂ
ਮੈਂ ਤਾਂ ਬੇਲੇ ਵੈਸਾਂ ਹਰ ਦਮ ਮਾਹੀ ਵਾਲੇ ਮੱਤ ਦੇਂਦਿਆਂ ਨੂੰ ਖੂਹੇ ਬੋੜਸਾਂ ਮੈਂ
ਅਲੀ ਹੈਦਰ ਨੇ ਅੱਖੀਆਂ ਲਾਈਆਂ, ਕੀਤੇ ਕੋਲ ਨੂੰ ਮੂਲ ਨਾ ਤੋੜਸਾਂ ਮੈਂ।

ਲੋਕ ਮੈਨੂੰ ਚੰਗੀਆਂ ਨਸੀਅਤਾਂ ਦੇ ਕੇ ਥੱਕ ਗਏ, ਪਰ ਮੈਂ ਸੋਹਣੇ ਯਾਰ ਤੋਂ ਮੁੱਖ ਨਾ ਮੋਰਸਾਂ ਮਾਏ। ਮਾਂ ਪਿਓ ਮੈਨੂੰ ਘਰੋਂ ਬਾਹਰਰ ਕੱਢ ਦੇਣ। ਪਿਆਰੇ ਲਈ ਮੈਂ ਘਰ ਛੱਡ ਦਿਆਂ। ਮੈਂ ਆਪਣੇ ਪ੍ਰੀਤਮ ਦੇ ਜੰਗਲ ਵਿੱਚ ਰਹਾਂ। ਜੋ ਮੈਨੂੰ ਚੰਗੀ ਨਸੀਅਤ ਦਿੰਦੇ, ਉਹਨਾਂ ਨੂੰ ਮੈਂ ਖੂਹ ਵਿੱਚ ਸੁੱਟ ਦੇਵਾਂ। ਅਲੀ ਹੈਦਰ ਸਾਡੀਆਂ ਅੱਖਾਂ ਮਿਲੀਆਂ ਹਨ ਅਤੇ ਮੈਂ ਕਦੇ ਵੀ ਆਪਣੇ ਸ਼ਬਦ ਨਾ ਤੋੜਾਂ। ਉਸ ਨੇ ਆਪਣੀ ਸਾਧਨਾਂ ਸ਼ਰੀਅਤ ਤੋਂ ਸ਼ੁਰੂ ਕੀਤੀ। ਮੱਕੇ ਦੇ ਹੱਜ ਦੀ ਜਿਥੇ ਉਸ ਲਈ ਖਾਸ ਅਹਿਮੀਅਤ ਹੈ, ਉਥੇ ਉਹ ਕਲਮਾਂ ਪੜ੍ਹਨ ਨੂੰ ਵੀ ਤਰਜੀਹ ਦਿੰਦਾ ਹੈ।

ਕਾਅਬੇ ਦਾ ਰਾਹ ਦੇਖਾਓ ਮੈਨੂੰ, ਰਾਹ ਨਾ ਗੈਰ ਦਾ ਦੇਵਣਾ ਏ
ਮੀਨ ਤੇ ਨੂਨ ਗਵਾਹੀ ਦੇਂਦੇ, ਮੰਨ ਸ਼ਰਾਅ ਦਾ ਕਾਇਦਾ ਏ
ਅਲੀ ਹੈਦਰ ਨੂੰ ਤਕਵਾਂ ਰੱਬ ਦਾ ਏ
ਕਲਮੇ ਪਾਕਿ ਦਾ ਜਿਕਰ ਕਰੇਨੀਆ ਮੈਂ

ਜਦ ਉਹ ਪਰਮਾਤਮਾ ਨਾਲ ਇੱਕਮਿੱਕਤਾ ਹਾਸਲ ਕਰ ਲੈਂਦਾ ਹੈ ਤਾਂ ਕਹਿ ਉਠਦਾ ਹੈ :

ਇਸ਼ਕ ਤੋਂ ਜੰਮਿਆ ਸੁਭਾਅ ਵੇ ਕਾਜੀ
ਯਾਰ ਦਾ ਹੱਜ ਕਰੇਨੀ ਆ ਮੈਂ

ਅੱਗੇ ਅਵਸਥਾ ਹੈ :

ਮਜ਼ਬ ਕੀ ਪੁੱਛਨਾ ਏ ਕਾਜੀਆਂ ਵੇ, ਮੈਂਡੇ ਰਾਝਣ ਰਕਨ ਈਮਾਨ ਦਾ ਈ
ਇਸ਼ਕ ਇਮਾਮ ਨਮਾਜ ਮੁਹਬੱਤ ਮੁਰਲੀ ਹਰਫ਼ ਕੁਰਾਨ ਦਾ ਈ
ਸਭ ਵਕਤ ਰਕੂਮਾ ਸਜੂਦ ਵਿੱਚ ਰਹਿੰਦੇ ਇਹ ਸਜਦਾ ਤੇ ਰੱਬ ਰਹਿਮਾਨ ਦਾ ਈ।
ਅਲੀ ਹੈਦਰ ਪੀਰ ਰੰਝੇਟੀ ਦੀ ਆਹੀ, ਐਂਵੇ ਕੂੜਾ ਵਹਿਮ ਜਹਾਨ ਦਾ ਈ।

ਅਲੀ ਹੈਦਰ ਮੁਲਤਾਨੀ ਅਠਾਰਵੀਂ ਸਦੀ ਦਾ ਪ੍ਰੋੜ ਪੰਜਾਬੀ ਕਵੀ ਹੈ। ਪੰਜਾਬੀ ਤੋਂ ਇਲਾਵਾ ਉਸ ਨੇ ਫਾਰਸੀ ਵਿੱਚ ਵੀ ਕਵਿਤਾ ਰਚੀ ਪਰ ਉਸ ਕਾਵਿ ਦੇ ਨਮੂਨੇ ਨਹੀਂ ਮਿਲਦੇ। ਉਸ ਨੇ ਲਹਿੰਦੀ ਭਾਸ਼ਾ ਦਾ ਪ੍ਰਯੋਗ ਕੀਤਾ ਹੈ ਪਰ ਉਸ ਦੀ ਰਚਨਾ ਤੇ ਅਰਬੀ ਤੇ ਫਾਰਸੀ ਦਾ ਪ੍ਰਭਾਵ ਦਿਖਾਈ ਦਿੰਦਾ ਹੈ। ਉਸ ਨੇ ਆਪਣੇ ਕਲਾਮ ਵਿੱਚ ਕੁਰਾਨ ਦੀਆਂ ਆਇਤਾਂ ਦੀ ਵਰਤੋ ਖ਼ੂਬ ਕੀਤੀ ਹੈ। ਸੰਸਾਰਕ ਸਾਹਿਤ ਦੇ ਰੂਪਾਂ ਦਾ ਪ੍ਰਭਾਵ ਵੀ ਹੈ। ਉਸ ਦੀ ਰਚਨਾ ਵਿੱਚ ਪੰਜਾਬੀ ਸੱਭਿਆਚਾਰ ਦਾ ਪ੍ਰਭਾਵ ਬੜਾ ਸਪਸ਼ਟ ਮਿਲਦਾ ਹੈ। ਉਸ ਨੇ ਲਕੋਕਤੀਆਂ ਦੀ ਵੀ ਵਰਤੋ ਕੀਤੀ ਹੈ।

ਉਸਦੀ ਰਚਨਾ ਵਿੱਚ ਸ਼ੀਹਰਫੀਆ, ਦੀਵਾਨ, ਦੋਹੜੇ, ਬਾਰਾਮਾਹ, ਹੀਰ ਰਾਂਝਾ ਅਤੇ ਫੁਟਕਲ ਕਵਿਤਾਵਾਂ ਹਨ। ਉਸ ਦੇ ਕਾਵਿ ਵਿੱਚ ਸ਼ੈਲੀ ਦੀ ਬੜੀ ਸੁੰਦਰ ਤਰਤੀਬ ਹੈ। ਉਸ ਦੀ ਕਵਿਤਾ ਵਿੱਚ ਕਾਵਿ ਪ੍ਰਵਾਹ ਅਤੇ ਸ਼ਬਦਾਵਲੀ ਦੀ ਭਰਪੂਰਤਾ ਮਿਸਾਲੀ ਹੈ। ਉਸ ਦੀ ਕਵਿਤਾ ਅਲੰਕਾਰਿਤ ਹੋਣ ਕਰਕੇ ਅਲੰਕਾਰਾਂ ਵਿੱਚ ਭਰਪੂਰ ਹੈ। ਜੋ ਪਾਠਕ ਨੂੰ ਮੋਹਿਤ ਕਰਦੀ ਹੈ। ਉਹ ਸੂਖਮ ਕਾਵਿ ਵਿੱਚ ਨਿਪੁੰਨ ਸੀ। ਇੱਕ ਚੰਗਾ ਸੰਗੀਤਕਾਰ ਵੀ ਸੀ। ਸੂਫ਼ੀ ਕਾਵਿਤ ਨੂੰ ਅਗਾਂਹ ਤੋਰਨ ਵਿੱਚ ਉਸ ਦਾ ਵੱਡਾ ਯੋਗਦਾਨ ਹੈ। 8 ਜੂਨ 1785 ਨੂੰ ਅਲੀ ਹੈਦਰ ਮੁਲਤਾਨੀ ਦਾ ਦਿਹਾਂਤ ਆਪਣੇ ਪਿੰਡ ਚੋਂਤਰਾ ਵਿੱਚ ਹੋਇਆ, ਜਿਥੇ ਉਸਦਾ ਮਜਾਰ ਹੈ ਅਤੇ ਹਰ ਸਾਲ ਮੇਲਾ ਲੱਗਦਾ ਹੈ।




# ਸੋਸ਼ਲ ਮੀਡੀਆ ਦੇ ਆਦੀ ਹੋ ਕੇ ਕੁਦਰਤ ਨਾਲੋਂ ਟੁੱਟ ਰਹੇ ਹਨ ਬੱਚੇ

**ਹਰਪ੍ਰੀਤ ਕੌਰ**



ਇਸ ਵਿੱਚ ਕੋਈ ਸ਼ੱਕ ਨਹੀਂ ਕਿ ਆਧੁਨਿਕ ਯੁੱਗ ’ਚ ਮੋਬਾਈਲ ਫੋਨ ਤੇ ਸੋਸ਼ਲ ਮੀਡੀਆ ਦੀ ਵਜ੍ਹਾ ਕਰਕੇ ਬੱਚੇ ਦਿਨੋਂ-ਦਿਨ ਕੁਦਰਤ ਤੋਂ ਦੂਰ ਹੁੰਦੇ ਜਾ ਰਹੇ ਹਨ। ਅਜਿਹੀ ਸਥਿਤੀ ’ਚ ਅਸੀਂ ਬੱਚਿਆਂ ਨੂੰ ਕੁਦਰਤ ਦੇ ਨੇੜੇ ਕਿਵੇਂ ਲਿਆ ਸਕਦੇ ਹਾਂ, ਤਾਂ ਜੋ ਉਹ ਵੀ ਇਸ ਦੀ ਅਹਿਮੀਅਤ ਨੂੰ ਸਮਝ ਸਕਣ।

**ਪਾਰਕ ਜਾਂ ਸੈਰ ਲਈ ਲਿਜਾਓ**

ਸਵੇਰੇ ਜਾਂ ਸ਼ਾਮ ਨੂੰ ਕਿਸੇ ਵੀ ਸਮੇਂ ਬੱਚੇ ਨੂੰ ਪਾਰਕ ’ਚ ਸੈਰ ਕਰਨ ਲੈ ਕੇ ਜਾਓ, ਜਿੱਥੇ ਉਹ ਤਰ੍ਹਾਂ-ਤਰ੍ਹਾਂ ਦੇ ਦਰੱਖ਼ਤ, ਪੌਦੇ, ਅਸਮਾਨ, ਪੰਛੀ, ਸੂਰਜ ਆਦਿ ਦੇਖੇ ਤੇ ਉਤਸੁਕਤਾ ਨਾਲ ਸਵਾਲ ਪੁੱਛੇ। ਸੂਰਜ ਚੜ੍ਹਦਾ ਜਾਂ ਡੁੱਬਦਾ ਦੇਖੇ, ਪੰਛੀਆਂ ਦੀ ਚਹਿਚਹਾਟ ਸੁਣੇ, ਹੋਰ ਬੱਚਿਆਂ ਨੂੰ ਮਿੱਟੀ ਤੇ ਘਾਹ ਵਿਚ ਖੇਡਦਿਆਂ ਦੇਖੇ। ਪਾਰਕ ’ਚ ਨਹੀਂ ਜਾ ਸਕਦੇ ਹੋ ਤਾਂ ਘਰ ਦੀ ਛੱਤ ਜਾਂ ਬਾਲਕੌਨੀ ਵਿੱਚ ਲਿਜਾਓ ਤੇ ਉਨ੍ਹਾਂ ਨੂੰ ਕੁਦਰਤ ਦਾ ਅਨੁਭਵ ਕਰਵਾਓ। ਅਜਿਹਾ ਕਰਨ ਨਾਲ ਉਹ ਸਰੀਰਕ ਤੇ ਮਾਨਸਿਕ ਤੌਰ ’ਤੇ ਤੰਦਰੁਸਤ ਹੋਣਗੇ।

**ਸੋਸ਼ਲ ਮੀਡੀਆ ਤੋਂ ਰੱਖੋ ਦੂਰ**



ਜਦੋਂ ਬੱਚੇ ਸਕਰੀਨ ’ਤੇ ਬਹੁਤ ਜ਼ਿਆਦਾ ਸਮਾਂ ਬਿਤਾਉਂਦੇ ਹਨ, ਤਾਂ ਉਨ੍ਹਾਂ ਦਾ ਦਿਮਾਗ਼ ਵਿਸਥਾਰ ਨਾਲ ਸੋਚਣ ਦੀ ਸਮਰੱਥਾ ਗੁਆ ਦਿੰਦਾ ਹੈ ਤੇ ਉਹ ਕਿਸੇ ਹੋਰ ਚੀਜ਼ ’ਚ ਦਿਲਚਸਪੀ ਨਹੀਂ ਦਿਖਾਉਂਦੇ। ਉਹ ਸੋਸ਼ਲ ਮੀਡੀਆ ਦੇ ਆਦੀ ਹੋ ਜਾਂਦੇ ਹਨ, ਜਿਸ ਕਾਰਨ ਉਹ ਕੁਦਰਤ ਤੋਂ ਪੂਰੀ ਤਰ੍ਹਾਂ ਟੁੱਟ ਜਾਂਦੇ ਹਨ। ਇਸ ਲਈ ਉਨ੍ਹਾਂ ਨੂੰ ਸੋਸ਼ਲ ਮੀਡੀਆ ਤੇ ਇੰਟਰਨੈੱਟ ਤੋਂ ਜਿੰਨਾ ਹੋ ਸਕੇ, ਦੂਰ ਰੱਖਣ ਦੀ ਕੋਸ਼ਿਸ਼ ਕਰੋ।

**ਪੌਦੇ ਲਗਾਉਣ ਲਈ ਕਰੋ ਪ੍ਰੇਰਿਤ**

ਬੱਚਿਆਂ ਨੂੰ ਪੌਦਿਆਂ ਦੀ ਨਰਸਰੀ ’ਚ ਲਿਜਾਓ ਤੇ ਉਨ੍ਹਾਂ ਨੂੰ ਆਪਣੀ ਪਸੰਦ ਦੇ ਪੌਦੇ ਖ਼ਰੀਦਣ ਲਈ ਕਹੋ। ਇਸ ਨਾਲ ਉਹ ਇਸ ਕੰਮ ਵਿੱਚ ਦਿਲਚਸਪੀ ਲੈਣਗੇ ਅਤੇ ਘਰ ਵਿਚ ਗਮਲੇ ਜਾਂ ਬਗ਼ੀਚੇ ’ਚ ਲਗਾ ਕੇ ਰੋਜ਼ ਪਾਣੀ ਦੇਣ ਦਾ ਕੰਮ ਕਰਨਗੇ। ਇਸ ਨੂੰ ਵੱਧਦਾ ਦੇਖ ਕੇ ਉਨ੍ਹਾਂ ਨੂੰ ਜੋ ਕੁਦਰਤੀ ਖ਼ੁਸ਼ੀ ਮਿਲੇਗੀ, ਉਹ ਉਨ੍ਹਾਂ ਨੂੰ ਵੱਧ ਤੋਂ ਵੱਧ ਰੁੱਖ ਲਗਾਉਣ ਲਈ ਪ੍ਰੇਰਿਤ ਕਰੇਗੀ।

**ਚਿੜੀਆਘਰ ਜਾਂ ਪਿਕਨਿਕ ’ਤੇ ਲਿਜਾਓ**

ਬੱਚੇ ਨੂੰ ਕਿਸੇ ਚਿੜੀਆਘਰ ਵਿੱਚ ਲਿਜਾਣ ਨਾਲ ਉਹ ਵੱਖ-ਵੱਖ ਕਿਸਮਾਂ ਦੇ ਜਾਨਵਰਾਂ ਤੇ ਪੌਦਿਆਂ ਨੂੰ ਨੇੜਿਓਂ ਦੇਖਦਾ ਹੈ ਤੇ ਉਤਸੁਕਤਾ ਨਾਲ ਕਈ ਤਰ੍ਹਾਂ ਦੇ ਸਵਾਲ ਪੁੱਛਦਾ ਹੈ। ਜਦੋਂ ਉਹ ਪਿਕਨਿਕ ’ਤੇ ਜਾਂਦੇ ਹਨ, ਤਾਂ ਉਨ੍ਹਾਂ ਨੂੰ ਘਰ ਦੇ ਬਾਹਰ ਦਿਲਚਸਪ ਅਨੁਭਵ ਹੁੰਦਾ ਹੈ, ਜਿੱਥੇ ਉਹ ਖੁੱਲ੍ਹ ਕੇ ਖਾਂਦੇ-ਪੀਂਦੇ ਤੇ ਖੇਡਦੇ ਹਨ। ਰੋਜ਼ਮਰ੍ਹਾ ਦੇ ਕੰਮਾਂ ਤੋਂ ਦੂਰ ਰਹਿ ਕੇ ਇਹ ਸਭ ਕਰਨ ਨਾਲ ਬੱਚਿਆਂ ਦੇ ਬੌਧਿਕ ਵਿਕਾਸ ਵਿੱਚ ਮਦਦ ਮਿਲਦੀ ਹੈ। ਉਹ ਕੁਦਰਤ ਨਾਲ ਜੁੜਨ ਦੇ ਹੋਰ ਫ਼ਾਇਦਿਆਂ ਤੋਂ ਵੀ ਰੂਬਰੂ ਹੁੰਦੇ ਹਨ।

# ਪ੍ਰਦੂਸ਼ਿਤ ਵਾਤਾਵਰਣ ਦਾ ਪ੍ਰਭਾਵ ਪੈ ਰਿਹੈ ਨਵਜੰਮੇ ਬੱਚਿਆਂ ’ਤੇ

**ਭਗਵਤੀ ਪ੍ਰ. ਡੋਭਾਲ**



ਅਧਿਐਨਾਂ ਤੋਂ ਪਤਾ ਲੱਗਿਆ ਹੈ ਕਿ ਭਾਰਤ ਵਿੱਚ ਹਰ ਘੰਟੇ ਵਿੱਚ ਔਸਤਨ 345 ਨਵਜੰਮੇ ਬੱਚੇ ਸਮੇਂ ਤੋਂ ਪਹਿਲਾਂ ਪੈਦਾ ਹੋ ਰਹੇ ਹਨ, ਯਾਨੀ ਬੱਚਾ ਮਾਂ ਦੀ ਕੁੱਖ ਵਿੱਚ 9 ਮਹੀਨਿਆਂ ਤੱਕ ਵਿਕਸਿਤ ਹੁੰਦਾ ਹੈ, ਫਿਰ ਜਨਮ ਲੈਂਦਾ ਹੈ, ਪਰ ਹੁਣ ਅਜਿਹੀ ਸਥਿਤੀ ਬਦਲ ਰਹੀ ਹੈ ਜਿਸ ਕਰਕੇ ‘ਪ੍ਰੀ ਟਰਮ ਬਰਥ’ ਵਧ ਰਹੇ ਹਨ। ਜੇਕਰ ਦੇਖਿਆ ਜਾਵੇ ਤਾਂ ਦੁਨੀਆਂ ਵਿੱਚ ਹਰ ਦੋ ਸਕਿੰਟ ਵਿੱਚ ਇੱਕ ਨਵਜੰਮੇ ਬੱਚੇ ਦਾ ਜਨਮ ਸਮੇਂ ਤੋਂ ਪਹਿਲਾਂ ਹੋ ਰਿਹਾ ਹੈ ਅਤੇ ਹਰ 40 ਸਕਿੰਟਾਂ ਵਿੱਚ ਉਨ੍ਹਾਂ ਵਿੱਚੋਂ ਇੱਕ ਦੀ ਮੌਤ ਹੋ ਰਹੀ ਹੈ। ਇਸ ਗੰਭੀਰ ਸਮੱਸਿਆ ਨੂੰ ਫਲਿੰਡਰਜ਼ ਯੂਨੀਵਰਸਿਟੀ ਨਾਲ ਜੁੜੇ ਖੋਜਕਰਤਾਵਾਂ ਨੇ ਸਾਹਮਣੇ ਲਿਆਂਦਾ ਹੈ। ਖੋਜ ਦੇ ਨਤੀਜੇ ‘ਸਾਇੰਸ ਆਫ਼ ਦ ਟੋਟਲ ਐਨਵਾਇਰਮੈਂਟ’ ਵਿੱਚ ਪ੍ਰਕਾਸ਼ਿਤ ਹੋਏ ਹਨ। ਨਵਜੰਮੇ ਬੱਚਿਆਂ ਦੇ ਮਾਂ ਦੀ ਕੁੱਖ ਤੋਂ ਸਮੇਂ ਤੋਂ ਪਹਿਲਾਂ ਨਿਕਲਣਾ ਮੌਸਮ ਵਿੱਚ ਤਬਦੀਲੀ ਕਾਰਨ ਮੰਨਿਆ ਜਾਂਦਾ ਹੈ। ਮੌਸਮ ਵਿੱਚ ਅਜਿਹੀਆਂ ਤਬਦੀਲੀਆਂ ਦਾ ਸਿੱਧਾ ਸਬੰਧ ਬੱਚਿਆਂ ਦੀ ਸਿਹਤ ਨਾਲ ਹੁੰਦਾ ਹੈ। ਤਾਪਮਾਨ ’ਚ ਲਗਾਤਾਰ ਵਾਧੇ ਕਾਰਨ ਨਾ ਸਿਰਫ ਪ੍ਰੀ-ਟਰਮ ਜਨਮ ਹੋ ਰਹੇ ਹਨ ਸਗੋਂ ਬੱਚਿਆਂ ਦੀ ਮੌਤ ਦਰ ਵੀ ਵਧ ਰਹੀ ਹੈ। ਇਸੇ ਤਰ੍ਹਾਂ ਦੀ ਖੋਜ ਜਰਮਨੀ ਦੇ ਪੋਟਸਡੈਮ ਇੰਸਟੀਚਿਊਟ ਫਾਰ ਕਲਾਈਮੇਟ ਇਮਪੈਕਟ ਰਿਸਰਚ ਦੇ ਖੋਜਕਰਤਾਵਾਂ ਦੁਆਰਾ 29 ਘੱਟ ਅਤੇ ਮੱਧ-ਆਮਦਨ ਵਾਲੇ ਦੇਸ਼ਾਂ ’ਤੇ ਕੀਤੀ ਗਈ ਸੀ। ਇੱਕ ਖੋਜ ਮੁਤਾਬਕ ਚਾਰ ਫੀਸਦੀ ਤੋਂ ਵੱਧ ਨਵਜੰਮੇ ਬੱਚਿਆਂ ਦੀ ਮੌਤ ਜਲਵਾਯੂ ਤਬਦੀਲੀ ਕਾਰਨ ਵੱਧ ਤੋਂ ਵੱਧ ਅਤੇ ਘੱਟੋ-ਘੱਟ ਤਾਪਮਾਨ ਨਾਲ ਜੁੜੀ ਹੋਈ ਹੈ। ਇਹ ਖੋਜ ‘ਨੇਚਰ ਕਮਿਊਨੀਕੇਸ਼ਨ’ ਰਸਾਲੇ ਵਿੱਚ ਪ੍ਰਕਾਸ਼ਿਤ ਹੋਈ ਹੈ। ਖੋਜਕਰਤਾਵਾਂ ਦੇ ਅਨੁਸਾਰ, ਪਿਛਲੇ 18 ਸਾਲਾਂ ਵਿੱਚ ਉਨ੍ਹਾਂ 29 ਘੱਟ ਅਤੇ ਮੱਧ-ਆਮਦਨੀ ਵਾਲੇ ਦੇਸ਼ਾਂ ਵਿੱਚ 175 ਹਜ਼ਾਰ ਨਵਜੰਮੇ ਮੌਤਾਂ ਵਿੱਚੋਂ ਚਾਰ ਪ੍ਰਤੀਸ਼ਤ ਸਾਲਾਨਾ ਨਵਜੰਮੇ ਬੱਚਿਆਂ ਦੀਆਂ ਮੌਤਾਂ ਦਾ ਔਸਤਨ 1.5 ਪ੍ਰਤੀਸ਼ਤ ਬਹੁਤ ਜ਼ਿਆਦਾ ਤਾਪਮਾਨ ਨਾਲ ਜੁੜਿਆ ਹੋਇਆ ਸੀ ਅਤੇ ਲਗਭਗ ਤਿੰਨ ਪ੍ਰਤੀਸ਼ਤ ਬਹੁਤ ਜ਼ਿਆਦਾ ਠੰਡ ਦੇ ਕਾਰਨ ਸਨ। ਇਸ ਤੋਂ ਇਲਾਵਾ, ਇਸ 18 ਸਾਲਾਂ ਦੀ ਮਿਆਦ ਦੇ ਦੌਰਾਨ ਨਵਜੰਮੇ ਬੱਚਿਆਂ ਵਿੱਚ ਗਰਮੀ ਨਾਲ ਸਬੰਧਿਤ 32 ਪ੍ਰਤੀਸ਼ਤ ਮੌਤਾਂ ਲਈ ਜਲਵਾਯੂ ਤਬਦੀਲੀ ਜ਼ਿੰਮੇਵਾਰ ਹੈ। ਇਸ ਦਾ ਮਤਲਬ ਹੈ ਕਿ ਇਸ ਸਮੇਂ ਦੌਰਾਨ ਨਵਜੰਮੇ ਬੱਚਿਆਂ ਦੀਆਂ ਕੁੱਲ ਗਰਮੀ ਨਾਲ ਹੋਈਆਂ ਮੌਤਾਂ ਵਿੱਚੋਂ 1 ਲੱਖ 75 ਹਜ਼ਾਰ ਤੋਂ ਵੱਧ ਮੌਤਾਂ ਜਲਵਾਯੂ ਤਬਦੀਲੀ ਕਾਰਨ ਹੋਈਆਂ ਮੰਨੀਆਂ ਜਾਂਦੀਆਂ ਹਨ। ਖੋਜ ਦੇ ਅੰਕੜਿਆਂ ਅਨੁਸਾਰ ਜਲਵਾਯੂ ਤਬਦੀਲੀ ਕਾਰਨ 2001 ਤੋਂ 2019 ਦਰਮਿਆਨ ਔਸਤ ਸਾਲਾਨਾ ਤਾਪਮਾਨ 0.9 ਡਿਗਰੀ ਸੈਲਸੀਅਸ ਵਧਿਆ ਹੈ। ਦੂਜਾ, ਨਵਜੰਮੇ ਬੱਚਿਆਂ ਦੇ ਸਰੀਰ ਦੇ ਤਾਪਮਾਨ ਨੂੰ ਕੰਟਰੋਲ ਕਰਨ ਦੀ ਸਮਰੱਥਾ ਅਧੂਰੀ ਹੈ। ਇਨ੍ਹਾਂ ਦਾ ਸਰੀਰ ਗਰਮੀ ਨਾਲ ਸਿੱਝਣ ਲਈ ਪੂਰੀ ਤਰ੍ਹਾਂ ਵਿਕਸਿਤ ਨਹੀਂ ਹੁੰਦਾ। ਉੱਚ ਮੈਟਾਬੋਲਿਜ਼ਮ ਅਤੇ ਘੱਟ ਪਸੀਨੇ ਦੀ ਦਰ ਉਨ੍ਹਾਂ ਲਈ ਸਰੀਰ ਤੋਂ ਵਾਧੂ ਗਰਮੀ ਨੂੰ ਹਟਾਉਣਾ ਮੁਸ਼ਕਿਲ ਬਣਾਉਂਦੀ ਹੈ। ਤੀਜੀ ਸਥਿਤੀ ਵਿੱਚ, ਖੋਜਕਰਤਾਵਾਂ ਦਾ ਮੰਨਣਾ ਹੈ ਕਿ ਅਤਿਅੰਤ ਤਾਪਮਾਨ ਕਾਰਨ ਨਵਜੰਮੇ ਬੱਚਿਆਂ ਦੀ ਮੌਤ ’ਤੇ ਗਲੋਬਲ ਵਾਰਮਿੰਗ ਦਾ ਸਭ ਤੋਂ ਵੱਧ ਪ੍ਰਭਾਵ ਉਪ-ਸਹਾਰਨ ਅਫਰੀਕੀ ਦੇਸ਼ਾਂ ਵਿੱਚ ਦੇਖਿਆ ਗਿਆ ਹੈ। ਪਾਕਿਸਤਾਨ, ਮਾਲੀ, ਸੀਅਰਾ ਲਿਓਨ ਅਤੇ ਨਾਈਜੀਰੀਆ ਤਾਪਮਾਨ ਨਾਲ ਸਬੰਧਿਤ ਨਵਜੰਮੇ ਬੱਚਿਆਂ ਦੀ ਮੌਤ ਦਰ ਵਿੱਚ ਚੌਥੇ ਸਥਾਨ ’ਤੇ ਸਨ। ਇਨ੍ਹਾਂ ਵਿੱਚੋਂ ਇੱਕ ਲੱਖ ਬੱਚਿਆਂ ਵਿੱਚੋਂ 160 ਤੋਂ ਵੱਧ ਮੌਤਾਂ ਤਾਪਮਾਨ ਵਧਣ ਕਾਰਨ ਹੋਈਆਂ। 2019 ਵਿੱਚ ਦੁਨੀਆ ਭਰ ਵਿੱਚ 2.4 ਮਿਲੀਅਨ ਨਵਜੰਮੇ ਬੱਚਿਆਂ ਦੀ ਮੌਤ ਹੋਈ। ਇਹਨਾਂ ਵਿੱਚੋਂ 90 ਪ੍ਰਤੀਸ਼ਤ ਤੋਂ ਵੱਧ ਨਵਜੰਮੇ ਮੌਤਾਂ ਘੱਟ ਅਤੇ ਮੱਧ-ਆਮਦਨ ਵਾਲੇ ਦੇਸ਼ਾਂ ਵਿੱਚ ਹੋਈਆਂ, ਖਾਸ ਕਰਕੇ ਉਪ-ਸਹਾਰਾ ਅਫਰੀਕਾ ਅਤੇ ਦੱਖਣੀ ਏਸ਼ੀਆ ਵਿੱਚ। ਜਲਵਾਯੂ ਪਰਿਵਰਤਨ ਕੁਦਰਤ ਦਾ ਨਿਯਮ ਹੈ, ਪਰ ਉਸ ਤਬਦੀਲੀ ਵਿੱਚ





ਅਸੀਂ ਇਸਨੂੰ ਤੇਜ਼ੀ ਨਾਲ ਬਦਲਣ ਲਈ ਇੱਕ ਉਤਪ੍ਰੇਰਕ ਵਜੋਂ ਕੰਮ ਕਰ ਰਹੇ ਹਾਂ। ਮਨੁੱਖੀ ਇੱਛਾਵਾਂ ਤੇਜ਼ੀ ਨਾਲ ਵਧ ਰਹੀਆਂ ਹਨ ਅਤੇ ਬਦਲ ਰਹੀਆਂ ਹਨ। ਸਾਡੀਆਂ ਤਕਨੀਕੀ ਸਹਾਇਤਾ ਇਸ ਤਬਦੀਲੀ ਨੂੰ ਤੇਜ਼ ਕਰ ਰਹੀਆਂ ਹਨ। ਤਕਨਾਲੋਜੀ ਦਾ ਵਿਕਾਸ ਮਨੁੱਖੀ ਮਨ ਦਾ ਖੋਜੀ ਸੁਭਾਅ ਹੈ। ਇਸ ਖੋਜ ਵਿੱਚ ਅਸੀਂ ਇਹ ਭੁੱਲਦੇ ਜਾ ਰਹੇ ਹਾਂ ਕਿ ਕੁਦਰਤ ਦਾ ਸ਼ੋਸ਼ਣ ਇੱਕੋ ਵਾਰ ਨਹੀਂ, ਹੌਲੀ-ਹੌਲੀ ਕਰਨਾ ਪਵੇਗਾ। ਅਸੀਂ ਵਿਗਿਆਨਕ ਪ੍ਰਾਪਤੀਆਂ ਨਾਲ ਦੌੜ ਵਿੱਚ ਅੱਗੇ ਵੱਧ ਰਹੇ ਹਾਂ, ਪਰ ਇਸ ਦੌੜ ਵਿੱਚ ਸਾਨੂੰ ਕੁਦਰਤ ਨਾਲ ਸੰਤੁਲਨ ਵੀ ਬਣਾਉਣਾ ਪਵੇਗਾ। ਅਸੀਂ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਧਰਤੀ ਉੱਤੇ ਪੌਦਿਆਂ ਅਤੇ ਰੁੱਖਾਂ ਦਾ ਸੰਤੁਲਿਤ ਅਨੁਪਾਤ ਵਿੱਚ ਹੋਣਾ ਜ਼ਰੂਰੀ ਹੈ। ਜੰਗਲ ਧਰਤੀ ਦੀ ਪਿਆਸ ਬੁਝਾਉਂਦੇ ਹਨ, ਪਰ ਅਸੀਂ ਜੰਗਲਾਂ ਨੂੰ ਇਸ ਤਰ੍ਹਾਂ ਕੱਟ ਦਿੱਤਾ ਹੈ ਕਿ ਅਸੀਂ ਕਾਰਬਨ ਡਾਈਆਕਸਾਈਡ ਅਤੇ ਆਕਸੀਜਨ ਦਾ ਸੰਤੁਲਨ ਵਿਗਾੜਨ ’ਤੇ ਤੁਲੇ ਹੋਏ ਹਾਂ। ਜੇਕਰ ਮਾਨਸੂਨ ’ਤੇ ਹੀ ਨਜ਼ਰ ਮਾਰੀਏ ਤਾਂ ਪਤਾ ਲੱਗੇਗਾ ਕਿ ਜਿਨ੍ਹਾਂ ਪਹਾੜਾਂ ’ਤੇ ਰੁੱਖ ਅਤੇ ਜੰਗਲ ਸਨ, ਉਹ ਖਤਮ ਹੋਣ ਦੇ ਨੇੜੇ ਹਨ। ਪਹਾੜਾਂ ਵਿੱਚ ਵੱਡੇ-ਵੱਡੇ ਦਰੱਖਤਾਂ ਨੇ ਮਿੱਟੀ ਨੂੰ ਖੋਰਾ ਨਹੀਂ ਲੱਗਣ ਦਿੱਤਾ। ਇਨ੍ਹਾਂ ਦੀਆਂ ਜੜ੍ਹਾਂ ਪਹਾੜਾਂ ਦੀ ਮਿੱਟੀ ਵਿੱਚ ਡੂੰਘੀਆਂ ਦੱਬੀਆਂ ਹੋਈਆਂ ਹਨ, ਜਿਸ ਕਾਰਨ ਬਰਸਾਤ ਦੇ ਪਾਣੀ ਨੂੰ ਸਿੱਧੇ ਮੈਦਾਨੀ ਇਲਾਕਿਆਂ ਵੱਲ ਨਹੀਂ ਜਾਣ ਦਿੱਤਾ, ਜਿਸ ਕਾਰਨ ਦਰਿਆਵਾਂ ਵਿੱਚ ਪਾਣੀ ਦਾ ਪੱਧਰ ਇੱਕ ਵੀ ਬਰਸਾਤ ਨਾਲ ਖ਼ਤਰੇ ਦੇ ਪੱਧਰ ਤੋਂ ਉੱਪਰ ਨਹੀਂ ਚੜ੍ਹਿਆ। ਉਹ ਸਥਿਤੀ ਅੱਜ ਨਹੀਂ ਰਹੀ।

ਅਜਿਹੇ ਦਰੱਖਤ, ਜੋ ਮੈਦਾਨੀ ਇਲਾਕਿਆਂ ਲਈ ਸੁਰੱਖਿਆ ਢਾਲ ਵਜੋਂ ਕੰਮ ਕਰਦੇ ਸਨ, ਜੰਗਲਾਂ ਵਿੱਚੋਂ ਕੱਟੇ ਗਏ ਹਨ। ਸੰਤੁਲਿਤ ਵਾਤਾਵਰਨ ਕਿਤੇ ਵੀ ਉਪਲਬਧ ਨਹੀਂ ਹੈ ਜਿਸ ਕਾਰਨ ਅਸੀਂ ਨਵਜੰਮੇ ਬੱਚਿਆਂ ’ਤੇ ਮੌਤ ਦੇ ਕਹਿਰ ਨੂੰ ਰੋਕਣ ਵਿੱਚ ਅਸਮਰੱਥ ਹਾਂ। ਕੋਈ ਵੀ ਸਰਕਾਰ ਆਵੇ ਜਾਂ ਜਾਵੇ, ਜਦੋਂ ਤੱਕ ਸਰਕਾਰ ਯੋਜਨਾਬੱਧ ਵਿਕਾਸ ਦਾ ਰਾਹ ਨਹੀਂ ਅਪਣਾਉਂਦੀ, ਕੁਦਰਤੀ ਆਫ਼ਤਾਂ ਆਉਂਦੀਆਂ ਰਹਿਣਗੀਆਂ।

# TRANS-ALLIANCE
TOGETHER WE SAVE

## FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS
NO CREDIT - NO PROBLEM
BEST CUSTOMER SERVICE




## FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN
WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

## FUEL MANAGEMENT
DAILY FUEL RATES IN PHONE APP

CALL FOR MORE INFO

**(855)641-6955, (888)795-7035**

# ਮੇਰੀ ਕਲਮ

## ਨਸ਼ਿਆਂ ਦਾ ਇਹ ਕਹਿਰ

ਕਰਮਜੀਤ ਕੌਰ

ਨਸ਼ਿਆਂ ਦਾ ਇਹ ਕਹਿਰ ਨੀ ਅੜੀਓ
ਮੇਰਾ ਸੋਹਣਾ ਸ਼ਹਿਰ ਨੀ ਅੜੀਓ,
ਭਰ ਗਿਆ ਨਾਲ ਜ਼ਹਿਰ ਨੀ ਅੜੀਓ,
ਨਸ਼ਿਆਂ ਦਾ ਇਹ ਕਹਿਰ ਨੀ ਅੜੀਓ।
ਮਾਂ ਦਾ ਪੁੱਤ, ਭੈਣ ਦਾ ਭਾਈ,
ਧੀ ਦਾ ਬਾਪ, ਕਿਸੇ ਦਾ ਮਾਹੀ,
ਡੁੱਬ ਗਿਆ ਇਸ ਨਹਿਰ ਨੀ ਅੜੀਓ,
ਨਸ਼ਿਆਂ ਦਾ ਇਹ ਕਹਿਰ ਨੀ ਅੜੀਓ।
ਆਓ ਪੰਜਾਬੀਓ! ਹਰ ਹੰਭਲਾ ਮਾਰਿਓ,
ਸ਼ੁਰੂ ਕਰੋ ਇੱਕ ਲਹਿਰ ਨੀ ਅੜੀਓ,
ਏਸ ਚਿੱਟੇ ਦੇ ਕਾਲੇ ਕਾਰੇ,
ਨਸ਼ਰ ਕਰੋ ਹਰ ਪਹਿਰ ਨੀ ਅੜੀਓ,
ਮੰਗੋ ਹਰ ਜੀਅ ਦੀ ਖ਼ੈਰ ਨੀ ਅੜੀਓ।

## ਗ਼ਜ਼ਲ

ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ

ਜਿਨ੍ਹਾਂ ਦੇ ਹੱਕ-ਸੱਚ ਪੱਲੇ, ਉਹ ਸੂਰੇ ਤਾਂ ਰੁਕਦੇ ਨਹੀਂ
ਪੋਟਾ ਪੋਟਾ ਕਟ ਜਾਂਦੇ ਨੇ, ਵੈਰੀ ਮੂਹਰੇ ਝੁਕਦੇ ਨਹੀਂ।
ਸੀਨਾ ਤਾਣੀ ਖੜ੍ਹ ਜਾਂਦੇ ਨੇ, ਆਈ ਮੌਤ ਦੇ ਮੂਹਰੇ ਵੀ
ਮਰਦਾਂ ਵਾਂਗੂੰ ਡਟ ਜਾਂਦੇ ਨੇ, ਕਾਇਰਾਂ ਵਾਂਗੂੰ ਲੁਕਦੇ ਨਹੀਂ।
ਆਵੇ ਹੁਨਰ ਜਾਂ ਤਾਕਤ ਹੱਥ ਵਿੱਚ, ਹਉਮੈਂ ਪੱਲੇ ਬੰਨ੍ਹਦੇ ਨਹੀਂ
ਐਵੇਂ ਕਿਸੇ ਡਫ਼ੂਸ ਦੇ ਵਾਂਗੂੰ, ਜਣੇ-ਖਣੇ 'ਤੇ ਬੁੱਕਦੇ ਨਹੀਂ।
ਹੋਵੇ ਦੁਖੀ ਕਿਸੇ ਦਾ ਹਿਰਦਾ, ਪਿਆਰ ਦੀ ਮੱਲ੍ਹਮ ਲਗਾਉਂਦੇ ਨੇ
ਬੋਲ ਕੇ ਭੈੜੀ, ਕੌੜੀ ਬੋਲੀ, ਜ਼ਖ਼ਮੀਂ ਲੂਣ ਤਾਂ ਭੁੱਕਦੇ ਨਹੀਂ।
ਕੁੱਲ ਜਹਾਨ ਹੈ ਸੀਸ ਨਿਵਾਉਂਦਾ, ਐਸੇ ਮਰਦ ਅਗੰਮੜੇ ਨੂੰ
ਯੁੱਗਾਂ ਤੀਕਰ ਰਹਿ ਜਾਂਦੇ ਨੇ, ਜਗ ਸੋਹਣੇ ਤੋਂ ਮੁੱਕਦੇ ਨਹੀਂ।

## ਪਿੰਡ ਦੀ ਸਵੇਰ

ਗਗਨ ਢਿੱਲੋਂ

ਦਿਨ ਵੀ ਛੇਤੀ ਚੜ੍ਹਦਾ ਏ,
ਤੇ ਰਾਤ ਵੀ ਜਲਦੀ ਹੁੰਦੀ ਏ।
ਹਰ ਪਾਸੇ ਇੰਝ ਲੱਗਦਾ,
ਜਿਵੇਂ ਖ਼ੁਸ਼ੀਆਂ ਦੀ ਗੁੱਤ ਗੁੰਦੀ ਏ।
ਗੁਰਬਾਣੀ ਨਾਲ ਦਿਨ ਦੀ ਸ਼ੁਰੂਆਤ ਹੁੰਦੀ।
ਕਿੰਨੀ ਸਕੂਨ ਭਰੀ ਉਹ ਬਾਤ ਹੁੰਦੀ।
ਜਦੋਂ ਚਿੱਤ ਲਾ ਕੇ ਬਾਣੀ ਸੁਣਦਾ ਹਾਂ,
ਹਜ਼ਾਰਾਂ ਹੀ ਖ਼ੁਸ਼ੀਆਂ ਦੀ ਉਹ ਸੌਗਾਤ ਹੁੰਦੀ।
ਚੁੱਲ੍ਹੇ 'ਤੇ ਧਰੀ ਚਾਹ,
ਆਪੇ ਹੀ ਖਿੱਚ ਪਾਉਂਦੀ ਏ।
ਬੈਠੀ ਚਿੜੀ ਆਣ ਬਨੇਰੇ 'ਤੇ,
ਨਿੱਤ ਨਵਾਂ ਸੰਗੀਤ ਸੁਣਾਉਂਦੀ ਏ।
ਪਿੰਡ ਵਾਲੀ ਮੌਜ ਤਾਂ ਲੱਭਣੀ ਨ੍ਹੀਂ,
ਇਹ ਖੁੱਲ੍ਹ ਕੇ ਕਹਿਣ ਨੂੰ ਦਿਲ ਕਰਦਾ।
ਕਿੰਝ ਸਮਝਾਵਾਂ ਮਾਏ ਤੈਨੂੰ,
ਮੇਰਾ ਪਿੰਡ ਜਾ ਕੇ ਰਹਿਣ ਨੂੰ ਦਿਲ ਕਰਦਾ।

## ਕਿਤੇ ਕੋਈ ਹੱਸ ਰਿਹਾ ਚਿਹਰਾ

ਪੋਰਿੰਦਰ ਸਿੰਗਲਾ

ਕਿਤੇ ਕੋਈ ਹੱਸ ਰਿਹਾ ਚਿਹਰਾ, ਕਿਤੇ ਕੋਈ ਰੋ ਰਿਹਾ ਚਿਹਰਾ,
ਕਿਸੇ ਨੇ ਲਾ ਲਈ ਮਹਿੰਦੀ, ਕਿਸੇ ਨੇ ਧੋ ਲਿਆ ਚਿਹਰਾ।
ਕਿਸੇ ਦੇ ਵਿਹੜੇ ਰੌਣਕ ਹੈ, ਕਿਸੇ ਦੇ ਘਰ ਵਿੱਚ ਹੈ ਮਾਤਮ,
ਕਿਸੇ ਦਾ ਗਾ ਰਿਹਾ ਚਿਹਰਾ, ਜ਼ਰਦ ਕੋਈ ਹੋ ਰਿਹਾ ਚਿਹਰਾ।
ਕਿਸੇ ਦੀ ਛਣਕ ਰਹੀ ਪਾਇਲ, ਕਿਸੇ ਦੀਆਂ ਗੁੰਮ ਨੇ ਸੱਧਰਾਂ,
ਕਿਸੇ ਦਾ ਸਜ ਰਿਹਾ ਚਿਹਰਾ, ਚਮਕ ਕੋਈ ਖੋ ਰਿਹਾ ਚਿਹਰਾ।
ਕਿਸੇ ਲਈ ਬਾਰਸ਼ ਹੈ ਆਨੰਦ, ਕਿਸੇ ਲਈ ਬਾਰਸ਼ ਆਫ਼ਤ ਹੈ,
ਕਿਸੇ ਦੇ ਹੋਠਾਂ 'ਤੇ ਸਰਗਮ, ਹੰਝੂ ਕੋਈ ਲੁਕੋ ਰਿਹਾ ਚਿਹਰਾ।
ਇਹ ਦੁਨੀਆ ਦਾ ਮੇਲਾ ਹੈ, ਇਹ ਜਗਤ ਤਮਾਸ਼ਾ ਹੈ,
ਕਿਤੇ ਕੋਈ ਹੱਸ ਰਿਹਾ ਚਿਹਰਾ, ਕਿਤੇ ਕੋਈ ਰੋ ਰਿਹਾ ਚਿਹਰਾ।

## ਗ਼ਜ਼ਲ

ਬਲਵਿੰਦਰ 'ਬਾਲਮ'

ਅਪਣੇ ਹੰਝੂਆਂ ਦਾ ਸਿਰਨਾਵਾਂ ਲੱਭ ਰਿਹਾ ਹਾਂ ਮੁੱਦਤ ਤੋਂ।
ਸੁੱਕੇ ਰੁੱਖਾਂ ਹੇਠਾਂ ਛਾਵਾਂ ਲੱਭ ਰਿਹਾ ਹਾਂ ਮੁੱਦਤ ਤੋਂ।
ਤੇਰੇ ਸਾਹਾਂ ਦੀ ਖ਼ੁਸ਼ਬੂ ਵਿੱਚ ਜਿਹੜੀਆਂ ਗੁੰਮ ਹੋ ਗਈਆਂ ਨੇ,
ਚੰਨ ਦੇ ਚਾਨਣ ਵਿੱਚੋਂ ਰਾਹਵਾਂ ਲੱਭ ਰਿਹਾ ਹਾਂ ਮੁੱਦਤ ਤੋਂ।
ਲਟ-ਲਟ ਬਲਦੇ ਭਖਦੇ ਦੀਵੇ ਪਲ ਵਿੱਚ ਸ਼ਾਂਤ ਸੁਭਾਅ ਕੀਤੇ,
ਉਹ ਫਿਰ ਠੰਢੀਆਂ ਠਾਰ ਹਵਾਵਾਂ ਲੱਭ ਰਿਹਾ ਹਾਂ ਮੁੱਦਤ ਤੋਂ।
ਸਿਖ਼ਰ ਦੁਪਹਿਰਾਂ ਵਾਲਾ ਸੂਰਜ ਅੰਬਰ ਦੇ ਵਿੱਚ ਦਿਸਦਾ ਨਈਂ,
ਠੇਠ ਜਵਾਨੀ ਵਾਲੀਆਂ ਸ਼ਾਵਾਂ ਲੱਭ ਰਿਹਾ ਹਾਂ ਮੁੱਦਤ ਤੋਂ।
ਅੱਜ ਵੀ ਮੇਰੇ ਮਾਰੂਥਲ ਨੂੰ ਇੱਕ ਇੱਕ ਕਤਰਾ ਚੇਤੇ ਹੈ,
ਜੋ ਵਰ੍ਹੀਆਂ ਸੀ ਘੋਰ ਘਟਾਵਾਂ ਲੱਭ ਰਿਹਾ ਹਾਂ ਮੁੱਦਤ ਤੋਂ।
ਉੱਥੇ ਇੱਕ ਦਰਿਆ ਵਹਿੰਦਾ ਹੈ ਜਿਸ ਦਾ ਕੋਈ ਨਾਮ ਨਹੀਂ,
ਮਿਟੀਆਂ ਪੈੜਾਂ ਵਿੱਚੋਂ ਰਾਹਵਾਂ ਲੱਭ ਰਿਹਾ ਹਾਂ ਮੁੱਦਤ ਤੋਂ।
ਸਿਦਕ ਸਿਰੜ ਚੱਜ ਆਚਾਰ ਸੁਚੱਜੀ ਕਿਰਤ ਕਰੇ ਅਗਵਾਈ,
ਕਿੱਥੇ ਤੁਰ ਗਈਆਂ ਉਹ ਮਾਵਾਂ ਲੱਭ ਰਿਹਾ ਹਾਂ ਮੁੱਦਤ ਤੋਂ।
ਨਫ਼ਰਤ ਦੌਲਤ ਤੇ ਹੰਕਾਰ 'ਚ ਰਿਸ਼ਤੇ ਅੰਨ੍ਹੇ ਬੋਲੇ ਨੇ,
ਭੈਣ ਭਰਾਵਾਂ ਵਾਲੀਆਂ ਬਾਂਹਾਂ ਲੱਭ ਰਿਹਾ ਹਾਂ ਮੁੱਦਤ ਤੋਂ।
ਬਜ਼ੁਰਗ ਗਏ ਨੇ ਬਿਰਧਘਰਾਂ ਵਿੱਚ ਨਿਰਭਰ ਜੀਵਨ ਜੀਵਣ ਲਈ,
ਖਾਲੀ ਮਹਿਲਾਂ ਹੇਠ ਦੁਆਵਾਂ ਲੱਭ ਰਿਹਾ ਹਾਂ ਮੁੱਦਤ ਤੋਂ।
ਜਿਸ 'ਚੋਂ ਬੀਤੇ ਸਮਿਆਂ ਦਾ ਸਿਰਲਾਵਾਂ 'ਬਾਲਮ' ਵੇਖ ਸਕਾਂ,
ਮੇਰੇ ਸਨਮੁਖ ਹੋਣ ਨਿਗ੍ਹਾਵਾਂ ਲੱਭ ਰਿਹਾ ਹਾਂ ਮੁੱਦਤ ਤੋਂ।

## ਰੱਬਾ

ਸਤਨਾਮ ਸ਼ਦੀਦ

ਤੂੰ ਵੀ ਕਦੇ ਪੀੜ ਹੰਢਾਈ ਐ ਰੱਬਾ
ਜਿਹੜੀ ਸਾਡੇ ਹਿੱਸੇ ਆਈ ਐ ਰੱਬਾ
ਤੇਰੇ ਘਰ ਵੀ ਕਦੇ ਰੋਟੀ ਪੱਕੀ ਨਹੀਂ
ਕਦੇ ਜਾਗ ਕੇ ਰਾਤ ਲੰਘਾਈ ਐ ਰੱਬਾ
ਕਦੇ ਤੇਰੇ ਨਾਲ ਵੀ ਧੱਕਾ ਹੋਇਆ ਏ
ਰੂਹ ਤੇਰੀ ਕਦੇ ਕੁਰਲਾਈ ਐ ਰੱਬਾ
ਤੇਰਾ ਵੀ ਕਦੇ ਦਿਲ ਹੈ ਟੁੱਟਿਆ
ਝੱਲਣੀ ਪਈ ਕਦੇ ਜੁਦਾਈ ਐ ਰੱਬਾ
ਤੇਰੇ ਭੜੋਲੇ 'ਚੋਂ ਕਦੇ ਦਾਣੇ ਮੁੱਕੇ ਨੇ
ਹੋਇਆ ਕਦੇ ਕਰਜ਼ਾਈ ਐ ਰੱਬਾ
ਸਿਆਸਤ ਕਿਵੇਂ ਕਰਦੇ ਨੇ ਲੋਕ
ਕਦੇ ਵੋਟ ਕਿਸੇ ਨੂੰ ਪਾਈ ਐ ਰੱਬਾ
ਤੇਰੇ ਨਾਂ ਹੇਠ ਹਰ ਥਾਂ ਧੰਦਾ ਚਲਦਾ
ਹਰ ਥਾਂ ਫੋਟੋ ਤੇਰੀ ਲਾਈ ਐ ਰੱਬਾ
ਬੜਾ ਸੌਖਾ ਏ ਉਂਜ ਰੱਬ ਕਹਾਉਣਾ
ਲਾ ਕੇ ਨਾਂ ਦੇ ਅੱਖਰ ਢਾਈ ਐ ਰੱਬਾ



## ਗ਼ਜ਼ਲ

ਰਣਜੀਤ ਆਜ਼ਾਦ ਕਾਂਝਲਾ



ਬਜ਼ੁਰਗ ਪ੍ਰਾਣੀ ਕੋਲ ਆ ਕੇ ਕੋਈ ਨਾ ਬਹਿੰਦਾ ਹੈ।
ਅਖੇ ਜਦ ਏਹ ਬੋਲਦੇ ਸੱਚੀਆਂ ਗੱਲਾਂ ਕਹਿੰਦਾ ਹੈ।
ਗੂੜ੍ਹ ਗਿਆਨ ਦੀ ਗੱਲ ਕੋਈ ਵੀ ਚੰਗੀ ਲੱਗੇ ਨਾ,
ਏਸੇ ਲਈ ਹਰ ਕੋਈ ਬੁੱਢੇ ਤੋਂ ਦੂਰ ਦੂਰ ਰਹਿੰਦਾ ਹੈ।
ਕਿਹੋ ਜਿਹੇ ਅਸੀਂ ਹੋ ਗਏ ਤੇ ਸਾਡੀ ਸੋਚ ਵੀ ਬਦਲੀ,
ਚੰਗੀ ਬਾਤ ਦਾ ਕੋਈ ਅੰਸ ਨਾ ਭੇਜੇ 'ਚ ਬਹਿੰਦਾ ਹੈ।
ਫੋਕੀ ਚਿੱਟਕ ਮਿੱਟਕ 'ਤੇ ਹੁੱਬ ਬੁੱਗਾ ਚੌੜ ਕਰਾ ਬੈਠੇ,
ਤਾਹੀਂ ਮਨ ਭੈੜਾ ਉਜੜਿਆ ਉਖੜਿਆ ਰਹਿੰਦਾ ਹੈ।
ਕੀ ਤੋਂ ਕੀ ਤੱਕ ਦਾ ਸਫ਼ਰ ਪੂਰਾ ਨਾ ਕਰ ਸਕਿਆ ਹਾਂ,
ਮੋਈ ਸੋਚ ਦਾ ਘੇਰਾ ਮੋਕਲਾ ਹੋ ਕੁਝ ਨਾ ਕਹਿੰਦਾ ਹੈ।
ਮਨ ਦੇ ਖੁੱਲ੍ਹੇ ਵਿਹੜੇ ਆਜ਼ਾਦ ਉਡਾਰੀਆਂ ਲਾਈ ਜਾਹ,
ਅਕਲ ਦਾ ਤੋਤਾ ਮਾਲਕ ਦੇ ਗੁਣ ਗਾਉਂਦਾ ਰਹਿੰਦਾ ਹੈ।

## ਚੂਹੇ ਖਾਣੀ ਬਿੱਲੀ



ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ.
07748772308



ਨੌਂ ਸੌ ਚੂਹੇ ਖਾ ਬੈਠੀ ਹਾਂ,
ਚਿੱਤ ਅਪਣਾ ਪਰਚਾ ਬੈਠੀ ਹਾਂ।
ਬੜੇ ਪੁਆੜੇ ਪਾ ਬੈਠੀ ਹਾਂ,
ਦੁਸ਼ਮਣ ਕਈ ਬਣਾ ਬੈਠੀ ਹਾਂ।
ਦੱਸੋ ਹੁਣ ਮੈਂ ਕਿੱਧਰ ਨੂੰ ਜਾਵਾਂ,
ਰਹਿੰਦੀ ਉਮਰ ਨੂੰ ਕਿਵੇਂ ਲੰਘਾਵਾਂ?
ਹੱਜ ਜਾਣ ਦਾ ਹੱਜ ਨਹੀਂ ਰਹਿ ਗਿਆ,
ਭੁੱਲ ਬਖ਼ਸ਼ਾਉਣ ਦਾ ਪੱਜ ਨਹੀਂ ਰਹਿ ਗਿਆ।
ਜਿਉਣ ਦਾ ਕੋਈ ਚੱਜ ਨਹੀਂ ਰਹਿ ਗਿਆ,
ਰਲਣ ਲਈ ਕੋਈ ਵੱਗ ਨਹੀਂ ਰਹਿ ਗਿਆ।
ਦੱਸੋ ਹੁਣ ਮੈਂ ਕਿੱਧਰ ਨੂੰ ਜਾਵਾਂ,
ਰਹਿੰਦੀ ਉਮਰ ਨੂੰ ਕਿਵੇਂ ਲੰਘਾਵਾਂ?
ਜਿੱਧਰ ਜਾਵਾਂ ਕੋਈ ਮੂੰਹ ਨਹੀਂ ਲਾਉਂਦਾ,
ਹਰ ਕੋਈ ਮਿਲਣੋਂ ਕੰਨੀ ਕਤਰਾਉਂਦਾ।
ਸੌ ਬਹਾਨੇ ਘੜ ਦਿਖਲਾਉਂਦਾ,
ਰਿਸ਼ਤੇ ਨਾਤੇ ਤੋੜਨਾ ਚਾਹੁੰਦਾ।
ਦੱਸੋ ਹੁਣ ਮੈਂ ਕਿੱਧਰ ਨੂੰ ਜਾਵਾਂ,
ਰਹਿੰਦੀ ਉਮਰ ਨੂੰ ਕਿਵੇਂ ਲੰਘਾਵਾਂ?
ਚੂਹੇ ਨਾ ਖਾਂਦੀ ਤਾਂ ਹੋਰ ਕੀ ਖਾਂਦੀ,
ਖੀਰਾਂ ਪੂੜੇ ਕਿੱਥੋਂ ਲਿਆਂਦੀ।
ਢਿੱਡ ਦੀਆਂ ਆਂਦਰਾਂ ਕਿਵੇਂ ਵਰਾਂਦੀ,
ਤੇ ਭੁੱਖ ਦੀ ਅੱਗ ਨੂੰ ਕਿਵੇਂ ਬੁਝਾਂਦੀ।
ਦੱਸੋ ਹੁਣ ਮੈਂ ਕਿੱਧਰ ਨੂੰ ਜਾਵਾਂ,
ਰਹਿੰਦੀ ਉਮਰ ਨੂੰ ਕਿਵੇਂ ਲੰਘਾਵਾਂ?
ਤੂੰ ਨਿੱਤ ਮੈਨੂੰ ਤੋਹਮਤਾਂ ਲਾਵੇਂ,
ਮੇਰੇ ਔਗੁਣ ਖ਼ੂਬ ਗਿਣਾਵੇਂ।
ਆਪਣੇ ਪਰਦੇ ਵਿੱਚ ਛੁਪਾਵੇਂ,
ਕਿਸ ਤੋਂ ਕਿਹੜਾ ਇਨਸਾਫ਼ ਕਰਾਵੇਂ।
ਤੇਰੇ ਪਰਦੇ ਲਾਹ ਕੇ ਵਿਖਾਵਾਂ,
ਰਹਿੰਦੀ ਉਮਰ ਮੈਂ ਇਵੇਂ ਲੰਘਾਵਾਂ।
ਸੁਣ ਉਏ ਮੇਰਿਆ ਸੁਥਰਿਆ ਲੋਕਾ,
ਦਰ ਦਰ ਦੇਂਦੀ ਹਾਂ ਮੈਂ ਹੋਕਾ।
ਫੇਰ ਆਪਣੀ ਪੀੜ੍ਹੀ ਹੇਠ ਸੋਟਾ,
ਛੱਡ ਕਰਨਾ ਹੰਕਾਰ ਤੂੰ ਫੋਕਾ।
ਹੁਣ ਤੇਰੇ ਸਾਹਮੇਂ ਮੈਂ ਖੜ੍ਹ ਜਾਵਾਂ,
ਰਹਿੰਦੀ ਉਮਰ ਨੂੰ ਇਵੇਂ ਲੰਘਾਵਾਂ।
ਪੋਲ ਤੇਰੇ ਵੀ ਖੋਲ੍ਹ ਦਿਆਂ ਮੈਂ,
ਤੱਕੜੀ ਵਿੱਚ ਤੈਨੂੰ ਤੋਲ ਦਿਆਂ ਮੈਂ।
ਸੱਚ ਤੇਰਾ ਵੀ ਬੋਲ ਦਿਆਂ ਮੈਂ,
ਚੌਰਾਹੇ ਵਿੱਚ ਤੇਰੀ ਰੋਲ਼ ਦਿਆਂ ਮੈਂ।
ਲੋਈ ਸਿਰ ਤੋਂ ਲਾਹ ਦਿਖਾਵਾਂ,
ਰਹਿੰਦੀ ਉਮਰ ਨੂੰ ਇਵੇਂ ਲੰਘਾਵਾਂ।
ਰਹਿੰਦੀ ਉਮਰ ਨੂੰ ਇਵੇਂ ਲੰਘਾਵਾਂ।

## ਕਵਿਤਾ

ਸੰਦੀਪ ਸਿੰਘ



ਸੋਚਿਆ ਕੁਝ ਖਾਸ ਲਿਖਾਂ
ਕੁਝ ਵਤਨ ਸੋਹਣੇ ਦੇ ਨਾਮ ਲਿਖਾਂ
ਪਰ......

ਕਲਮ ਪਈ ਪੁੱਛਦੀ ਏ
ਨਸ਼ਿਆਂ ਦੇ ਹੇਠਾਂ ਦੱਬਿਆਂ ਨੂੰ
ਦੱਸੋ ਕਿਵੇਂ ਸਰਦਾਰ ਲਿਖਾਂ

ਜਿੱਥੇ ਹੈ ਨੀ ਪੁੱਛ ਬਜ਼ੁਰਗਾਂ ਦੀ
ਉਸ ਟੱਬਰ ਨੂੰ ਕਿਵੇਂ ਪਰਿਵਾਰ ਲਿਖਾਂ

ਜਿੱਥੇ ਫਿਕਰੇ ਕਸੇ ਜਾਣ ਧੀਆਂ ਭੈਣਾਂ ਤੇ
ਕਿਵੇਂ ਸੋਹਣਾ ਸੱਭਿਆਚਾਰ ਲਿਖਾਂ

ਜਿੱਥੇ ਬੇਅਦਬੀ ਹੁੰਦੀ ਧਰਮ-ਗ੍ਰੰਥਾਂ ਦੀ
ਉਸ ਵਤਨ ਨੂੰ ਕਿਵੇਂ ਗੁਲਜ਼ਾਰ ਲਿਖਾਂ ...?

ਜੋ ਪੀਂਦੇ ਖ਼ੂਨ ਗਰੀਬਾਂ ਦਾ
ਲੋਟੂ ਟੋਲੇ ਨੂੰ ਕਿਵੇਂ ਸਰਕਾਰ ਲਿਖਾਂ

ਵੈਸੇ ਸੰਦੀਪ ਸਿਆਂ ਤੂੰ ਵੀ ਬਹੁਤਾ ਸਿਆਣਾ ਨਹੀਂ
ਦੱਸ ਤੇਰੇ ਬਾਰੇ ਵੀ ਕਿਵੇਂ ਆਪਣੇ ਆਪ ਲਿਖਾਂ ..?

## ਸ਼ਹਾਦਤ

ਭੁਪਿੰਦਰ ਸਿੰਘ ਭਿੰਡਾ

ਪਹਾੜ ਜਿੱਡਾ ਜੇਰਾ ਵੇਖ, ਹੁੰਦੀ ਹੈ ਹੈਰਾਨੀ,
ਕਲਗੀਆਂ ਵਾਲਾ ਸ਼ਹਾਦਤ, ਦੇ ਗਿਆ ਲਾਸਾਨੀ।
ਜਨਮ ਤੋਂ ਬਾਦਸ਼ਾਹ, ਪੈਦਾ ਕਰ ਗਿਆ ਮਿਸਾਲ ਸੀ,
ਮਾਛਵਾੜੇ ਦੇ ਜੰਗਲਾਂ 'ਚ, ਨੰਗੇ ਪੈਰ ਕੱਟਿਆ ਸਿਆਲ ਸੀ।
ਟਿੰਡ ਦਾ ਸਰਾਨਾ, ਕਰ ਸ਼ੁਕਰਾਨਾ ਤੇ ਮੁੱਖ 'ਤੇ ਸੀ ਬਾਣੀ,
ਐਸੀ ਕਲਗੀਆਂ ਵਾਲਾ ਸ਼ਹਾਦਤ, ਦੇ ਗਿਆ ਲਾਸਾਨੀ।
ਵਾਰ ਪਰਿਵਾਰ ਪੱਲੇ ਰੱਖਿਆ ਨਾ ਧੇਲਾ,
ਅੰਮ੍ਰਿਤ ਦੀ ਦਾਤ ਬਖ਼ਸ਼ ਬਣਿਆ ਆਪੇ ਗੁਰ ਚੇਲਾ।
ਦੌਲਤ, ਜ਼ਮੀਨ ਦਾਨ ਕਰਦੇ ਵੇਖੇ, ਵੇਖਿਆ ਨਾ ਕੋਈ ਪੁੱਤਰਾਂ ਦਾ ਦਾਨੀ,
ਐਸੀ ਕਲਗੀਆਂ ਵਾਲਾ ਸ਼ਹਾਦਤ, ਦੇ ਗਿਆ ਲਾਸਾਨੀ।
ਕੋਈ ਆਖੇ ਬਾਜ਼ਾਂ ਵਾਲਾ, ਕੋਈ ਆਖੇ ਸੰਤ ਸਿਪਾਹੀ,
ਕੁਦਰਤ ਦਾ ਕ੍ਰਿਸ਼ਮਾ ਜਾਪੇ, ਲੱਗਦਾ ਕੋਈ ਨੂਰ ਇਲਾਹੀ।
ਕੇਸ, ਕੰਘਾ, ਕੜਾ, ਕਿਰਪਾਨ ਦੇ ਗਿਆ ਨਿਸ਼ਾਨੀ,
ਐਸੀ ਕਲਗੀਆਂ ਵਾਲਾ ਸ਼ਹਾਦਤ, ਦੇ ਗਿਆ ਲਾਸਾਨੀ।
ਪਹਾੜ ਜਿੱਡਾ ਜੇਰਾ ਵੇਖ, ਹੁੰਦੀ ਹੈ ਹੈਰਾਨੀ,
ਐਸੀ ਕਲਗੀਆਂ ਵਾਲਾ ਸ਼ਹਾਦਤ, ਦੇ ਗਿਆ ਲਾਸਾਨੀ।

# ਪੰਜਾਬੀ ਕਪਤਾਨ ਕਰਨਗੇ ਚਾਰ ਭਾਰਤੀ ਟੀਮਾਂ ਦੀ ਅਗਵਾਈ

ਸੁਖਵਿੰਦਰਜੀਤ ਸਿੰਘ ਮਨੌਲੀ









ਇਹ ਪਹਿਲਾ ਵਾਰ ਹੋਇਆ ਕਿ ਚਾਰ ਪੰਜਾਬੀ ਖਿਡਾਰੀਆਂ ਨੂੰ ਕੌਮਾਂਤਰੀ ਪੱਧਰ 'ਤੇ ਭਾਰਤ ਦੀਆਂ ਚਾਰ ਟੀਮਾਂ ਦੀ ਕਪਤਾਨੀ ਕਰਨ ਦਾ ਮਾਣ ਹਾਸਲ ਹੋਇਆ ਹੈ। ਹਾਕੀ ਟੀਮ ਦੀ ਕਪਤਾਨ ਹਰਮਨਪ੍ਰੀਤ ਸਿੰਘ, ਮਹਿਲਾ ਕ੍ਰਿਕਟ ਟੀਮ ਦੀ ਕਪਤਾਨ ਹਰਮਨਪ੍ਰੀਤ ਕੌਰ ਭੁੱਲਰ, ਫੁੱਟਬਾਲ ਟੀਮ ਦਾ ਕਪਤਾਨ ਗੁਰਪ੍ਰੀਤ ਸਿੰਘ ਸੰਧੂ ਅਤੇ ਕ੍ਰਿਕਟ ਇੰਡੀਆ ਦਾ ਕਪਤਾਨ ਸ਼ੁਭਮਨ ਸਿੰਘ ਗਿੱਲ ਕੌਮਾਂਤਰੀ ਪੱਧਰ 'ਤੇ ਵੱਖ-ਵੱਖ ਚਾਰ ਖੇਡਾਂ ਵਿੱਚ ਦੇਸ਼ ਦੀਆਂ ਟੀਮਾਂ ਦੀ ਅਗਵਾਈ ਕਰਨਗੇ।

**ਹਾਕੀ ਟੀਮ ਕਪਤਾਨ ਹਰਮਨਪ੍ਰੀਤ ਸਿੰਘ**

ਕੌਮੀ ਟੀਮ ਦੇ ਕਪਤਾਨ ਤੇ ਡਰੈਗ ਫਲਿੱਕਰ ਹਰਮਨਪ੍ਰੀਤ ਸਿੰਘ ਨੂੰ ਆਪਣੇ ਡੀ-ਸਰਕਲ ਦੇ ਅੰਦਰ ਤੇ ਬਾਹਰ ਜਿਥੇ ਵਿਰੋਧੀ ਸਟਰਾਈਕਰ ਨੂੰ ਡੱਕੀ ਰੱਖਣ ਦੀ ਮੁਹਾਰਤ ਹਾਸਲ ਹੈ ਉੱਥੇ ਇਸ ਸਮੇਂ ਇੱਕ ਮਹਾਨ ਡਰੈਗ ਫਲਿੱਕਰ ਵਜੋਂ ਉਸ ਦਾ ਨਾਮ ਦੁਨੀਆਂ ਦੀ ਹਾਕੀ ਦੇ ਨਕਸ਼ੇ 'ਤੇ ਡਲਕਾਂ ਮਾਰ ਰਿਹਾ। ਪੈਨਲਟੀ ਕਾਰਨਰਾਂ ਨੂੰ ਡਰੈਗ ਫਲਿੱਕਾਂ ਰਾਹੀਂ ਗੋਲਾਂ 'ਚ ਤਬਦੀਲ ਕਰਨ 'ਚ ਹਰਮਨਪ੍ਰੀਤ ਨੇ ਵਿਰੋਧੀ ਹਾਕੀ ਟੀਮਾਂ ਦੇ ਗੋਲਕੀਪਰਾਂ ਅਤੇ ਰੱਖਿਅਕ ਖਿਡਾਰੀਆਂ ਦੀ ਬਸ ਕਰਵਾਈ ਹੋਈ ਹੈ। ਅੰਮ੍ਰਿਤਸਰ ਦੇ ਜੰਡਿਆਲਾ ਗੁਰੂ 'ਚ ਕਿਸਾਨ ਪਰਿਵਾਰ 'ਚ 6 ਜਨਵਰੀ, 1996 ਨੂੰ ਜਨਮੇ ਹਰਮਨਪ੍ਰੀਤ ਸਿੰਘ ਨੇ ਹਾਕੀ ਇੰਡੀਆ ਲੀਗ ਦੇ 2014 ਤੋਂ 2016 ਤੱਕ ਤਿੰਨ ਅਡੀਸ਼ਨ ਖੇਡਣ ਲਈ ਦਬੰਗ ਮੁੰਬਈ ਟੀਮ ਦੇ ਫਰੈਂਚਾਇਜ਼ੀ ਨਾਲ 35 ਲੱਖ ਦਾ ਕੰਟਰੈਕਟ ਸਾਈਨ ਕੀਤਾ। 2015 'ਚ ਕੌਮੀ ਟੀਮ 'ਚ ਐਂਟਰੀ ਕਰਨ ਵਾਲਾ ਹਰਮਨਪ੍ਰੀਤ, ਅੰਡਰ-21 ਟੀਮ ਨਾਲ ਸੁਲਤਾਨ ਜੋਹਰ ਹਾਕੀ ਕੱਪ ਜਿੱਤਣ ਵਾਲੀ ਟੀਮ ਨਾਲ ਮੈਦਾਨ 'ਚ ਨਿੱਤਰਿਆ। ਮਲੇਸ਼ੀਆ 'ਚ ਖੇਡੇ ਮੁਕਾਬਲੇ 'ਚ 9 ਗੋਲਾਂ ਨਾਲ 'ਟਾਪ ਸਕੋਰਰ' ਬਣਨ ਦੇ ਨਾਲ 'ਬੈਸਟ ਪਲੇਅਰ ਆਫ ਦਿ ਟੂਰਨਾਮੈਂਟ' ਵੀ ਨਾਮਜ਼ਦ ਹੋਇਆ।

**ਹਰਮਨਪ੍ਰੀਤ ਕੌਰ ਭੁੱਲਰ**

ਭਾਰਤੀ ਮਹਿਲਾ ਕ੍ਰਿਕਟ ਟੀਮ ਦੀ ਕਪਤਾਨ ਹਰਮਨਪ੍ਰੀਤ ਕੌਰ ਨੇ ਕੈਰੀਅਰ ਦਾ ਆਗਾਜ਼ ਸਾਲ-2009 'ਚ ਖੇਡੇ ਗਏ ਇਕਰੋਜ਼ਾ ਮਹਿਲਾ ਵਿਸ਼ਵ ਕ੍ਰਿਕਟ ਕੱਪ 'ਚ ਪਾਕਿਸਤਾਨੀ ਕ੍ਰਿਕਟ ਟੀਮ ਵਿਰੁੱਧ ਕੀਤਾ। ਇਸੇ ਸਾਲ ਹਰਮਨਪ੍ਰੀਤ ਕੌਰ ਵਲੋਂ ਇੰਗਲੈਂਡ 'ਚ ਖੇਡੇ ਗਏ ਆਈਸੀਸੀ ਟੀ-20 ਮਹਿਲਾ ਵਿਸ਼ਵ ਕ੍ਰਿਕਟ ਕੱਪ 'ਚ ਮੇਜ਼ਬਾਨ ਇੰਗਲਿਸ਼ ਮਹਿਲਾ ਕ੍ਰਿਕਟ ਟੀਮ ਵਿਰੁੱਧ ਕੈਰੀਅਰ ਦਾ ਪਲੇਠਾ ਮੈਚ ਖੇਡਿਆ ਗਿਆ। ਸਾਲ-2012 'ਚ ਏਸ਼ੀਆ ਮਹਿਲਾ ਕ੍ਰਿਕਟ ਕੱਪ 'ਚ ਹਰਮਨਪ੍ਰੀਤ ਕੌਰ ਨੂੰ ਕਪਤਾਨ ਮਿਤਾਲੀ ਰਾਜ ਦੇ ਜ਼ਖ਼ਮੀ ਹੋਣ ਕਰਕੇ ਟੀਮ ਦਾ ਆਰਜ਼ੀ ਕਪਤਾਨ ਬਣਾਇਆ ਗਿਆ। ਇਸ ਕ੍ਰਿਕਟ ਟੂਰਨਾਮੈਂਟ 'ਚ ਬੱਲੇਬਾਜ਼ ਹਰਮਨਪ੍ਰੀਤ ਕੌਰ ਵੱਲੋਂ ਪਾਕਿਸਤਾਨੀ ਟੀਮ ਖ਼ਿਲਾਫ਼ ਕਪਤਾਨਾਂ ਵਾਲੀ ਪਾਰੀ ਖੇਡਦਿਆਂ 81 ਦੌੜਾਂ ਬਣਾ ਕੇ ਇੰਡੀਅਨ ਟੀਮ ਨੂੰ ਏਸ਼ੀਆ ਕ੍ਰਿਕਟ ਕੱਪ 'ਚ ਚੈਂਪੀਅਨ ਬਣਾਉਣ 'ਚ ਵੱਡਾ ਯੋਗਦਾਨ ਪਾਇਆ ਗਿਆ। ਮਾਰਚ-2013 'ਚ ਹਰਮਨਪ੍ਰੀਤ ਕੌਰ ਨੂੰ ਬੰਗਲਾਦੇਸ਼ ਮਹਿਲਾ ਕ੍ਰਿਕਟ ਟੀਮ ਦੇ ਦੌਰੇ ਤੋਂ ਪਹਿਲਾਂ ਇਕਰੋਜ਼ਾ ਟੀਮ ਦਾ ਕਪਤਾਨ ਬਣਾਇਆ ਗਿਆ। ਇਸ ਟੂਰ ਵਿੱਚ ਹਰਮਨਪ੍ਰੀਤ ਕੌਰ ਵਲੋਂ ਘਰੇਲੂ ਕ੍ਰਿਕਟ ਮੈਦਾਨ 'ਤੇ ਮਹਿਮਾਨ ਬੰਗਲਾਦੇਸ਼ ਮਹਿਲਾ ਟੀਮ ਵਿਰੁੱਧ ਦੂਜੇ ਇਕਰੋਜ਼ਾ ਮੈਚ ਵਿੱਚ 195 ਦੌੜਾਂ ਦੀ ਸਰਬੋਤਮ ਪਾਰੀ ਖੇਡਣ ਤੋਂ ਇਲਾਵਾ ਦੋ ਵਿਰੋਧੀ ਬੱਲੇਬਾਜ਼ਾਂ ਦੇ ਵਿਕਟ ਵੀ ਝਟਕਾਉਣ ਦਾ ਵੱਡਾ ਕਰਿਸ਼ਮਾ ਕੀਤਾ ਗਿਆ।

ਇੰਡੀਅਨ ਮਹਿਲਾ ਕ੍ਰਿਕਟ ਟੀਮ ਦੀ ਕਪਤਾਨ ਹਰਮਨਪ੍ਰੀਤ ਕੌਰ ਭੁੱਲਰ ਦਾ ਜਨਮ 8 ਮਾਰਚ, 1989 'ਚ ਪੰਜਾਬ ਦੇ ਜ਼ਿਲ੍ਹਾ ਮੋਗਾ ਵਿੱਚ ਸਤਵਿੰਦਰ ਕੌਰ ਭੁੱਲਰ ਦੀ ਕੁੱਖੋਂ ਹਰਮੰਦਰ ਸਿੰਘ ਭੁੱਲਰ ਦੇ ਗ੍ਰਹਿ ਵਿਖੇ ਹੋਇਆ। ਹਰਮਨ ਦਾ ਪਿਤਾ ਜੁਡੀਸ਼ੀਅਲ ਕੋਰਟ ਵਿੱਚ ਕਲੈਰੀਕਲ ਵਿਭਾਗ 'ਚ ਨੌਕਰੀ ਕਰਨ ਤੋਂ ਪਹਿਲਾਂ ਵਾਲੀਵਾਲ ਤੇ ਬਾਸਕਟਬਾਲ ਦਾ ਚੰਗਾ ਖਿਡਾਰੀ ਸੀ। ਹਰਮਨਪ੍ਰੀਤ ਕੌਰ ਨੂੰ ਮੁੱਢਲੀ ਕ੍ਰਿਕਟ ਕੋਚਿੰਗ ਗਿਆਨ ਜਯੋਤੀ ਸਕੂਲ ਕ੍ਰਿਕਟ ਅਕੈਡਮੀ ਦੇ ਸਿਖਲਾਇਰ ਕਮਲਦੀਸ਼ ਸਿੰਘ ਸੋਢੀ ਤੋਂ ਹਾਸਲ ਕੀਤੀ।

**ਕ੍ਰਿਕਟ ਟੀਮ ਦਾ ਕਪਤਾਨ ਸ਼ੁਭਮਨ ਸਿੰਘ ਗਿੱਲ**

ਟੀਮ ਇੰਡੀਆ ਦੇ ਓਪਨਿੰਗ ਬੱਲੇਬਾਜ਼ ਸ਼ੁਭਮਨ ਸਿੰਘ ਗਿੱਲ ਨੇ ਕੈਰੀਅਰ ਦਾ ਆਗਾਜ਼ ਸਾਲ-2018 'ਚ ਨਿਊਜ਼ੀਲੈਂਡ 'ਚ ਖੇਡੇ ਗਏ ਆਈਸੀਸੀ ਅੰਡਰ-19 ਕ੍ਰਿਕਟ ਵਿਸ਼ਵ ਕੱਪ ਖੇਡ ਕੇ ਕੀਤਾ, ਜਿਸ 'ਚ ਜੂਨੀਅਨ ਇੰਡੀਅਨ ਕ੍ਰਿਕਟ ਟੀਮ ਨੇ ਆਸਟਰੇਲੀਆ ਦੀ ਅੰਡਰ-19 ਕ੍ਰਿਕਟ ਟੀਮ ਨੂੰ ਹਰਾ ਕੇ ਜੂਨੀਅਰ ਕ੍ਰਿਕਟ ਆਲਮੀ ਕੱਪ ਦੀ ਟਰਾਫੀ 'ਤੇ ਆਪਣਾ ਕਬਜ਼ਾ ਜਮਾਇਆ। ਇਸ ਜੂਨੀਅਰ ਵਿਸ਼ਵ ਕ੍ਰਿਕਟ ਟੂਰਨਾਮੈਂਟ ਦੇ ਸੈਮੀਫਾਈਨਲ 'ਚ ਸ਼ੁਭਮਨ ਗਿੱਲ ਵਲੋਂ ਪਾਕਿਸਤਾਨ ਵਿਰੁੱਧ 94 ਗੇਂਦਾਂ 'ਤੇ 102 ਦੌੜਾਂ ਦੀ ਨਾਬਾਦ ਪਾਰੀ ਖੇਡਣ ਦਾ ਕਰਿਸ਼ਮਾ ਕੀਤਾ ਗਿਆ। ਸ਼ੁਭਮਨ ਗਿੱਲ ਵਿਸ਼ਵ ਦਾ ਪਹਿਲਾ ਯੰਗ ਕ੍ਰਿਕਟਰ ਹੈ, ਜਿਸ ਨੇ ਇੱਕ ਰੋਜ਼ਾ ਮੈਚ 'ਚ ਡਬਲ ਸੈਂਚਰੀ ਜੜ੍ਹਨ ਦਾ ਸੁਪਨਾ ਸਾਕਾਰ ਕੀਤਾ ਹੈ। ਸ਼ੁਭਮਨ ਨੇ ਕੈਰੀਅਰ ਦੇ ਤੀਜੇ ਟੀ-20 ਮੈਚ 'ਚ 63 ਗੇਂਦਾਂ ਖੇਡ ਕੇ 126 ਦੌੜਾਂ ਨਾਲ ਪਹਿਲੀ ਸੈਂਚਰੀ ਪੂਰੀ ਕੀਤੀ। ਜ਼ਿੰਬਾਬਵੇ ਦੇ ਘਰੇਲੂ ਮੈਦਾਨ 'ਤੇ ਖੇਡੇ ਜਾ ਰਹੇ ਪੰਜ ਟੀ-20 ਮੈਚਾਂ ਭਾਰਤੀ ਕ੍ਰਿਕਟ ਟੀਮ ਦਾ ਕਪਤਾਨ ਥਾਪੇ ਗਏ ਸ਼ੁਭਮਨ ਦਾ ਜਨਮ 8 ਸਤੰਬਰ, 1999 'ਚ ਫਾਜ਼ਿਲਕਾ ਦੇ ਲਖਵਿੰਦਰ ਸਿੰਘ ਗਿੱਲ ਦੇ ਗ੍ਰਹਿ ਵਿਖੇ ਹੋਇਆ। ਸ਼ੁਭਮਨ ਨੂੰ ਪਿਤਾ ਲਖਵਿੰਦਰ ਸਿੰਘ ਵਲੋਂ ਗਰਾਸ ਰੂਟ 'ਤੇ ਖੇਡਣ ਲਈ ਤਿਆਰ ਕੀਤਾ ਗਿਆ। ਪੰਜ ਸਾਲ ਦੀ ਉਮਰ 'ਚ ਸ਼ੁਭਮਨ ਨੂੰ ਪਿਤਾ ਵਲੋਂ 500-700 ਗੇਂਦਾਂ ਸੁੱਟਣ ਸਦਕਾ ਰੋਜ਼ਾਨਾ ਪ੍ਰੈਕਟਿਸ ਕਰਵਾਈ ਜਾਂਦੀ ਰਹੀ ਜਿਸ ਸਕਦਾ ਉਸ ਦੀ ਖੇਡ 'ਚ ਵੱਡਾ ਨਿਖ਼ਾਰ ਆਇਆ ।

**ਫੁੱਟਬਾਲ ਟੀਮ ਕਪਤਾਨ ਗੁਰਪ੍ਰੀਤ ਸਿੰਘ ਸੰਧੂ**

ਭਾਰਤੀ ਫੁੱਟਬਾਲ ਫੈਡਰੇਸ਼ਨ ਵੱਲੋਂ ਫੁੱਟਬਾਲ ਟੀਮ ਦੀ ਕਪਤਾਨੀ ਗੋਲਕੀਪਰ ਗੁਰਪ੍ਰੀਤ ਸਿੰਘ ਸੰਧੂ ਦੇ ਹੱਥ ਸੌਂਪ ਦਿੱਤੀ ਗਈ। ਗੋਲਕੀਪਰ ਗੁਰਪ੍ਰੀਤ ਪੰਜਾਬ ਦਾ 5ਵਾਂ ਫੁੱਟਬਾਲਰ ਹੈ, ਜਿਸ ਨੂੰ ਇੰਡੀਅਨ ਫੁੱਟਬਾਲ ਟੀਮ ਦੀ ਕਪਤਾਨੀ ਕਰਨ ਦਾ ਮਾਣ ਹਾਸਲ ਹੋਇਆ। ਇੰਡੀਅਨ ਟੀਮ ਦੇ ਗੋਲ ਰਾਖੇ ਗੁਰਪ੍ਰੀਤ ਸਿੰਘ ਸੰਧੂ ਦਾ ਜਨਮ ਫਰਵਰੀ 3,1992 ਨੂੰ ਪੰਜਾਬ ਪੁਲਿਸ ਅਧਿਕਾਰੀ ਤੇਜਿੰਦਰ ਸਿੰਘ ਸੰਧੂ ਦੇ ਗ੍ਰਹਿ ਵਿਖੇ ਹਰਜੀਤ ਕੌਰ ਸੰਧੂ ਡੀਐਸਪੀ ਦੀ ਕੁੱਖੋਂ ਮੁਹਾਲੀ 'ਚ ਹੋਇਆ। 6 ਫੁੱਟ 6 ਇੰਚ ਲੰਬੇ ਕੱਦ ਦਾ ਮਾਲਕ ਗੁਰਪ੍ਰੀਤ ਸਿੰਘ ਸੰਧੂ 1936 ਤੋਂ ਬਾਅਦ ਪੰਜਾਬ ਦਾ ਪਹਿਲਾ ਤੇ ਦੇਸ਼ ਦਾ ਦੂਜਾ ਖਿਡਾਰੀ , ਜਿਸ ਨੂੰ ਯੂਰਪ ਦੇ ਫੁੱਟਬਾਲ ਕਲੱਬ ਵਲੋਂ 'ਟਾਪ ਡਿਵੀਜ਼ਨ ਲੀਗ' ਖੇਡਣ ਦਾ ਰੁਤਬਾ ਹਾਸਲ ਹੋਇਆ। ਕਾਬਲੇਗੌਰ ਹੈ ਕਿ ਸੰਧੂ ਤੋਂ 79 ਸਾਲ ਪਹਿਲਾਂ 1936 'ਚ ਦੇਸ਼ ਦੇ ਪਹਿਲੇ ਫੁੱਟਬਾਲਰ ਮੁਹੰਮਦ ਸਲੀਮ ਨੂੰ ਵਿਦੇਸ਼ੀ ਫੁੱਟਬਾਲ ਕਲੱਬ ਕੈਲਟਿਕ ਨੇ ਟਾਪ ਡਿਵੀਜ਼ਨ ਯੂਰਪੀਅਨ ਕਲੱਬ ਨੇ ਸਾਈਨ ਕੀਤਾ ਸੀ। 2017 'ਚ ਪੰਜਾਬੀ ਫੁੱਟਬਾਲਰ ਗੁਰਪ੍ਰੀਤ ਸਿੰਘ ਸੰਧੂ ਨੇ ਕਰਨਾਟਕਾ ਦੇ ਕਲੱਬ ਬੰਗਲੌਰੂ ਐਫਸੀ ਦਾ ਦਾਮਨ ਫੜਿਆ। ਆਪਣੇ ਚਹੇਤੇ ਕਰੰਟ ਬੰਗਲੌਰੂ ਫੁੱਟਬਾਲ ਕਲੱਬ ਵੱਲੋਂ 138 ਮੈਚ ਖੇਡਣ ਦਾ ਗੋਲਕੀਪਰ ਗੁਰਪ੍ਰੀਤ ਕਲੱਬ ਟੀਮ ਦੀ ਇੰਡੀਅਨ ਸੁਪਰ ਫੁੱਟਬਾਲ ਲੀਗ: 2018-19 ਅਤੇ ਹੀਰੋ ਸੁਪਰ ਸੌਕਰ ਕੱਪ-2018 'ਚ ਨੁਮਾਇੰਦਗੀ ਕਰ ਚੁੱਕਾ ਹੈ ।

## 2047 ਤੱਕ ਖੇਡਾਂ 'ਚ ਸਿਖ਼ਰਲੇ ਪੰਜ ਦੇਸ਼ਾਂ 'ਚ ਹੋਵੇਗਾ ਭਾਰਤ : ਡਾ. ਮਨਸੁਖ ਮਾਂਡਵੀਆ

### ਖੇਡ ਮੰਤਰੀ ਨੇ ਪੈਰਿਸ ਉਲੰਪਿਕ ਤੇ ਪੈਰਾਲੰਪਿਕ 2024 ਲਈ ਤਿਆਰੀਆਂ 'ਤੇ ਕੀਤੀ ਚਰਚਾ




ਨਵੀਂ ਦਿੱਲੀ/ਏ.ਟੀ.ਨਿਊਜ਼ : ਭਾਰਤ ਵਿਭਿੰਨਤਾ ਨਾਲ ਭਰਪੂਰ ਹੈ। ਇਹ ਜ਼ਰੂਰੀ ਹੈ ਕਿ ਅਸੀਂ ਨੌਜਵਾਨ ਪ੍ਰਤਿਭਾਵਾਂ ਦੀ ਪਛਾਣ ਕਰੀਏ, ਉਨ੍ਹਾਂ ਦੇ ਹੁਨਰ ਨੂੰ ਵਿਕਸਿਤ ਕਰੀਏ ਅਤੇ ਉਨ੍ਹਾਂ ਨੂੰ ਖੇਡ ਵਾਤਾਵਰਨ ਪ੍ਰਣਾਲੀ ਨਾਲ ਜੋੜੀਏ। ਨਵੇਂ ਯੁੱਗ ਦੇ ਭਾਰਤ ਨੇ ਬਹੁਤ ਤਰੱਕੀ ਕੀਤੀ ਹੈ, ਪਰ ਇਹ ਸਿਰਫ਼ ਸ਼ੁਰੂਆਤ ਹੈ। 2047 ਤੱਕ ਜਦੋਂ ਅਸੀਂ ਆਜ਼ਾਦੀ ਦੇ 100 ਸਾਲ ਪੂਰੇ ਕਰ ਲਵਾਂਗੇ, ਭਾਰਤ ਖੇਡਾਂ ਵਿੱਚ ਚੋਟੀ ਦੇ ਪੰਜ ਦੇਸ਼ਾਂ ਵਿੱਚ ਸ਼ਾਮਲ ਹੋਵੇਗਾ। ਇਹ ਗੱਲਾਂ ਕੇਂਦਰੀ ਯੁਵਾ ਮਾਮਲੇ ਅਤੇ ਖੇਡ ਮੰਤਰੀ ਡਾ: ਮਨਸੁਖ ਮਾਂਡਵੀਆ ਨੇ ਮੇਜਰ ਧਿਆਨ ਚੰਦ ਸਟੇਡੀਅਮ ਵਿਖੇ ਦਿੱਲੀ ਸਪੋਰਟਸ ਜਰਨਲਿਸਟ ਐਸੋਸੀਏਸ਼ਨ ਵੱਲੋਂ ਆਯੋਜਿਤ ਪੈਰਿਸ ਉਲੰਪਿਕ 2024 ਅਤੇ ਪੈਰਾਲੰਪਿਕ ਲਈ ਭਾਰਤ ਦੀਆਂ ਤਿਆਰੀਆਂ 'ਤੇ ਚਰਚਾ ਦੌਰਾਨ ਕਹੀਆਂ। ਇਸ ਮੌਕੇ ਖੇਡ ਮੰਤਰੀ ਨੇ 'ਪਾਥਵੇਅ ਟੂ ਪੈਰਿਸ' ਨਾਂ ਦੀ ਕਿਤਾਬਚਾ ਵੀ ਜਾਰੀ ਕੀਤਾ। ਕਿਤਾਬਚਾ ਭਾਰਤ ਦੀ ਉਲੰਪਿਕ ਯਾਤਰਾ, ਮੌਜੂਦਾ ਤਿਆਰੀਆਂ ਅਤੇ ਪ੍ਰਤਿਭਾਸ਼ਾਲੀ ਭਾਰਤੀ ਐਥਲੀਟਾਂ ਨੂੰ ਉਜਾਗਰ ਕਰਦਾ ਹੈ। ਪੈਰਿਸ ਵਿੱਚ 26 ਜੁਲਾਈ ਤੋਂ 11 ਅਗਸਤ ਤੱਕ ਹੋਣ ਵਾਲੇ ਉਲੰਪਿਕ ਵਿੱਚ ਭਾਰਤ ਦੇ 117 ਐਥਲੀਟ ਹਿੱਸਾ ਲੈਣਗੇ। ਪੈਰਾਲੰਪਿਕ ਖੇਡਾਂ 28 ਅਗਸਤ ਤੋਂ 8 ਸਤੰਬਰ ਤੱਕ ਹੋਣਗੀਆਂ। ਇਸ ਮੌਕੇ ਖੇਡ ਸਕੱਤਰ ਸੁਜਾਤਾ ਚਤੁਰਵੇਦੀ, ਸਾਈ ਦੇ ਡਾਇਰੈਕਟਰ ਜਨਰਲ ਸੰਦੀਪ ਪ੍ਰਧਾਨ, ਟਾਪਸ ਦੇ ਸੀਈਓ ਕਮੋਡੋਰ ਪੀਕੇ ਗਰਗ, ਉਲੰਪਿਕ ਕਾਂਸੀ ਤਗਮਾ ਜੇਤੂ ਹਾਕੀ ਟੀਮ ਦੇ ਮੈਂਬਰ ਅਸ਼ੋਕ ਧਿਆਨਚੰਦ, ਏਸ਼ੀਅਨ ਖੇਡਾਂ ਦੇ ਸੋਨ ਤਮਗਾ ਜੇਤੂ ਨਿਸ਼ਾਨੇਬਾਜ਼ ਰੰਜਨ ਸੋਢੀ, ਰਾਸ਼ਟਰਮੰਡਲ ਖੇਡਾਂ ਦੇ ਸੋਨ ਤਗਮਾ ਜੇਤੂ ਮੁੱਕੇਬਾਜ਼ ਅਖਿਲ ਕੁਮਾਰ, ਏਸ਼ੀਅਨ ਖੇਡਾਂ ਦੇ ਸੋਨ ਤਗਮਾ ਜੇਤੂ ਤੀਰਅੰਦਾਜ਼ ਅਭਿਸ਼ੇਕ ਵਰਮਾ, ਟੋਕੀਓ ਪੈਰਾਲੰਪਿਕ ਚਾਂਦੀ ਜੇਤੂ ਡਿਸਕਸ ਥਰੋਅ ਅਥਲੀਟ ਯੋਗੇਸ਼ ਕਥੁਨੀਆ ਮੌਜੂਦ ਸਨ।

## ਪੈਰਿਸ 'ਚ ਸੁਨਹਿਰੀ ਇਤਿਹਾਸ ਦੁਹਰਾ ਸਕਦੀ ਹੈ ਭਾਰਤੀ ਹਾਕੀ ਟੀਮ



ਉਲੰਪਿਕ ਖੇਡਾਂ ਵਿੱਚ ਭਾਰਤੀ ਹਾਕੀ ਦਾ ਸੁਨਹਿਰੀ ਇਤਿਹਾਸ ਰਿਹਾ ਹੈ। ਭਾਰਤ ਨੂੰ ਉਲੰਪਿਕ ਵਿੱਚ ਪਹਿਲੀ ਵਾਰ ਹਾਕੀ ਖੇਡਣ ਦਾ ਮੌਕਾ 1928 ਵਿੱਚ ਮਿਲਿਆ ਅਤੇ ਹਾਕੀ ਦੇ ਜਾਦੂਗਰ ਮੇਜਰ ਧਿਆਨ ਚੰਦ ਦੇ 14 ਗੋਲ ਕਰਕੇ ਟੀਮ ਨੇ ਪਹਿਲੀ ਵਾਰ ਸੋਨ ਤਗਮਾ ਜਿੱਤਿਆ ਸੀ।

ਇੱਥੋਂ ਸ਼ੁਰੂ ਹੁੰਦੀ ਹੈ ਉਲੰਪਿਕ ਵਿੱਚ ਹਾਕੀ ਇੰਡੀਆ ਦੀ ਸੁਨਹਿਰੀ ਕਹਾਣੀ, ਜਿਸ ਤੋਂ ਬਾਅਦ ਟੀਮ ਨੇ ਪੰਜ ਦਹਾਕਿਆਂ ਤੱਕ ਇਸ ਖੇਡ ਵਿੱਚ ਆਪਣੀ ਕਾਬਲੀਅਤ ਦਾ ਸਬੂਤ ਦਿੱਤਾ। ਹਾਕੀ ਵਿੱਚ ਭਾਰਤੀ ਟੀਮ ਨੇ ਆਖਰੀ ਵਾਰ 1980 ਵਿੱਚ ਸੋਨ ਤਗਮਾ ਜਿੱਤਿਆ ਸੀ ਪਰ ਉਦੋਂ ਤੋਂ ਲੈ ਕੇ ਹੁਣ ਤੱਕ ਟੀਮ ਇਸ ਖੇਡ ਵਿੱਚ ਕੋਈ ਖਾਸ ਪ੍ਰਦਰਸ਼ਨ ਨਹੀਂ ਕਰ ਸਕੀ ਹੈ। ਹਾਲਾਂਕਿ ਇਸ ਵਾਰ ਟੀਮ ਨਵੇਂ ਮਨੋਬਲ ਨਾਲ ਉਲੰਪਿਕ ਵਿੱਚ ਹਿੱਸਾ ਲਵੇਗੀ ਅਤੇ ਟੋਕੀਓ ਵਿੱਚ ਪਿਛਲੀ ਵਾਰ ਜਿੱਤੇ ਗਏ ਕਾਂਸੀ ਦਾ ਰੰਗ ਬਦਲਣ ਦੀ ਕੋਸ਼ਿਸ਼ ਕਰੇਗੀ। ਇਸ ਵਾਰ ਭਾਰਤੀ ਹਾਕੀ ਟੀਮ ਆਪਣਾ 44 ਸਾਲਾਂ ਦਾ ਸੁਨਹਿਰੀ ਇੰਤਜ਼ਾਰ ਖਤਮ ਕਰ ਸਕਦੀ ਹੈ।

**ਵੱਡੇ ਮੰਚ 'ਤੇ ਟੀਮ ਦਾ ਰਿਕਾਰਡ ਸ਼ਾਨਦਾਰ** : ਇਸ ਵਾਰ ਭਾਰਤੀ ਹਾਕੀ ਟੀਮ ਦੀ ਹਾਲੀਆ ਫਾਰਮ ਜ਼ਿਆਦਾ ਚੰਗੀ ਨਾ ਹੋਣ ਦੇ ਬਾਵਜੂਦ ਟੀਮ ਤੋਂ ਉਲੰਪਿਕ ਵਿਚ ਸ਼ਾਨਦਾਰ ਪ੍ਰਦਰਸ਼ਨ ਦੀ ਉਮੀਦ ਹੈ, ਇਸ ਦਾ ਕਾਰਨ ਸਿਰਫ ਸਖਤ ਸਿਖਲਾਈ ਹੀ ਨਹੀਂ ਬਲਕਿ ਖਿਡਾਰੀਆਂ ਦੀ ਸਖਤ ਸਿਖਲਾਈ ਅਤੇ ਉਤਸ਼ਾਹ ਤੇ ਟੀਮ ਨੇ ਵੱਡੇ ਮੰਚ 'ਤੇ ਸ਼ਾਨਦਾਰ ਪ੍ਰਦਰਸ਼ਨ ਕਰਨ ਦਾ ਰਿਕਾਰਡ ਵੀ ਰੱਖਿਆ ਹੈ। ਭਾਰਤ ਨੇ ਏਸ਼ਿਆਈ ਖੇਡਾਂ ਦੇ ਫਾਈਨਲ ਵਿੱਚ ਜਾਪਾਨ ਨੂੰ 5-1 ਨਾਲ ਹਰਾ ਕੇ ਇਹ ਸਾਬਤ ਕਰ ਦਿੱਤਾ ਸੀ। ਉਨ੍ਹਾਂ ਨੇ ਟੋਕੀਓ ਉਲੰਪਿਕ ਵਿੱਚ ਵੀ ਜਰਮਨੀ ਵਰਗੀ ਮਜ਼ਬੂਤ ਟੀਮ ਨੂੰ ਹਰਾਇਆ ਸੀ।

**ਟੀਮ ਸੰਤੁਲਿਤ** : ਟੀਮ ਵਿੱਚ ਨੌਜਵਾਨ ਅਤੇ ਤਜਰਬੇਕਾਰ ਖਿਡਾਰੀਆਂ ਦਾ ਵਧੀਆ ਮਿਸ਼ਰਨ ਹੈ। ਗੋਲਕੀਪਰ ਪੀਆਰ ਸ੍ਰੀਜੇਸ਼ ਅਤੇ ਮਿਡਫੀਲਡਰ ਮਨਪ੍ਰੀਤ ਸਿੰਘ ਆਪਣਾ ਚੌਥਾ ਉਲੰਪਿਕ ਖੇਡਣ ਲਈ ਤਿਆਰ ਹਨ। ਜਦੋਂ ਕਿ ਡਿਫੈਂਡਰ ਜਰਮਨਪ੍ਰੀਤ ਸਿੰਘ ਅਤੇ ਫਾਰਵਰਡ ਅਭਿਸ਼ੇਕ ਅਜਿਹੇ ਖਿਡਾਰੀ ਹਨ ਜੋ ਪੂਰੀ ਤਰ੍ਹਾਂ ਨਵੇਂ ਹਨ। ਟੀਮ ਦਾ ਇਹ ਸੁਮੇਲ ਮੈਦਾਨੀ ਪ੍ਰਦਰਸ਼ਨ ਵਿੱਚ ਬਹੁਤ ਅਹਿਮ ਭੂਮਿਕਾ ਨਿਭਾਏਗਾ।

**ਪਹਿਲੇ ਤਿੰਨ ਮੈਚ ਜਿੱਤਣ ਨਾਲ ਵਧੇਗਾ ਮਨੋਬਲ** : ਭਾਰਤ ਦੇ ਕੋਲ ਉਲੰਪਿਕ ਵਿੱਚ ਅਜਿਹਾ ਪੂਲ ਹੈ ਜਿਸ ਵਿੱਚ ਬੈਲਜੀਅਮ, ਅਰਜਨਟੀਨਾ, ਆਸਟ੍ਰੇਲੀਆ, ਨਿਊਜ਼ੀਲੈਂਡ ਅਤੇ ਆਇਰਲੈਂਡ ਵਰਗੀਆਂ ਟੀਮਾਂ ਸ਼ਾਮਲ ਹਨ। ਹਾਲਾਂਕਿ ਬੈਲਜੀਅਮ ਅਤੇ ਆਸਟ੍ਰੇਲੀਆ ਵਰਗੀਆਂ ਟੀਮਾਂ ਆਸਾਨ ਵਿਰੋਧੀ ਨਹੀਂ ਹੋਣਗੀਆਂ, ਪਰ ਭਾਰਤ ਨਿਊਜ਼ੀਲੈਂਡ, ਆਇਰਲੈਂਡ ਅਤੇ ਅਰਜਨਟੀਨਾ ਵਰਗੇ ਵਿਰੋਧੀਆਂ ਦੇ ਖ਼ਿਲਾਫ਼ ਅਨੁਕੂਲ ਨਤੀਜਿਆਂ ਦੀ ਉਮੀਦ ਕਰ ਸਕਦਾ ਹੈ। ਖਾਸ ਗੱਲ ਇਹ ਹੈ ਕਿ ਭਾਰਤ ਨੂੰ ਪਹਿਲੇ ਤਿੰਨ ਮੈਚ ਨਿਊਜ਼ੀਲੈਂਡ, ਅਰਜਨਟੀਨਾ ਅਤੇ ਆਇਰਲੈਂਡ ਖ਼ਿਲਾਫ਼ ਖੇਡਣੇ ਹਨ। ਭਾਰਤ ਵੀ ਉਮੀਦ ਮੁਤਾਬਕ ਪ੍ਰਦਰਸ਼ਨ ਕਰਕੇ ਇਹ ਮੈਚ ਜਿੱਤ ਸਕਦਾ ਹੈ। ਇਨ੍ਹਾਂ ਮੈਚਾਂ ਵਿੱਚ ਤਿੰਨ ਜਿੱਤਾਂ ਭਾਰਤ ਦੇ ਅਗਲੇ ਦੌਰ ਵਿੱਚ ਪ੍ਰਵੇਸ਼ ਕਰਨ 'ਚ ਅਹਿਮ ਭੂਮਿਕਾ ਨਿਭਾਉਣਗੀਆਂ। ਇਸ ਤੋਂ ਬਾਅਦ ਉਹ ਬੈਲਜੀਅਮ ਅਤੇ ਆਸਟ੍ਰੇਲੀਆ ਖ਼ਿਲਾਫ਼ ਬਾਕੀ ਦੋ ਮੈਚ ਉੱਚ ਮਨੋਬਲ ਨਾਲ ਖੇਡ ਸਕਦੇ ਹਨ।

**ਪੰਜ ਦਹਾਕਿਆਂ ਤੱਕ ਰਿਹਾ ਹੈ ਸੁਨਹਿਰੀ ਦੌਰ** : 1928 ਵਿੱਚ ਪਹਿਲੀ ਵਾਰ ਸੋਨ ਤਗਮਾ ਜਿੱਤਣ ਤੋਂ ਬਾਅਦ ਭਾਰਤੀ ਹਾਕੀ ਟੀਮ ਨੇ 1932 ਅਤੇ 1936 ਵਿੱਚ ਵੀ ਸੋਨ ਤਗਮਾ ਜਿੱਤਿਆ। ਇਸ ਤੋਂ ਬਾਅਦ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਉਲੰਪਿਕ ਖੇਡਾਂ ਦੀ ਵਾਪਸੀ ਤੋਂ ਬਾਅਦ ਭਾਰਤੀ ਹਾਕੀ ਟੀਮ ਨੇ 1948, 1952 ਅਤੇ 1956 ਵਿੱਚ ਲਗਾਤਾਰ ਤਿੰਨ ਵਾਰ ਸੋਨ ਤਗਮਾ ਜਿੱਤਿਆ। ਭਾਰਤ ਨੇ 1964 ਅਤੇ 1980 ਵਿੱਚ ਵੀ ਸੋਨ ਤਗਮੇ ਜਿੱਤੇ ਸਨ ਪਰ ਉਦੋਂ ਤੋਂ ਲੈ ਕੇ ਹੁਣ ਤੱਕ ਟੀਮ ਹਾਕੀ 'ਚ ਸੋਨ ਤਗਮਾ ਨਹੀਂ ਜਿੱਤ ਸਕੀ।

ਹਾਲਾਂਕਿ ਟੀਮ ਨੇ ਜਿਸ ਤਰ੍ਹਾਂ ਟੋਕੀਓ ਉਲੰਪਿਕ ਵਿੱਚ ਕਾਂਸੀ ਦਾ ਤਗਮਾ ਜਿੱਤ ਕੇ ਹਾਕੀ ਵਿੱਚ ਦੇਸ਼ ਦੀ ਭਾਵਨਾ ਨੂੰ ਕਾਇਮ ਰੱਖਿਆ, ਉਸ ਤੋਂ ਬਾਅਦ ਸੋਨ ਤਗਮੇ ਦੀਆਂ ਸੰਭਾਵਨਾਵਾਂ ਵਧ ਗਈਆਂ ਹਨ।

**2008 ਉਲੰਪਿਕ ਭਾਰਤੀ ਹਾਕੀ ਦਾ ਕਾਲਾ ਦੌਰ** : ਭਾਰਤੀ ਹਾਕੀ ਦੇ ਇਤਿਹਾਸ ਦਾ ਸਭ ਤੋਂ ਕਾਲਾ ਦੌਰ 2008 ਬੀਜਿੰਗ ਉਲੰਪਿਕ ਦਾ ਸੀ। ਚਿਲੀ ਦੇ ਸੈਂਟੀਆਗੋ ਵਿੱਚ ਕੁਆਲੀਫਾਇਰ ਵਿੱਚ ਬਰਤਾਨੀਆ ਤੋਂ ਹਾਰ ਕੇ ਭਾਰਤੀ ਟੀਮ 88 ਸਾਲਾਂ ਵਿੱਚ ਪਹਿਲੀ ਵਾਰ ਉਲੰਪਿਕ ਲਈ ਕੁਆਲੀਫਾਈ ਨਹੀਂ ਕਰ ਸਕੀ ਸੀ। ਹਾਲਾਂਕਿ, 2012 ਵਿੱਚ, ਟੀਮ ਨੇ ਲੰਡਨ ਉਲੰਪਿਕ ਲਈ ਕੁਆਲੀਫਾਈ ਕੀਤਾ ਪਰ ਇੱਕ ਵੀ ਮੈਚ ਨਹੀਂ ਜਿੱਤ ਸਕੀ। 2016 'ਚ ਰੀਓ ਵਿੱਚ ਵੀ ਟੀਮ ਕੁਆਰਟਰ ਫਾਈਨਲ ਤੱਕ ਹੀ ਪਹੁੰਚ ਸਕੀ ਸੀ।

## ਸਭ ਤੋਂ ਵੱਧ ਕਮਾਈ ਕਰਨ ਵਾਲੀਆਂ ਪੰਜਾਬੀ ਫ਼ਿਲਮਾਂ ’ਚ ਸ਼ਾਮਲ ਹੋਈ

# ‘ਜੱਟ ਐਂਡ ਜੂਲੀਅਟ 3’













ਪੰਜਾਬੀ ਮਨੋਰੰਜਨ ਇੰਡਸਟਰੀ ਨੇ ਪਿਛਲੇ ਸਾਲਾਂ ਦੌਰਾਨ ਕਾਫ਼ੀ ਤਰੱਕੀ ਦਾ ਅਨੁਭਵ ਕੀਤਾ ਹੈ, ਇਹ ਪ੍ਰਸ਼ੰਸਕਾਂ ਨੂੰ ਸ਼ਾਨਦਾਰ ਸਮੱਗਰੀ ਪ੍ਰਦਾਨ ਕਰਕੇ ਖਿੱਚ ਰਿਹਾ ਹੈ। ਹੁਣ ਇੱਥੇ ਅਸੀਂ ਪੰਜਾਬੀ ਸਿਨੇਮਾ ਦੀਆਂ ਸਭ ਤੋਂ ਵੱਧ ਕਮਾਈ ਕਰਨ ਵਾਲੀਆਂ ਪੰਜਾਬੀ ਫ਼ਿਲਮਾਂ ਦਾ ਜ਼ਿਕਰ ਕਰਾਂਗੇ–

**ਕੈਰੀ ਆਨ ਜੱਟਾ 3 :–** ਪਿਛਲੇ ਸਾਲ ਰਿਲੀਜ਼ ਹੋਈ ਸਮੀਪ ਕੰਗ ਦੁਆਰਾ ਨਿਰਦੇਸ਼ਤ ਅਤੇ ਗਿੱਪੀ ਗਰੇਵਾਲ–ਸੋਨਮ ਬਾਜਵਾ ਸਟਾਰਰ ਪੰਜਾਬੀ ਫ਼ਿਲਮ ‘ਕੈਰੀ ਆਨ ਜੱਟਾ 3’ ਨੇ ਪੂਰੀ ਦੁਨੀਆ ਨੂੰ ਹਿਲਾ ਕੇ ਰੱਖ ਦਿੱਤਾ ਸੀ। ਇਸ ਫ਼ਿਲਮ ਨੇ ਕਈ ਤਰ੍ਹਾਂ ਦੇ ਰਿਕਾਰਡ ਤੋੜੇ ਸਨ। ‘ਕੈਰੀ ਆਨ ਜੱਟਾ 3’ ਪਾਲੀਵੁੱਡ ਦੀ ਪਹਿਲੀ ਅਜਿਹੀ ਫ਼ਿਲਮ ਹੈ, ਜਿਸ ਨੇ 100 ਕਰੋੜ ਦੀ ਕਮਾਈ ਕੀਤੀ ਹੈ। ਇਸ ਫ਼ਿਲਮ ਨੇ ਸਾਰੀ 103 ਕਰੋੜ ਦੀ ਕਮਾਈ ਕੀਤੀ ਸੀ, ਇਸ ਲਈ ਗਿੱਪੀ ਦੀ ਇਹ ਫ਼ਿਲਮ ਇਸ ਲਿਸਟ ਵਿੱਚ ਪਹਿਲੇ ਸਥਾਨ ਉਤੇ ਹੈ।

**ਮਸਤਾਨੇ :-** ਪੰਜਾਬੀ ਫ਼ਿਲਮ ‘ਮਸਤਾਨੇ’ ਪਿਛਲੇ ਸਾਲ 25 ਅਗਸਤ ਨੂੰ ਸਿਨੇਮਾਘਰਾਂ ’ਚ ਰਿਲੀਜ਼ ਹੋਈ ਸੀ, ‘ਮਸਤਾਨੇ’ ਨੇ ਰਿਲੀਜ਼ ਤੋਂ ਪਹਿਲਾਂ ਹੀ ਲੋਕਾਂ ਨੂੰ ਆਪਣੇ ਵੱਲ ਖਿੱਚਿਆ ਲਿਆ ਸੀ। ਮਸਤਾਨੇ ਪੰਜਾਬੀ ਸਿਨੇਮਾ ਦੀ ਤੀਜੀ ਸਭ ਤੋਂ ਜ਼ਿਆਦਾ ਕਮਾਈ ਕਰਨ ਵਾਲੀ ਫ਼ਿਲਮ ਹੈ। ਤਰਸੇਮ ਜੱਸੜ ਸਟਾਰਰ ਇਸ ਫ਼ਿਲਮ ਨੇ 74 ਕਰੋੜ ਦਾ ਸ਼ਾਨਦਾਰ ਕਲੈਕਸ਼ਨ ਕੀਤਾ ਸੀ।




**ਕੈਰੀ ਆਨ ਜੱਟਾ 2 :-** ‘ਕੈਰੀ ਆਨ ਜੱਟਾ 2’ ਸਮੀਪ ਕੰਗ ਦੁਆਰਾ ਨਿਰਦੇਸ਼ਤ 2018 ਦੀ ਇੱਕ ਪੰਜਾਬੀ ਕਾਮੇਡੀ ਫ਼ਿਲਮ ਹੈ। ਫ਼ਿਲਮ ਵਿੱਚ ਗਿੱਪੀ ਗਰੇਵਾਲ ਅਤੇ ਸੋਨਮ ਬਾਜਵਾ ਦੇ ਨਾਲ ਗੁਰਪ੍ਰੀਤ ਘੁੱਗੀ, ਬੀਨੂੰ ਢਿੱਲੋਂ, ਜਸਵਿੰਦਰ ਭੱਲਾ, ਬੀ.ਐਨ. ਸ਼ਰਮਾ, ਕਰਮਜੀਤ ਅਨਮੋਲ ਅਤੇ ਉਪਾਸਨਾ ਸਿੰਘ ਅਤੇ ਜੋਤੀ ਸੇਠੀ ਸਹਾਇਕ ਭੂਮਿਕਾਵਾਂ ’ਚ ਸਨ। ਇਹ ਫ਼ਿਲਮ 1 ਜੂਨ 2018 ਨੂੰ ਰਿਲੀਜ਼ ਹੋਈ ਸੀ ਅਤੇ ਇਸ ਨੇ ਬਾਕਸ ਆਫਿਸ ’ਤੇ ਕਈ ਰਿਕਾਰਡ ਤੋੜੇ ਸਨ। ਫ਼ਿਲਮ ਨੇ ਦੁਨੀਆਂ ਭਰ ਵਿੱਚ 57.67 ਕਰੋੜ ਦੀ ਕਮਾਈ ਕੀਤੀ ਸੀ।

**ਚੱਲ ਮੇਰਾ ਪੁੱਤ 2 :–** ‘ਚੱਲ ਮੇਰਾ ਪੁੱਤਰ 2’ 2020 ਦੀ ਇੱਕ ਪੰਜਾਬੀ ਦੀ ਕਾਮੇਡੀ ਡਰਾਮਾ ਫ਼ਿਲਮ ਹੈ, ਜਿਸ ਦਾ ਨਿਰਦੇਸ਼ਨ ਜਨਜੋਤ ਸਿੰਘ ਨੇ ਕੀਤਾ ਹੈ। ਇਸ ਫ਼ਿਲਮ ਨੂੰ ‘ਰਿਦਮ ਬੁਆਇਜ਼ ਐਂਟਰਟੇਨਮੈਂਟ’ ਦੇ ਅਧੀਨ ਕਾਰਜ ਗਿੱਲ ਦੁਆਰਾ ਅਤੇ ‘ਓਮਜੀ ਸਟਾਰ ਸਟੂਡੀਓਜ਼’ ਦੇ ਅਧੀਨ ਆਸ਼ੂ ਮੁਨੀਸ਼ ਸਾਹਨੀ ਦੁਆਰਾ ਨਿਰਮਿਤ ਕੀਤਾ ਗਿਆ ਹੈ। ਇਸ ਵਿੱਚ ਅਮਰਿੰਦਰ ਗਿੱਲ, ਸਿੰਮੀ ਚਾਹਲ ਅਤੇ ਗੈਰੀ ਸੰਧੂ ਮੁੱਖ ਭੂਮਿਕਾਵਾਂ ਵਿੱਚ ਹਨ। ਫ਼ਿਲਮ ਨੇ ਪੂਰੀ ਦੁਨੀਆਂ ਵਿੱਚ 55.41 ਕਰੋੜ ਦੀ ਕਮਾਈ ਕੀਤੀ ਸੀ।

**ਸੌਂਕਣ ਸੌਂਕਣੇ :-** ‘ਸੌਂਕਣ ਸੌਂਕਣੇ’ ਇੱਕ 2022 ਦੀ ਪੰਜਾਬੀ ਫ਼ਿਲਮ ਹੈ, ਇਹ ਅਮਰਜੀਤ ਸਿੰਘ ਸਰੋਂ ਦੁਆਰਾ ਨਿਰਦੇਸ਼ਿਤ ਰੁਮਾਂਟਿਕ ਕਾਮੇਡੀ ਫ਼ਿਲਮ ਹੈ। ‘ਨਾਦ ਐਸ. ਐਸ. ਸਟੂਡੀਓਜ਼’ ਦੇ ਬੈਨਰ ਹੇਠ ਬਣੀ ਇਸ ਫ਼ਿਲਮ ’ਚ ਐਮੀ ਵਿਰਕ, ਸਰਗੁਣ ਮਹਿਤਾ ਅਤੇ ਨਿਮਰਤ ਖਹਿਰਾ ਹਨ। ਇਹ 13 ਮਈ 2022 ਨੂੰ ਸਿਨੇਮਾਘਰਾਂ ’ਚ ਰਿਲੀਜ਼ ਹੋਈ ਸੀ। ਇਸ ਫ਼ਿਲਮ ਨੇ 55 ਕਰੋੜ ਦੀ ਕਮਾਈ ਕੀਤੀ ਸੀ।

**ਹੌਂਸਲਾ ਰੱਖ :-** ‘ਹੌਂਸਲਾ ਰੱਖ’ ਇੱਕ 2021 ਦੀ ਪੰਜਾਬੀ ਰੁਮਾਂਟਿਕ ਕਾਮੇਡੀ ਫ਼ਿਲਮ ਹੈ, ਜਿਸ ਦਾ ਨਿਰਦੇਸ਼ਨ ਅਮਰਜੀਤ ਸਿੰਘ ਸਰੋਂ ਦੁਆਰਾ ਕੀਤਾ ਗਿਆ ਹੈ, ਜਿਸ ’ਚ ਦਿਲਜੀਤ ਦੋਸਾਂਝ, ਸੋਨਮ ਬਾਜਵਾ, ਸ਼ਹਿਨਾਜ਼ ਗਿੱਲ ਅਦਾਕਾਰ ਹਨ, ਇਹ ਨਿਰਮਾਤਾ ਵਜੋਂ ਦਿਲਜੀਤ ਦੋਸਾਂਝ ਦੀ ਸ਼ੁਰੂਆਤ ਸੀ। ਇਸ ਫ਼ਿਲਮ ਨੇ 54 ਕਰੋੜ ਦੀ ਕਮਾਈ ਕੀਤੀ ਸੀ।

**ਛੜਾ :-** ਇੱਕ 2019 ਦੀ ਪੰਜਾਬੀ ਰੁਮਾਂਟਿਕ ਕਾਮੇਡੀ ਫ਼ਿਲਮ ਹੈ, ਜੋ ਜਗਦੀਪ ਸਿੱਧੂ ਦੁਆਰਾ ਲਿਖੀ ਅਤੇ ਨਿਰਦੇਸ਼ਿਤ ਕੀਤੀ ਗਈ ਹੈ। ਦਿਲਜੀਤ ਦੋਸਾਂਝ ਅਤੇ ਨੀਰੂ ਬਾਜਵਾ ਸਟਾਰਰ ਇਹ ਫ਼ਿਲਮ 21 ਜੂਨ 2019 ਨੂੰ ਦੁਨੀਆਂ ਭਰ ਵਿੱਚ ਰਿਲੀਜ਼ ਹੋਈ ਸੀ। ਫ਼ਿਲਮ ਨੂੰ ਆਲੋਚਕਾਂ ਦੁਆਰਾ ਸਕਾਰਾਤਮਕ ਪ੍ਰਤੀਕਿਰਿਆ ਮਿਲੀਆਂ ਸਨ। ਫ਼ਿਲਮ ਨੇ 52.75 ਕਰੋੜ ਦੀ ਕਮਾਈ ਕੀਤੀ ਸੀ।

**ਜੱਟ ਐਂਡ ਜੂਲੀਅਟ 3 :–** ਹਾਲ ਹੀ ਵਿੱਚ ਰਿਲੀਜ਼ ਹੋਈ ਪੰਜਾਬੀ ਫ਼ਿਲਮ ‘ਜੱਟ ਐਂਡ ਜੂਲੀਅਟ 3’ ਪੰਜਾਬੀ ਸਿਨੇਮਾ ਦੀ ਦੂਜੀ ਸਭ ਤੋਂ ਜਿਆਦਾ ਕਮਾਈ ਕਰਨ ਵਾਲੀ ਫ਼ਿਲਮ ਬਣ ਗਈ ਹੈ। ਇਸ ਫ਼ਿਲਮ ਨੇ ਹੁਣ ਤੱਕ 100 ਕਰੋੜ ਦਾ ਅੰਕੜਾ ਪਾਰ ਕਰ ਲਿਆ ਹੈ। ਇਸ ਫ਼ਿਲਮ ਵਿੱਚ ਨੀਰੂ ਬਾਜਵਾ ਅਤੇ ਦਿਲਜੀਤ ਦੁਸਾਂਝ ਮੁੱਖ ਭੂਮਿਕਾ ਵਿੱਚ ਹਨ। ਇਸ ਦਾ ਲੇਖਨ ਅਤੇ ਨਿਰਦੇਸ਼ਨ ਜਗਦੀਪ ਸਿੱਧੂ ਨੇ ਕੀਤਾ ਹੈ।

**ਚਾਰ ਸਾਹਿਬਜ਼ਾਦੇ :-** ਚਾਰ ਸਾਹਿਬਜ਼ਾਦੇ 2014 ਦੀ ਪੰਜਾਬੀ–ਹਿੰਦੀ 34 ਕੰਪਿਊਟਰ–ਐਨੀਮੇਟਡ ਇਤਿਹਾਸਕ ਡਰਾਮਾ ਫ਼ਿਲਮ ਹੈ, ਜੋ ਹੈਰੀ ਬਵੇਜਾ ਦੁਆਰਾ ਲਿਖੀ ਅਤੇ ਨਿਰਦੇਸ਼ਿਤ ਕੀਤੀ ਗਈ ਹੈ। ਇਹ 10ਵੇਂ ਸਿੱਖ ਗੁਰੂ ਗੁਰੂ ਗੋਬਿੰਦ ਸਿੰਘ ਦੇ ਪੁੱਤਰਾਂ–ਸਾਹਿਬਜ਼ਾਦਾ ਅਜੀਤ ਸਿੰਘ, ਜੁਝਾਰ ਸਿੰਘ, ਜ਼ੋਰਾਵਰ ਸਿੰਘ ਅਤੇ ਫਤਿਹ ਸਿੰਘ ਦੀਆਂ ਕੁਰਬਾਨੀਆਂ ’ਤੇ ਆਧਾਰਿਤ ਹੈ। ਵੱਖ–ਵੱਖ ਕਿਰਦਾਰਾਂ ਲਈ ਆਵਾਜ਼ ਕਲਾਕਾਰਾਂ ਨੂੰ ਗੁੰਮਨਾਮ ਰੱਖਿਆ ਗਿਆ ਸੀ। ਜਦੋਂ ਇਹ ਰਿਲੀਜ਼ ਹੋਈ ਸੀ ਤਾਂ ਇਹ ਸਭ ਤੋਂ ਵੱਧ ਕਮਾਈ ਕਰਨ ਵਾਲੀ ਪੰਜਾਬੀ ਫ਼ਿਲਮ ਵੀ ਬਣ ਗਈ ਸੀ। ਫ਼ਿਲਮ ਨੇ 45.96 ਕਰੋੜ ਦੀ ਕਮਾਈ ਕੀਤੀ ਸੀ।

**ਸਰਦਾਰ ਜੀ :-** ਸਰਦਾਰ ਜੀ 2015 ਦੀ ਇੱਕ ਪੰਜਾਬੀ ਕਾਮੇਡੀ ਫ਼ਿਲਮ ਹੈ, ਜੋ ਰੋਹਿਤ ਜੁਗਰਾਜ ਦੁਆਰਾ ਨਿਰਦੇਸ਼ਤ ਹੈ ਅਤੇ ਇਸ ’ਚ ਦਿਲਜੀਤ ਦੋਸਾਂਝ, ਮੈਂਡੀ ਤੱਖਰ ਅਤੇ ਨੀਰੂ ਬਾਜਵਾ ਮੁੱਖ ਭੂਮਿਕਾਵਾਂ ਵਿੱਚ ਹਨ। 26 ਜੂਨ 2015 ਨੂੰ ਰਿਲੀਜ਼ ਹੋਈ ਇਸ ਫ਼ਿਲਮ ਨੇ 38.38 ਕਰੋੜ ਦੀ ਕਮਾਈ ਕੀਤੀ ਸੀ।

# ਅੰਨ੍ਹੀ ਸ਼ਰਧਾ ਦੀਆਂ ਅੱਖਾਂ ਖੋਲ੍ਹਦਾ ਸਿਨੇਮਾ



ਧਰਮ ਦੀ ਆੜ ਵਿੱਚ ਹੋਣ ਵਾਲੇ ਕਾਰਿਆਂ ਤੇ ਪਾਖੰਡ ਨੂੰ ਸਿਨੇਮਾ ਕਦੇ ਕਾਲਪਨਿਕ ਤੇ ਕਦੇ ਸੱਚੀਆਂ ਘਟਨਾਵਾਂ ਜ਼ਰੀਏ ਦਰਸਾਉਂਦਾ ਆਇਆ ਹੈ। ਅਦਾਕਾਰ ਸ਼੍ਰੇਅਸ ਤਲਪੜੇ ਦੀ ਇਸ ਸਾਲ ਆਈ ਫਿਲਮ ‘ਕਰਤਮ ਭੁਗਤਮ’ ਇਕ ਨਾਸਤਕ ਸ਼ਖ਼ਸ ਦੀ ਕਹਾਣੀ ਹੈ ਜੋ ਹਾਲਾਤ–ਵਸ ਇੱਕ ਤਾਂਤਰਿਕ ਦੇ ਚੱਕਰਾਂ ’ਚ ਪੈ ਕੇ ਆਪਣਾ ਸਭ ਕੁਝ ਗੁਆ ਬੈਠਦਾ ਹੈ ਤੇ ਸੁਧ–ਬੁਧ ਵੀ ਗਵਾ ਦਿੰਦਾ ਹੈ। ਅਸਲ ਵਿੱਚ ਇਨਸਾਨ ਜਦੋਂ ਮੁਸ਼ਕਲਾਂ ਨਾਲ ਜੂਝ ਰਿਹਾ ਹੋਵੇ, ਉਸ ਨੂੰ ਕੋਈ ਰਾਹ ਨਜ਼ਰ ਨਾ ਆਉਂਦਾ ਹੋਵੇ ਤਾਂ ਉਹ ਆਸਥਾ ਦੇ ਕਿਸੇ ਵੀ ਰੂਪ ਦਾ ਸਹਾਰਾ ਲੈ ਲੈਂਦਾ ਹੈ। ਹਾਲਾਂਕਿ ਮਦਦ ਨਾਲੋਂ ਜ਼ਿਆਦਾ ਉਸ ਦੇ ਵਿਸ਼ਵਾਸ ਨੂੰ ਢਾਹ ਲਾਈ ਜਾਂਦੀ ਹੈ ਤੇ ਆਸਥਾ ਦੇ ਨਾਂ ’ਤੇ ਮਰਿਆਦਾ ਨੂੰ ਤਾਰ–ਤਾਰ ਕੀਤਾ ਜਾਂਦਾ ਹੈ ਤੇ ਧਰਮ ਦੇ ਨਾਂ ’ਤੇ ਚੁੱਪ ਰਹਿਣ ਲਈ ਕਿਹਾ ਜਾਂਦਾ ਹੈ।

### ਗ਼ਲਤ ਕੰਮਾਂ ਦੀ ਖ਼ਿਮਾ ਨਹੀਂ

ਕਥਾਵਾਚਕ ਆਸਾਰਾਮ ਜਬਰ ਜਨਾਹ ਤੇ ਜਿਣਸੀ ਸ਼ੋਸ਼ਣ ਸਮੇਤ ਕਈ ਦੋਸ਼ਾਂ ਤਹਿਤ ਤਾਉਮਰ ਕੈਦ ਦੀ ਸਜ਼ਾ ਭੁਗਤ ਰਹੇ ਹਨ। ਉਨ੍ਹਾਂ ਦੇ ਹੀ ਜੀਵਨ ’ਤੇ ਪਿਛਲੇ ਸਾਲ ਜੀ5 ’ਤੇ ਆਈ ਫਿਲਮ ‘ਸਿਰਫ਼ ਇੱਕ ਬੰਦਾ ਕਾਫੀ ਹੈ’ ਨੇ ਕੋਰਟ ਰੂਮ ਡਰਾਮਾ ਦੇ ਤੌਰ ’ਤੇ ਬਾਬੇ ਦੀਆਂ ਕਰਤੂਤਾਂ ਦੇ ਨਾਲ ਪੀੜਤਾਂ ਦੀ ਦਰਦ ਭਰੀ ਕਹਾਣੀ ਤੇ ਕਾਨੂੰਨੀ ਲੜਾਈ ਲੜਨ ਦੇ ਜਜ਼ਬੇ ਨੂੰ ਦਿਖਾਇਆ। ਇਹ ਫਿਲਮ ਸਿਰਫ਼ ਲੜਕੀਆਂ ਨੂੰ ਜਾਗਰੂਕ ਨਹੀਂ ਕਰਦੀ ਬਲਕਿ ਪੂਰੇ ਸਮਾਜ ਨੂੰ ਝੰਜੋੜਦੀ ਹੈ ਜੋ ਆਸਥਾ ਤੇ ਅੰਧਵਿਸ਼ਵਾਸ ’ਚ ਫ਼ਰਕ ਕਰਨਾ ਜ਼ਰੂਰੀ ਨਹੀਂ ਸਮਝਦੇ। ਇਸ ਵਿੱਚ ਵਕੀਲ ਪੀ.ਸੀ. ਸੋਲੰਕੀ (ਮਨੋਜ ਵਾਜਪਾਈ) ਰਾਮਾਇਣ ਦਾ ਇੱਕ ਪ੍ਰਸੰਗ ਸੁਣਾਉਂਦੇ ਹੋਏ ਕਹਿੰਦੇ ਹਨ ਕਿ ਰਾਵਣ ਵੱਲੋਂ ਸੀਤਾਹਰਨ ਨੂੰ ਸ਼ਿਵ ਭਗਵਾਨ ਨੇ ਮਹਾਪਾਪ ਮੰਨਿਆ। ਉਸ ਦੀ ਵਜ੍ਹਾ ਸੀ ਕਿ ਰਾਵਣ ਨੇ ਸਾਧੂ ਭੇਸ ’ਚ ਇਸ ਕਾਰੇ ਨੂੰ ਅੰਜਾਮ ਦਿੱਤਾ ਸੀ ਜਿਸ ਦਾ ਅਸਰ ਪੂਰੇ ਸੰਸਾਰ ਦੇ ਸਾਧੂਤਵ ਤੇ ਸਨਾਤਨ ’ਤੇ ਸਦੀਆਂ ਤਕ ਰਹੇਗਾ ਜਿਸ ਦੀ ਕੋਈ ਮਾਫ਼ੀ ਨਹੀਂ ਹੈ। ਯਾਨੀ ਸ਼ਾਸਤਰਾਂ ’ਚ ਵੀ ਧਰਮ ਦੀ ਆੜ ’ਚ ਕੀਤੇ ਗਏ ਗ਼ਲਤ ਕੰਮਾਂ ਨੂੰ ਖ਼ਿਮਾ ਨਹੀਂ ਦਿੱਤੀ ਗਈ ਹੈ।

### ਬੌਬੀ ਦਿਓਲ ਦੀ ਵੈੱਬ ਸੀਰੀਜ਼ ‘ਆਸ਼ਰਮ’

ਜਿਵੇਂ ਕਿ ਬੌਬੀ ਦਿਓਲ ਦੀ ‘ਆਸ਼ਰਮ’ ਵੈੱਬ ਸੀਰੀਜ਼ ਵਿੱਚ ਵੀ ਦਿਖਾਇਆ ਗਿਆ ਹੈ। ਬੀਤੇ ਦਿਨੀਂ ਨੈੱਟਫਲਿਕਸ ’ਤੇ ਆਈ ਫਿਲਮ ‘ਮਹਾਰਾਜ’ 1862 ਦੌਰਾਨ ਧਰਮ ਦੇ ਨਾਂ ’ਤੇ ਵਧਦੀਆਂ ਅਲਾਮਤਾਂ ਬਾਰੇ




ਸੀ। ਉਸ ਦੌਰਾਨ ਜਾਤੀਵਾਦ ਤੇ ਸਾਮਰਾਜਵਾਦ ਵਿਰੋਧੀ ਦੇ ਤੌਰ ’ਤੇ ਜਾਣੇ ਗਏ ਦਾਦਾਭਾਈ ਨੌਰੋਜੀ ਦੇ ਨਾਲ ਕੰਮ ਕਰਨ ਵਾਲੇ ਪੱਤਰਕਾਰ ਕਰਸਨਦਾਸ ਮੁਲਜੀ ਨੇ ਤਾਕਤਵਰ ਪੁਜਾਰੀ ਖਿਲਾਫ਼ ਆਵਾਜ਼ ਬੁਲੰਦ ਕੀਤੀ। ਰਿਲੀਜ਼ ਹੋਣ ਤੋਂ ਪਹਿਲਾਂ ਹੀ ਫਿਲਮ ’ਤੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਦੋਸ਼ ਲੱਗੇ ਪਰ ਅਦਾਲਤ ਨੂੰ ਕੁਝ ਵੀ ਇਤਰਾਜ਼ਯੋਗ ਨਹੀਂ ਲੱਗਿਆ। ਫਿਲਮ ਬਣਾਉਣ ਨੂੰ ਲੈ ਕੇ ਇਸ ਦੇ ਡਾਇਰੈਕਟਰ ਸਿਧਾਰਥ ਪੀ. ਮਲਹੋਤਰਾ ਦਾ ਕਹਿਣਾ ਹੈ, ‘ਇਹ ਉਹ ਦੌਰ ਸੀ ਜਦੋਂ ਸਮਾਜ ਬਾਲ ਵਿਆਹ ਨੂੰ ਉਤਸ਼ਾਹਤ ਕਰਦਾ ਸੀ। ਵਿਧਵਾ ਪੁਨਰ–ਵਿਆਹ ਅਪਰਾਧ ਮੰਨਿਆ ਜਾਂਦਾ ਸੀ, ਕਰਸਨਦਾਸ ਉਸ ਵੇਲੇ ਔਰਤਾਂ ਲਈ ਖੜ੍ਹੇ ਹੋਏ ਤਾਂ ਉਹ ਅਸਲੀ ਸਮਾਜ ਸੁਧਾਰਕ ਹਨ। ਉਨ੍ਹਾਂ ਆਸਥਾ ਦੀ ਆੜ ’ਚ ਹੋਣ ਵਾਲੇ ਔਰਤਾਂ ਦੇ ਸ਼ੋਸ਼ਣ ਖ਼ਿਲਾਫ਼ ਆਵਾਜ਼ ਬੁਲੰਦ ਕੀਤੀ। ਬੇਸ਼ਕ ਸਮਾਂ ਬਦਲ ਗਿਆ, ਪਰ ਆਸਥਾ ਦੀ ਆੜ ਵਿੱਚ ਕੁਝ ਢੌਂਗੀ–ਪਾਖੰਡੀ ਲੋਕਾਂ ਵੱਲੋਂ ਔਰਤਾਂ ਦਾ ਸ਼ੋਸ਼ਣ ਕਰਨ ਜਾਂ ਮਾਸੂਮ ਲੋਕਾਂ ਨੂੰ ਠੱਗਣ ਦੀਆਂ ਖਬਰਾਂ ਸੁਰਖੀਆਂ ’ਚ ਅੱਜ ਵੀ ਆਉਂਦੀਆਂ ਰਹਿੰਦੀਆਂ ਹਨ। ਸਾਡੀ ਫਿਲਮ ਵਿੱਚ ਸ਼ਾਮਲ ਸੰਦੇਸ਼ ਯੂਨੀਵਰਸਲ ਹਨ। ਇਹ ਸਾਫ਼ ਕਹਿ ਰਹੀ ਹੈ ਕਿ ਤੁਹਾਡਾ ਤੁਹਾਡੇ ਭਗਵਾਨ ਨਾਲ ਨਿੱਜੀ ਰਿਸ਼ਤਾ ਹੁੰਦਾ ਹੈ। ਬਾਬਿਆਂ ਦਾ ਸਨਮਾਨ ਕਰੋ, ਉਹ ਇੱਕ ਜ਼ਰੀਆ ਹਨ ਪਰ ਭਗਵਾਨ ਨਹੀਂ। ਉਹ ਜੇਕਰ ਭਗਵਾਨ ਬਣ ਜਾਣ ਤਾਂ ਸਮੱਸਿਆ ਹੋ ਸਕਦੀ ਹੈ।’

ਇਸ ਦੀ ਤਾਜ਼ਾ ਮਿਸਾਲ ਹੈ ਸੂਰਜ ਪਾਲ ਜਾਟਵ, ਜਿਸ ਉੱਪਰ ਜਿਣਸੀ ਸ਼ੋਸ਼ਣ ਦਾ ਵੀ ਦੋਸ਼ ਲੱਗ ਚੁੱਕਾ ਹੈ। ਇਸ ਤੋਂ ਪਹਿਲਾਂ ਸਵਾਮੀ ਨਿਤਿਆਨੰਦ ਦਾ ਭਾਂਡਾ ਭੱਜਿਆ। ਉਸ ਉੱਪਰ ਡਾਕੂਮੈਂਟਰੀ ਫਿਲਮ ‘ਮਾਈ ਡਾਟਰ ਜੁਆਇੰਟ ਏ ਕਲਟ’ ਆਈ। ਉਸ ਵਿੱਚ ਅਖੌਤੀ ਬਾਬੇ ਦੇ ਕਾਰਨਾਮਿਆਂ ’ਤੇ ਲੋਕਾਂ ਨੇ ਆਪਣੀ ਹੱਡਬੀਤੀ ਬਿਆਨ ਕੀਤੀ।

### ਫਿਲਮ ‘ਸਿਰਫ਼ ਇੱਕ ਬੰਦਾ ਕਾਫੀ ਹੈ’

‘ਸਿਰਫ਼ ਇਕ ਬੰਦਾ ਕਾਫੀ ਹੈ’ ਦੇ ਡਾਇਰੈਕਟਰ ਅਪੂਰਵ ਸਿੰਘ ਕਾਰਕੀ ਆਖਦੇ ਹਨ, ‘ਗੁਰੂ ਨੂੰ ਸਾਡੇ ਧਰਮ ਵਿਚ ਈਸ਼ਵਰ ਤੋਂ ਵੱਡਾ ਦਰਜਾ ਦਿੱਤਾ ਗਿਆ ਹੈ। ਗੁਰੂ ਦਾ ਵਚਨ ਯਾਨੀ ਈਸ਼ਵਰ ਬਾਣੀ, ਪਰ ਆਸਥਾ ਅਤੇ ਅੰਧਵਿਸ਼ਵਾਸ ’ਚ ਫ਼ਰਕ ਸਮਝਣਾ ਬਹੁਤ ਜ਼ਰੂਰੀ ਹੈ। ਸ਼੍ਰੀਮਦਭਾਗਵਤ ਗੀਤਾ ’ਚ ਭਗਵਾਨ ਸ਼੍ਰੀਕ੍ਰਿਸ਼ਨ ਨੇ ਕਿਹਾ ਹੈ ਕਿ ਤੁਸੀਂ ਜਿਸ ਦੀ ਭਗਤੀ ਕਰੋਗੇ, ਉਵੇਂ ਦਾ ਸਰੂਪ ਪਾਓਗੇ। (ਬਾਕੀ ਸਫ਼ਾ 31 ’ਤੇ)

## ਸਾਂਸਦ ਸਰਬਜੀਤ ਸਿੰਘ ਖ਼ਾਲਸਾ ਵੱਲੋਂ

ਆਪਣੀ ਪਟੀਸ਼ਨ ਵਿੱਚ ਭਾਈ ਅੰਮ੍ਰਿਤਪਾਲ ਸਿੰਘ ਨੇ ਕਿਹਾ ਕਿ ਨਾ ਕੇਵਲ ਇੱਕ ਸਾਲ ਤੋਂ ਵੱਧ ਸਮੇਂ ਤੱਕ ਐਨ.ਐਸ.ਏ. ਨੂੰ ਲਾਗੂ ਕਰਕੇ ਬਲਕਿ ਪੰਜਾਬ ਤੋਂ ਦੂਰ ਹਿਰਾਸਤ ਵਿੱਚ ਰੱਖ ਕੇ ਅਸਾਧਾਰਨ ਤੇ ਬੇਰਹਿਮ ਤਰੀਕੇ ਨਾਲ ਉਸ ਦੀ ਜ਼ਿੰਦਗੀ ਤੇ ਆਜ਼ਾਦੀ ਨੂੰ ਪੂਰੀ ਤਰ੍ਹਾਂ ਨਾਲ ਖੋਹ ਲਿਆ ਗਿਆ ਹੈ। ਭਾਈ ਅੰਮ੍ਰਿਤਪਾਲ ਸਿੰਘ ਨੇ ਕਿਹਾ ਕਿ ਉਸ ਨੂੰ ਜੱਦੀ ਰਾਜ ਤੇ ਘਰ ਤੋਂ ਦੂਰ ਤੇ ਉਸ ਦੇ ਦੋਸਤਾਂ ਤੇ ਰਿਸ਼ਤੇਦਾਰਾਂ ਤੋਂ ਦੂਰ ਰੱਖਣਾ ਅਣਉੱਚਿਤ ਤੌਰ 'ਤੇ ਕਠੋਰ ਤੇ ਬਦਲਾਖੋਰੀ ਦੀ ਕਾਰਵਾਈ ਹੈ। ਇਹ ਪਟੀਸ਼ਨਕਰਤਾ ਨੂੰ ਰਾਜ ਸਰਕਾਰ ਤੇ ਕੇਂਦਰ ਸਰਕਾਰ ਵਿਰੁੱਧ ਵੱਡੇ ਸਿਆਸੀ ਮੁੱਦਿਆਂ 'ਤੇ ਆਵਾਜ਼ ਉਠਾਉਣ ਲਈ ਸਜ਼ਾ ਦੇਣ ਤੋਂ ਇਲਾਵਾ ਹੋਰ ਕਿਸੇ ਉਦੇਸ਼ ਦੀ ਪੂਰਤੀ ਨਹੀਂ ਕਰਦਾ, ਜੋ ਕਿ ਇਸ ਦੇਸ਼ ਦੇ ਹਰ ਨਾਗਰਿਕ ਦਾ ਜਮਹੂਰੀ ਹੱਕ ਹੈ।

ਪਟੀਸ਼ਨ ਵਿੱਚ ਭਾਈ ਅੰਮ੍ਰਿਤਪਾਲ ਸਿੰਘ ਨੇ ਕਿਹਾ ਕਿ ਉਨ੍ਹਾਂ ਲੋਕ ਸਭਾ ਮੈਂਬਰ ਵਜੋਂ ਸੰਵਿਧਾਨ ਤਹਿਤ ਸਹੁੰ ਚੁੱਕੀ ਹੈ ਤੇ ਆਪਣੇ ਲੋਕ ਸਭਾ ਹਲਕੇ ਤੇ ਪੰਜਾਬ ਰਾਜ ਦੇ ਹਿੱਤਾਂ ਦੀ ਨੁਮਾਇੰਦਗੀ ਕਰਨ ਦਾ ਹੱਕ ਹਾਸਲ ਕੀਤਾ ਹੈ। ਜਦੋਂ ਪਟੀਸ਼ਨਰ ਦੀ ਐਨ.ਐਸ.ਏ. ਦੀ ਤੀਜੀ ਮਿਆਦ ਅਪ੍ਰੈਲ 2024 'ਚ ਖਤਮ ਹੋਣ ਵਾਲੀ ਸੀ ਤੇ ਇੱਕ ਆਦੇਸ਼ ਤਹਿਤ ਐਨ.ਐਸ.ਏ. ਦੀ ਅਧਿਕਤਮ ਮਿਆਦ ਖਤਮ ਹੋ ਗਈ ਸੀ ਤਾਂ 13 ਮਾਰਚ ਨੂੰ ਐਨ.ਐਸ.ਏ. ਵਧਾਉਣ ਦਾ ਇਕ ਨਵਾਂ ਆਦੇਸ਼ ਪਾਸ ਕੀਤਾ ਗਿਆ ਹਾਈਕੋਰਟ 'ਚ ਇਸ ਪਟੀਸ਼ਨ 'ਤੇ ਅਗਲੇ ਹਫ਼ਤੇ ਸੁਣਵਾਈ ਹੋਣ ਦੀ ਸੰਭਾਵਨਾ ਹੈ। ਅੰਮ੍ਰਿਤਪਾਲ ਸਿੰਘ ਧੜੇ ਨੂੰ ਆਸ ਹੈ ਕਿ ਹਾਈਕੋਰਟ ਅੰਮ੍ਰਿਤਪਾਲ ਸਿੰਘ ਨੂੰ ਰਿਹਾਅ ਕਰ ਸਕਦਾ ਹੈ।

****

## ਕੈਨੇਡਾ ਤੋਂ ਵਾਪਸ ਆਉਣਗੇ ਭਾਰਤੀ !

ਵਿਦਿਆਰਥੀਆਂ ਦੀ ਗਿਣਤੀ ਵਿੱਚ ਕਮੀ ਆਈ ਹੈ ਪਰ ਭਾਰਤ ਪਰਤਣਾ ਤਾਂ ਹੀ ਸੰਭਵ ਹੈ ਜਦੋਂ ਭਾਰਤ ਦੀ ਸਮਾਜਿਕ-ਆਰਥਿਕ ਹਾਲਤ ਕੈਨੇਡਾ ਨਾਲੋਂ ਬਿਹਤਰ ਹੋਵੇਗੀ। ਫਿਲਹਾਲ ਇਸ ਤਰ੍ਹਾਂ ਦੀ ਹਾਲਤ ਦੀ ਕੋਈ ਸੰਭਾਵਨਾ ਨਹੀਂ ਜਾਪਦੀ। ਕੁਲਦੀਪ ਸਿੰਘ ਨੇ ਕਿਹਾ ਕਿ ਕੋਈ ਵਿਅਕਤੀ ਪਰਤਣ ਦੀ ਕਲਪਨਾ ਉਦੋਂ ਹੀ ਕਰ ਸਕਦਾ ਹੈ, ਜਦੋਂ ਉਸਨੂੰ ਆਪਣੇ ਦੇਸ਼ ਵਿੱਚ ਜ਼ਿਆਦਾ ਮੌਕੇ ਦਿਸਣ। ਇਹ ਅਜੇ ਵੀ ਇੱਕ ਕਲਪਨਾ ਹੈ ਤੇ ਹਕੀਕਤ ਤੋਂ ਬਹੁਤ ਦੂਰ ਹੈ। ਵਰਲਡ ਡਿਵੈਲਪਮੈਂਟ ਰਿਪੋਰਟ ਦਾ ਹਵਾਲਾ ਦਿੰਦਿਆਂ ਪ੍ਰੋ. ਸਿੰਘ ਨੇ ਕਿਹਾ ਕਿ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਰੂਪ ਵਿੱਚ ਦੁਨੀਆ ਭਰ ਵਿੱਚ ਜਾਣ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਸਾਲ 2000 ਵਿੱਚ 2 ਫੀਸਦੀ ਤੋਂ ਵਧ ਕੇ 2023 ਵਿੱਚ 41 ਫੀਸਦੀ ਹੋ ਗਈ ਹੈ। ਕੈਨੇਡੀਅਨ ਇਮੀਗ੍ਰੇਸ਼ਨ ਕੰਸਲਟੈਂਸੀ ਦੇ ਅੰਕੜੇ ਦੱਸਦੇ ਹਨ ਕਿ ਭਾਰਤੀ ਵਿਦਿਆਰਥੀਆਂ ਦੇ ਕੈਨੇਡਾ ਵੱਲ ਪ੍ਰਵਾਸ ਵਿੱਚ 50 ਫੀਸਦੀ ਦਾ ਵਾਧਾ ਹੋਇਆ ਹੈ। ਇਕੱਲੇ 2019 ਵਿੱਚ 198,235 ਵਿਦਿਆਰਥੀ ਭਾਰਤ ਤੋਂ ਕੈਨੇਡਾ ਆਏ ਸਨ ਅਤੇ ਇਨ੍ਹਾਂ ਵਿਚੋਂ 71 ਫੀਸਦੀ ਪੰਜਾਬ ਦੇ ਸਨ।

**ਪੰਜਾਬ ਤੋਂ ਪ੍ਰਵਾਸ ਦਾ ਕਾਰਨ ਖੇਤੀ ਸੰਕਟ**

ਕੁਲਦੀਪ ਸਿੰਘ ਨੇ ਕਿਹਾ ਕਿ ਪੰਜਾਬ ਭਾਰਤ ਦੇ ਖੁਸ਼ਹਾਲ ਸੂਬਿਆਂ ਵਿਚੋਂ ਇੱਕ ਹੋਣ ਦੇ ਬਾਵਜੂਦ ਨੌਜਵਾਨਾਂ ਨੂੰ ਰੋਜ਼ਗਾਰ ਦੇਣ ਦੇ ਸਮਰੱਥ ਨਹੀਂ ਹੈ। ਪੰਜਾਬ ਤੋਂ ਪ੍ਰਵਾਸ ਦੇ ਮੁੱਖ ਕਾਰਨ ਖੇਤੀ ਸੰਕਟ, ਸਨਅਤੀਕਰਨ ਦੀ ਮੱਠੀ ਰਫ਼ਤਾਰ, ਭਾਰਤੀ ਸਿੱਖਿਆ ਪ੍ਰਣਾਲੀ ਦਾ ਲੁਪਤ ਹੋਣਾ ਤੇ ਰੋਜ਼ਗਾਰ ਦੇ ਮੌਕਿਆਂ ਦੀ ਘਾਟ ਹੈ, ਜਿਸ ਕਾਰਨ ਪੰਜਾਬੀ ਨੌਜਵਾਨ ਆਪਣੀ ਪੜ੍ਹਾਈ, ਰੋਜ਼ਗਾਰ ਅਤੇ ਰਹਿਣ-ਸਹਿਣ ਦੀਆਂ ਸਹੂਲਤਾਂ ਲਈ ਵਿਦੇਸ਼ਾਂ ਵਿੱਚ ਪਲਾਇਨ ਕਰਨ ਲਈ ਮਜਬੂਰ ਹਨ। ਇਮੀਗ੍ਰੇਸ਼ਨ ਰਫਿਊਜੀਜ਼ ਐਂਡ ਸਿਟੀਜ਼ਨਸ਼ਿਪ ਕੈਨੇਡਾ (ਆਈ.ਆਰ.ਸੀ.ਸੀ.) ਦੇ ਅੰਕੜਿਆਂ ਅਨੁਸਾਰ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਆਬਾਦੀ 2014 ਵਿੱਚ 3.26 ਲੱਖ ਤੋਂ ਵਧ ਕੇ 2022 ਵਿੱਚ 8 ਲੱਖ ਤੋਂ ਵੱਧ ਹੋ ਗਈ। ਦੇਸ਼ ਵਿੱਚ ਸਟੱਡੀ ਪਰਮਿਟ ਧਾਰਕਾਂ ਦੀ ਗਿਣਤੀ ਦਸੰਬਰ 2023 ਦੇ ਅੰਤ ਤਕ 10 ਲੱਖ ਪਾਰ ਕਰਨ ਦੀ ਉਮੀਦ ਸੀ, ਜਿਨ੍ਹਾਂ ਵਿਚੋਂ ਅੱਧੇ ਤੋਂ ਵੱਧ ਓਂਟਾਰੀਓ ਵਿੱਚ ਹਨ।

***

## ਕੈਨੇਡਾ ਵੱਲੋਂ ਪੈਰਿਸ ਉਲੰਪਿਕ

ਮੌਕਾ ਦਿੱਤਾ। ਸੰਨ 2012 ਵਿੱਚ ਜੈਸਿਕਾ ਨੇ ਪਹਿਲੀ ਐੱਫ.ਆਈ.ਐੱਨ.ਏ. ਵਿਸ਼ਵ ਯੂਥ ਚੈਂਪੀਅਨਸ਼ਿਪ ਵਿੱਚ ਕੈਨੇਡਾ ਨੂੰ ਪੰਜਵੇਂ ਸਥਾਨ 'ਤੇ ਲਿਆਉਣ ਵਿੱਚ ਯੋਗਦਾਨ ਪਾਇਆ। 2017 ਵਿੱਚ ਉਸ ਨੇ ਕੈਨੇਡਾ ਨੂੰ ਐੱਫ.ਆਈ.ਐੱਨ.ਏ. ਵਿਸ਼ਵ ਲੀਗ ਸੁਪਰ ਫਾਈਨਲ ਵਿੱਚ ਚਾਂਦੀ ਦਾ ਤਗ਼ਮਾ ਜਿੱਤਣ ਵਿੱਚ ਮਦਦ ਕੀਤੀ ਜਿੱਥੇ ਉਸ ਨੂੰ ਟੂਰਨਾਮੈਂਟ ਦੀ ਸਭ ਤੋਂ ਬਿਹਤਰੀਨ ਗੋਲਚੀ ਚੁਣਿਆ ਗਿਆ। ਕੈਪੀਟਲ ਵੇਵ ਸਵੀਮਿੰਗ ਅਤੇ ਵਾਟਰ ਪੋਲੋ ਕਲੱਬ ਦੀ ਇਸ ਪ੍ਰਤੀਨਿਧੀ ਨੇ ਟੋਰਾਂਟੋ 2015, ਲੀਮਾ 2019 ਅਤੇ ਸੈਂਟੀਆਗੋ 2023 ਪੈਨ ਅਮਰੀਕਨ ਖੇਡਾਂ ਵਿੱਚ ਚਾਂਦੀ ਦਾ ਤਗ਼ਮਾ ਜਿੱਤਿਆ।

ਯੂਨੀਵਰਸਿਟੀ ਪੱਧਰ 'ਤੇ ਜੈਸਿਕਾ ਨੇ ਇੰਡੀਆਨਾ ਯੂਨੀਵਰਸਿਟੀ ਦੀ ਨੁਮਾਇੰਦਗੀ ਕੀਤੀ ਜਿੱਥੇ ਉਸ ਨੂੰ 2013, 2014 ਅਤੇ 2018 ਵਿੱਚ ਆਲ-ਕਾਨਫਰੰਸ ਫਸਟ ਆਲ-ਸਟਾਰ ਟੀਮ ਨਾਮ ਦਿੱਤਾ ਗਿਆ ਸੀ। ਇੰਡੀਆਨਾ ਯੂਨੀਵਰਸਿਟੀ ਵਿੱਚ ਆਪਣੇ ਅੰਤਿਮ ਸਾਲ ਵਿੱਚ ਉਸ ਨੂੰ ਆਲ-ਅਮਰੀਕਨ ਐੱਨਸੀਏਏ ਮਹਿਲਾ ਵਾਟਰ ਪੋਲੋ ਡਿਵੀਜ਼ਨ 1 ਵਿੱਚ 'ਮਾਣਯੋਗ ਆਲ-ਸਟਾਰ ਟੀਮ' ਵਜੋਂ ਨਾਮਜ਼ਦ ਕੀਤਾ ਗਿਆ ਸੀ।

ਉਸ ਨੇ 2019 ਵਿੱਚ ਇੰਡੀਆਨਾ ਯੂਨੀਵਰਸਿਟੀ ਵਿੱਚ ਕੈਮਿਸਟਰੀ ਵਿੱਚ ਆਪਣੀ ਪੜ੍ਹਾਈ ਪੂਰੀ ਕੀਤੀ। 2022 ਵਿੱਚ, ਉਹ ਕੋਚ ਦੇ ਰੂਪ ਵਿੱਚ ਮਿਸ਼ੀਗਨ ਯੂਨੀਵਰਸਿਟੀ ਦੀ ਟੀਮ ਵਿੱਚ ਸ਼ਾਮਲ ਹੋ ਗਈ। ਇਸ ਨਾਲ ਉਹ ਐੱਨ.ਸੀ.ਏ.ਏ. ਵਿੱਚ ਕੋਚ ਬਣਨ ਵਾਲੀ ਏਸ਼ੀਅਨ-ਭਾਰਤੀ ਮੂਲ ਦੀ ਪਹਿਲੀ ਔਰਤ ਬਣ ਗਈ। ਆਪਣੇ ਐਥਲੈਟਿਕਸ ਕਰੀਅਰ ਵਿੱਚ ਇੰਨੀਆਂ ਸ਼ਾਨਦਾਰ ਪ੍ਰਾਪਤੀਆਂ ਤੋਂ ਬਾਅਦ ਵੀ ਉਹ ਆਪਣੀਆਂ ਜੜ੍ਹਾਂ ਨਾਲ ਜੁੜੀ ਹੋਈ ਹੈ, ਖ਼ਾਸ ਕਰਕੇ ਉਸ ਨੂੰ ਬੁਣਾਈ ਕਰਨ ਦਾ ਬਹੁਤ ਸ਼ੌਕ ਹੈ। ਉਹ ਡਰਾਇੰਗ ਦਾ ਵੀ ਸ਼ੌਂਕ ਰੱਖਦੀ ਹੈ।

ਓਟਾਵਾ ਤੋਂ ਇਸ ਸਬੰਧੀ ਜਾਣਕਾਰੀ ਦਿੰਦਿਆਂ ਜੈਸਿਕਾ ਦੇ ਨਾਨਾ ਅਮਰਜੀਤ ਸਿੰਘ ਸਾਥੀ, ਮਾਤਾ ਅਜੀਤ ਕੌਰ ਟਿਵਾਣਾ ਅਤੇ ਪਿੰਡ ਚਨਾਰਥਲ ਕਲਾਂ ਤੋਂ ਨਵਤੇਜ ਸਿੰਘ ਟਿਵਾਣਾ, ਗੁਰਤੇਜ ਸਿੰਘ ਟਿਵਾਣਾ ਨੇ ਕਿਹਾ ਕਿ ਜੈਸਿਕਾ ਨੂੰ ਜਿੱਥੇ ਉਲੰਪਿਕ ਟੀਮ ਵਿੱਚ ਚੁਣੇ ਜਾਣ ਦੀ ਖੁਸ਼ੀ ਹੈ, ਉਥੇ ਉਨ੍ਹਾਂ ਨੇ ਕਿਹਾ ਕਿ ਉਹ ਕੈਨੇਡਾ ਲਈ ਮੈਡਲ ਜਿੱਤ ਕੇ ਲਿਆਵੇਗੀ, ਇਸ ਨਾਲ ਪੰਜਾਬ ਦਾ ਵੀ ਸਿਰ ਹੋਰ ਉਚਾ ਹੋਵੇਗਾ।

***

## ਕਿਸਾਨਾਂ ਵੱਲੋਂ 15 ਅਗਸਤ ਨੂੰ ਦੇਸ਼ ਭਰ 'ਚ ਟਰੈਕਟਰ ਮਾਰਚ

ਕਿਸਾਨ ਮਜ਼ਦੂਰ ਮੋਰਚਾ ਦੀ ਸਾਂਝੀ ਕਾਨਫਰੰਸ ਦੌਰਾਨ ਮੁੱਖ ਤੌਰ 'ਤੇ ਫੈਸਲਾ ਲਿਆ ਗਿਆ ਕਿ ਪਹਿਲੀ ਅਗਸਤ ਨੂੰ ਦੇਸ਼ ਭਰ ਵਿੱਚ ਜ਼ਿਲ੍ਹਾ ਹੈੱਡਕੁਆਰਟਰਾਂ ਵੱਲ ਮਾਰਚ ਕੀਤੇ ਜਾਣਗੇ ਅਤੇ ਘੱਟੋ-ਘੱਟ ਸਮਰਥਨ

ਮੁੱਲ ਗਾਰੰਟੀ ਕਾਨੂੰਨ ਦੇ ਹੱਕ ਵਿੱਚ ਅਤੇ ਕਿਸਾਨਾਂ ਨੂੰ ਮਾਰਨ ਵਾਲੇ ਅਧਿਕਾਰੀਆਂ ਨੂੰ ਰਾਸ਼ਟਰਪਤੀ ਮੈਡਲ ਦੇਣ ਦੇ ਵਿਰੋਧ ਵਿੱਚ ਭਾਜਪਾ ਦੇ ਪੁਤਲੇ ਫੂਕੇ ਜਾਣਗੇ। ਇਸ ਤੋਂ ਇਲਾਵਾ ਕਿਸਾਨ ਅੰਦੋਲਨ ਦੇ ਸਮਰਥਨ ਵਿੱਚ 15 ਅਗਸਤ ਨੂੰ ਦੇਸ਼ ਭਰ ਵਿੱਚ ਜ਼ਿਲ੍ਹਾ ਪੱਧਰ 'ਤੇ ਟਰੈਕਟਰ ਮਾਰਚ ਕਰਨ ਅਤੇ ਬੀ.ਐੱਨ.ਐੱਸ. ਤਹਿਤ ਤਿੰਨੋਂ ਨਵੇਂ ਕਾਨੂੰਨਾਂ ਦੀਆਂ ਕਾਪੀਆਂ ਸਾੜਨ ਦਾ ਫੈਸਲਾ ਵੀ ਲਿਆ ਗਿਆ। 31 ਅਗਸਤ ਨੂੰ ਕਿਸਾਨ ਅੰਦੋਲਨ-2 ਦੇ 200 ਦਿਨ ਪੂਰੇ ਹੋਣ 'ਤੇ ਕਿਸਾਨ ਮੋਰਚਿਆਂ 'ਤੇ ਵੱਡੀਆਂ ਮਹਾਪੰਚਾਇਤਾਂ ਕੀਤੀਆਂ ਜਾਣਗੀਆਂ। ਦੇਸ਼ ਭਰ ਵਿੱਚ ਤਿੰਨ ਕਿਸਾਨ ਮਹਾਪੰਚਾਇਤਾਂ ਕੀਤੀਆਂ ਜਾਣਗੀਆਂ। ਪਹਿਲੀ ਮਹਾਪੰਚਾਇਤ ਪਹਿਲੀ ਸਤੰਬਰ ਨੂੰ ਉੱਤਰ ਪ੍ਰਦੇਸ਼ ਦੇ ਸੰਭਲ ਵਿੱਚ, ਦੂਜੀ ਮਹਾਪੰਚਾਇਤ 15 ਸਤੰਬਰ ਨੂੰ ਹਰਿਆਣਾ ਦੇ ਜੀਂਦ ਜ਼ਿਲ੍ਹੇ ਦੀ ਉਚਾਨਾ ਮੰਡੀ ਵਿੱਚ ਅਤੇ ਤੀਜੀ ਮਹਾਪੰਚਾਇਤ 22 ਸਤੰਬਰ ਨੂੰ ਹਰਿਆਣਾ ਦੇ ਹੀ ਕੁਰੂਕਸ਼ੇਤਰ ਜ਼ਿਲ੍ਹੇ ਦੀ ਪਿਪਲੀ ਮੰਡੀ ਵਿੱਚ ਹੋਵੇਗੀ। ਪ੍ਰੈੱਸ ਕਾਨਫ਼ਰੰਸ ਦੇ ਅਖੀਰ ਵਿੱਚ ਸਰਵਣ ਸਿੰਘ ਪੰਧੇਰ ਨੇ ਕਿਸਾਨਾਂ ਨੂੰ ਸੰਘਰਸ਼ ਲਈ ਤਿਆਰ ਰਹਿਣ ਦਾ ਹੋਕਾ ਦਿੱਤਾ। ਕਾਨਫਰੰਸ ਵਿੱਚ ਹੋਰ ਆਗੂ ਵੀ ਹਾਜ਼ਰ ਸਨ।

ਇਸ ਕਾਨਫ਼ਰੰਸ ਵਿੱਚ ਦੇਸ਼ ਦੀਆਂ ਹੋਰ ਜਥੇਬੰਦੀਆਂ ਦੇ ਆਗੂਆਂ ਨੇ ਵੀ ਸ਼ਮੂਲੀਅਤ ਕੀਤੀ। ਇਸ ਦੌਰਾਨ ਮੁੱਖ ਤੌਰ 'ਤੇ ਸਾਬਕਾ ਕੇਂਦਰੀ ਖੇਤੀਬਾੜੀ ਮੰਤਰੀ ਸੋਮਪਾਲ ਸ਼ਾਸਤਰੀ, ਖੇਤੀ ਮਾਹਿਰ ਦੇਵੇਂਦਰ ਸ਼ਰਮਾ, ਕਰਨਾਟਕ ਖੇਤੀ ਮੁੱਲ ਕਮਿਸ਼ਨ ਦੇ ਸਾਬਕਾ ਚੇਅਰਮੈਨ ਪ੍ਰਕਾਸ਼ ਕਾਮਾਰੇਡੀ ਆਦਿ ਨੇ ਐੱਮ.ਐੱਸ.ਪੀ. ਗਾਰੰਟੀ ਕਾਨੂੰਨ ਦੇ ਮੁੱਦੇ 'ਤੇ ਤੱਥਾਂ ਸਣੇ ਗੱਲ ਕਰਦਿਆਂ ਕਿਹਾ ਕਿ ਜੇ ਸਿਆਸੀ ਇੱਛਾ ਸ਼ਕਤੀ ਹੈ ਤਾਂ ਸਰਕਾਰ ਇਸ ਲਈ ਐੱਮ.ਐੱਸ.ਪੀ. ਗਾਰੰਟੀ ਕਾਨੂੰਨ ਬਣਾਏ। ਇਸ ਸਬੰਧੀ ਦੇਸ਼ ਵਿੱਚ ਕਾਫ਼ੀ ਆਰਥਿਕ ਸਰੋਤ ਹਨ।

***

## ਚੋਣ ਝਟਕਿਆਂ ਬਾਅਦ ਭਾਜਪਾ ਦੀ

ਸਮਾਜਵਾਦੀ ਪਾਰਟੀ-ਕਾਂਗਰਸ ਗੱਠਜੋੜ ਦੇ ਉਭਾਰ ਨੂੰ ਵਿਚਾਰਿਆ ਜਾਵੇ ਤਾਂ ਭਾਜਪਾ ਲਈ ਯੂ.ਪੀ. 'ਚ ਇਸ ਸਮੱਸਿਆ ਨੂੰ ਹੱਲ ਕਰਨਾ ਬਹੁਤ ਜ਼ਰੂਰੀ ਹੋਵੇਗਾ, ਨਹੀਂ ਤਾਂ ਇਸ ਨੂੰ ਹੋਰ ਸਿਆਸੀ ਜ਼ਮੀਨ ਵੀ ਗੁਆਉਣੀ ਪੈ ਸਕਦੀ ਹੈ।

ਪਾਰਟੀ ਵਿੱਚ ਦਰਾੜ ਉਸ ਵੇਲੇ ਖੁੱਲ੍ਹ ਕੇ ਸਾਹਮਣੇ ਆ ਗਈ ਜਦੋਂ ਉਪ ਮੁੱਖ ਮੰਤਰੀ ਕੇਸ਼ਵ ਪ੍ਰਸਾਦ ਮੌਰੀਆ ਨੇ ਮੀਟਿੰਗ ਵਿੱਚ ਕਿਹਾ ਕਿ ਪਾਰਟੀ ਦਾ ਜਥੇਬੰਦਕ ਢਾਂਚਾ ਹਮੇਸ਼ਾ ਸਰਕਾਰ ਤੋਂ ਵੱਡਾ ਹੁੰਦਾ ਹੈ। ਪਾਰਟੀ ਵਿੱਚ ਅੰਦਰਖਾਤੇ ਚੱਲ ਰਹੀ ਖਿੱਚੋਤਾਣ ਨੂੰ ਉਦੋਂ ਹੋਰ ਬਲ ਮਿਲਿਆ ਜਦ ਬੀਤੇ ਹਫਤੇ ਮੌਰੀਆ ਨੇ ਭਾਜਪਾ ਪ੍ਰਧਾਨ ਜੇਪੀ ਨੱਢਾ ਨਾਲ ਨਵੀਂ ਦਿੱਲੀ ਵਿੱਚ ਮੁਲਾਕਾਤ ਕੀਤੀ। ਇਸ ਮਾਮਲੇ 'ਚ ਇੱਕ ਹੋਰ ਮੁੱਖ ਹਿੱਤਧਾਰਕ ਸੂਬਾ ਪਾਰਟੀ ਪ੍ਰਧਾਨ ਭੁਪੇਂਦਰ ਸਿੰਘ ਚੌਧਰੀ ਹਨ ਜੋ ਇਸ ਹਫ਼ਤੇ ਵੱਖੋ-ਵੱਖਰੇ ਪੱਧਰ 'ਤੇ ਨੱਢਾ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤਾਂ ਕਰ ਚੁੱਕੇ ਹਨ।

ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੂੰ ਹਟਾਉਣ ਦੀ ਜਿਸ ਯੋਜਨਾ ਦੀ ਚਰਚਾ ਹੋ ਰਹੀ ਹੈ, ਉਸ ਵਿੱਚ ਇਨ੍ਹਾਂ 10 ਸੀਟਾਂ ਦੀਆਂ ਚੋਣਾਂ ਦੀ ਵੱਡੀ ਭੂਮਿਕਾ ਹੋਵੇਗੀ। ਜੇਕਰ ਉਪ ਚੋਣ ਵਿੱਚ ਭਾਜਪਾ ਦਾ ਪ੍ਰਦਰਸ਼ਨ ਖਰਾਬ ਰਿਹਾ ਤਾਂ ਸੱਚਮੁੱਚ ਯੋਗੀ ਦੀ ਕੁਰਸੀ ਲਈ ਖ਼ਤਰਾ ਪੈਦਾ ਹੋ ਜਾਵੇਗਾ।

****

## ਕੀ ਸਿੰਘ ਸਾਹਿਬ ਰੋਡੇ ਨਵੇਂ ਅਕਾਲੀ ਦਲ ਦੇ

ਜੇਕਰ ਖਡੂਰ ਸਾਹਿਬ ਤੋਂ ਚੋਣ ਨਾ ਲੜੀ ਜਾਂਦੀ ਤਾਂ ਫਰੀਦਕੋਟ ਵੀ ਨਹੀਂ ਜਿੱਤੀ ਜਾ ਸਕਦੀ ਸੀ।

ਸੁਆਲ ਇਹ ਹੈ ਕਿ ਵਕੀਲ ਰਾਜਦੇਵ ਸਿੰਘ ਦਾ ਇਹ ਆਪਣਾ ਐਲਾਨ ਹੈ ਜਾਂ ਇਸ ਵਿੱਚ ਨਵੇਂ ਐਮਪੀ ਸਰਬਜੀਤ ਸਿੰਘ ਤੇ ਜੇਲੀਂ ਬੰਦ ਭਾਈ ਅੰਮ੍ਰਿਤਪਾਲ ਸਿੰਘ ਦੀ ਵੀ ਸਹਿਮਤੀ ਹੈ। ਕੀ ਇਸ ਮਾਮਲੇ ਵਿੱਚ ਸਿੱਖ ਪੰਥ ਦੀ ਸਹਿਮਤੀ ਬਣ ਸਕੇਗੀ। ਇਹ ਬਹੁਤ ਵੱਡੇ ਸੁਆਲ ਹਨ। ਪੰਥਕ ਹਲਕਿਆਂ ਦਾ ਮੰਨਣਾ ਹੈ ਜੇ ਪੰਥ ਦੀ ਸਹਿਮਤੀ ਵਾਲਾ ਪ੍ਰਤੀਨਿਧ ਅਕਾਲੀ ਦਲ ਉਸਾਰਨਾ ਹੈ ਤਾਂ ਏਜੰਡਾ ਰੂਪ ਰੇਖਾ, ਚੋਣ ਵਿਧੀ ਸਪਸ਼ਟ ਹੋਣੀ ਚਾਹੀਦੀ ਹੈ। ਪ੍ਰਧਾਨ ਚੁਣਿਆ ਜਾਣਾ ਚਾਹੀਦਾ ਹੈ ਨਾ ਕਿ ਬਾਦਲ ਪਰਿਵਾਰ ਵਾਂਗ ਥੋਪਿਆ ਜਾਵੇ। ਵੈਸੇ ਅਕਾਲੀ ਦਲ ਉਸਾਰਨਾ ਕੋਈ ਖਾਲਾ ਜੀ ਦਾ ਵਾੜਾ ਨਹੀਂ। ਇਸ ਬਾਰੇ ਲਗਾਤਾਰ ਬੌਧਿਕ ਸੰਵਾਦ, ਏਜੰਡਾ ਤੈਅ ਕਰਨ ਲਈ ਮੀਟਿੰਗਾਂ ਤੇ ਸਰਗਰਮੀਆਂ ਦੀ ਲੋੜ ਹੈ। ਇਸ ਬਾਰੇ ਸਿੱਖ ਸੰਗਤ ਵਿੱਚ ਚੁਪੀ ਹੈ। ਬਾਗੀ ਤੇ ਬਾਦਲਕੇ ਹਨੇਰੇ ਵਿੱਚ ਤੀਰ ਮਾਰ ਰਹੇ ਹਨ। ਆਉਣ ਵਾਲੇ ਸਮੇਂ ਦੌਰਾਨ ਸਭ ਕੁਝ ਸਪੱਸ਼ਟ ਹੋ ਜਾਵੇਗਾ ਕਿ ਸਿੱਖ ਸਿਆਸਤ ਕਿਧਰ ਕਰਵਟ ਬਦਲਦੀ ਹੈ ਪਰ ਫਰੀਦਕੋਟ ਤੇ ਖਡੂਰ ਸਾਹਿਬ ਵਾਲੇ ਦ੍ਰਿਸ਼ ਦੁਬਾਰਾ ਦੁਹਰਾਏ ਜਾਣਗੇ। ਅਜਿਹਾ ਦਾਅਵਾ ਕਰਨਾ ਸਮੇਂ ਤੋਂ ਪਹਿਲਾਂ ਦੀ ਗੱਲ ਹੈ। ਸਿੰਘ ਸਾਹਿਬ ਰੋਡੇ ਨੂੰ ਅਕਾਲੀ ਦਲ ਦੇ ਪ੍ਰਧਾਨ ਵਜੋਂ ਸਿੱਖ ਪੰਥ ਪ੍ਰਵਾਨ ਕਰੇਗਾ ਜਾਂ ਨਹੀਂ। ਇਹ ਸੁਆਲ ਸਮੇਂ ਦੇ ਗਰਭ ਵਿੱਚ ਹਨ। ਸੁਆਲ ਇਹ ਵੀ ਹੈ ਕਿ ਕੀ ਵਕੀਲ ਰਾਜਦੇਵ ਸਿੰਘ ਦਾ ਏਜੰਡਾ ਅੰਮ੍ਰਿਤ ਪਾਲ ਸਿੰਘ ਸਵੀਕਾਰ ਕਰੇਗਾ ?

***

ਜੇਕਰ ਕੋਈ ਲੇਖਕ ਆਪਣਾ ਆਰਟੀਕਲ, ਕਵਿਤਾ, ਕਹਾਣੀ, ਮਿੰਨੀ ਕਹਾਣੀ ਜਾਂ ਲੇਖ
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
ਅਖ਼ਬਾਰ ਵਿੱਚ ਛਪਵਾਉਣ ਲਈ ਇੱਛੁਕ ਹੈ ਤਾਂ ਉਹ ਸਾਡੀ ਈ.ਮੇਲ : asrnewwriters@gmail.com 'ਤੇ ਆਪਣੀ ਲਿਖਤ ਭੇਜ ਸਕਦੇ ਹਨ। ਮਿਆਰੀ ਲਿਖਤ ਨੂੰ ਅਖ਼ਬਾਰ 'ਚ ਜ਼ਰੂਰ ਥਾਂ ਦਿੱਤੀ ਜਾਵੇਗੀ।
ਨਾਮ ਅਤੇ ਫ਼ੋਨ ਨੰਬਰ ਜ਼ਰੂਰ ਲਿਖਿਆ ਜਾਵੇ।
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
Email: asrnewwriters@gmail.com www.amritsartimes.com Ph.: (510) 240-5949



## ਅਮਰੀਕਾ ਕਮਜ਼ੋਰ ਹੋਇਆ

ਟਰੰਪ ਜਿਸ ਨੇ ਪਿਛਲੇ ਹਫ਼ਤੇ ਗੋਲੀ ਕਾਰਨ ਜ਼ਖਮੀ ਹੋਏ ਆਪਣੇ ਸੱਜੇ ਕੰਨ ਉੱਪਰ ਚਮੜੀ ਦੇ ਰੰਗ ਦੀ ਬੈਂਡੇਜ ਬੰਨੀ ਹੋਈ ਸੀ, ਨੇ ਕਿਹਾ ਕਿ ਪਿਛਲੇ ਹਫ਼ਤੇ ਮੈਨੂੰ ਲੋਕਤੰਤਰ ਕਾਰਨ ਗੋਲੀ ਖਾਣੀ ਪਈ ਹੈ। ਉਨ੍ਹਾਂ ਸਵਾਲ ਕੀਤਾ ਕਿ ਮੈ ਲੋਕਤੰਤਰ ਖਿਲਾਫ਼ ਕੀ ਕੀਤਾ ਹੈ? ਸਖਤ ਸੁਰੱਖਿਆ ਪ੍ਰਬੰਧਾਂ ਤਹਿਤ ਹੋਈ ਰੈਲੀ ਵਿੱਚ ਟਰੰਪ ਨੇ ਕਿਹਾ ਕਿ ਜਦੋਂ ਉਹ ਰਾਸ਼ਟਰਪਤੀ ਸਨ ਤਾਂ ਉਨ੍ਹਾਂ ਨੇ ਮਿਸ਼ੀਗਨ ਵਿੱਚ ਆਟੋ ਖੇਤਰ ਵਿੱਚ ਨੌਕਰੀਆਂ ਪੈਦਾ ਕੀਤੀਆਂ ਸਨ ਤੇ ਉਨ੍ਹਾਂ ਨੂੰ ਬਹੁਤ ਸਾਲ ਪਹਿਲਾਂ ਮਿਸ਼ੀਗਨ ਵਿੱਚ ਮੈਨ ਆਫ਼ ਦੀ ਈਅਰ ਪੁਰਸਕਾਰ ਦਿੱਤਾ ਗਿਆ ਸੀ। ਉਨ੍ਹਾਂ ਨੇ ਦੋਸ਼ ਲਾਇਆ ਕਿ ਇਮੀਗ੍ਰੇਸ਼ਨ ਨੀਤੀਆਂ ਕਾਰਨ ਅਮਰੀਕਾ ਵਿੱਚ ਅਪਰਾਧ ਵਧਿਆ ਹੈ। ਮੈਂ ਸੱਤਾ ’ਤੇ ਆਇਆ ਤਾਂ ਇਸ ਖੇਤਰ ਵਿੱਚ ਸੁਧਾਰ ਕੀਤੇ ਜਾਣਗੇ।

***

## ਅਮਰੀਕੀ ਜਨਤਾ ’ਚ ਤੇਜ਼ੀ ਨਾਲ ਵਧ ਰਹੀ

ਉਸ ਸੂਰਤ ਵਿੱਚ ਟਰੰਪ ਅਤੇ ਉਨ੍ਹਾਂ ਦੇ ਸਮਰਥਕ ਕਿੰਨਾ ਸੰਜਮ ਵਰਤਣਗੇ? ਦੂਜੇ ਪਾਸੇ ਬਾਇਡੇਨ ਅਤੇ ਉਨ੍ਹਾਂ ਦੇ ਸਮਰਥਕ ਲੋਕਪ੍ਰਿਅਤਾ ਵਿੱਚ ਟਰੰਪ ਤੋਂ ਪੱਛੜਨ ਕਾਰਨ ਭਾਰੀ ਦਬਾਅ ਵਿੱਚ ਹਨ। ਅਜਿਹੇ ਵਿੱਚ ਕੀ ਉਹ ਨਫ਼ਰਤੀ ਬਿਆਨਬਾਜ਼ੀ ਨਾਲ ਵੋਟਾਂ ਹਾਸਲ ਕਰਨ ਦੇ ਲੋਭ ਤੋਂ ਬਚ ਸਕਣਗੇ? ਹਾਲੇ ਤਾਂ ਅਮਰੀਕੀ ਮੀਡੀਆ ਵਿੱਚ ਸੰਜਮ ਭਰੀਆਂ ਸੰਪਾਦਕੀਆਂ ਛਪ ਰਹੀਆਂ ਹਨ ਪਰ ਕੀ ਇਹ ਸੰਜਮ ਚੋਣ ਪ੍ਰਚਾਰ ਦੀ ਗਰਮੀ ਨੂੰ ਸਹਾਰ ਸਕੇਗਾ?

ਅਮਰੀਕਾ ਨੂੰ ਇਸ ਸਮੇਂ ਇਸ ਤਰ੍ਹਾਂ ਦੇ ਕਈ ਸਵਾਲਾਂ ਦੇ ਉੱਤਰ ਲੱਭਣੇ ਪੈਣੇ ਹਨ। ਉਥੇ ਹੀ ਯੂਰਪੀ ਦੇਸ਼ਾਂ, ਚੀਨ ਅਤੇ ਭਾਰਤ ਨੇ ਇਕ ਵਾਰ ਫਿਰ ਟਰੰਪ ਦੀਆਂ ਅਣਕਿਆਸੀਆਂ ਨੀਤੀਆਂ ਲਈ ਕਮਰ ਕੱਸਣੀ ਹੈ ਕਿਉਂਕਿ ਹਮਲੇ ਮਗਰੋਂ ਉਨ੍ਹਾਂ ਦੇ ਜਿੱਤਣ ਦੀ ਸੰਭਾਵਨਾ ਮਜ਼ਬੂਤ ਹੋ ਗਈ ਹੈ।

ਭਾਰਤ ਸਮੇਤ ਹਰ ਜਮਹੂਰੀ ਮੁਲਕ ਨੂੰ ਆਪਣੇ ਇੱਥੇ ਰਾਜਨੀਤੀ ਵਿੱਚ ਵਧਦੇ ਵੈਰ-ਭਾਵ ਅਤੇ ਹਿੰਸਾ ਤੇ ਇੰਟਰਨੈੱਟ ਮੀਡੀਆ ਜ਼ਰੀਏ ਫੈਲਦੀ ਉਸ ਦੀ ਗੂੰਜ ਦੇ ਅਸਰਾਂ ਨਾਲ ਨਿਪਟਣ ਬਾਰੇ ਸੰਜੀਦਗੀ ਨਾਲ ਸੋਚਣਾ ਹੋਵੇਗਾ।

ਜੇ ਅਜਿਹਾ ਨਹੀਂ ਕੀਤਾ ਜਾਂਦਾ ਤਾਂ ਖ਼ਤਰਨਾਕ ਨਤੀਜੇ ਸਾਹਮਣੇ ਆ ਸਕਦੇ ਹਨ ਤੇ ਸਮਾਜ ਵਿੱਚ ਅਸ਼ਾਂਤੀ ਵਾਲਾ ਮਾਹੌਲ ਬਣ ਸਕਦਾ ਹੈ। ਇਸ ਲਈ ਚੰਗਾ ਇਹੀ ਹੋਵੇਗਾ ਕਿ ਰਾਜਨੀਤੀ ਵਿੱਚ ਵਧ ਰਹੇ ਵੈਰ ਦੀ ਭਾਵਨਾ ਅਤੇ ਹਿੰਸਾ ਨੂੰ ਖ਼ਤਮ ਕਰਨ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਵੇ।

ਸ਼ਿਕਾਗੋ ਯੂਨੀਵਰਸਿਟੀ ਦੀ ਇੱਕ ਖੋਜ ਸੰਸਥਾ ਸ਼ਿਕਾਗੋ ਪ੍ਰਾਜੈਕਟ ਦੇ ਹਾਲੀਆ ਸਰਵੇਖਣ ਤੋਂ ਪਤਾ ਲੱਗਾ ਹੈ ਕਿ ਅਮਰੀਕਾ ਦੇ ਦਸ ਪ੍ਰਤੀਸ਼ਤ ਲੋਕਾਂ ਨੇ ਟਰੰਪ ਨੂੰ ਸੱਤਾ ਵਿੱਚ ਆਉਣ ਤੋਂ ਰੋਕਣ ਅਤੇ ਸੱਤ ਪ੍ਰਤੀਸ਼ਤ ਨੇ ਉਨ੍ਹਾਂ ਨੂੰ ਸੱਤਾ ਵਿੱਚ ਲਿਆਉਣ ਲਈ ਤਾਕਤ ਦੀ ਵਰਤੋਂ ਨੂੰ ਸਹੀ ਠਹਿਰਾਇਆ। ਅਮਰੀਕਾ ਵਿੱਚ ਹਿੰਸਾ ਦੇ ਲੰਬੇ ਇਤਿਹਾਸ ਨੂੰ ਦੇਖਦੇ ਹੋਏ ਉਕਤ ਸਰਵੇਖਣ ਹੋਰ ਚਿੰਤਾ ਵਧਾ ਰਿਹਾ ਹੈ। ਜਨਤਾ ਵਿੱਚ ਤੇਜ਼ੀ ਵਧ ਰਹੀ ਹਿੰਸਕ ਬਿਰਤੀ ਸ਼ਾਸਨ ਅਤੇ ਪ੍ਰਸ਼ਾਸਨ ਲਈ ਖ਼ਤਰੇ ਦੀ ਘੰਟੀ ਹੈ। ਲੋਕਤੰਤਰ ਵਿੱਚ ਮਨਚਾਹੀ ਸੱਤਾ ਲਈ ਵੋਟ ਦੀ ਜਗ੍ਹਾ ਲਾਠੀ ਪ੍ਰਤੀ ਵਧਦਾ ਲੋਕਾਂ ਦਾ ਇਹ ਵਿਸ਼ਵਾਸ ਖ਼ੁਦ ਨੂੰ ਲੋਕਤੰਤਰ ਦਾ ਸਭ ਤੋਂ ਵੱਡਾ ਪਹਿਰੇਦਾਰ ਮੰਨਣ ਵਾਲੇ ਅਮਰੀਕਾ ਲਈ ਹੀ ਨਹੀਂ, ਹਰ ਲੋਕਤੰਤਰ ਲਈ ਬਹੁਤ ਜ਼ਿਆਦਾ ਚਿੰਤਾ ਦਾ ਵਿਸ਼ਾ ਹੈ।

***

## ਭਾਜਪਾ ਦਾ ਰਾਜਨੀਤਕ ਨਿਘਾਰ:

ਮੁੱਖ ਮੰਤਰੀ ਲਖੀਮਪੁਰ ਖੀਰੀ ਦੇ ਅਜੇ ਕੁਮਾਰ ਟੇਨੀ ਨੂੰ ਕੇਂਦਰੀ ਮੰਤਰੀ ਮੰਡਲ ਤੋਂ ਹਟਵਾਉਣਾ ਚਾਹੁੰਦੇ ਸਨ, ਪਰ ਉਨ੍ਹਾਂ ਦੀ ਨਹੀਂ ਸੁਣੀ ਗਈ। ਮੁੱਖ ਮੰਤਰੀ ਚਾਹੁੰਦੇ ਸਨ ਕਿ ਪਾਰਟੀ ਦੀ ਜਥੇਬੰਦਕ ਵਾਗਡੋਰ ਸਵਤੰਤਰਦੇਵ ਸਿੰਘ ਦੇ ਹੱਥ ’ਚ ਹੀ ਰਹੇ, ਪਰ ਉਨ੍ਹਾਂ ਨੂੰ ਹਟਾ ਕੇ ਭੁਪੇਂਦਰ ਚੌਧਰੀ ਨੂੰ ਪ੍ਰਦੇਸ਼ ਪ੍ਰਧਾਨ ਬਣਾ ਦਿੱਤਾ ਗਿਆ।

ਕੀ ਮੁੱਖ ਮੰਤਰੀ ਕਦੇ ਇਸ ਸਥਿਤੀ ਦੇ ਪ੍ਰਤੀ ਸਹਿਜ ਰਹੇ? ਨਹੀਂ। ਪਰ ਸ਼ਿਕਾਇਤ ਕਰਨ ਲਈ ਉਨ੍ਹਾਂ ਕੋਲ ਸਿਰਫ਼ ਦੋ ਟਿਕਾਣੇ ਸਨ। ਜਾਂ ਤਾਂ ਉਹ ਸਿੱਧਾ ਪ੍ਰਧਾਨ ਮੰਤਰੀ ਨੂੰ ਆਪਣੀ ਵਿਥਿਆ ਸੁਣਾ ਸਕਦੇ ਸਨ, ਜਾਂ ਫਿਰ ਸੰਘਚਾਲਕ ਡਾ. ਮੋਹਨ ਭਾਗਵਤ ਨੂੰ ਗੁਹਾਰ ਲਗਾ ਸਕਦੇ ਸਨ। ਮੋਦੀ ਨੂੰ ਉਹ ਇਹ ਸ਼ਿਕਾਇਤ ਵੀ ਕਰ ਚੁੱਕੇ ਹਨ ਕਿ ਪੰਚਾਇਤੀ ਚੋਣਾਂ ’ਚ ਵੀ ਉਨ੍ਹਾਂ ਦੀ ਨਹੀਂ ਸੁਣੀ ਗਈ। ਲੋਕ ਸਭਾ ਚੋਣਾਂ ’ਚ ਉਨ੍ਹਾਂ ਨੇ 12 ਟਿਕਟਾਂ ਆਪਣੇ ਖਾਤੇ ਵਜੋਂ ਮੰਗੀਆਂ ਸਨ। ਹੌਲੀ-ਹੌਲੀ ਘਟਦੀਆਂ-ਘਟਦੀਆਂ ਇਹ ਗਿਣਤੀ ਕੁਲ ਦੋ ਰਹਿ ਗਈ, ਜਿਸ ’ਚ ਇਕ ਟਿਕਟ ਗਾਜ਼ੀਆਬਾਦ ਚੋਣ ਖੇਤਰ ਦੀ ਸੀ। ਅਖੀਰ ’ਚ ਇਹ ਦੋਵੇਂ ਟਿਕਟਾਂ ਵੀ ਉਨ੍ਹਾਂ ਦੀ ਮਰਜ਼ੀ ਦੇ ਉਮੀਦਵਾਰਾਂ ਨੂੰ ਨਹੀਂ ਮਿਲੀਆਂ। ਸੰਸਦੀ ਚੋਣਾਂ ’ਚ ਪੂਰੀ ਵਾਗਡੋਰ ਅਮਿਤ ਸ਼ਾਹ ਦੇ ਹੱਥ ’ਚ ਰਹੀ। ਸਾਰਾ ਪ੍ਰਬੰਧ ਉਨ੍ਹਾਂ ਨੇ ਹੀ ਕੀਤਾ। ਜੇਕਰ ਰਾਜਪੂਤ ਵੋਟਰਾਂ ’ਚ ਨਾਰਾਜ਼ਗੀ ਸੀ, ਤਾਂ ਉਨ੍ਹਾਂ ਨੂੰ ਸਮਝਾਉਣ ਦਾ ਫ਼ਰਜ਼ ਮੁੱਖ ਮੰਤਰੀ ਨੂੰ ਦੇਣ ਦੀ ਬਜਾਏ ਖ਼ੁਦ ਗ੍ਰਹਿ ਮੰਤਰੀ ਨੇ ਇਹ ਜ਼ਿੰਮੇਵਾਰੀ ਉਠਾਈ। ਕੀ ਇਹ ਤ੍ਰਾਸਦੀ ਨਹੀਂ ਹੈ ਕਿ ਚੋਣ-ਮੁਹਿੰਮ ਦੌਰਾਨ ਸਿਰਫ਼ ਫ਼ਿਰਕੂ ਭਾਸ਼ਣ ਦੇਣ ਦੀ ਜ਼ਿੰਮੇਵਾਰੀ ਚੁੱਕਣ ਵਾਲੇ ਮੁੱਖ ਮੰਤਰੀ ’ਤੇ ਹਾਰ ਦੀ ਜ਼ਿੰਮੇਵਾਰੀ ਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ?

***

## ਅੰਨ੍ਹੀ ਸ਼ਰਧਾ ਦੀਆਂ ਅੱਖਾਂ ਖੋਲ੍ਹਦਾ ਸਿਨੇਮਾ

ਇਸ ਲਈ ਤੁਹਾਡੀ ਭਗਤੀ ਦਾ ਆਦਰਸ਼ ਸਰਬੋਤਮ ਹੋਣਾ ਚਾਹੀਦਾ ਹੈ। ਨਹੀਂ ਤਾਂ ਸਾਡੇ ਇਤਿਹਾਸ ਵਿੱਚ ਅਜਿਹੀਆਂ ਕਈ ਕਹਾਣੀਆਂ ਹਨ ਜਿਸ ਵਿੱਚ ਅੰਧਵਿਸ਼ਵਾਸ ਨੇ ਇਨਸਾਨ ਤੋਂ ਕੀ-ਕੀ ਕਰਵਾ ਦਿੱਤਾ ਹੈ। ਹਿੰਦੀ ਸਿਨੇਮਾ ਦਾ ਇੱਕ ਹਿੱਸਾ ਅੰਧ-ਵਿਸ਼ਵਾਸਾਂ ਤੋਂ ਮੁਕਤੀ ਪਵਾਉਣ ਵਿੱਚ ਆਪਣੀ ਅਹਿਮ ਭੂਮਿਕਾ ਨਿਭਾਅ ਰਿਹਾ ਹੈ। ਉੱਥੇ ਕੁਝ ਲੋਕ ਅਜਿਹੇ ਵੀ ਹਨ, ਜਿਹੜੇ ਇਸ ’ਤੇ ਆਪਣੀ ਦੁਕਾਨਦਾਰੀ ਚਲਾ ਰਹੇ ਹਨ।’

**ਦਰਸ਼ਕਾਂ ਨੂੰ ਜਾਗਣ ਦੀ ਲੋੜ**

ਸਿਨੇਮਾ ’ਚ ਆਸਥਾ ਅਤੇ ਅੰਨ੍ਹੀ ਸ਼ਰਧਾ ਨੂੰ ਲੈ ਕੇ ‘ਓਹ ਮਾਈ ਗੌਡ’, ‘ਪੀਕੇ’, ‘ਗਲੋਬਲ ਬਾਬਾ’ ਵਰਗੀਆਂ ਕਈ ਫਿਲਮਾਂ ਬਣੀਆਂ ਜੋ ਆਸਥਾ ਦੇ ਨਾਂ ’ਤੇ ਧੰਦਾ ਕਰ ਰਹੇ ਬਾਬਿਆਂ ਦੇ ਕਾਰਨਾਮਿਆਂ ਨੂੰ ਸਾਹਮਣੇ ਲਿਆਉਣ ‘ਚ ਅਹਿਮ ਭੂਮਿਕਾ ਨਿਭਾਅ ਰਹੀਆਂ ਹਨ। ਪਰ ਜਾਗਣਾ ਤਾਂ ਦਰਸ਼ਕ ਨੂੰ ਹੀ ਪਵੇਗਾ ਤਾਂਹੀ ਇਸ ਨੂੰ ਠੱਲ੍ਹ ਪਵੇਗੀ। ਉਦੋਂ ਤਕ ਸਿਨੇਮਾ ਤਾਂ ਸਰੋਕਾਰ ਦੇ ਰੂਪ ’ਚ ਇਨ੍ਹਾਂ ਵਿਸ਼ਿਆਂ ਨੂੰ ਉਭਾਰਦਾ ਹੀ ਰਹੇਗਾ।

***

**ਤਬਾਹੀ ਮਚਾ ਰਹੀ ਆਲਮੀ ਤਪਸ਼**

ਬਚਾਉਣ ਲਈ ਪ੍ਰਭਾਵੀ ਖੇਤਰੀ ਰਣਨੀਤੀਆਂ ਅਤੇ ਮਹੱਤਵਪੂਰਨ ਨਿਵੇਸ਼ਾਂ ਦੀ ਲੋੜ ਹੈ।

**ਗਲੇਸ਼ੀਅਰਾਂ ਨੂੰ ਲੱਗ ਰਿਹਾ ਖੋਰਾ**

ਧਰਤੀ ਦੇ ਵੱਧ ਰਹੇ ਤਾਪਮਾਨ ਕਾਰਨ ਗਲੇਸ਼ੀਅਰ ਪਿਘਲ ਰਹੇ ਹਨ। ਸਥਿਤੀ ਇਵੇਂ ਜਾਰੀ ਰਹੀ ਤਾਂ ਸਮੁੰਦਰ ਕਈ ਤੱਟੀ ਸ਼ਹਿਰਾਂ ਨੂੰ ਨਿਗਲ ਲਏਗਾ। ਉਤਰਖੰਡ ਵਿਚ ਭਾਗੀਰਥੀ ਬੇਸਨ ਦਾ ਦੋਕਰੀਅਮ ਗਲੇਸ਼ੀਅਰ 1995 ਤੋਂ ਬਾਅਦ 15-20 ਮੀਟਰ ਸਾਲਾਨਾ ਦੀ ਦਰ ਨਾਲ ਖੁਰ ਰਿਹਾ ਹੈ। 2003 ਤੋਂ ਲੈ ਕੇ 2017 ਤੱਕ ਕੀਤੇ ਗਏ ਇਕ ਅਧਿਐਨ ਅਨੁਸਾਰ ਮੰਦਾਕਨੀ ਬੇਸਨ ਦਾ ਗਲੇਸ਼ੀਅਰ 9-11 ਮੀਟਰ ਸਾਲਾਨਾ ਦੀ ਦਰ ਨਾਲ ਖੁਰ ਰਿਹਾ ਹੈ। ਲਦਾਖ ਦੇ ‘ਸੂਰੂ’ ਬੇਸਨ ਦੇ ਦਰੰਗ-ਦੁਰੰਗ ਅਤੇ ਪੈਨਸਲੰਗਪਾ ਗਲੇਸ਼ੀਅਰ 12-5.6 ਮੀਟਰ ਸਾਲਾਨਾ ਦੀ ਦਰ ਨਾਲ ਸੁੰਗੜ ਰਹੇ ਹਨ। ਗਲੇਸ਼ੀਅਰਾਂ ਨੂੰ ਸੰਸਾਰ ਪੱਧਰ ’ਤੇ ਹੀ ਖੋਰਾ ਲੱਗਾ ਹੋਇਆ ਹੈ। ਇਨ੍ਹਾਂ ਦਾ ਵਾਧੂ ਪਾਣੀ ਸਮੰਦਰੀ ਤਲ ਨੂੰ ਉੱਪਰ ਚੁੱਕ ਰਿਹਾ ਹੈ। ਇਹ ਤਬਦੀਲੀਆਂ ਸਾਡੇ ਮੌਨਸੂਨ ਚੱਕਰ ’ਤੇ ਵੀ ਪ੍ਰਭਾਵ ਪਾ ਰਹੀਆਂ ਹਨ।

****

## ਅਕਾਲੀ ਦਲ ਕਿਉਂ ਤਬਾਹ ਹੋਇਆ?

ਕਾਂਗਰਸ ਨੇ ਖਾਸ ਤੌਰ ’ਤੇ ਬਾਦਲ ਦੇ ਸੁਵਿਧਾਜਨਕ ਵਿਕਾਸ ਦਾ ਵੀ ਸਮਰਥਨ ਕੀਤਾ, ਕਿਉਂਕਿ ਇਸ ਨੇ 1984 ਵਿੱਚ ਦਰਬਾਰ ਸਾਹਿਬ ’ਤੇ ਫੌਜੀ ਹਮਲੇ, ਅਨਮੋਲ ਸਿੱਖ ਰੈਫਰੈਂਸ ਲਾਇਬ੍ਰੇਰੀ ਨੂੰ ਸਾੜਨ ਅਤੇ 1947 ਤੋਂ ਘੱਟੋ-ਘੱਟ 5,00,000 ਸਿੱਖਾਂ ਦੇ ਸਿਆਸੀ ਕਤਲ ਲਈ ਇਨਸਾਫ ਦੀ ਮੰਗ ਕਰਨ ਵਾਲੇ ਸਿੱਖਾਂ ਦੀ ਰਾਜਨੀਤਕ ਤੇ ਸੱਭਿਆਚਾਰਕ ਸੰਭਾਵਨਾ ਨੂੰ ਉਭਰਦੇ ਦੇਖਿਆ। ਰਾਜ ਕਰਨ ਵਾਲੀਆਂ ਦੋਵੇਂ ਵੱਡੀਆਂ ਪਾਰਟੀਆਂ ਨੇ ਬਾਦਲ ਨੂੰ ਵਾਰੋ-ਵਾਰੀ ਸਰਪ੍ਰਸਤੀ ਦਿੱਤੀ। ਅਜੀਬ ਹਾਲਾਤਾਂ ਦੇ ਨਤੀਜੇ ਵਜੋਂ ਬਾਦਲ ਅਤੇ ਉਸਦੇ ਨਜ਼ਦੀਕੀ ਪਰਿਵਾਰ ਦਾ ਬੇਮਿਸਾਲ ਵਿੱਤੀ ਅਤੇ ਸਿਆਸੀ ਪ੍ਰਭਾਵ ਸੀ। ਇਸ ਵਾਧੇ ਦੇ ਵੇਰਵੇ ਚੰਗੀ ਤਰ੍ਹਾਂ ਦਸਤਾਵੇਜ਼ੀ ਹਨ ਅਤੇ ਦੁਹਰਾਉਣ ਦੀ ਲੋੜ ਨਹੀਂ ਹੈ।

ਸੁਆਲ ਸਿੱਖ ਪੰਥ ਦਾ ਇਹ ਹੈ ਕੀ ਹੁਣ ਅਕਾਲ ਤਖ਼ਤ ਦੇ ਜਥੇਦਾਰ ਬੇਅਦਬੀ ਦੇ ਕੇਸਾਂ ਤੇ ਅਕਾਲੀ ਦਲ ਦੀ ਬਰਬਾਦੀ ਤੇ ਪੰਥ ਦੇ ਸੰਕਟ ਦਾ ਕੋਣ ਜ਼ਿੰਮੇਵਾਰ ਦੀ ਪੂਰੀ ਦਾਸਤਾਨ ਨੂੰ ਮੁੜ ਖੋਲ੍ਹਕੇ ਸਿੱਖ ਪੰਥ ਨਾਲ ਇਨਸਾਫ ਕਰਨਗੇ। ਅਤੇ ਇਸ ਦੇ ਨਾਲ ਹੀ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਖ਼ੁਦ ਅਕਾਲ ਤਖ਼ਤ ਦੀ ਭੂਮਿਕਾ ਨੂੰ ਘੋਖਣਗੇ ? ਕੀ ਉਹ ਜਥੇਦਾਰ ਗੁਰਬਚਨ ਸਿੰਘ ਨੂੰ ਪੰਥ ਦੇ ਕਟਹਿਰੇ ਵਿੱਚ ਖੜਾ ਕਰਨਗੇ? ਅਕਾਲੀ ਸੰਕਟ ਬਹੁਤ ਗਹਿਰਾ ਹੈ ਜਿਸ ਦੇ ਗੰਭੀਰ ਸਿੱਟੇ ਨਿਕਲ ਸਕਦੇ ਹਨ। ਇਹ ਸਿਖ ਪੰਥ ਦੀ ਸੋਝੀ ਉਪਰ ਆਧਾਰਿਤ ਹੈ ਕਿ ਉਸਨੇ ਇਸ ਭਵਜਲ ਵਿਚੋਂ ਕਿਵੇਂ ਪਾਰ ਉਤਰਨਾ ਹੈ? ਅਕਾਲੀ ਲੀਡਰਸ਼ਿਪ ਅਹਿਸਾਸ ਕਰੇ ਕਿ ਮੋਰਚਿਆਂ, ਸੰਘਰਸ਼ਾਂ ਵਿੱਚੋਂ ਸਿੱਖ ਪੰਥ ਦੀ ਅਕਾਲੀ ਸੱਤਾ ਨਿਕਲਦੀ ਰਹੀ ਹੈ, ਸੱਤਾ ਆਪਣੇ ਆਪ ਵਿੱਚ ਕੁਝ ਨਹੀਂ ਹੈ। ਜੇ ਸਿੱਖ ਪੰਥ ਦੀ ਰਾਖੀ ਤੇ ਵਿਕਾਸ ਲਈ ਸੱਤਾ ਨਹੀਂ ਤਾਂ ਇਹ ਅਰਥਹੀਣ ਹੈ। ਅਕਾਲੀ ਲੀਡਰਸ਼ਿਪ ਨੂੰ ਇਹ ਸਮਝਣਾ ਪਵੇਗਾ। ਸਿੱਖ ਵਿਚਾਰਧਾਰਾ, ਪੰਥਕ ਜਜਬੇ ਤੋਂ ਬਿਨਾਂ ਅਕਾਲੀ ਦਲ ਮੁਰਦੇ ਦੇ ਨਿਆਂਈ ਹੈ।

***

## ਨਵੇਂ ਅਪਰਾਧਿਕ ਕਾਨੂੰਨ

15 ਦਿਨਾਂ ਦੀ ਪੁਲਿਸ ਹਿਰਾਸਤ ਨੂੰ ਵਧਾ ਕੇ 90 ਦਿਨ ਤੱਕ ਕਰ ਦਿੱਤਾ ਗਿਆ ਹੈ। ਨਵੇਂ ਕਨੂੰਨਾਂ ਤਹਿਤ ਹਰ ਕੋਈ ਵਿਅਕਤੀ ਪੁਲਿਸ ਦੇ ਹੁਕਮਾਂ ਨੂੰ ਮੰਨਣ ਲਈ ਪਾਬੰਦ ਹੋਵੇਗਾ, ਉਲੰਘਣਾ ਕਰਨ ਵਾਲੇ ਨੂੰ ਗ੍ਰਿਫਤਾਰ ਕਰਕੇ ਚੌਵੀ ਘੰਟਿਆਂ ਲਈ ਠਾਣੇ ਰੱਖਿਆ ਜਾ ਸਕੇਗਾ ਅਤੇ ਕਨੂੰਨੀ ਕਾਰਵਾਈ ਹੋ ਸਕੇਗੀ। ਕਿਸੇ ਮਾਰ ਕੁੱਟ ਦੇ ਮਾਮਲੇ ਵਿੱਚ ਪੁਲਿਸ ਜਾਂਚ ਤੋਂ ਬਾਅਦ ਹੀ ਕੋਈ ਕਾਰਵਾਈ ਕਰੇਗੀ। ਇਸੇ ਤਰ੍ਹਾਂ ਪਹਿਲਾਂ ਵਾਲੇ ਰਾਜ ਧਰੋਹ ਦੇ ਕੇਸ ਨੂੰ ਜਿਸ ਵਿੱਚ ਉਮਰ ਕੈਦ ਤੱਕ ਸਜ਼ਾ ਹੋ ਸਕਦੀ ਸੀ, ਹੁਣ ਦੇਸ਼ ਧਰੋਹ ਬਣਾ ਕੇ ਹੋਰ ਸਖਤ ਕਰ ਦਿੱਤਾ ਗਿਆ ਹੈ, ਜਿਸ ਵਿੱਚ ਉਮਰ ਕੈਦ ਤੋ ਲੈ ਕੇ ਮੌਤ ਤੱਕ ਦੀ ਸਜ਼ਾ ਸ਼ਾਮਲ ਕੀਤੀ ਗਈ ਹੈ। ਇਸ ਤਰ੍ਹਾਂ ਹੋਰ ਵੀ ਬਹੁਤ ਬਦਲਾਅ ਉਪਰੋਕਤ ਕਨੂੰਨਾਂ ਵਿੱਚ ਕੀਤੇ ਗਏ ਹਨ, ਜਿਹੜੇ ਜਮਹੂਰੀਅਤ ਦਾ ਲਗਭਗ ਕਤਲ ਕਰਨ ਵਰਗੇ ਹਨ। ਇਸ ਲਈ ਚੰਗਾ ਹੋਵੇ ਜੇਕਰ ਸੂਬਾ ਸਰਕਾਰਾਂ ਲੋਕ ਹਿਤ ਵਿੱਚ ਉਪਰੋਕਤ ਕਨੂੰਨਾਂ ਨੂੰ ਰੱਦ ਕਰਨ ਲਈ ਵਿਧਾਨ ਸਭਾਵਾਂ ਵਿੱਚ ਮਤੇ ਪਾਸ ਕਰਨ। ਲੋਕਾਂ ਨੂੰ ਉਪਰੋਕਤ ਕਨੂੰਨਾਂ ਦੀ ਵਿਆਖਿਆ ਸਮਝਾਈ ਜਾਵੇ। ਭਾਵੇਂ ਦੱਖਣੀ ਸੂਬਿਆਂ ਵਿੱਚ ਉਪਰੋਕਤ ਕਨੂੰਨਾਂ ਨੂੰ ਲੈ ਕੇ ਕੁੱਝ ਨਾ ਕੁੱਝ ਜਾਗਰੂਕਤਾ ਹੈ ਪਰ ਉੱਤਰੀ ਭਾਰਤ ਅੰਦਰ ਅਜਿਹੀ ਕੋਈ ਜਾਗਰੂਕਤਾ ਲਹਿਰ ਸਪੱਸ਼ਟ ਰੂਪ ਵਿਚ ਸਾਹਮਣੇ ਨਹੀ ਆਈ, ਜਿਹੜੀ ਲੋਕ ਹਿਤਾਂ ਲਈ ਬੇਹੱਦ ਖਤਰਨਾਕ ਹੈ। ਬਿਨਾਂ ਸ਼ੱਕ ਇਹ ਕਾਨੂੰਨ ਇਨਸਾਫ਼ ਪਸੰਦ, ਜਮਹੂਰੀਅਤ ਪਸੰਦ, ਲੋਕਪੱਖੀ ਬੁੱਧੀਜੀਵੀਆਂ, ਜਨਤਕ ਆਗੂਆਂ ਅਤੇ ਸਮਾਜਿਕ ਕਾਰਕੁਨਾਂ ਸਮੇਤ ਘੱਟ ਗਿਣਤੀਆਂ ਨੂੰ ਸਭ ਤੋਂ ਵੱਧ ਪ੍ਰਭਾਵਤ ਕਰਨਗੇ, ਜਿਸ ਦੀ ਮਾਰ ਹੇਠ ਸਭ ਤੋਂ ਵੱਧ ਸਿੱਖ ਅਤੇ ਮੁਸਲਮਾਨ ਹੋਣਗੇ। ਇਸ ਲਈ ਪੰਜਾਬ ਸਰਕਾਰ ਨੂੰ ਇਸ ਪਾਸੇ ਗੰਭੀਰਤਾ ਅਤੇ ਸੰਜੀਦਗੀ ਨਾਲ ਸੋਚਣਾ ਬਣਦਾ ਹੈ। ਨਵੀਂ ਲੋਕ ਸਭਾ ਦੀ ਵਿਰੋਧੀ ਧਿਰ ਨੂੰ ਵੀ ਲੋਕ ਹਿਤ ਵਿੱਚ ਸਰਕਾਰ ਤੇ ਦਬਾਅ ਬਣਾ ਕੇ ਕਾਨੂੰਨ ਵਾਪਸ ਕਰਵਾਉਣ ਦੀ ਚਾਰਾਜੋਈ ਕਰਨੀ ਚਾਹੀਦੀ ਹੈ।

***

## ਸਭ ਜੀਵਾਂ ਲਈ ਬੇਹੱਦ ਅਹਿਮ

ਸਤਾਰਾਂ ਜਨਵਰੀ 1966 ਨੂੰ ਇੱਕ ਹਾਦਸੇ ਕਾਰਨ ਅਮਰੀਕਾ ਦਾ ਹਾਈਡ੍ਰੋਜਨ ਬੰਬ ਭੂ-ਮੱਧ ਸਾਗਰ ਵਿੱਚ ਡਿੱਗ ਪਿਆ ਜੋ ਕਿ ਗੋਤਾਖੋਰਾਂ ਦੀ ਢਾਈ ਮਹੀਨਿਆਂ ਦੀ ਮਿਹਨਤ ਨਾਲ ਲੱਭਿਆ ਜਾ ਸਕਿਆ ਸੀ। ਸਮੁੰਦਰ ਦੇ ਹੇਠਲੇ ਤਲ ਉੱਤੇ ਵੰਨ-ਸੁਵੰਨੀ ਕਲਾ ਦੀਆਂ ਮੂਰਤੀਆਂ ਹੀ ਵੇਖੀਆਂ ਗਈਆਂ ਹਨ।

ਮਹਾਸਾਗਰਾਂ ਨਾਲ ਸਬੰਧਿਤ ਕੁਝ ਮੁੱਦੇ ਵੀ ਹਨ ਜਿਨ੍ਹਾਂ ਵੱਲ ਫੌਰੀ ਤੌਰ ’ਤੇ ਧਿਆਨ ਦੇਣ ਦੀ ਲੋੜ ਹੈ। ਵਾਯੂਮੰਡਲ ਦੀ ਓਜ਼ੋਨ ਪਰਤ ਵਿੱਚ ਪੈਦਾ ਹੋਏ ਓਜ਼ੋਨ ਛੇਕ ਕਾਰਨ ਧਰਤੀ ’ਤੇ ਪਹੁੰਚ ਰਹੀਆਂ ਸੂਰਜ ਦੀਆਂ ਪਰਾ-ਬੈਂਗਣੀ ਕਿਰਨਾਂ ਕਰਕੇ ਸਮੁੰਦਰਾਂ ਵਿਚਲੇ ਅਣਗਿਣਤ ਜੀਵ ਮਰ ਚੁੱਕੇ ਹਨ ਜਿਸ ਕਰਕੇ ਮਹਾਸਾਗਰਾਂ ਤੋਂ ਪ੍ਰਾਪਤ ਹੁੰਦੇ ਸਮੁੰਦਰੀ ਭੋਜਨ ਦਾ 15 ਫ਼ੀਸਦੀ ਹਿੱਸਾ ਘਟ ਚੁੱਕਾ ਹੈ। ਕਈ ਮੱਛੀਆਂ ਅਤੇ ਹੋਰ ਸਮੁੰਦਰੀ ਜੀਵਾਂ ਦਾ ਤਾਂ ਹੁਣ ਤੱਕ ਵੰਸ਼ ਨਾਸ਼ ਹੀ ਕਰ ਛੱਡਿਆ ਹੈ। ਇੱਕ ਅਨੁਮਾਨ ਅਨੁਸਾਰ ਸਮੁੰਦਰਾਂ ’ਚੋਂ ਜਿੰਨੀਆਂ ਮੱਛੀਆਂ ਫੜਨ ਦੀ ਇਜਾਜ਼ਤ ਹੈ ਉਸ ਤੋਂ ਪੰਜ ਗੁਣਾ ਮੱਛੀਆਂ ਗ਼ੈਰ-ਮਨਜ਼ੂਰਸ਼ੁਦਾ ਤਰੀਕੇ ਨਾਲ ਫੜ ਲਈਆਂ ਜਾਂਦੀਆਂ ਹਨ। ਅਜਿਹਾ ਕਰਨ ਨਾਲ ਸਮੁੰਦਰੀ ਜਲ ਜੀਵਨ ਦਾ ਭਵਿੱਖ ਖ਼ਤਰੇ ਵਿੱਚ ਪੈ ਰਿਹਾ ਹੈ। ਸਮਝਣ ਦੀ ਲੋੜ ਹੈ ਕਿ ਰੋਜ਼ਾਨਾ ਹੀ ਲੱਖਾਂ-ਕਰੋੜਾਂ ਪੰਛੀ-ਪੰਖੇਰੂ ਸਮੁੰਦਰੀ ਜੀਵਾਂ ਨੂੰ ਆਪਣਾ ਭੋਜਨ ਬਣਾਉਂਦੇ ਹਨ। ਇਸ ਤਰ੍ਹਾਂ ਸਮੁੰਦਰੀ ਜੀਵਾਂ ਦੇ ਘਟਣ ਨਾਲ ਕੁਦਰਤੀ ਭੋਜਨ ਲੜੀ ਅਤੇ ਕੁਦਰਤੀ ਸੰਤੁਲਨ ਖ਼ਤਰੇ ਵਿੱਚ ਪੈ ਜਾਂਦੇ ਹਨ। ਇਸ ਲਈ ਗ਼ੈਰ-ਕਾਨੂੰਨੀ ਢੰਗ ਨਾਲ ਮੱਛੀ ਫੜਨ ਨੂੰ ਸਮਾਂ ਰਹਿੰਦੇ ਠੱਲ੍ਹ ਪਾਉਣ ਦੀ ਲੋੜ ਹੈ।

***

## ਭੁੱਖਮਰੀ ਦੇ ਮਾਮਲੇ ’ਚ ਸਭ ਤੋਂ ਕੰਗਾਲ,

ਭੁੱਖਮਰੀ ਦੀ ਸਭ ਤੋਂ ਭਿਆਨਕ ਤਸਵੀਰ ਇਜ਼ਰਾਈਲ ਵੱਲੋਂ ਤਬਾਹ ਕੀਤੇ ਜਾ ਰਹੇ ਗਾਜ਼ਾ ਦੀ ਹੈ, ਜਿੱਥੇ 10 ਵਿੱਚੋਂ 9 ਬੱਚੇ ਭੁੱਖਮਰੀ ਦਾ ਸ਼ਿਕਾਰ ਹਨ।

ਇੱਕ ਪਾਸੇ ਸਾਡੀ ਭਵਿੱਖੀ ਪੀੜ੍ਹੀ ਦੀ ਇਹ ਹਾਲਤ ਹੈ,

ਦੂਜੇ ਪਾਸੇ ਚੰਦ ਮੁੱਠੀ-ਭਰ ਲੋਕ ਦੌਲਤ ਦੇ ਅੰਬਾਰ ਇਕੱਠੇ ਕਰੀ ਜਾ ਰਹੇ ਹਨ। ਅਮੀਰ-ਗਰੀਬ ਦਾ ਪਾੜਾ ਦਿਨੋ-ਦਿਨ ਚੌੜਾ ਹੋ ਰਿਹਾ ਹੈ। ਮੁਨਾਫ਼ੇ ਦੀ ਹਵਸ ਹੋਰ ਤੋਂ ਹੋਰ ਵਧਦੀ ਜਾ ਰਹੀ ਹੈ। ਸਾਡੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਦੋਂ ਇਹ ਕਹਿੰਦੇ ਹਨ ਕਿ 2047 ਤੱਕ ਭਾਰਤ ਵਿਕਸਤ ਦੇਸ਼ ਬਣ ਜਾਵੇਗਾ, ਤਾਂ ਉਨ੍ਹਾਂ ਦੀ ਨਜ਼ਰ ਵਿੱਚ ਸਿਰਫ਼ ਧਨ-ਕੁਬੇਰ ਹੀ ਭਾਰਤ ਹਨ। ਉਨ੍ਹਾਂ ਦੇ ਭਾਰਤ ਵਿੱਚ ਰੋਟੀ ਨੂੰ ਤਰਸ-ਤਰਸ ਕੇ ਮਰ ਰਹੇ ਬਾਲਾਂ ਲਈ ਕੋਈ ਜਗ੍ਹਾ ਨਹੀਂ। ਯੂਨੀਸੈਫ ਦੀ ਰਿਪੋਰਟ ਨੇ ਹਕੀਕਤ ਤਾਂ ਸਾਹਮਣੇ ਲੈ ਆਂਦੀ ਹੈ, ਪਰ ਇਹ ਨਹੀਂ ਦੱਸਿਆ ਕਿ ਇਸ ਦਾ ਹੱਲ ਕੀ ਹੈ। ਇਸ ਸਮੱਸਿਆ ਦਾ ਹੱਲ ਓਨਾ ਚਿਰ ਸੰਭਵ ਨਹੀਂ, ਜਿੰਨਾ ਚਿਰ ਪੂੰਜੀਵਾਦੀ ਅਰਥ-ਵਿਵਸਥਾ ਦੀ ਥਾਂ ਸਮਾਜਵਾਦੀ ਅਰਥ-ਵਿਵਸਥਾ ਸਥਾਪਤ ਨਹੀਂ ਕੀਤੀ ਜਾਂਦੀ ।ਜਿਥੇ ਦੇਸ਼ ਦੇ ਵੱਖ-ਵੱਖ ਸੂਬਿਆਂ ਵਿੱਚ ਅਨਾਜ ਭੰਡਾਰ ਕਰਨ ਦੀ ਲੋੜੀਂਦੀ ਵਿਵਸਥਾ ਕਰਨ ਲਈ ਭਾਰਤ ਸਰਕਾਰ ਨੂੰ ਗੰਭੀਰ ਹੋਣਾ ਚਾਹੀਦਾ ਹੈ, ਉਥੇ ਭੁੱਖਮਰੀ ਦੇ ਸ਼ਿਕਾਰ ਹੋ ਰਹੇ ਲੋਕਾਂ ਨੂੰ ਵੀ ਦੋ ਵੇਲੇ ਦੀ ਪੌਸ਼ਟਿਕ ਰੋਟੀ ਮੁਹੱਈਆ ਕਰਵਾਉਣ ਲਈ ਦ੍ਰਿੜ੍ਹ ਇੱਛਾ-ਸ਼ਕਤੀ ਦਿਖਾਉਣੀ ਚਾਹੀਦੀ ਹੈ, ਕਿਉਂਕਿ ਭਾਰਤੀਆਂ ਨੂੰ ਸਾਡੇ ਪੈਗੰਬਰਾਂ ਨੇ ਲਾਚਾਰ, ਲੋੜਵੰਦ ਤੇ ਭੁੱਖੇ ਲੋਕਾਂ ਨੂੰ ਰੋਟੀ ਦੇਣ ਲਈ ‘ਲੰਗਰ’ ‘ਜਗ’ ਅਤੇ ‘ਭੰਡਾਰੇ’ ਕਰਨ ਦੀਆਂ ਪਵਿੱਤਰ ਰਵਾਇਤਾਂ ਦਿੱਤੀਆਂ ਹਨ ਤਾਂ ਫ਼ਿਰ ਗੁਦਾਮਾਂ ’ਚ ਸਮਰੱਥਾ ਤੋਂ ਵੱਧ ਗਲ-ਸੜ ਰਹੇ ਅਨਾਜ ਨੂੰ ਕਰੋੜਾਂ ਭੁੱਖੇ ਲੋਕਾਂ ਵਿਚ ਕਿਉਂ ਨਹੀਂ ਵੰਡਿਆ ਜਾ ਸਕਦਾ?

ਯਾਦ ਰਹੇ ਕਿ ਗਲੋਬਲ ਹੰਗਰ ਇੰਡੈਕਸ ਵਿੱਚ, ਕਿਸੇ ਵੀ ਦੇਸ਼ ਵਿੱਚ ਭੁੱਖਮਰੀ ਦੀ ਸਥਿਤੀ ਦਾ ਪਤਾ ਲਗਾਉਣ ਲਈ ਚਾਰ ਪੈਮਾਨਿਆਂ ਦਾ ਮੁਲਾਂਕਣ ਕੀਤਾ ਜਾਂਦਾ ਹੈ:

ਕੁਪੋਸ਼ਣ – ਇਸ ਵਿੱਚ ਕਿਸੇ ਦੇਸ਼ ਦੀ ਆਬਾਦੀ ਆਉਂਦੀ ਹੈ ਜਿਸ ਨੂੰ ਰੋਜ਼ਾਨਾ ਭੋਜਨ ਵਿੱਚ ਲੋੜੀਂਦੀ ਕੈਲੋਰੀ ਨਹੀਂ ਮਿਲ ਰਹੀ ਹੈ।

ਚਾਈਲਡ ਵੇਸਟਿੰਗ – ਪੰਜ ਸਾਲ ਤੋਂ ਘੱਟ ਉਮਰ ਦੇ ਉਹ ਬੱਚੇ, ਜਿਨ੍ਹਾਂ ਦਾ ਭਾਰ ਉਨ੍ਹਾਂ ਦੇ ਕੱਦ ਅਨੁਸਾਰ ਘੱਟ ਹੈ।

ਚਾਈਲਡ ਸਟੰਟਿੰਗ – ਪੰਜ ਸਾਲ ਤੋਂ ਘੱਟ ਉਮਰ ਦੇ ਉਹ ਬੱਚੇ, ਜਿਨ੍ਹਾਂ ਦਾ ਕੱਦ ਉਨ੍ਹਾਂ ਦੀ ਉਮਰ ਮੁਤਾਬਕ ਘੱਟ ਹੈ।

ਬਾਲ ਮੌਤ ਦਰ – ਪੰਜ ਸਾਲ ਤੋਂ ਘੱਟ ਉਮਰ ਦੇ ਉਹ ਬੱਚੇ ਜਿਨ੍ਹਾਂ ਦੀ ਮੌਤ ਹੋ ਜਾਂਦੀ ਹੈ।

ਇਹਨਾਂ ਚਾਰ ਆਯਾਮਾਂ ਨੂੰ 100 ਅੰਕਾਂ ਦਾ ਮਿਆਰੀ ਸਕੋਰ ਦਿੱਤਾ ਜਾਂਦਾ ਹੈ।

ਜੇਕਰ ਕੋਈ ਦੇਸ਼ 20 ਤੋਂ 34.9 ਦੇ ਵਿਚਕਾਰ ਅੰਕ ਪ੍ਰਾਪਤ ਕਰਦਾ ਹੈ, ਤਾਂ ਉਸ ਨੂੰ ‘ਗੰਭੀਰ’ ਸ਼੍ਰੇਣੀ ਵਿੱਚ ਰੱਖਿਆ ਜਾਂਦਾ ਹੈ, ਅਤੇ 35 ਤੋਂ 49.9 ਦੇ ਵਿਚਕਾਰ ਅੰਕ ਪ੍ਰਾਪਤ ਕਰਨ ਵਾਲੇ ਦੇਸ਼ਾਂ ਨੂੰ ‘ਬਹੁਤ ਗੰਭੀਰ’ ਸ਼੍ਰੇਣੀ ਵਿੱਚ ਰੱਖਿਆ ਜਾਂਦਾ ਹੈ।

**********

## ਪੈਸੇ ਨਿਵੇਸ਼ ਕਰਨ ਲਈ ਅਯੁੱਧਿਆ ਤੇ

16 ਅਗਸਤ 2023 ਨੂੰ ਮਹੇਸ਼ਪੁਰ ਵਿੱਚ 0.505 ਹੈਕਟੇਅਰ ਜ਼ਮੀਨ 20.40 ਲੱਖ ਰੁਪਏ ਵਿੱਚ ਵੇਚ ਦਿੱਤੀ। ਯੂ ਪੀ ਦੇ ਗ੍ਰਹਿ ਵਿਭਾਗ ਦੇ ਸਕੱਤਰ ਸੰਜੀਵ ਗੁਪਤਾ ਦੀ ਪਤਨੀ ਡਾ. ਚੇਤਨਾ ਗੁਪਤਾ ਨੇ 5 ਅਗਸਤ 2022 ਨੂੰ ਰਾਮ ਮੰਦਰ ਤੋਂ 14 ਕਿਲੋਮੀਟਰ ਦੂਰ ਬਨਵੀਰਪੁਰ ਵਿੱਚ 253 ਵਰਗ ਮੀਟਰ ਰਿਹਾਇਸ਼ੀ ਜ਼ਮੀਨ 35.92 ਲੱਖ ਰੁਪਏ ਵਿੱਚ ਖਰੀਦੀ ਤੇ ਬਾਅਦ ਵਿੱਚ ਵੇਚ ਦਿੱਤੀ।

ਯੂ ਪੀ ਦੇ ਸਿੱਖਿਆ ਵਿਭਾਗ ਦੇ ਜਾਇੰਟ ਡਾਇਰੈਕਟਰ ਅਰਵਿੰਦ ਕੁਮਾਰ ਪਾਂਡੇ ਤੇ ਉਸ ਦੀ ਪਤਨੀ ਮਮਤਾ ਨੇ ਜੂਨ ਤੇ ਅਗਸਤ 2023 ਦਰਮਿਆਨ ਮੰਦਰ ਤੋਂ 7 ਕਿਲੋਮੀਟਰ ਦੂਰ ਸ਼ਾਹਨਵਾਜ਼ਪੁਰ ਮਾਝਾ ਵਿੱਚ 64.57 ਲੱਖ ਰੁਪਏ ਵਿੱਚ 1051 ਵਰਗ ਮੀਟਰ ਰਿਹਾਇਸ਼ੀ ਜ਼ਮੀਨ ਖਰੀਦੀ। ਪਾਂਡੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਕਾਰਨ ਮੁਅੱਤਲ ਹੈ। ਪਤਨੀ ਮਮਤਾ ਬਸਤੀ ਵਿੱਚ ਭਾਜਪਾ ਆਗੂ ਹੈ ਤੇ ਅਯੁੱਧਿਆ ਵਿੱਚ 2022 ਵਿੱਚ ਖੁੱਲ੍ਹੇ ਹੋਟਲ ‘ਦੀ ਰਾਮਾਇਣ’ ਦੀ ਮੈਨੇਜਿੰਗ ਡਾਇਰੈਕਟਰ ਹੈ। ਰੇਲਵੇ ਦੇ ਡਿਪਟੀ ਚੀਫ਼ ਇੰਜੀਨੀਅਰ ਮਹਾਬਲ ਪ੍ਰਸਾਦ ਦੇ ਬੇਟੇ ਅੰਸ਼ੁਲ ਨੇ ਨਵੰਬਰ 2023 ਵਿੱਚ ਸ਼ਾਹਨਵਾਜ਼ਪੁਰ ਮਾਝਾ ’ਚ ਇੱਕ ਹੋਰ ਵਿਅਕਤੀ ਨਾਲ ਮਿਲ ਕੇ 0.304 ਹੈਕਟੇਅਰ ਖੇਤੀ ਜ਼ਮੀਨ 24 ਲੱਖ ਰੁਪਏ ਵਿਚ ਖਰੀਦੀ।

ਜ਼ਰੂਰੀ ਨਹੀਂ ਕਿ ਭਾਜਪਾ ਆਗੂਆਂ ਨੇ ਹੀ ਜ਼ਮੀਨਾਂ ਖ਼ਰੀਦੀਆਂ ਹਨ, ਕਾਂਗਰਸ, ਬਸਪਾ ਤੇ ਸਮਾਜਵਾਦੀ ਪਾਰਟੀ ਦੇ ਵੀ ਕਈ ਆਗੂ ਜ਼ਮੀਨਾਂ ਖਰੀਦਣ ਵਾਲਿਆਂ ਵਿਚ ਸ਼ਾਮਲ ਹਨ।

ਇਨ੍ਹਾਂ ਤੋਂ ਇਲਾਵਾ ਮੁੰਬਈ ਦੀ ਨਾਮੀ ਰੀਅਲ ਅਸਟੇਟ ਕੰਪਨੀ ‘ਹੋਬਲ’ ਨੇ ਪਹਿਲਾਂ ਮੰਦਰ ਤੋਂ 12 ਕਿਲੋਮੀਟਰ ਦੂਰ ਸਰਯੂ ਨਦੀ ਦੇ ਤੱਟ ’ਤੇ ਤਿਹੁਰਾ ਮਾਝਾ ਵਿਚ 17.73 ਹੈਕਟੇਅਰ ਖੇਤੀ ਜ਼ਮੀਨ ਤੇ 12693 ਵਰਗ ਮੀਟਰ ਰਿਹਾਇਸ਼ੀ ਜ਼ਮੀਨ 74.15 ਕਰੋੜ ਰੁਪਏ ਵਿੱਚ ਖਰੀਦੀ। ਇਸ ਤੋਂ ਬਾਅਦ ਇਸੇ ਪਿੰਡ ਵਿੱਚ 31.24 ਕਰੋੜ ਦੀ 7.54 ਹੈਕਟੇਅਰ ਜ਼ਮੀਨ ਹੋਰ ਖਰੀਦੀ। ਕੰਪਨੀ ਦਾ ਮਾਲਕ ਅਭਿਨੰਦਨ ਮੰਗਲ ਪ੍ਰਭਾਤ ਲੋਢਾ ਹੈ, ਜੋ ਮਹਾਰਾਸ਼ਟਰ ਦੇ ਮੰਤਰੀ ਮੰਗਲ ਪ੍ਰਭਾਤ ਲੋਢਾ ਦਾ ਪੁੱਤਰ ਤੇ ਗੁਹਾਟੀ ਹਾਈ ਕੋਰਟ ਦੇ ਮਰਹੂਮ ਚੀਫ਼ ਜਸਟਿਸ ਤੇ ਭਾਜਪਾ ਦੇ ਸਾਬਕਾ ਸਾਂਸਦ ਗੁਮਾਨ ਮੱਲ ਲੋਢਾ ਦਾ ਪੋਤਾ ਹੈ। ਗੁਮਾਨ ਮੱਲ ਰਾਮ ਮੰਦਰ ਅੰਦੋਲਨ ਦੇ ਮੂਹਰਲੇ ਆਗੂਆਂ ਵਿੱਚ ਰਿਹਾ। ਅਡਾਨੀ ਗਰੁੱਪ ਨੇ ਪਿਛਲੇ ਸਾਲ ਹੋਮਕੁਐਸਟ ਇਨਫ੍ਰਾਸਪੇਸ ਨਾਂਅ ਦੀ ਸਹਾਇਕ ਕੰਪਨੀ ਬਣਾ ਕੇ ਨਵੰਬਰ ਤੇ ਦਸੰਬਰ ਵਿਚਾਲੇ ਮੰਦਰ ਤੋਂ 6 ਕਿਲੋਮੀਟਰ ਦੂਰ ਮਾਝਾ ਜਾਮਥਾਰਾ ਵਿੱਚ 3.55 ਕਰੋੜ ਦੀ 1.4 ਹੈਕਟੇਅਰ ਤੋਂ ਵੱਧ ਖੇਤੀ ਜ਼ਮੀਨ ਖ਼ਰੀਦੀ। ਇਨ੍ਹਾਂ ਤੋਂ ਇਲਾਵਾ ਦੇਸ਼-ਭਰ ਦੀਆਂ ਕਈ ਹੋਰ ਰੀਅਲ ਅਸਟੇਟ ਕੰਪਨੀਆਂ ਤੇ ਹੋਟਲ ਮਾਲਕਾਂ ਨੇ ਵੀ ਜ਼ਮੀਨਾਂ ਖ਼ਰੀਦੀਆਂ ਹਨ।

ਰਾਮ ਮੰਦਰ ਬਣਨ ਦਾ ਇਲਾਕੇ ਦੇ ਲੋਕਾਂ ਨੂੰ ਕੋਈ ਫਾਇਦਾ ਹੋਇਆ ਹੋਵੇ ਜਾਂ ਨਾ, ਪਰ ਧਨਕੁਬੇਰਾਂ ਨੂੰ ਪੈਸੇ ਨਿਵੇਸ਼ ਕਰਨ ਲਈ ਅਯੁੱਧਿਆ ਤੇ ਉਸ ਦੇ ਆਲੇ-ਦੁਆਲੇ ਦਾ ਇਲਾਕਾ ਪਸੰਦੀਦਾ ਥਾਂ ਬਣ ਗਿਆ ਹੈ।

***

## ਮੁੱਖ ਮੰਤਰੀ ਵੱਲੋਂ ਵਿੱਤ ਕਮਿਸ਼ਨ ਤੋਂ

ਟੈਕਸ ਮਾਲੀਏ ਵਿਚਲੇ ਵਾਧੇ ਦਾ ਅੰਕੜਾ ਪੇਸ਼ ਕਰਦਿਆਂ ਕਿਹਾ ਕਿ ਜੀਐੱਸਟੀ ਮਾਲੀਆ 33 ਫ਼ੀਸਦੀ ਵਧਿਆ ਹੈ ਅਤੇ ਇਕੱਲੇ ਆਬਕਾਰੀ ਵਿੱਚ 50 ਫ਼ੀਸਦੀ ਤੋਂ ਵੱਧ ਦਾ ਇਜ਼ਾਫਾ ਹੋਇਆ ਹੈ। ਉਨ੍ਹਾਂ ਦੱਸਿਆ ਕਿ ਸੂਬਾ ਸਰਕਾਰ ਗੈਰ-ਉਤਪਾਦਕ ਖ਼ਰਚਿਆਂ ਨੂੰ ਤਰਕਸੰਗਤ ਬਣਾਉਣ ’ਤੇ ਵੀ ਵਿਚਾਰ ਕਰ ਰਹੀ ਹੈ।

ਮੁੱਖ ਮੰਤਰੀ ਨੇ ਪੰਜਾਬ ਸਿਰ ਚੜ੍ਹੇ ਕਰਜ਼ੇ ਲਈ ਪਿਛਲੀਆਂ ਸਰਕਾਰਾਂ ਸਿਰ ਤੋੜਾ ਭੰਨਿਆ ਅਤੇ ਮਾਰਚ 2017 ਵਿੱਚ ਸੀ.ਸੀ.ਐੱਲ. ਦਾ 30,584 ਕਰੋੜ ਦੇ ਕਰਜ਼ੇ ਦਾ ਵਿਸ਼ੇਸ਼ ਜ਼ਿਕਰ ਕੀਤਾ। ਉਨ੍ਹਾਂ ਪੁਲਿਸ ਫੋਰਸ ਦੇ ਆਧੁਨਿਕੀਕਰਨ ਲਈ ਵੀ ਫੰਡਾਂ ਦੀ ਮੰਗ ਕੀਤੀ। ਜ਼ਮੀਨੀ ਪਾਣੀ ਦੇ ਹੇਠਾਂ ਜਾਣ ਦਾ ਹੱਲ ਪੇਸ਼ ਕਰਦਿਆਂ ਉਨ੍ਹਾਂ ਕਿਹਾ ਕਿ ਫ਼ਸਲੀ ਵਿਭਿੰਨਤਾ ਨੂੰ ਉਤਸ਼ਾਹਿਤ ਕਰਨਾ ਪਵੇਗਾ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AJJ DA
MUDDA
ON
jus
PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com